Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Indianapolis, Indiana ਵਿਚ ਬਣਾਓ
ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System.
■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
Kamaljeet Kaur
Mortgage rates available from 2.1% to 3%
For the Best advice for BUYING-SELLING-RENTING
Ben Singh Bashal (Realtor/Broker) Ph: 317-809-1818 midlandrealtygroup@yahoo.com
Kamaljeet Kaur (Realtor/Broker) Ph: 317-909-9295 kahlonkamaljeet@gmail.com
Midland Realty Group-Company You Trust

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Second Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 42, October 16, 2021 20451 N. Plum Grove Rd., Palatine, IL 60074 Ph:847-359-0746, Fax:847-705-9388

# ਕਿਸਾਨ ਅੰਦੋਲਨ ਦੂਣ-ਸਵਾਇਆ ਹੋਇਆ

## ਲਖੀਮਪੁਰ ਖੀਰੀ ਵਾਲੀ ਘਟਨਾ ਤੋਂ ਬਾਅਦ ਤਿੱਖੀ ਸਰਗਰਮੀ

**ਚੰਡੀਗੜ੍ਹ:** ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਦੀ ਘਟਨਾ ਨੇ ਜਿਥੇ ਪੂਰੇ ਮੁਲਕ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਉਥੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਵਿੱਢੇ ਕਿਸਾਨੀ ਸੰਘਰਸ਼ ਵਿਚ ਨਵਾਂ ਰੋਹ ਅਤੇ ਜੋਸ਼ ਭਰ ਦਿੱਤਾ ਹੈ। ਦੂਜੇ ਪਾਸੇ ਪੰਜ ਵਿਧਾਨ ਸਭਾ ਸੂਬਿਆਂ ਦੀਆਂ ਚੋਣ ਤਿਆਰੀਆਂ ਵਿਚ ਜੁਟੀ ਭਾਜਪਾ ਦੀਆਂ ਮੁਸ਼ਕਿਲਾਂ ਵੀ ਵਧਾ ਦਿੱਤੀਆਂ ਹਨ।

ਲਖੀਮਪੁਰ ਖੀਰੀ ਦੀ ਘਟਨਾ ਪਿੱਛੋਂ ਸੰਘਰਸ਼ ਦਾ ਉਲਾਰ ਹੁਣ ਉਤਰ ਪ੍ਰਦੇਸ਼ ਵੱਲ ਹੋ ਤੁਰਿਆ ਹੈ। ਇਸ ਘਟਨਾ ਪਿੱਛੋਂ ਵਿਰੋਧੀ ਧਿਰਾਂ ਵੱਲੋਂ ਭਾਜਪਾ ਦੀ ਸਖਤ ਘੇਰੇਬੰਦੀ ਕਰ ਦਿੱਤੀ ਹੈ, ਉਥੇ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਨੂੰ ਤਿੱਖਾ ਕਰਨ ਲਈ ਰਣਨੀਤੀ ਘੜ ਲਈ ਹੈ। ਜਥੇਬੰਦੀਆਂ ਨੇ 26 ਅਕਤੂਬਰ ਨੂੰ ਉਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿਚ ਮਹਾਂ ਪੰਚਾਇਤ ਦਾ ਐਲਾਨ ਕੀਤਾ ਹੈ। ਇਹ ਐਲਾਨ ਸੂਬੇ ਵਿਚ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਲਈ ਵੱਡੀ ਚੁਣੌਤੀ ਖੜ੍ਹੀ ਕਰਨ ਵਾਲਾ ਹੈ।

ਕਿਸਾਨ ਜਥੇਬੰਦੀਆਂ ਪਹਿਲਾਂ ਵੀ ਸੂਬੇ ਦੀ ਰਾਜਧਾਨੀ ਵਿਚ ਵੱਲ ਸੰਘਰਸ਼ ਦਾ ਰਾਹ ਮੋੜਨ ਦੀ ਰਣਨੀਤੀ ਵਿਚ ਜੁਟੀਆਂ ਹੋਈਆਂ ਸਨ ਪਰ ਕੇਂਦਰ ਤੇ ਸੂਬੇ ਦੀ ਯੋਗੀ ਸਰਕਾਰ ਨੇ ਇਸ ਪਾਸੇ ਕੋਈ ਵਾਹ ਨਹੀਂ ਚੱਲਣ ਦਿੱਤੀ। ਇਥੋਂ ਤੱਕ ਕਿ 4 ਮਹੀਨੇ ਪਹਿਲਾਂ ਕਿਸਾਨ ਆਗੂ ਰਕੇਸ਼ ਟਿਕੈਤ ਵੱਲੋਂ 'ਲਖਨਊ ਨੂੰ ਦਿੱਲੀ' ਬਣਾਉਣ ਦੇ ਐਲਾਨ ਪਿੱਛੋਂ ਯੋਗੀ ਸਰਕਾਰ ਨੇ ਜਥੇਬੰਦੀਆਂ ਨੂੰ ਚੁਣੌਤੀ ਦਿੱਤੀ ਸੀ ਕਿ ਉਹ ਇਥੇ ਵੜ ਕੇ ਦਿਖਾਉਣ। ਹੁਣ ਮਾਹੌਲ ਵੱਖਰਾ ਹੈ, ਲਖੀਮਪੁਰ ਖੀਰੀ ਦੀ ਘਟਨਾ ਪਿੱਛੋਂ ਕਿਸਾਨਾਂ ਦੇ ਨਾਲ-ਨਾਲ ਆਮ ਲੋਕਾਂ ਵਿਚ ਵੀ ਰੋਹ ਹੈ। ਭਾਜਪਾ ਵੀ ਹਾਲਾਤ ਨੂੰ ਵੇਖ ਫੂਕ-ਫੂਕ ਪੈਰ ਧਰ ਰਹੀ ਹੈ। ਇਹੀ ਕਾਰਨ ਹੈ ਕਿ 4 ਕਿਸਾਨਾਂ ਨੂੰ ਆਪਣੀ ਗੱਡੀ ਹੇਠ ਦਰੜਨ ਵਾਲੇ ਕੇਂਦਰੀ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਗ੍ਰਿਫਤਾਰ ਕਰਨਾ ਪਿਆ ਹੈ।



ਹੁਣ ਕੇਂਦਰੀ ਮੰਤਰੀ ਅਜੈ ਮਿਸ਼ਰਾ ਨੂੰ ਬਰਖ਼ਾਸਤ ਕਰਨ ਦੀ ਮੰਗ ਜ਼ੋਰ ਫੜ ਰਹੀ ਹੈ ਜਿਸ ਕਾਰਨ ਭਾਜਪਾ ਲਈ ਔਖੀ ਸਥਿਤੀ ਬਣ ਗਈ ਹੈ। ਮੋਦੀ ਸਰਕਾਰ ਨੇ ਸੂਬੇ ਵਿਚ ਬ੍ਰਾਹਮਣ ਵੋਟ 'ਲੁੱਟਣ' ਲਈ ਕੁਝ ਸਮਾਂ ਪਹਿਲਾਂ ਹੀ ਅਜੈ ਮਿਸ਼ਰਾ ਨੂੰ ਕੇਂਦਰੀ ਮੰਤਰੀ ਬਣਾਇਆ ਸੀ। ਹੁਣ ਭਾਜਪਾ ਸਾਹਮਣੇ ਇਹ ਚੁਣੌਤੀ ਹੈ ਕਿ ਉਹ ਬ੍ਰਾਹਮਣ ਵੋਟਾਂ ਬਾਰੇ ਸੋਚੇ ਜਾਂ ਕਿਸਾਨਾਂ ਜਾਂ ਆਮ ਲੋਕਾਂ ਦਾ ਭਰੋਸਾ ਜਿੱਤਣ ਵੱਲ ਕਦਮ ਵਧਾਏ।

ਭਾਜਪਾ ਨੂੰ ਫਿਕਰ ਹੈ ਕਿ ਜੇਕਰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਤੇ ਉਨ੍ਹਾਂ ਦੇ ਬੇਟੇ ਆਸ਼ੀਸ਼ ਮਿਸ਼ਰਾ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਗਈ ਤਾਂ ਯੋਗੀ ਸਰਕਾਰ ਖਿਲਾਫ ਪਹਿਲਾਂ ਤੋਂ ਸੁਲਘ ਰਹੀ ਬ੍ਰਾਹਮਣ-ਵਿਰੋਧ ਦੀ ਅੱਗ 'ਚ ਘਿਉ ਪੈ ਜਾਵੇਗਾ। ਮੰਤਰੀ ਨਾ ਸਿਰਫ ਜਾਤੀ ਤੋਂ ਬ੍ਰਾਹਮਣ ਹਨ, ਸਗੋਂ ਲਖੀਮਪੁਰ ਖੀਰੀ ਜਿਹੇ ਖੇਤਰ 'ਚ ਉਸ ਦਾ ਬ੍ਰਾਹਮਣ ਹੋਣਾ ਜਾਂ ਬ੍ਰਾਹਮਣਾਂ ਦਾ ਨੇਤਾ ਹੋਣਾ ਖਾਸ ਅਰਥ ਰੱਖਦਾ ਹੈ।

ਯਾਦ ਰਹੇ ਕਿ ਲਖੀਮਪੁਰ ਖੀਰੀ ਨੂੰ 'ਮਿੰਨੀ ਪੰਜਾਬ' ਵੀ ਕਿਹਾ ਜਾਂਦਾ ਹੈ। ਕਿਸਾਨ ਅੰਦੋਲਨ ਵਿਚ ਵੀ ਇਥੋਂ ਦੇ ਸਿੱਖ ਕਿਸਾਨਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਹੈ। ਇਹ ਉਹੀ ਪਹਿਲ ਸੀ ਜਿਸ ਕਾਰਨ ਰਾਜ ਮੰਤਰੀ ਨੇ ਪਹਿਲਾਂ ਭੱਦੀ ਭਾਸ਼ਾ 'ਚ ਇਕ ਹਮਲਾਵਰ ਚੁਣੌਤੀ ਦਿੱਤੀ ਸੀ। ਇਸ ਕਾਰਨ ਹੀ ਅੰਦੋਲਨਕਾਰੀ ਕਿਸਾਨਾਂ ਵੱਲੋਂ ਉਸ ਨੂੰ ਕਾਲੇ ਝੰਡੇ ਦਿਖਾਏ ਜਾਣ ਦਾ ਪ੍ਰੋਗਰਾਮ ਬਣਾਇਆ ਗਿਆ ਤੇ ਇਸੇ ਮੰਤਰੀ ਦੇ ਮੁੰਡੇ ਨੇ ਸ਼ਾਂਤੀ ਨਾਲ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਉਤੇ ਗੱਡੀ ਚਾੜ੍ਹ ਦਿੱਤੀ।

ਭਾਜਪਾ ਦੀ ਚੋਣ ਰਣਨੀਤੀ ਦੀ ਕਮਾਨ ਸੰਭਾਲਣ ਵਾਲੇ ਰਣਨੀਤੀਕਾਰਾਂ ਨੇ ਆਖਰੀ ਦਮ ਤੱਕ ਕੋਸ਼ਿਸ਼ ਕੀਤੀ ਕਿ ਆਸ਼ੀਸ਼ ਮਿਸ਼ਰਾ ਉਰਫ ਮੋਨੂੰ ਦੀ ਗ੍ਰਿਫਤਾਰੀ ਨਾ ਹੋ ਸਕੇ ਪਰ ਸੁਪਰੀਮ ਕੋਰਟ ਦੇ ਦਬਾਅ ਤੇ ਮੁਲਕ ਵਿਚ ਰੋਹ ਕਾਰਨ ਉਸ ਨੂੰ ਅਜਿਹਾ ਕਰਨਾ ਪਿਆ। ਭਾਜਪਾ ਨੂੰ ਫਿਕਰ ਹੈ ਕਿ ਕਿਸਾਨ ਅੰਦੋਲਨ ਕਾਰਨ ਉਸ ਦੇ ਪੱਕੇ ਵੋਟਰਾਂ 'ਚੋਂ ਜਾਟਾਂ ਅਤੇ ਗੁੱਜਰਾਂ ਦਾ ਵੱਡਾ ਹਿੱਸਾ

(ਬਾਕੀ ਸਫਾ 6 ਉਤੇ)

## ਕਿਸਾਨ ਜਥੇਬੰਦੀਆਂ ਅਕਾਲੀ ਦਲ ਦੀਆਂ ਸਰਗਰਮੀਆਂ ਤੋਂ ਖਫਾ

**ਚੰਡੀਗੜ੍ਹ:** ਪੰਜਾਬ ਵਿਚ ਅਗਲੇ ਵਰ੍ਹੇ ਵਿਧਾਨ ਸਭਾ ਚੋਣਾਂ ਹਨ ਪਰ ਕਿਸਾਨ ਜਥੇਬੰਦੀਆਂ ਵੱਲੋਂ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਦੇ ਮੱਦੇਨਜ਼ਰ ਸਿਆਸੀ ਧਿਰਾਂ ਨੂੰ ਸਿਆਸੀ ਸਰਗਰਮੀਆਂ ਤੋਂ ਰੋਕਿਆ ਹੋਇਆ ਹੈ। ਇਸ ਸਬੰਧੀ ਜਥੇਬੰਦੀਆਂ ਨੇ ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਨਾਲ ਬਕਾਇਦਾ ਮੀਟਿੰਗ ਕਰਕੇ ਸਹਿਮਤੀ ਬਣਾਈ ਸੀ ਪਰ ਇਸ ਦੇ ਬਾਵਜੂਦ ਅਕਾਲੀ ਦਲ ਬਾਦਲ ਦੀਆਂ ਸਰਗਰਮੀਆਂ ਤੋਂ ਜਥੇਬੰਦੀਆਂ ਖਫਾ ਹਨ।

ਚੋਣਾਂ ਤਿਆਰੀਆਂ ਵਿਚ ਅਕਾਲੀ ਦਲ ਸਭ ਤੋਂ ਅੱਗੇ ਹੈ। ਹੁਣ ਤੱਕ ਇਸ ਧਿਰ ਨੇ ਆਪਣੇ ਅੱਧਿਓਂ ਵੱਧ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਹੈ ਤੇ ਸਿਆਸੀ ਰੈਲੀਆਂ ਵੀ ਜਾਰੀ ਹਨ। ਸੰਯੁਕਤ ਕਿਸਾਨ ਮੋਰਚੇ ਨੇ ਦਾਅਵਾ ਕੀਤਾ ਹੈ ਕਿ ਭਾਜਪਾ ਦੀ ਸ਼ਹਿ 'ਤੇ ਹੀ ਸੁਖਬੀਰ ਸਿੰਘ ਬਾਦਲ ਕਿਸਾਨੀ ਅੰਦੋਲਨ ਨੂੰ ਫੇਲ੍ਹ ਕਰਨ ਲਈ ਸੂਬੇ ਅੰਦਰ ਸਿਆਸੀ ਰੈਲੀਆਂ ਕਰ ਰਿਹਾ ਹੈ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦਾ ਕਹਿਣਾ ਹੈ ਕਿ ਸੁਖਬੀਰ ਸਿੰਘ ਬਾਦਲ ਚਾਹੁੰਦਾ ਹੈ ਕਿ ਲੋਕ ਸੂਬੇ ਅੰਦਰ ਹੋ ਰਹੀਆਂ ਸਿਆਸੀ ਰੈਲੀਆਂ ਵਿਚ ਉਲਝ ਕੇ ਰਹਿ ਜਾਣ ਅਤੇ ਦਿੱਲੀ ਵਿਚ ਲੱਗੇ ਮੋਰਚੇ ਵਿਚ ਸ਼ਮੂਲੀਅਤ ਨਾ ਕਰ ਸਕਣ। ਜਥੇਬੰਦੀਆਂ ਇਸ ਗੱਲੋਂ ਵੀ ਖਫਾ ਹਨ ਕਿ ਲਖੀਮਪੁਰ ਖੀਰੀ 'ਚ ਮਾਰੇ ਗਏ ਕਿਸਾਨਾਂ ਦੇ ਪੱਖ ਵਿਚ ਹਰ ਸਿਆਸੀ ਪਾਰਟੀ ਅਤੇ ਕਿਸਾਨਾਂ ਨਾਲ ਹਮਦਰਦੀ ਰੱਖਣ ਵਾਲੀ ਧਿਰ ਨੇ ਡੱਟਵਾਂ ਸਾਥ ਦਿੱਤਾ ਹੈ ਪਰ ਸਿਰਫ ਸ਼੍ਰੋਮਣੀ ਅਕਾਲੀ ਦਲ ਨੇ ਇਸ ਪੱਖ ਵਿਚ ਕੋਈ ਹਾਂ ਪੱਖੀ ਹੁੰਗਾਰਾ ਨਹੀਂ ਭਰਿਆ।

Harmit Toor
Your Realtor® For Life!
Help you Buy or Sell:
♦Residential Property
♦Commercial property
♦Business Opportunity
Financing:
♦Residential Loans
♦Commercial Loans
♦SBA Loans
Commercial Leasing
Broker Associate
BRE Lic.# 01462579
NMLS ID 358820
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਕਿਸਾਨਾਂ ਨੂੰ ਖੁਦਕੁਸ਼ੀਆਂ ਦੀ ਥਾਂ ਸੰਘਰਸ਼ ਦੇ ਰਾਹ ਤੁਰਨ ਦਾ ਸੱਦਾ



**ਚੰਡੀਗੜ੍ਹ:** ਪੰਜਾਬ ਦੇ ਸੰਘਰਸ਼ੀ ਅਖਾੜਿਆਂ ਤੋਂ ਕਿਸਾਨ ਬੁਲਾਰਿਆਂ ਨੇ ਗੁਲਾਬੀ ਸੁੰਡੀ ਤੋਂ ਪ੍ਰਭਾਵਿਤ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ 'ਤੇ ਚਿੰਤਾ ਪ੍ਰਗਟ ਕਰਦਿਆਂ 'ਖੁਦਕੁਸ਼ੀ ਨਹੀਂ ਸੰਘਰਸ਼' ਦਾ ਰਾਹ ਅਪਣਾਉਣ ਦਾ ਸੱਦਾ ਦਿੱਤਾ।

ਸੂਬੇ ਵਿਚ ਸਵਾ ਸੌ ਤੋਂ ਵੱਧ ਥਾਵਾਂ ਟੌਲ ਪਲਾਜ਼ਿਆਂ, ਕਾਰਪੋਰੇਟ ਘਰਾਣਿਆਂ ਦੇ ਵਪਾਰਕ ਟਿਕਾਣਿਆਂ, ਭਾਜਪਾ ਆਗੂਆਂ ਅਤੇ ਰੇਲਵੇ ਸਟੇਸ਼ਨਾਂ ਦੇ ਪਾਰਕਾਂ 'ਚ ਜਾਰੀ ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਬੁਲਾਰਿਆਂ ਨੇ ਕਿਹਾ ਕਿ ਖੁਦਕੁਸ਼ੀ ਕਿਸੇ ਮਸਲੇ ਦਾ ਹੱਲ ਨਹੀਂ ਹੈ। ਕਿਸਾਨੀ ਦੇ ਹਰ ਸੰਕਟ ਦਾ ਹੱਲ ਸਿਰਫ ਸੰਘਰਸ਼ ਹੈ। ਇਸ ਲਈ ਕਿਸਾਨਾਂ ਨੂੰ ਮੌਤ ਦੀ ਥਾਂ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ।

ਕਿਸਾਨ ਆਗੂਆਂ ਨੇ ਪੰਜਾਬ ਦੇ ਕਿਸਾਨਾਂ ਨੂੰ ਨਿਰਾਸ਼ਾ 'ਚੋਂ ਨਿਕਲਣ ਦਾ ਸੱਦਾ ਦਿੰਦਿਆਂ ਕਿਹਾ ਕਿ ਦੇਸ਼ ਦੀ ਸਿਆਸਤ ਬਦਲ ਰਹੀ ਹੈ ਤੇ ਭਵਿੱਖ ਵਿਚ ਸਿਆਸੀ ਪਾਰਟੀਆਂ ਕਿਸਾਨਾਂ ਨੂੰ ਅਣਗੌਲਿਆਂ ਨਹੀਂ ਕਰ ਸਕਣਗੀਆਂ। ਇਸ ਮੌਕੇ ਆਗੂਆਂ ਨੇ ਸਰਦੂਲਗੜ੍ਹ ਵਿਚ ਨਰਮਾ ਪ੍ਰਭਾਵਿਤ ਦੋ ਕਿਸਾਨਾਂ ਵੱਲੋਂ ਕੀਤੀਆਂ ਖੁਦਕੁਸ਼ੀਆਂ ਦਾ ਵੀ ਜ਼ਿਕਰ ਕੀਤਾ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਬਗੈਰ ਕਿਸੇ ਦੇਰੀ ਦੇ ਕਿਸਾਨਾਂ ਨੂੰ 60 ਹਜ਼ਾਰ ਰੁਪਏ ਪ੍ਰਤੀ ਏਕੜ ਸਣੇ ਪ੍ਰਭਾਵਿਤ ਇਲਾਕੇ ਦੇ ਖੇਤ ਮਜ਼ਦੂਰਾਂ ਨੂੰ ਵੀ ਢੁਕਵਾਂ ਮੁਆਵਜ਼ਾ ਦੇਵੇ। ਆਗੂਆਂ ਨੇ ਪੀੜਤ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਸ ਮੁਸ਼ਕਲ ਸਮੇਂ 'ਚ ਉਹ ਹੌਸਲਾ ਨਾ ਛੱਡਣ, ਕਿਉਂਕਿ ਖੁਦਕੁਸ਼ੀ ਕਿਸੇ ਮਸਲੇ ਦਾ ਹੱਲ ਨਹੀਂ। ਉਨ੍ਹਾਂ ਦੇ ਪਿੱਛੋਂ ਪਰਿਵਾਰ ਰੁਲ ਜਾਣਗੇ। ਇਸ ਲਈ ਕਿਸਾਨ ਸਮੱਸਿਆਵਾਂ ਦਾ ਹੱਲ ਸਿਰਫ ਸੰਘਰਸ਼ਾਂ ਦੇ ਲੜ ਲੱਗਣ ਨਾਲ ਹੀ ਹੋਣਾ ਹੈ। ਸੰਯੁਕਤ ਕਿਸਾਨ ਮੋਰਚਾ ਇਸ ਦੁੱਖ ਦੀ ਘੜੀ ਵਿਚ ਉਨ੍ਹਾਂ ਦੇ ਨਾਲ ਖੜ੍ਹਾ ਹੈ।

## ਲਖੀਮਪੁਰ ਖੀਰੀ ਘਟਨਾ ਬਾਰੇ ਮੋਦੀ ਦੀ ਚੁੱਪ 'ਤੇ ਸਵਾਲ

ਕਿਸਾਨ ਆਗੂਆਂ ਨੇ ਕਿਹਾ ਕਿ ਯੂਪੀ ਦੇ ਲਖੀਮਪੁਰ ਖੀਰੀ ਵਿਚ ਕਿਸਾਨਾਂ ਦੇ ਹੋਏ ਕਤਲੇਆਮ ਉਤੇ ਪੂਰੀ ਦੁਨੀਆਂ ਨੇ ਦੁੱਖ ਪ੍ਰਗਟਾਇਆ ਹੈ ਪਰ ਦੇਸ਼ ਦੇ ਪ੍ਰਧਾਨ ਮੰਤਰੀ ਨੇ ਚੁੱਪ ਵੱਟੀ ਰੱਖੀ। ਬੁਲਾਰਿਆਂ ਨੇ ਸੁਪਰੀਮ ਕੋਰਟ ਵੱਲੋਂ ਕਿਸਾਨ ਅੰਦੋਲਨ ਬਾਰੇ ਕੀਤੀਆਂ ਹਾਲੀਆ ਟਿੱਪਣੀਆਂ ਨੂੰ ਬਹੁਤ ਖਤਰਨਾਕ ਕਰਾਰ ਦਿੱਤਾ। ਸੁਪਰੀਮ ਕੋਰਟ ਨੇ ਟਿੱਪਣੀ ਕੀਤੀ ਸੀ ਕਿ ਜਦੋਂ ਖੇਤੀ ਕਾਨੂੰਨਾਂ 'ਤੇ ਰੋਕ ਲਾਈ ਹੋਈ ਹੈ ਅਤੇ ਮਾਮਲਾ ਕੋਰਟ ਦੇ ਵਿਚਾਰ ਅਧੀਨ ਹੈ ਤਾਂ ਕਿਸਾਨ ਕਿਉਂ ਅੰਦੋਲਨ ਕਰ ਰਹੇ ਹਨ। ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਨੇ ਸੁਪਰੀਮ ਕੋਰਟ ਵਿਚ ਕਦੇ ਕੋਈ ਪਟੀਸ਼ਨ ਹੀ ਨਹੀਂ ਪਾਈ। ਪਟੀਸ਼ਨ ਪਾਉਣ ਵਾਲੀ ਧਿਰ ਸਰਕਾਰ ਦੀ ਕੋਈ ਹੱਥਠੋਕਾ ਜਥੇਬੰਦੀ ਹੈ, ਉਨ੍ਹਾਂ ਦਾ ਉਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

## ਕੇਂਦਰ ਕਿਸਾਨਾਂ ਨਾਲ ਗੱਲਬਾਤ ਲਈ ਤਿਆਰ: ਨੱਢਾ

**ਨਵੀਂ ਦਿੱਲੀ:** ਭਾਜਪਾ ਪ੍ਰਧਾਨ ਜਗਤ ਪ੍ਰਕਾਸ ਨੱਢਾ ਨੇ ਕਿਹਾ ਕਿ ਕੇਂਦਰ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਗੱਲਬਾਤ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕੋਲ ਇਨ੍ਹਾਂ ਸੁਧਾਰਾਂ (ਨਵੇਂ ਖੇਤੀ ਕਾਨੂੰਨਾਂ) ਨੂੰ ਛੁਪਾਉਣ ਲਈ ਕੁਝ ਵੀ ਨਹੀਂ ਹੈ, ਕਿਉਂਕਿ ਕੇਂਦਰੀ ਖੇਤੀਬਾੜੀ ਮੰਤਰੀ ਸਪੱਸ਼ਟ ਕਰ ਚੁੱਕੇ ਹਨ ਕਿ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਜਾਰੀ ਹੈ ਤੇ ਭਵਿੱਖ 'ਚ ਵੀ ਰਹੇਗਾ।

ਜਗਤ ਪ੍ਰਕਾਸ ਨੱਢਾ ਨੇ ਕਿਹਾ ਕਿ ਲਖੀਮਪੁਰ ਖੀਰੀ ਘਟਨਾ ਦੇ ਦੋਸ਼ੀਆਂ ਖ਼ਿਲਾਫ ਕਾਰਵਾਈ ਕੀਤੀ ਜਾਵੇਗੀ, ਕਿਉਂਕਿ ਕਾਨੂੰਨ ਤੋਂ ਉਤੇ ਕੋਈ ਵੀ ਨਹੀਂ ਹੈ।

## ਜੰਮੂ ਕਸ਼ਮੀਰ: ਰਾਮਬਨ ਜ਼ਿਲ੍ਹੇ 'ਚ 50 ਸਰਪੰਚਾਂ ਤੇ ਪੰਚਾਂ ਵੱਲੋਂ ਅਸਤੀਫੇ

**ਬਨਿਹਾਲ/ਜੰਮੂ:** ਜੰਮੂਕਸ਼ਮੀਰ ਦੇ ਰਾਮਬਨ ਜਿਲ੍ਹੇ ਦੇ ਦੋ ਬਲਾਕਾਂ ਵਿਚ 50 ਸਰਪੰਚਾਂ ਤੇ ਪੰਚਾਂ ਵੱਲੋਂ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਸਮੂਹਿਕ ਤੌਰ 'ਤੇ ਅਸਤੀਫੇ ਦੇ ਦਿੱਤੇ ਗਏ ਹਨ।

ਇਹ ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਕੇਂਦਰੀ ਮੰਤਰੀਆਂ ਦੇ ਚੱਲ ਰਹੇ ਜਨਤਕ ਪ੍ਰੋਗਰਾਮਾਂ ਵਿਚ ਕਥਿਤ ਤੌਰ 'ਤੇ ਵਾਅਦੇ ਮੁਤਾਬਕ ਸ਼ਕਤੀਕਰਨ ਦੀ ਘਾਟ, ਬੇਲੋੜੀ ਦਖਲਅੰਦਾਜੀ ਅਤੇ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਕੀਤੇ ਜਾਣ ਦੇ ਰੋਸ ਵਜੋਂ ਅਸਤੀਫੇ ਦਿੱਤੇ ਹਨ।

ਇਸੇ ਦੌਰਾਨ ਇਸ ਮੁੱਦੇ ਨੂੰ ਲੈ ਕੇ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.) ਨੇ ਭਾਜਪਾ ਸਰਕਾਰ 'ਤੇ ਹਮਲਾ ਕਰਦਿਆਂ ਕਿਹਾ, 'ਕੇਂਦਰੀ ਸ਼ਾਸਿਤ ਪ੍ਰਦੇਸ਼ ਵਿਚ ਬਨਾਵਟੀ ਆਮ ਵਰਗੀ ਸਥਿਤੀ ਅਤੇ ਕੀਤੇ ਜਾ ਰਹੇ ਝੂਠੇ ਦਿਖਾਵੇ ਦੀ ਹਵਾ ਨਿਕਲ ਗਈ ਹੈ।'

ਹਾਲਾਂਕਿ ਅਧਿਕਾਰੀਆਂ ਨੇ ਕਿਹਾ ਕਿ ਜਿਲ੍ਹਾ ਪੰਚਾਇਤ ਅਧਿਕਾਰੀ ਅਸ਼ੋਕ ਸਿੰਘ ਨੇ ਰੋਸਜ਼ਦਾ ਲੋਕ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਜਲਦੀ ਹੀ ਬਣਦਾ ਮਾਣ-ਸਨਮਾਨ ਦੇਣ ਦੇ ਭਰੋਸਾ ਦਿੰਦਿਆਂ ਅਸਤੀਫੇ ਵਾਪਸ ਲੈਣ ਦੀ ਅਪੀਲ ਕੀਤੀ ਹੈ। ਅਧਿਕਾਰੀਆਂ ਮੁਤਾਬਕ ਬਨਿਹਾਲ ਅਤੇ ਰਮਸੂ ਬਲਾਕਾਂ ਨਾਲ ਸਬੰਧਤ ਲਗਭਗ 50 ਸਰਪੰਚਾਂ ਤੇ ਪੰਚਾਂ ਨੇ ਇਕ ਹੰਗਾਮੀ ਮਗਰੋਂ ਸਬੰਧਤ ਬਲਾਕ ਵਿਕਾਸ ਕੌਂਸਲ ਚੇਅਰਪਰਸਨ ਨੂੰ ਸਮੂਹਿਕ ਤੌਰ 'ਤੇ ਅਸਤੀਫੇ ਸੌਂਪ ਦਿੱਤੇ ਸਨ।


# ਫਲੈਟ ਵਿਕਾਊ ਹੈ

**ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।**

***ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ***

**ਫੋਨ: 513-884-0456 ਜਾਂ 513-759 0010**

*(ਮੈਸੇਜ ਛੱਡ ਸਕਦੇ ਹੋ)*

# Flat For Sale

**Flat for sale in a developed Sector 20 Panchkula near Chandigarh, Close to Zirakpur-Shimla Natonal High-way, Vacant to move in, Elevator, Car parking, Secu-rity. Market nearby within walking distance.**

***For more details please contact: Singh***

**Ph: 513-884-0456 or 513-759 0010**

*(Leave Message)*

40-41



# ਬਜ਼ੁਰਗ ਦੀ ਦੇਖਭਾਲ ਲਈ ਬੀਬੀ ਦੀ ਭਾਲ

**ਯੰਗਸਟਾਊਨ, ਓਹਾਇਓ, ਅਮਰੀਕਾ (Youngstown, Ohio, USA) ਰਹਿੰਦੇ ਪੰਜਾਬੀ ਪਰਿਵਾਰ ਨੂੰ ਬਜ਼ੁਰਗ ਦਾਦੀ ਜੀ ਦੀ ਦੇਖਭਾਲ ਕਰਨ ਵਾਲੀ ਬੀਬੀ ਦੀ ਭਾਲ ਹੈ, ਜੋ ਰੋਜ਼ਾਨਾ ਕੰਮਾਂ 'ਚ ਮਦਦ ਕਰ ਸਕੇ। ਰਿਹਾਇਸ਼ ਅਤੇ ਭੋਜਨ ਦਿੱਤਾ ਜਾਵੇਗਾ।**


**ਤਨਖਾਹ $3500 ਪ੍ਰਤੀ ਮਹੀਨਾ ਸ਼ੁਰੂਆਤ**
**ਸਰਕਾਰੀ ਮਨਜ਼ੂਰਸ਼ੁਦਾ ਸਿਖਲਾਈ ਨਾਲ ਤਨਖਾਹ $4,000 ਪ੍ਰਤੀ ਮਹੀਨਾ ਹੋ ਸਕਦੀ ਹੈ।**

**ਸੰਪਰਕ ਕਰੋ: ਈਮੇਲ: biji1924@gmail.com**
**ਜਾਂ ਫੋਨ: 330-967-0878**

42-45



# YOU TAKE CARE OF THE BUSINESS. I'LL TAKE CARE OF THE FINANCING.





Dr. Amul Purohit
Tel: (530) 750-2585
www.apurohit.liquidcapitalcorp.com

Liquid Capital FINANCING SUCCESS

When your business needs working capital, getting funds from conventional financing sources can be difficult.

Liquid Capital helps small to medium sized businesses with the cash they need to grow and prosper. We can provide your business with immediate funding based on your commercial accounts receivable. Use the cash for:

- BUSINESS GROWTH
- NEW PRODUCT LAUNCHES
- SEASONAL SLUMPS
- START UP BUSINESSES

# ਗੁਰੂ ਨਾਨਕ ਦੇਵ ਬਾਰੇ ਦਸਤਾਵੇਜ਼ੀ ਸੀਰੀਜ਼ ਜਾਰੀ ਹੋਵੇਗੀ

**ਸਿੰਗਾਪੁਰ:** ਸਿੰਗਾਪੁਰ ਵਿਚ ਭਾਰਤੀ ਮੂਲ ਦਾ ਇਕ ਸਿੱਖ ਜੋੜਾ 24 ਕਿਸ਼ਤਾਂ ਵਾਲੀ 'ਦਸਤਾਵੇਜ਼ੀ ਸੀਰੀਜ਼' ਆਨਲਾਈਨ ਰਿਲੀਜ਼ ਕਰੇਗਾ, ਜਿਸ ਵਿਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਉਨ੍ਹਾਂ ਸਥਾਨਾਂ ਦਾ ਵਰਣਨ ਹੋਵੇਗਾ, ਜਿਥੇ ਉਹ ਆਪਣੇ ਜੀਵਨ ਕਾਲ ਦੌਰਾਨ ਗਏ ਸਨ।

ਅਮਰਦੀਪ ਸਿੰਘ ਨੇ ਦੱਸਿਆ ਕਿ ਉਹ ਅਤੇ ਉਨ੍ਹਾਂ ਦੀ ਪਤਨੀ ਵਿਨਿੰਦਰ ਕੌਰ ਵੈੱਬਸਾਈਟ ਦਿ ਗੁਰੂਨਾਨਕ.ਕਾਮ 'ਤੇ ਦਸਤਾਵੇਜ਼ੀ ਸੀਰੀਜ ਦੇ ਹਫਤਾਵਾਰੀ ਐਪੀਸੋਡ ਜਾਰੀ ਕਰਨਗੇ, ਜਿਨ੍ਹਾਂ ਦੀ ਕੋਈ ਕੀਮਤ ਨਹੀਂ ਹੋਵੇਗੀ। ਇਨ੍ਹਾਂ ਨੂੰ ਡਾਊਨਲੋਡ ਵੀ ਕੀਤਾ ਜਾ ਸਕੇਗਾ। ਇਹ ਦਸਤਾਵੇਜ਼ੀ ਸੀਰੀਜ 'ਲੌਸਟ ਹੈਰੀਟੇਜ ਪ੍ਰੋਡਕਸ਼ਨਜ' ਅਤੇ 'ਸਿੱਖਲੈਂਜ ਪ੍ਰੋਡਕਸ਼ਨਜ' ਵੱਲੋਂ ਮਿਲ ਕੇ ਤਿਆਰ ਕੀਤੀ ਗਈ ਹੈ ਅਤੇ ਇਹ ਅਗਲੇ ਪੜਾਅ ਵਿਚ ਇਸ ਦਾ ਪੰਜਾਬੀ ਅਤੇ ਹਿੰਦੀ ਵਿਚ ਤਰਜਮਾ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਲਗਭਗ 550 ਸਾਲ ਪਹਿਲਾਂ ਗੁਰੂ ਨਾਨਕ ਦੇਵ ਨੇ ਧਰਮ ਪ੍ਰਚਾਰ ਲਈ ਦੋ ਦਹਾਕਿਆਂ ਤੋਂ ਵੱਧ ਸਮੇਂ ਦੌਰਾਨ ਪਾਕਿਸਤਾਨ, ਅਫ਼ਗਾਨਿਸਤਾਨ, ਈਰਾਨ, ਇਰਾਕ, ਸਾਊਦੀ ਅਰਬ, ਤਿੱਬਤ, ਬੰਗਲਾਦੇਸ਼ ਅਤੇ ਸ੍ਰੀਲੰਕਾ ਆਦਿ ਦੇਸ਼ਾਂ ਦੀ ਯਾਤਰਾ ਕੀਤੀ ਸੀ। ਜਨਵਰੀ 2019 ਵਿਚ ਅਮਰਦੀਪ ਸਿੰਘ ਅਤੇ ਉਨ੍ਹਾਂ ਦੀ ਪਤਨੀ ਦੀ ਅਗਵਾਈ ਵਾਲੀ ਟੀਮ ਨੇ ਗੁਰੂ ਨਾਨਕ ਦੇਵ ਦੀਆਂ ਇਨ੍ਹਾਂ ਯਾਤਰਾਵਾਂ 'ਤੇ ਇਕ ਦਸਤਾਵੇਜ਼ੀ ਸੀਰੀਜ ਬਣਾਉਣ ਦੀ ਮੁਹਿੰਮ ਸ਼ੁਰੂ ਕੀਤੀ ਸੀ।

ਅਮਰਦੀਪ ਨੇ ਇਕ ਬਿਆਨ ਵਿੱਚ ਕਿਹਾ, 'ਨਿੱਜੀ ਹਿੱਤਾਂ ਤੋਂ ਪਰ੍ਹੇ ਇਸ ਕਾਰਜ ਦਾ ਉਦੇਸ਼ ਗੁਰੂ ਨਾਨਕ ਦੇਵ ਦੇ ਉਨ੍ਹਾਂ ਸੁਨੇਹਿਆਂ ਨੂੰ ਫੈਲਾਉਣ ਦਾ ਜਨੂੰਨ ਸੀ, ਜਿਹੜੇ ਸਰਹੱਦਾਂ ਜਾਂ ਮਨੁੱਖੀ ਵੰਡੀਆਂ ਨੂੰ ਨਹੀਂ ਮੰਨਦੇ।' ਟੀਮ ਨੇ 24 ਕਿਸ਼ਤਾਂ ਵਾਲੀ ਇਸ ਦਸਤਾਵੇਜ਼ੀ ਸੀਰੀਜ ਲਈ ਗੁਰੂ ਨਾਨਕ ਦੇ ਜੀਵਨ ਦੀਆਂ ਘਟਨਾਵਾਂ ਪੇਸ਼ ਕਰਨ ਵਾਸਤੇ ਉਨ੍ਹਾਂ ਨਾਲ ਸਬੰਧਤ ਸਾਰੇ ਭੂਗੋਲਿਕ ਅਤੇ ਧਾਰਮਿਕ ਸਥਾਨਾਂ 'ਤੇ ਤਿੰਨ ਸਾਲਾਂ ਤੋਂ ਵੱਧ ਦਾ ਸਮਾਂ ਬਿਤਾਇਆ ਹੈ। ਇਹ ਸੀਰੀਜ ਤਿਆਰ ਕਰਨ ਲਈ ਪੁਰਾਤਨ ਜਨਮ ਸਾਖੀਆਂ ਅਤੇ ਗੁਰੂ ਨਾਨਕ ਦੇ ਉਪਦੇਸ਼ਾਂ ਨੂੰ ਵੀ ਵਾਚਿਆ ਗਿਆ ਹੈ।


## ਹੋਟਲ ਵਿਕਾਊ ਹੈ

ਸਿਓਕਸ ਫਾਲਸ, ਸਾਊਥ ਡਕੋਟਾ ਵਿਚ ਵਧੀਆ ਲੋਕੇਸ਼ਨ 'ਤੇ ਸਥਿਤ 60 ਕਮਰਿਆਂ ਦਾ ਹੋਟਲ ਵਿਕਾਊ ਹੈ। ਕੀਮਤ: $5 ਮਿਲੀਅਨ

**Hotel For Sale By Owner**

Comfort Suites - 60 Rooms
Sioux Falls, South Dakota
Asking $5 Million - Great Location
*Contact Info.:*
Email: Apatel.shm@Gmail.com
Ph: 605-521-1717

38-42


## ਪੰਚਾਂ-ਸਰਪੰਚਾਂ ਨੂੰ ਨਾ ਮਾਣ ਦਿੱਤਾ, ਨਾ ਮਾਣ ਭੱਤਾ: ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਸੂਬਾ ਸਰਕਾਰ ਸਰਪੰਚਾਂ ਅਤੇ ਪੰਚਾਂ ਨੂੰ ਨਾ ਤਾਂ ਬਣਦਾ ਮਾਣ ਦੇ ਰਹੀ ਹੈ ਅਤੇ ਨਾ ਹੀ ਭੱਤਾ, ਜਦੋਂ ਕਿ ਆਪਣੇ ਚਹੇਤਿਆਂ ਨੂੰ ਨਵੀਆਂ ਕਾਰਾਂ ਅਤੇ ਹੋਰ ਭੱਤੇ ਦੇ ਕੇ ਸਰਕਾਰੀ ਖ਼ਜ਼ਾਨੇ 'ਤੇ ਮਣਾਂ-ਮੂੰਹੀਂ ਬੋਝ ਪਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਚੰਨੀ ਸਰਕਾਰ ਬਿਨਾਂ ਕਿਸੇ ਦੇਰੀ ਤੋਂ ਹਰੇਕ ਸਰਪੰਚ ਨੂੰ ਘੱਟੋ-ਘੱਟ 25 ਹਜ਼ਾਰ ਰੁਪਏ ਅਤੇ ਹਰੇਕ ਪੰਚ ਨੂੰ ਘੱਟੋ-ਘੱਟ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਾਣ-ਭੱਤਾ ਦੇਵੇ। ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਪੰਚਾਂ ਨੂੰ 1200 ਰੁਪਏ ਪ੍ਰਤੀ ਮਹੀਨਾ ਮਾਣ ਭੱਤਾ ਦੇ ਰਹੀ ਹੈ ਪਰ ਸਰਪੰਚਾਂ ਨੂੰ ਪਿਛਲੇ ਤਿੰਨ ਸਾਲਾਂ ਤੋਂ ਇਹ ਨਿਗੂਣਾ ਭੱਤਾ ਵੀ ਨਹੀਂ ਮਿਲਿਆ, ਜਦੋਂ ਕਿ ਪੰਚਾਂ ਨੂੰ ਧੇਲਾ ਵੀ ਨਹੀਂ ਦਿੱਤਾ ਜਾ ਰਿਹਾ।

# ਗੁਲਾਬੀ ਸੁੰਡੀ: ਫਸਲਾਂ ਦੀ ਵਿਸ਼ੇਸ਼ ਗਿਰਦਾਵਰੀ ਤੁਰਤ ਮੁਕੰਮਲ ਕਰਨ ਦੇ ਨਿਰਦੇਸ਼

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਗੁਲਾਬੀ ਸੁੰਡੀ ਦੇ ਹਮਲੇ ਕਾਰਨ ਪ੍ਰਭਾਵਿਤ ਹੋਈ ਨਰਮੇ ਦੀ ਫਸਲ ਦੇ ਨੁਕਸਾਨ ਦਾ ਅਸਲ ਜਾਇਜ਼ਾ ਲੈਣ ਲਈ ਵਿਸ਼ੇਸ਼ ਗਿਰਦਾਵਰੀ ਦਾ ਕੰਮ ਤੁਰਤ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਹਨ।

ਉਨ੍ਹਾਂ ਵਿੱਤ ਕਮਿਸ਼ਨਰ ਵਿਕਾਸ ਨੂੰ ਨਿਰਦੇਸ਼ ਦਿੱਤੇ ਹਨ ਕਿ ਵਿਸ਼ੇਸ਼ ਗਿਰਦਾਵਰੀ ਮੁਕੰਮਲ ਕਰਨ ਮਗਰੋਂ ਪ੍ਰਭਾਵਿਤ ਕਿਸਾਨਾਂ ਨੂੰ ਦੀਵਾਲੀ ਤੋਂ ਪਹਿਲਾਂ ਮੁਆਵਜ਼ਾ ਦੇਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਨਰਮਾ ਪੱਟੀ ਦੇ ਕਿਸਾਨਾਂ ਦੇ ਨੁਕਸਾਨ ਦੀ ਪੂਰਤੀ ਕੀਤੀ ਜਾ ਸਕੇ। ਇਕ ਬਿਆਨ ਰਾਹੀਂ ਉਪ ਮੁੱਖ ਮੰਤਰੀ ਨੇ ਆਖਿਆ ਕਿ ਮਾਲਵਾ ਪੱਟੀ ਵਿਚ ਨਰਮੇ ਦੀ ਫਸਲ 'ਤੇ ਗੁਲਾਬੀ ਸੁੰਡੀ ਦੇ ਹਮਲੇ ਮਗਰੋਂ ਮੁੱਖ ਮੰਤਰੀ ਦੀ ਅਗਵਾਈ ਹੇਠ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਗਿਆ ਸੀ।

ਇਸ ਉਪਰੰਤ ਉਨ੍ਹਾਂ ਖੇਤੀਬਾੜੀ ਮੰਤਰੀ ਰਣਦੀਪ ਸਿੰਘ ਨਾਭਾ ਸਣੇ ਕਿਸਾਨ ਆਗੂਆਂ ਨਾਲ ਮੀਟਿੰਗ ਕਰ ਕੇ ਵਿਸ਼ੇਸ਼ ਗਿਰਦਾਵਰੀ ਦੇ ਆਦੇਸ਼ ਦਿੱਤੇ ਸਨ। ਉਨ੍ਹਾਂ ਮਾਲ ਅਤੇ ਖੇਤੀਬਾੜੀ ਵਿਭਾਗ ਨੂੰ ਵਿਸ਼ੇਸ਼ ਗਿਰਦਾਵਰੀ ਦਾ ਕੰਮ ਤੁਰਤ ਮੁਕੰਮਲ ਕਰ ਕੇ ਹਰ ਹਾਲ ਵਿਚ ਦੀਵਾਲੀ ਤੋਂ ਪਹਿਲਾਂ ਮੁਆਵਜ਼ਾ ਦੇਣਾ ਯਕੀਨੀ ਬਣਾਉਣ ਲਈ ਕਿਹਾ ਹੈ।

## Matrimonials

### ਲੜਕੇ ਦੀ ਲੋੜ ਹੈ

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com 39-42

### ਲੜਕੀ ਦੀ ਲੋੜ ਹੈ

Looking for a suitable educated US Citizen/Green Card holder Punjabi Sikh woman for Punjabi Jatt Sikh Gill clean shaven Divorced man 43, 5'-7", US Citizen, belongs to educated family from Punjab, India. Please contact at: sukhkaran1978@outlook.com 38-41

Suitable match for Jatt Sikh boy, 5'-11", 1993 born, Software Engineer, Masters in Engineering from university in USA, USA green card applied and expecting Canadian PR soon, rural/urban property. Please send recent pictures and particulars to email: singhusa93@gmail.com, Ph: 248-679-6668 31-34


PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

LAW OFFICES OF VIVEK MALIK
Follow us on :
ACCOMPLISHED IMMIGRATION Attorneys help FAMILIES REUNITE in the UNITED STATES



Come talk to an experienced immigration attorney
Toll Free No.
866-424-4000
OUR OFFICES
• 432 S Emerson Ave, Suite 220, Greenwood, IN 46143
Phone: 317.560.4777
• 1067 N Mason Rd., Suite 4, St Louis, Missouri 63141
Phone: 314.416.8000
• 2440 W Shaw Ave., Suite 205, Fresno, California 93711
Phone: 559.578.4344
www.usa-immigrationlaw.com
Our Global & Nationwide Services in the field of U.S. Immigration & Nationality Law
Business Immigration & Worksite Compliance
ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ
Languages SPOKEN Punjabi | Hindi | Urdu | Spanish & English

# ਬਹਿਬਲ ਕਾਂਡ: ਦੋ ਸਾਲਾਂ ਮਗਰੋਂ ਸੁਣਵਾਈ ਮੁੜ ਸ਼ੁਰੂ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਵਿਚ ਤਕਰੀਬਨ 2 ਸਾਲਾਂ ਦੇ ਲੰਬੇ ਵਕਫੇ ਮਗਰੋਂ ਮੁੜ ਸੁਣਵਾਈ ਸ਼ੁਰੂ ਹੋ ਗਈ। ਇਸ ਮਾਮਲੇ ਦੀ ਸੁਣਵਾਈ ਕਰ ਰਹੇ ਵਧੀਕ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਨੇ ਪੁਲਿਸ ਅਧਿਕਾਰੀਆਂ ਦੀ ਉਸ ਅਰਜ਼ੀ ਦਾ ਨਿਪਟਾਰਾ ਕਰ ਦਿੱਤਾ ਜਿਸ ਵਿਚ ਉਨ੍ਹਾਂ ਨੇ ਜਾਂਚ ਟੀਮ ਤੋਂ ਚਲਾਨ ਨਾਲ ਨੱਥੀ ਕੀਤੇ ਗਏ ਦਸਤਾਵੇਜ਼ਾਂ ਦੀ ਮੰਗ ਕੀਤੀ ਸੀ। ਹਾਲਾਂਕਿ, ਸਰਕਾਰੀ ਪੱਖ ਦੀ ਕਾਰਵਾਈ ਅਦਾਲਤ ਵਿਚ ਸੁਸਤ ਰਹੀ।

ਅਦਾਲਤ ਦਸਤਾਵੇਜ਼ਾਂ ਦਾ ਮੁੱਦਾ ਅੱਜ ਹੀ ਨਿਪਟਾ ਕੇ ਇਸ ਕੇਸ ਵਿਚ ਦੋਸ਼ ਆਇਦ ਕਰਨ ਦੇ ਮਾਮਲੇ ਤੇ ਬਹਿਸ ਸੁਣਨਾ ਚਾਹੁੰਦੀ ਸੀ ਪਰ ਸਰਕਾਰੀ ਪੱਖ ਮੁਲਜ਼ਮਾਂ ਨੂੰ ਲੋੜੀਂਦੇ ਦਸਤਾਵੇਜ਼ਾਂ ਦੀਆਂ ਨਕਲਾਂ ਦੇਣ ਲਈ ਤਿਆਰੀ ਕਰਕੇ ਨਹੀਂ ਆਇਆ ਸੀ ਜਿਸ ਕਰਕੇ ਅਦਾਲਤ ਨੇ 19 ਅਕਤੂਬਰ ਤੱਕ ਮੁਲਜ਼ਮਾਂ ਨੂੰ ਦਸਤਾਵੇਜ਼ ਮੁਹੱਈਆ ਕਰਵਾਉਣ ਦੇ ਆਦੇਸ਼ ਦਿੱਤੇ ਹਨ। ਪੰਜਾਬ ਸਰਕਾਰ ਨੇ ਇਨ੍ਹਾਂ ਮਾਮਲਿਆਂ ਦੀ ਪ੍ਰਭਾਵਸ਼ਾਲੀ ਸੁਣਵਾਈ ਲਈ 1 ਅਕਤੂਬਰ ਨੂੰ ਸੀਨੀਅਰ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨੂੰ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਨਿਯੁਕਤ ਕੀਤਾ ਸੀ ਪਰ ਉਹ ਸੁਣਵਾਈ ਦੌਰਾਨ ਅਦਾਲਤ ਵਿਚ ਹਾਜਰ ਨਹੀਂ ਸਨ।

ਅਦਾਲਤ ਵਿਚ ਤਕਰੀਬਨ ਦੋ ਘੰਟੇ ਚੱਲੀ ਸੁਣਵਾਈ ਦੌਰਾਨ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਪੁਲਿਸ ਮੁਖੀ ਚਰਨਜੀਤ ਸ਼ਰਮਾ, ਬਾਜਾਖਾਨਾ ਦੇ ਤਤਕਾਲੀ ਐਸ.ਐਚ.ਓ ਅਮਰਜੀਤ ਸਿੰਘ ਕੁਲਾਰ, ਐਸ.ਪੀ. ਬਿਕਰਮਜੀਤ ਸਿੰਘ, ਕਾਰੋਬਾਰੀ ਪੰਕਜ ਕੁਮਾਰ ਅਤੇ ਸੁਹੇਲ ਬਰਾੜ ਅਦਾਲਤ ਵਿਚ ਹਾਜਰ ਸਨ। ਨਿਯਮਾਂ ਮੁਤਾਬਕ ਜਾਂਚ ਟੀਮ ਨੇ ਜਿਹੜਾ ਚਲਾਨ ਅਦਾਲਤ ਵਿਚ ਪੇਸ਼ ਕੀਤਾ ਸੀ, ਉਸ ਦੀ ਇੰਨ-ਬਿੰਨ ਨਕਲ ਮੁਲਜ਼ਮਾਂ ਨੂੰ ਦੇਣੀ ਜਰੂਰੀ ਸੀ ਪਰ ਜਾਂਚ ਟੀਮ ਨੇ ਅਜਿਹਾ ਨਹੀਂ ਕੀਤਾ।

# 'ਸਰਕਾਰੀ ਨੌਕਰੀਆਂ 'ਤੇ ਦੂਜੇ ਸੂਬਿਆਂ ਦਾ ਕਬਜ਼ਾ'

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਦੋਸ਼ ਲਾਇਆ ਕਿ ਪਿਛਲੇ 30 ਸਾਲਾਂ ਤੋਂ ਪੰਜਾਬ ਦੀਆਂ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਨੇ ਸੂਬੇ ਦੇ ਨੌਜਵਾਨਾਂ ਲਈ ਸਰਕਾਰੀ ਅਤੇ ਪ੍ਰਾਈਵੇਟ ਖੇਤਰ 'ਚ ਨੌਕਰੀਆਂ ਸੁਰੱਖਿਅਤ ਰੱਖਣ ਲਈ ਕੋਈ ਨੀਤੀ ਨਹੀਂ ਬਣਾਈ ਜਿਸ ਕਾਰਨ ਪੰਜਾਬ ਦੀਆਂ ਸਰਕਾਰੀ ਅਤੇ ਪ੍ਰਾਈਵੇਟ ਖੇਤਰ ਦੀਆਂ ਨੌਕਰੀਆਂ 'ਤੇ ਹੋਰਨਾਂ ਸੂਬਿਆਂ ਦੇ ਉਮੀਦਵਾਰ ਕਾਬਜ਼ ਹੋ ਰਹੇ ਹਨ।

ਉਨ੍ਹਾਂ ਕਿਹਾ ਕਿ ਪੀ.ਐਸ.ਟੀ.ਸੀ.ਐਲ. ਦੀਆਂ ਵੱਖ-ਵੱਖ ਅਸਾਮੀਆਂ ਲਈ ਮੈਰਿਟ ਸੂਚੀ 'ਚ 51 ਤੋਂ 71 ਫੀਸਦੀ ਤੱਕ ਹੋਰਨਾਂ ਸੂਬਿਆਂ ਦੇ ਉਮੀਦਵਾਰਾਂ ਦੇ ਨਾਮ ਆਉਣਾ ਇਸ ਦੀ ਤਾਜ਼ਾ ਮਿਸਾਲ ਹੈ। ਪੀ.ਐਸ.ਟੀ.ਸੀ.ਐਲ. ਵੱਲੋਂ ਜਾਰੀ ਸੂਚੀ ਅਨੁਸਾਰ ਜਨਰਲ ਵਰਗ ਦੀਆਂ ਸਹਾਇਕ ਲਾਈਨਮੈਨਾਂ ਦੀਆਂ 95 'ਚੋਂ 64 (67 ਫੀਸਦ), ਸਹਾਇਕ ਸਬ-ਸਟੇਸ਼ਨ ਅਟੈਂਡੈਂਟ ਦੀਆਂ 39 'ਚੋਂ 28 (71.70 ਫੀਸਦ), ਜੇਈ ਸਬ-ਸਟੇਸ਼ਨ ਦੀਆਂ 54 'ਚੋਂ 28 (52 ਫੀਸਦੀ) ਤੇ ਸਹਾਇਕ ਇੰਜੀਨੀਅਰਾਂ ਦੀਆਂ 11 'ਚੋਂ 4 ਅਸਾਮੀਆਂ (36 ਫੀਸਦੀ) ਹੋਰਨਾਂ ਸੂਬਿਆਂ ਦੇ ਉਮੀਦਵਾਰ ਲੈ ਗਏ।

# ਡੇਰਾ ਪ੍ਰੇਮੀਆਂ ਖਿਲਾਫ ਨਹੀਂ ਹੋ ਸਕੇ ਦੋਸ਼ ਆਇਦ

**ਬੇਅਦਬੀ ਕਾਂਡ**

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਗਲੀਆਂ ਵਿਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਵਿਚ ਨਾਮਜ਼ਦ ਡੇਰਾ ਪ੍ਰੇਮੀਆਂ ਖਿਲਾਫ ਇਥੇ ਦੋਸ਼ ਆਇਦ ਨਹੀਂ ਹੋ ਸਕੇ। ਵਿਸ਼ੇਸ਼ ਜਾਂਚ ਟੀਮ ਇਨ੍ਹਾਂ ਕੇਸਾਂ ਵਿਚ ਛੇ ਡੇਰਾ ਪ੍ਰੇਮੀਆਂ ਖਿਲਾਫ ਚਲਾਨ ਪੇਸ਼ ਕਰ ਚੁੱਕੀ ਹੈ। ਡੇਰਾ ਪ੍ਰੇਮੀਆਂ ਨੇ ਜੁਡੀਸ਼ਲ ਮੈਜਿਸਟਰੇਟ ਤਰਜਨੀ ਦੀ ਅਦਾਲਤ ਵਿਚ ਅਰਜ਼ੀ ਦੇ ਕੇ ਮੰਗ ਕੀਤੀ ਹੈ ਕਿ ਦੋਸ਼ ਆਇਦ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਖਿਲਾਰੇ ਗਏ ਪੱਤਰਿਆਂ ਦੀਆਂ ਤਸਵੀਰਾਂ ਦਿੱਤੀਆਂ ਜਾਣ ਅਤੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਚੋਰੀ ਕਰਨ ਦੇ ਦੋਸ਼ਾਂ ਵਿਚ ਸਭ ਤੋਂ ਪਹਿਲਾਂ ਗ੍ਰਿਫਤਾਰ ਕੀਤੇ ਗਏ ਰੁਪਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਦੀ ਫੋਨ ਰਿਕਾਰਡਿੰਗ ਦਾ ਰਿਕਾਰਡ ਮੁਹੱਈਆ ਕਰਵਾਇਆ ਜਾਵੇ।

ਡੇਰਾ ਪ੍ਰੇਮੀਆਂ ਨੇ ਅਦਾਲਤ ਵਿਚ ਅਰਜ਼ੀ ਦੇ ਕੇ ਮੰਗ ਕੀਤੀ ਹੈ ਕਿ ਵਿਵਾਦਤ ਪੋਸਟਰ ਦੀ ਪਰਖ ਰਿਪੋਰਟ ਨਕਲ ਵੀ ਉਨ੍ਹਾਂ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਇਨ੍ਹਾਂ ਮਾਮਲਿਆਂ ਦੀ ਪੜਤਾਲ ਦੌਰਾਨ ਸੀ.ਬੀ.ਆਈ. ਵੱਲੋਂ ਜਿਹੜੇ ਗਵਾਹਾਂ ਦੇ ਬਿਆਨ ਲਿਖੇ ਗਏ ਸਨ, ਉਨ੍ਹਾਂ ਦੀਆਂ ਨਕਲਾਂ ਵੀ ਦਿੱਤੀਆਂ ਜਾਣ। ਅਦਾਲਤ ਨੇ ਇਸ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ ਨੂੰ ਆਪਣਾ ਪੱਖ ਅਦਾਲਤ ਵਿਚ ਲਿਖਤੀ ਤੌਰ 'ਤੇ ਰੱਖਣ ਲਈ ਕਿਹਾ ਹੈ। ਇਸ ਅਰਜ਼ੀ ਦੇ ਨਿਪਟਾਰੇ ਤੋਂ ਬਾਅਦ ਹੀ ਮੁਲਜ਼ਮਾਂ ਖਿਲਾਫ ਚਾਰਜ ਲਾਉਣ ਦੇ ਮੁੱਦੇ 'ਤੇ ਬਹਿਸ ਹੋਵੇਗੀ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 27 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ ਹੈ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
Ph: (408) 737-7100
Fax: (408)737-7102 www.homeopathicvibes.com
We sell and ship homeopathic remedies through out North America.

ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।
ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 608-886-2500
41-48

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਕੋਲੇ ਦੀ ਕਮੀ: ਪੰਜਾਬ ਵਿਚ ਹੋਰ ਡੂੰਘਾ ਹੋਇਆ ਬਿਜਲੀ ਦਾ ਸੰਕਟ

## ਮੁਲਕ ਦੀਆਂ ਬਿਜਲੀ ਉਤਪਾਦਕ ਕੰਪਨੀਆਂ ਵੱਲੋਂ ਬਲੈਕ ਆਊਟ ਦੀ ਚਿਤਾਵਨੀ

**ਪਟਿਆਲਾ:** ਭਾਰਤ ਇਸ ਸਮੇਂ ਗੰਭੀਰ ਬਿਜਲੀ ਸੰਕਟ 'ਚੋਂ ਲੰਘ ਰਿਹਾ ਹੈ। ਜ਼ਿਆਦਾ ਬਾਰਸ਼ ਕਾਰਨ ਕੋਲੇ ਦੀ ਆਵਾਜਾਈ ਪ੍ਰਭਾਵਿਤ ਹੋਣ ਅਤੇ ਕੋਲਾ ਆਧਾਰਿਤ ਪਾਵਰ ਪਲਾਂਟਾਂ ਨੂੰ ਉਨ੍ਹਾਂ ਦੀ ਸਮਰੱਥਾ ਦੇ ਅੱਧ ਤੋਂ ਵੀ ਘੱਟ ਕੋਲਾ ਮਿਲਣ ਵਰਗੇ ਕਾਰਨਾਂ ਕਰਕੇ ਪੰਜਾਬ ਤੇ ਦਿੱਲੀ ਸਮੇਤ ਕੁਝ ਰਾਜਾਂ 'ਚ ਬਿਜਲੀ ਸੰਕਟ ਖੜ੍ਹਾ ਹੋ ਗਿਆ ਹੈ। ਪੰਜਾਬ, ਰਾਜਸਥਾਨ, ਗੁਜਰਾਤ, ਦਿੱਲੀ ਤੇ ਤਾਮਿਲਨਾਡੂ ਸਮੇਤ ਹੋਰ ਰਾਜਾਂ 'ਚ ਬਿਜਲੀ ਦੇ ਉਤਪਾਦਨ 'ਤੇ ਪ੍ਰਭਾਵ ਪਿਆ ਹੈ, ਜਿਥੇ ਬਿਜਲੀ ਉਤਪਾਦਕਾਂ ਤੇ ਵਿਤਰਕਾਂ ਨੇ ਬਲੈਕ ਆਊਟ ਦੀ ਚਿਤਾਵਨੀ ਦਿੱਤੀ ਹੈ।



ਸੂਤਰਾਂ ਅਨੁਸਾਰ ਕੋਲੇ ਨਾਲ ਚੱਲਣ ਵਾਲੇ ਦੇਸ਼ ਦੇ ਕੁੱਲ 135 ਪਾਵਰ ਪਲਾਂਟਾਂ 'ਚੋਂ ਅੱਧੇ ਤੋਂ ਜ਼ਿਆਦਾ ਕੋਲ ਸਿਰਫ ਦੋ ਤੋਂ ਚਾਰ ਦਿਨ ਤੱਕ ਹੀ ਕੋਲਾ ਬਚਿਆ ਹੈ। ਦੇਸ਼ 'ਚ ਜਿਥੇ 70 ਫੀਸਦੀ ਬਿਜਲੀ ਦਾ ਉਤਪਾਦਨ ਕੋਲੇ ਤੋਂ ਹੁੰਦਾ ਹੋਵੇ, ਉਥੇ ਇਸ ਸੰਕਟ ਦਾ ਸਿੱਧਾ ਅਰਥ ਹੈ, ਬਿਜਲੀ ਗੁਲ ਹੋਣ ਦਾ ਖਤਰਾ। ਉਹ ਵੀ ਅਜਿਹੇ ਸਮੇਂ ਜਦੋਂ ਤਿਉਹਾਰੀ ਮੌਸਮ ਸ਼ੁਰੂ ਹੈ, ਜਦੋਂ ਬਿਜਲੀ ਦੀ ਮੰਗ ਵੱਧ ਜਾਂਦੀ ਹੈ। ਉੱਤਰ ਪ੍ਰਦੇਸ਼ ਦੇ 8 ਪਾਵਰ ਪਲਾਂਟਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ, ਹੋਰ ਕਾਰਨਾਂ ਕਰਕੇ 6 ਹੋਰ ਪਾਵਰ ਪਲਾਂਟਾਂ ਦੇ ਬੰਦ ਹੋਣ ਨਾਲ ਕੁੱਲ 14 ਪਾਵਰ ਪਲਾਂਟਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ।

ਪੰਜਾਬ ਦੇ ਲਗਭਗ ਸਾਰੇ ਥਰਮਲ ਪਲਾਂਟਾਂ ਵਿਚ ਕੋਲੇ ਦਾ ਸੰਕਟ ਲਗਾਤਾਰ ਗਹਿਰਾਉਂਦਾ ਜਾ ਰਿਹਾ ਹੈ। ਸਪਲਾਈ ਨਾ ਆਉਣ ਕਰਕੇ ਥਰਮਲ ਪਲਾਂਟਾਂ ਕੋਲ ਕੋਲੇ ਦਾ ਸਟਾਕ ਖਤਮ ਹੋਣ ਲੱਗਾ ਹੈ ਤੇ ਵੱਡਾ ਬਿਜਲੀ ਸੰਕਟ ਪੈਦਾ ਹੋਣ ਦਾ ਖਦਸ਼ਾ ਹੈ।

ਪਾਵਰਕੌਮ ਨੂੰ ਕਈ ਜਗ੍ਹਾ ਉਤਪਾਦਨ ਵਿਚ ਕਟੌਤੀ ਕਰਨੀ ਪਈ ਹੈ ਤੇ ਕਈ ਜਗ੍ਹਾ ਵਾਰੋ-ਵਾਰੀ ਲੋਡ ਘਟਾਉਣਾ ਪੈ ਰਿਹਾ ਹੈ। ਕਾਰਪੋਰੇਸ਼ਨ ਨੇ ਲੋਕਾਂ ਨੂੰ ਬਿਜਲੀ ਦੀ ਵਰਤੋਂ 'ਚ ਸੰਜਮ ਵਰਤਣ ਦੀ ਅਪੀਲ ਵੀ ਕੀਤੀ ਹੈ। ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਪਾਵਰਕੌਮ ਨੂੰ ਮਹਿੰਗੇ ਭਾਅ ਬਿਜਲੀ ਖਰੀਦਣ ਲਈ ਵੀ ਮਜਬੂਰ ਹੋਣਾ ਪੈ ਰਿਹਾ ਹੈ। ਇਹ ਪਾਵਰਕੌਮ ਨੂੰ ਦਸ ਰੁਪਏ ਪ੍ਰਤੀ ਯੂਨਿਟ ਮਿਲ ਰਹੀ ਹੈ ਜੋ ਕਿ ਕਾਫੀ ਮਹਿੰਗੀ ਹੈ। ਪੰਜਾਬ ਭਰ 'ਚ ਦੋ ਤੋਂ ਛੇ ਘੰਟਿਆਂ ਤੱਕ ਦੇ ਬਿਜਲੀ ਕੱਟ ਲਾਉਣੇ ਪਏ। ਖੇਤੀਬਾੜੀ ਮੋਟਰਾਂ ਲਈ ਵੀ ਬਿਜਲੀ 'ਚ ਕਟੌਤੀ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਇਸ ਦੇ ਵਿਰੋਧ 'ਚ ਕਿਸਾਨਾਂ ਨੇ ਪਾਵਰਕੌਮ ਦੇ ਮੁੱਖ ਦਫਤਰ ਦਾ ਪੰਜ ਘੰਟੇ ਘਿਰਾਓ ਵੀ ਕੀਤਾ ਸੀ। ਇਸ ਵੇਲੇ ਪੰਜਾਬ 'ਚ ਬਿਜਲੀ ਦੀ ਮੰਗ ਕਰੀਬ 9000 ਮੈਗਾਵਾਟ ਅਤੇ ਸਪਲਾਈ 7100 ਮੈਗਾਵਾਟ ਹੈ। ਦਿਨ ਦਾ ਉੱਚਾ ਤਾਪਮਾਨ ਵੀ ਬਿਜਲੀ ਦੀ ਮੰਗ ਵਧਾ ਰਿਹਾ ਹੈ ਤੇ ਖੇਤੀ ਖੇਤਰ ਲਈ ਵੀ ਬਿਜਲੀ ਦੀ ਲੋੜ ਹੈ। ਪਾਵਰਕੌਮ ਨੂੰ 3400 ਮੈਗਾਵਾਟ ਬਿਜਲੀ ਮੁੱਲ ਲੈਣੀ ਪੈ ਰਹੀ ਹੈ। ਉਧਰ, ਸੂਬੇ ਵਿਚਲੇ ਤਿੰਨ ਪ੍ਰਾਈਵੇਟ ਥਰਮਲਾਂ ਵਿਚੋਂ ਗੋਇੰਦਵਾਲ ਸਾਹਿਬ ਥਰਮਲ ਪਲਾਂਟ ਕੋਲ ਤਾਂ ਕੋਲੇ ਦਾ ਸਟਾਕ ਤਕਰੀਬਨ ਖਤਮ ਹੋ ਗਿਆ ਹੈ। ਤਲਵੰਡੀ ਸਾਬੋ ਥਰਮਲ ਪਲਾਂਟ ਕੋਲ ਦੋ ਦਿਨ ਤੇ ਨਾਭਾ ਥਰਮਲ ਪਲਾਂਟ ਰਾਜਪੁਰਾ ਕੋਲ ਢਾਈ ਦਿਨਾਂ ਦਾ ਕੋਲਾ ਬਚਿਆ ਹੈ। ਸਰਕਾਰੀ ਥਰਮਲ ਪਲਾਂਟਾਂ ਲਹਿਰਾ ਮੁਹੱਬਤ ਅਤੇ ਰੋਪੜ ਕੋਲ ਅੱਠ-ਅੱਠ ਦਿਨਾਂ ਦਾ ਕੋਲਾ ਹੈ।

ਦੋਵਾਂ ਦੇ ਚਾਰ-ਚਾਰ ਯੂਨਿਟ ਹਨ। ਪਰ ਰੋਪੜ ਦੇ ਦੋ ਅਤੇ ਲਹਿਰਾ ਮੁਹੱਬਤ ਦਾ ਇਕ ਯੂਨਿਟ ਕਿਸੇ ਕਾਰਨ ਬੰਦ ਪਏ ਹਨ। ਪੰਜਾਬ 'ਚ ਰੋਜ਼ਾਨਾ ਕੋਲੇ ਦੇ ਕਰੀਬ 15 ਰੈਕਾਂ ਦੀ ਖਪਤ ਹੁੰਦੀ ਹੈ। ਕੋਲੇ ਦੀ ਇਹ ਤੋਟ ਡੇਢ ਮਹੀਨੇ ਤੋਂ ਬਣੀ ਹੋਈ ਹੈ। ਉਂਜ ਉਸ ਵੇਲੇ ਥਰਮਲਾਂ ਕੋਲ 30 ਤੋਂ 45 ਦਿਨਾਂ ਤੱਕ ਦਾ ਕੋਲਾ ਸੀ। ਪਰ ਬਹੁਤੇ ਥਰਮਲਾਂ ਦੇ ਚੱਲਦੇ ਰਹਿਣ ਕਾਰਨ ਕੋਲੇ ਦੀ ਖਪਤ ਹੁੰਦੀ ਰਹੀ ਤੇ ਉੱਪਰੋਂ ਸਪਲਾਈ ਨਾ ਆਉਣ ਕਾਰਨ ਸਟਾਕ ਖਤਮ ਹੋਣ ਲੱਗਾ ਹੈ। ਪੰਜਾਬ ਦੇ ਖੇਤੀ, ਕਿਸਾਨ ਭਲਾਈ ਤੇ ਫੂਡ ਪ੍ਰੋਸੈਸਿੰਗ ਮੰਤਰੀ ਰਣਦੀਪ ਸਿੰਘ ਨਾਭਾ ਦਾ ਕਹਿਣਾ ਸੀ ਕਿ ਕੋਲੇ ਦੇ ਸੰਕਟ ਦੇ ਬਾਵਜੂਦ ਸੂਬਾ ਸਰਕਾਰ, ਪੰਜਾਬ 'ਚ ਬਲੈਕ ਆਊਟ ਵਰਗੀ ਸਥਿਤੀ ਨਹੀਂ ਪੈਦਾ ਹੋਣ ਦੇਵੇਗੀ। ਉਨ੍ਹਾਂ ਦਾ ਕਹਿਣਾ ਸੀ ਕਿ ਬਿਜਲੀ ਸੰਕਟ ਦੇ ਹੱਲ ਲਈ ਪੰਜਾਬ ਸਰਕਾਰ ਵੱਲੋਂ ਪੁਖਤਾ ਇੰਤਜ਼ਾਮ ਕੀਤੇ ਗਏ ਹਨ।

### ਦਿੱਲੀ 'ਚ ਵੀ ਹਾਲਾਤ ਵਿਗੜੇ, ਕੇਜਰੀਵਾਲ ਦੀ ਮੋਦੀ ਨੂੰ ਚਿੱਠੀ

**ਨਵੀਂ ਦਿੱਲੀ:** ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਰਾਜਧਾਨੀ 'ਚ ਕੋਲੇ ਦੇ ਸੰਕਟ ਨੂੰ ਖਤਮ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਖਲ ਦੇਣ ਦੀ ਮੰਗ ਕੀਤੀ ਹੈ। ਟਾਟਾ ਪਾਵਰ ਦਿੱਲੀ ਡਿਸਟਰੀਬਿਊਸ਼ਨ ਲਿਮਟਿਡ (ਟੀ.ਪੀ.ਡੀ.ਡੀ.ਐਲ.) ਦੇ ਸੀ.ਈ.ਓ. ਗਣੇਸ਼ ਸ੍ਰੀਨਿਵਾਸਨ ਨੇ ਕਿਹਾ ਕਿ ਦਿੱਲੀ ਨੂੰ ਬਿਜਲੀ ਸਪਲਾਈ ਕਰਨ ਵਾਲੇ ਕੋਲਾ ਆਧਾਰਿਤ ਪਾਵਰ ਸਟੇਸ਼ਨਾਂ ਵਿਚ ਇਕ-ਦੋ ਦਿਨਾਂ ਦਾ ਹੀ ਕੋਲਾ ਬਚਿਆ ਹੈ। ਉਨ੍ਹਾਂ ਕਿਹਾ ਕਿ ਨਤੀਜੇ ਵਜੋਂ ਦਿੱਲੀ 'ਚ ਲੋਡ ਸ਼ੈਡਿੰਗ ਦੀ ਸਮੱਸਿਆ ਆ ਸਕਦੀ ਹੈ। ਉਧਰ ਮੁੱਖ ਮੰਤਰੀ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ 'ਚ ਕਿਹਾ ਹੈ ਕਿ ਅਗਸਤ ਤੋਂ ਦਿੱਲੀ ਵਿਚ ਬਿਜਲੀ ਦੀ ਸਮੱਸਿਆ ਜਾਰੀ ਹੈ। ਉਨ੍ਹਾਂ ਕੋਲੇ ਦੀ ਸਮੱਸਿਆ ਫੌਰੀ ਹੱਲ ਕਰਨ ਦੀ ਮੰਗ ਕੀਤੀ ਹੈ।

### ਕੋਲੇ ਦੀ ਲੋੜੀਂਦੀ ਸਪਲਾਈ ਯਕੀਨੀ ਬਣਾਏ ਕੇਂਦਰ: ਚੰਨੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੋਲ ਇੰਡੀਆ ਲਿਮਟਿਡ ਦੀਆਂ ਵੱਖ-ਵੱਖ ਸਹਾਇਕ ਕੰਪਨੀਆਂ ਵੱਲੋਂ ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ ਦੇ ਸਮਝੌਤਿਆਂ ਮੁਤਾਬਕ ਕੋਲੇ ਦੀ ਲੋੜੀਂਦੀ ਸਪਲਾਈ ਨਾ ਕਰਨ ਲਈ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਨਿਰਧਾਰਤ ਕੋਟੇ ਦੇ ਮੁਤਾਬਕ ਸੂਬੇ ਲਈ ਕੋਲੇ ਦੀ ਸਪਲਾਈ ਤੁਰਤ ਵਧਾਉਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਨੇ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦੇ ਹੋਏ ਕਿਹਾ ਕਿ ਜਿਥੇ ਵੀ ਝੋਨੇ ਦੀ ਫਸਲ ਪੱਕਣ ਤੱਕ ਸਿੰਜਾਈ ਲਈ ਬਿਜਲੀ ਦੀ ਲੋੜ ਹੈ, ਉਥੇ ਸਪਲਾਈ ਨੂੰ ਯਕੀਨੀ ਬਣਾਇਆ ਜਾਵੇਗਾ।



A & I Transport Inc.
123 E Lee Rd, Watsonville, CA Ph: 831-763-7805


ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ

ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ
ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

• Class A Driver. • Clean driving record • Ability to pass DOT drug test.

*We offer the following benefits of employment*

• 55 Cents Per Mile or loaded-Solo • 70 Cents Per Mile-Teams.
• Newer equipment for Driver comfort (2019-2021).
• *$3,000 Signing Bonus For Drivers for 11 western states.
• *$1,000 Signing Bonus For Regional Drivers.
• We pay $75 to $150 for 34 hours reset. • Weekly pay.
• Yearly mileage bonus. • We offer 3,500-3,800+ miles
• Medical, Vision, and Dental Benefits. • Stop Pay & Bonus Layover Pay.
• Referral-Bonus for referring other Class A Drivers. • 401k Plan.

**Signing bonus subject to terms and conditions.*

For More Information Call (24 hours) Armando or Vicente, Ph: (831) 763-7805

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਰਵਾਸੀ ਪੰਜਾਬੀਆਂ ਦੀ ਜਾਇਦਾਦ ਦੀ ਰਾਖੀ ਲਈ ਬਣੇਗਾ ਕਾਨੂੰਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ 'ਮੇਰਾ ਘਰ, ਮੇਰੇ ਨਾਮ' ਯੋਜਨਾ ਤਹਿਤ ਸ਼ਹਿਰਾਂ ਅਤੇ ਪਿੰਡਾਂ ਦੇ 'ਲਾਲ ਲਕੀਰ' ਅੰਦਰ ਪੈਂਦੇ ਘਰਾਂ ਵਿਚ ਰਹਿ ਰਹੇ ਲੋਕਾਂ ਨੂੰ ਮਾਲਕੀ ਹੱਕ ਦੇਣ ਦਾ ਐਲਾਨ ਕੀਤਾ ਹੈ। ਪੰਜਾਬ ਵਜ਼ਾਰਤ ਦੀ ਮੀਟਿੰਗ ਦੌਰਾਨ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਇਸ ਸਮੁੱਚੀ ਪ੍ਰਕਿਰਿਆ ਨੂੰ ਦੋ ਮਹੀਨਿਆਂ ਵਿਚ ਮੁਕੰਮਲ ਕਰ ਲਿਆ ਜਾਵੇਗਾ।

ਪਰਵਾਸੀ ਭਾਰਤੀਆਂ ਦੀਆਂ ਸੰਪਤੀਆਂ ਦੀ ਰਾਖੀ ਲਈ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਸ ਸਬੰਧੀ ਜਲਦੀ ਹੀ ਪੰਜਾਬ ਵਿਧਾਨ ਸਭਾ ਵਿਚ ਕਾਨੂੰਨ ਲਿਆਏਗੀ। ਸ੍ਰੀ ਚੰਨੀ ਨੇ ਇਹ ਵੀ ਐਲਾਨ ਕੀਤਾ ਕਿ ਐਨ.ਆਰ.ਆਈਜ਼. ਦੀ ਮਲਕੀਅਤ ਵਾਲੀ ਖੇਤੀ ਜ਼ਮੀਨ ਦੀ ਗਿਰਦਾਵਰੀ ਉਨ੍ਹਾਂ ਦੇ ਨਾਂ 'ਤੇ ਕੀਤੀ ਜਾਵੇਗੀ ਤਾਂ ਜੋ ਕੁਝ ਅਨੈਤਿਕ ਤੱਤਾਂ ਦੁਆਰਾ ਜਾਇਦਾਦਾਂ ਦੀ ਗੈਰਕਨੂੰਨੀ/ਧੋਖਾਧੜੀ ਨਾਲ ਵਿਕਰੀ ਨੂੰ ਰੋਕਿਆ ਜਾ ਸਕੇ। ਦੋ ਕਿਲੋਵਾਟ ਲੋਡ ਤੱਕ ਦੇ ਬਿਜਲੀ ਬਿੱਲਾਂ ਦੇ ਬਕਾਏ ਮੁਆਫ ਕਰਨ ਦੇ ਮੁੱਦੇ 'ਤੇ ਮੁੱਖ ਮੰਤਰੀ ਨੇ ਸਪਸ਼ਟ ਤੌਰ 'ਤੇ ਕਿਹਾ ਕਿ ਜਾਤ, ਨਸਲ ਅਤੇ ਧਰਮ ਦੇ ਵਖਰੇਵੇਂ ਤੋਂ ਬਿਨਾਂ ਹਰੇਕ ਨੂੰ ਇਸ ਮੁਆਫੀ ਦਾ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ 72 ਲੱਖ ਵਿਚੋਂ ਰਾਜ ਭਰ ਦੇ ਲਗਭਗ 52 ਲੱਖ ਖਪਤਕਾਰਾਂ ਨੂੰ ਇਸ ਦਾ ਲਾਭ ਮਿਲੇਗਾ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਖਪਤਕਾਰ ਨੂੰ ਆਏ ਪਿਛਲੇ ਬਿੱਲ ਵਿਚ ਦਰਸਾਏ ਬਕਾਏ ਹੀ ਮੁਆਫ ਕੀਤੇ ਜਾਣਗੇ।

# ਸਵਿਟਜ਼ਰਲੈਂਡ ਨੇ ਭਾਰਤ ਨੂੰ ਸਵਿਸ ਬੈਂਕ ਖਾਤਿਆਂ ਦੀ ਤੀਜੀ ਸੂਚੀ ਸੌਂਪੀ

**ਨਵੀਂ ਦਿੱਲੀ:** ਸਵਿਟਜ਼ਰਲੈਂਡ ਨੇ ਭਾਰਤ ਨੂੰ ਸਵਿਸ ਬੈਂਕ ਖਾਤਿਆਂ ਦੇ ਬਿਓਰੇ ਦੀ ਤੀਜੀ ਸੂਚੀ ਸੌਂਪੀ ਹੈ। ਯੂਰਪੀਅਨ ਮੁਲਕ ਨੇ 96 ਮੁਲਕਾਂ ਨਾਲ ਤਕਰੀਬਨ 33 ਲੱਖ ਵਿੱਤੀ ਖਾਤਿਆਂ ਦਾ ਬਿਓਰਾ ਸਾਂਝਾ ਕੀਤਾ ਹੈ।

ਸਵਿਟਜ਼ਰਲੈਂਡ ਦੇ ਸੰਘੀ ਟੈਕਸ ਪ੍ਰਸ਼ਾਸਨ (ਐਫ.ਟੀ.ਏ.) ਨੇ ਕਿਹਾ ਹੈ ਕਿ ਇਸ ਸਾਲ ਸੂਚਨਾਵਾਂ ਦੇ ਆਦਾਨ-ਪ੍ਰਦਾਨ 'ਚ 10 ਹੋਰ ਮੁਲਕ, ਐਂਟੀਗੁਆ ਅਤੇ ਬਰਬੂਡਾ, ਅਜਰਬਾਇਜਾਨ, ਡੋਮੀਨਿਕਾ, ਘਾਨਾ, ਲਿਬਨਾਨ, ਮਕਾਊ, ਪਾਕਿਸਤਾਨ, ਕਤਰ, ਸਾਮੋਆ ਅਤੇ ਵੁਆਤੂ ਸ਼ਾਮਲ ਹਨ। ਇਨ੍ਹਾਂ 'ਚੋਂ 70 ਮੁਲਕਾਂ ਨਾਲ ਆਪਸੀ ਆਦਾਨ-ਪ੍ਰਦਾਨ ਕੀਤਾ ਗਿਆ ਹੈ ਪਰ ਸਵਿਟਜ਼ਰਲੈਂਡ ਨੇ 26 ਮੁਲਕਾਂ ਦੇ ਮਾਮਲਿਆਂ 'ਚ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਇਸ ਦਾ ਕਾਰਨ ਇਹ ਸੀ ਕਿ ਜਾਂ ਤਾਂ ਉਹ ਮੁਲਕ (14 ਦੇਸ਼) ਅਜੇ ਤੱਕ ਖੁਫੀਆ ਅਤੇ ਡੇਟਾ ਸੁਰੱਖਿਆ 'ਤੇ ਕੌਮਾਂਤਰੀ ਲੋੜਾਂ ਨੂੰ ਪੂਰਾ ਨਹੀਂ ਕਰਦੇ ਹਨ ਜਾਂ ਉਨ੍ਹਾਂ (12 ਮੁਲਕਾਂ) ਡੇਟਾ ਹਾਸਲ ਕਰਨਾ ਜਰੂਰੀ ਨਹੀਂ ਸਮਝਿਆ ਹੈ। ਉਂਜ ਐੱਫ.ਟੀ.ਏ. ਨੇ ਸਾਰੇ 96 ਮੁਲਕਾਂ ਦੇ ਨਾਮ ਅਤੇ ਜ਼ਿਆਦਾਤਰ ਬਿਓਰੇ ਦਾ ਖੁਲਾਸਾ ਨਹੀਂ ਕੀਤਾ ਹੈ। ਅਧਿਕਾਰੀਆਂ ਨੇ ਕਿਹਾ ਕਿ ਭਾਰਤ ਉਨ੍ਹਾਂ ਮੁਲਕਾਂ 'ਚ ਸ਼ਾਮਲ ਹੈ ਜਿਸ ਨੂੰ ਲਗਾਤਾਰ ਤੀਜੇ ਵਰ੍ਹੇ ਸੂਚਨਾ ਮਿਲੀ ਹੈ ਅਤੇ ਭਾਰਤੀ ਅਧਿਕਾਰੀਆਂ ਨਾਲ ਸਾਂਝਾ ਕੀਤੇ ਗਏ ਬਿਓਰੇ ਵੱਡੀ ਗਿਣਤੀ 'ਚ ਸਵਿਸ ਵਿੱਤੀ ਸੰਸਥਾਨਾਂ 'ਚ ਵਿਅਕਤੀਆਂ ਅਤੇ ਕੰਪਨੀਆਂ ਦੇ ਖਾਤਿਆਂ ਨਾਲ ਸਬੰਧਤ ਹਨ। ਇਹ ਆਦਾਨ-ਪ੍ਰਦਾਨ ਪਿਛਲੇ ਮਹੀਨੇ ਹੋਇਆ ਸੀ ਅਤੇ ਸਵਿਟਜ਼ਰਲੈਂਡ ਸਤੰਬਰ 2022 'ਚ ਅਗਲੀ ਸੂਚੀ ਸਾਂਝੀ ਕਰੇਗਾ। ਭਾਰਤ ਨੂੰ ਸਤੰਬਰ 2019 'ਚ ਸੂਚਨਾ ਦੇ ਆਦਾਨ-ਪ੍ਰਦਾਨ ਤਹਿਤ ਸਵਿਟਜ਼ਰਲੈਂਡ ਤੋਂ ਬਿਓਰੇ ਦੀ ਪਹਿਲੀ ਸੂਚੀ ਮਿਲੀ ਸੀ।

## ਪੁਣਛ ਮੁਕਾਬਲੇ 'ਚ ਪੰਜ ਫੌਜੀ ਮਾਰੇ ਗਏ

**ਜੰਮੂ:** ਜੰਮੂ ਕਸ਼ਮੀਰ ਦੇ ਪੁਣਛ ਜਿਲ੍ਹੇ 'ਚ ਘੁਸਪੈਠ ਖਿਲਾਫ ਚਲਾਈ ਗਈ ਕਾਰਵਾਈ ਦੌਰਾਨ ਅਤਿਵਾਦੀਆਂ ਨਾਲ ਹੋਏ ਗਹਿਗੱਚ ਮੁਕਾਬਲੇ 'ਚ ਇਕ ਜੂਨੀਅਰ ਕਮਿਸ਼ਨਡ ਅਫਸਰ (ਜੇ.ਸੀ.ਓ.) ਸਮੇਤ ਪੰਜ ਜਵਾਨ ਸ਼ਹੀਦ ਹੋ ਗਏ। ਇਨ੍ਹਾਂ ਵਿਚੋਂ ਤਿੰਨ ਪੰਜਾਬ ਦੇ ਜਵਾਨ ਹਨ। ਰੱਖਿਆ ਤਰਜਮਾਨ ਨੇ ਦੱਸਿਆ ਕਿ ਅਤਿਵਾਦੀਆਂ ਦੀ ਮੌਜੂਦਗੀ ਬਾਰੇ ਖੁਫੀਆ ਸੂਹ ਮਿਲਣ ਮਗਰੋਂ ਸੂਰਨਕੋਟ ਦੇ ਡੇਰਾ ਕੀ ਗਲੀ 'ਚ ਇਕ ਪਿੰਡ ਨੇੜੇ ਤੜਕੇ ਕਾਰਵਾਈ ਸ਼ੁਰੂ ਕੀਤੀ ਗਈ ਸੀ। ਇਸ ਦੌਰਾਨ ਉਥੇ ਲੁਕੇ ਹੋਏ ਅਤਿਵਾਦੀਆਂ ਨੇ ਫੌਜੀਆਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ।

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸ਼ਹੀਦ ਨਾਇਬ ਸੂਬੇਦਾਰ ਜਸਵਿੰਦਰ ਸਿੰਘ ਸੈਨਾ ਮੈਡਲ, ਨਾਇਕ ਮਨਦੀਪ ਸਿੰਘ ਅਤੇ ਸਿਪਾਹੀ ਗੱਜਣ ਸਿੰਘ ਦੇ ਪਰਿਵਾਰਾਂ ਦੇ ਇਕ-ਇਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ 50-50 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਗਰਾਂਟ ਦੇਣ ਦਾ ਐਲਾਨ ਕੀਤਾ ਹੈ।

# ਅਮਰੀਕਾ ਆਧਾਰਿਤ ਤਿੰਨ ਮਾਹਿਰਾਂ ਨੂੰ ਅਰਥਸ਼ਾਸਤਰ ਦਾ ਨੋਬੇਲ ਪੁਰਸਕਾਰ

**ਸਟਾਕਹੋਮ:** ਅਮਰੀਕਾ ਆਧਾਰਿਤ ਤਿੰਨ ਅਰਥਸ਼ਾਸਤਰੀਆਂ ਨੂੰ ਘੱਟੋ ਘੱਟ ਉਜਰਤ, ਪਰਵਾਸ ਅਤੇ ਸਿੱਖਿਆ ਦੇ ਕਿਰਤ ਮੰਡੀ 'ਤੇ ਅਸਰ ਅਤੇ ਅਜਿਹੇ ਹੋਰ ਅਧਿਐਨਾਂ ਤੋਂ ਨਿਕਲਣ ਵਾਲੇ ਸਿੱਟਿਆਂ ਦਾ ਵਿਗਿਆਨਕ ਆਧਾਰ ਤਿਆਰ ਕਰਨ ਲਈ ਅਰਥਸ਼ਾਸਤਰ ਦੇ 2021 ਦਾ ਨੋਬੇਲ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਨੋਬੇਲ ਪੁਰਸਕਾਰ ਬਰਕਲੇ ਸਥਿਤ ਕੈਲੀਫੋਰਨੀਆ ਯੂਨੀਵਰਸਿਟੀ ਦੇ ਡੇਵਿਡ ਕਾਰਡ, ਮੈਸੇਚੂਐਸਟਸ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਜੋਸ਼ੁਆ ਐਂਗਰਿਸਟ ਅਤੇ ਸਟੈਨਫੋਰਡ ਯੂਨੀਵਰਸਿਟੀ ਦੇ ਹਾਲੈਂਡ 'ਚ ਜਨਮੇ ਗੁਇਡੋ ਇੰਬੇਨਸ ਨੂੰ ਦਿੱਤਾ ਜਾਵੇਗਾ। ਰੌਇਲ ਸਵੀਡਿਸ਼ ਅਕੈਡਮੀ ਆਫ ਸਾਇੰਸਿਜ ਨੇ ਕਿਹਾ ਕਿ ਤਿੰਨਾਂ ਨੇ ਆਰਥਿਕ ਵਿਗਿਆਨ 'ਚ ਅਨੁਭਵ ਦੇ ਕੰਮ ਨੂੰ ਪੂਰੀ ਤਰ੍ਹਾਂ ਨਾਲ ਬਦਲ ਕੇ ਰੱਖ ਦਿੱਤਾ ਹੈ। ਕੈਨੇਡਾ 'ਚ ਜਨਮੇ ਡੇਵਿਡ ਕਾਰਡ ਨੂੰ ਪੁਰਸਕਾਰ ਦੀ ਅੱਧੀ ਰਕਮ ਮਿਲੇਗੀ ਜਦਕਿ ਐਂਗਰਿਸਟ ਅਤੇ ਗੁਇਡੋ ਬਾਕੀ ਦੀ ਰਕਮ ਦੇ ਅੱਧੋ-ਅੱਧ ਹਿੱਸੇਦਾਰ ਹੋਣਗੇ।

## ਪੰਜਾਬ ਸਣੇ 17 ਸੂਬਿਆਂ ਨੂੰ 9,871 ਕਰੋੜ ਰੁਪਏ ਦੀ ਗਰਾਂਟ

**ਨਵੀਂ ਦਿੱਲੀ:** ਵਿੱਤ ਮੰਤਰਾਲੇ ਨੇ ਕਿਹਾ ਹੈ ਕਿ ਉਸ ਨੇ 17 ਸੂਬਿਆਂ ਨੂੰ ਮਾਲੀਆ ਘਾਟਾ ਗ੍ਰਾਂਟ ਵਜੋਂ 9,871 ਕਰੋੜ ਰੁਪਏ ਜਾਰੀ ਕੀਤੇ ਹਨ। 15ਵੇਂ ਵਿੱਤ ਕਮਿਸ਼ਨ ਦੀ ਸਿਫਾਰਸ਼ ਦੇ ਆਧਾਰ 'ਤੇ ਇਹ ਗ੍ਰਾਂਟ ਪੰਜਾਬ, ਹਰਿਆਣਾ, ਆਂਧਰਾ ਪ੍ਰਦੇਸ਼, ਅਸਾਮ, ਹਿਮਾਚਲ ਪ੍ਰਦੇਸ਼, ਕਰਨਾਟਕ, ਕੇਰਲਾ, ਮਨੀਪੁਰ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ, ਰਾਜਸਥਾਨ, ਸਿੱਕਿਮ, ਤਾਮਿਲ ਨਾਡੂ, ਤ੍ਰਿਪੁਰਾ, ਉੱਤਰਾਖੰਡ ਅਤੇ ਪੱਛਮੀ ਬੰਗਾਲ ਨੂੰ ਮਿਲੇਗੀ।

ਇਕ ਸਰਕਾਰੀ ਬਿਆਨ 'ਚ ਕਿਹਾ ਗਿਆ, "ਵਿੱਤ ਮੰਤਰਾਲੇ ਦੇ ਖਰਚਾ ਵਿਭਾਗ ਨੇ ਇਥੇ ਸੂਬਿਆਂ ਨੂੰ ਕੇਂਦਰੀ ਟੈਕਸਾਂ 'ਚ ਹਿੱਸੇਦਾਰੀ ਤੋਂ ਬਾਅਦ ਮਾਲੀਆ ਘਾਟਾ ਗ੍ਰਾਂਟ ਤਹਿਤ 9,871 ਕਰੋੜ ਰੁਪਏ ਜਾਰੀ ਕੀਤੇ ਹਨ। ਇਹ ਮਾਲੀਆ ਘਾਟਾ ਗ੍ਰਾਂਟ ਦੀ 7ਵੀਂ ਮਾਸਿਕ ਕਿਸ਼ਤ ਹੈ। ਇਸ ਕਿਸ਼ਤ ਨਾਲ ਮੌਜੂਦਾ ਵਿੱਤੀ ਵਰ੍ਹੇ 'ਚ ਯੋਗ ਸੂਬਿਆਂ ਨੂੰ ਪੀਡੀਆਰਡੀ ਵਜੋਂ ਕੁੱਲ 69,097 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ।"

# ਕਿਸਾਨ ਅੰਦੋਲਨ ਦੂਣ-ਸਵਾਇਆ ਹੋਇਆ

*(ਸਫਾ ਇਕ ਦੀ ਬਾਕੀ)*

ਉਸ ਤੋਂ ਦੂਰ ਹੋ ਸਕਦਾ ਹੈ। ਦੂਜੇ ਪਾਸੇ, ਯੋਗੀ ਨੇ ਜਿਸ ਤਰ੍ਹਾਂ ਨਾਲ ਸਰਕਾਰ ਚਲਾਈ, ਉਸ ਤੋਂ ਬ੍ਰਾਹਮਣ ਵੋਟਰ ਵੀ ਨਾਰਾਜ਼ ਹਨ। ਮੌਜੂਦਾ ਹਾਲਾਤ ਇਹ ਹੈ ਕਿ ਮੋਦੀ ਸਰਕਾਰ ਵੱਲੋਂ ਅਜੈ ਮਿਸ਼ਰਾ ਨੂੰ ਕੇਂਦਰੀ ਵਜ਼ਾਰਤ ਤੋਂ ਲਾਂਭੇ ਕਰਨਾ ਟੇਢੀ ਖੀਰ ਜਾਪ ਰਿਹਾ ਹੈ ਪਰ ਵਿਰੋਧੀ ਧਿਰਾਂ ਤੇ ਕਿਸਾਨ ਜਥੇਬੰਦੀਆਂ ਵੀ ਭਾਜਪਾ ਦੀ ਇਸ ਸਾਹ ਰਗ ਉਤੇ ਹੱਥ ਧਰੀ ਬੈਠੀਆਂ ਹਨ।

ਕਿਸਾਨ ਮੋਰਚੇ ਨੇ 12 ਅਕਤੂਬਰ ਨੂੰ ਦੇਸ਼ ਭਰ ਅੰਦਰ ਲਖੀਮਪੁਰ ਖੀਰੀ ਦੇ ਸ਼ਹੀਦਾਂ ਦੇ ਸਮਰਥਨ ਵਿਚ ਮੋਮਬੱਤੀ ਮਾਰਚ ਕੀਤੇ ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਦੂਜੇ ਸੂਬਿਆਂ ਦੇ ਲੋਕਾਂ ਦਾ ਦਾਖਲਾ ਬੰਦ ਕਰਨ ਦੇ ਬਾਵਜੂਦ ਕਿਸਾਨ, ਲਖੀਮਪੁਰ ਖੀਰੀ ਵਿਚ ਅੰਤਿਮ ਅਰਦਾਸ ਵਿਚ ਵੱਡਾ ਇਕੱਠ ਕਰਨ ਵਿਚ ਸਫਲ ਰਹੇ।

ਇਸ ਤੋਂ ਇਲਾਵਾ 15 ਅਕਤੂਬਰ ਨੂੰ ਦਸਹਿਰੇ ਵਾਲੇ ਦਿਨ ਦੇਸ਼ ਭਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪੁਤਲੇ ਫੂਕੇ ਜਾਣਗੇ। 18 ਅਕਤੂਬਰ ਨੂੰ ਰੇਲ ਰੋਕੋ ਅੰਦੋਲਨ ਕੀਤਾ ਜਾਵੇ। ਇਸ ਤੋਂ ਬਾਅਦ 26 ਅਕਤੂਬਰ ਨੂੰ ਲਖਨਊ ਦੀ ਮਹਾਂ ਪੰਚਾਇਤ ਭਾਜਪਾ ਦਾ ਫਿਕਰ ਵਧਾਉਣ ਵਾਲਾ ਐਲਾਨ ਹੈ। ਕਿਸਾਨਾਂ ਦੀ ਮੁੱਖ ਮੰਗ ਹੀ ਇਹੀ ਹੈ ਕਿ ਮੰਤਰੀ ਅਜੈ ਮਿਸ਼ਰਾ ਨੂੰ ਮੰਤਰੀ ਮੰਡਲ ਵਿਚੋਂ ਬਰਖ਼ਾਸਤ ਕੀਤਾ ਜਾਵੇ।

ਸੰਯੁਕਤ ਕਿਸਾਨ ਮੋਰਚੇ ਨੇ ਕੇਂਦਰੀ ਮੰਤਰੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਦੀ ਗ੍ਰਿਫਤਾਰੀ ਲਈ ਲਾਈਆਂ ਧਾਰਾਵਾਂ ਉਪਰ ਸਵਾਲ ਉਠਾਉਂਦਿਆਂ ਕਿਹਾ ਕਿ ਅਜੈ ਮਿਸ਼ਰਾ ਦੇ ਕੇਂਦਰੀ ਵਜ਼ਾਰਤ ਵਿਚ ਰਹਿੰਦਿਆਂ ਇਸ ਕੇਸ 'ਚ ਨਿਰਪੱਖ ਜਾਂਚ ਮੁਸ਼ਕਿਲ ਹੈ। ਕਿਸਾਨ ਆਗੂਆਂ ਨੇ ਘਟਨਾ ਵਾਲੀ ਥਾਂ ਤੋਂ ਸਬੂਤਾਂ ਨਾਲ ਛੇੜਛਾੜ ਕੀਤੇ ਜਾਣ ਦੇ ਖ਼ਦਸ਼ੇ ਵੀ ਪ੍ਰਗਟਾਏ ਹਨ। ਮੋਰਚੇ ਨੇ ਕੇਂਦਰ ਸਰਕਾਰ ਨੂੰ ਅਜੈ ਮਿਸ਼ਰਾ ਨੂੰ ਕੇਂਦਰੀ ਵਜ਼ਾਰਤ ਵਿਚੋਂ ਬਰਖ਼ਾਸਤ ਕਰਨ ਲਈ 11 ਅਕਤੂਬਰ ਤੱਕ ਦਾ ਸਮਾਂ ਦਿੱਤਾ ਸੀ ਤੇ ਇਸ ਮਗਰੋਂ ਕੌਮੀ ਪੱਧਰ ਦਾ ਸੰਘਰਸ਼ ਵਿੱਢਣ ਦੀ ਚਿਤਾਵਨੀ ਦਿੱਤੀ ਸੀ। ਪਰ ਭਾਜਪਾ ਨੇ ਗੱਲ ਨਹੀਂ ਗੌਲੀ। ਹੁਣ ਕਿਸਾਨ ਜਥੇਬੰਦੀਆਂ ਪੰਜ ਵਿਧਾਨ ਸਭਾ ਚੋਣਾਂ ਵਾਲੇ ਸੂਬਿਆਂ ਵਿਚ ਭਾਜਪਾ ਨੂੰ ਸਬਕ ਸਿਖਾਉਣ ਦੇ ਰੌਂਅ ਵਿਚ ਹਨ ਤੇ ਉਤਰ ਪ੍ਰਦੇਸ਼ ਬਾਰੇ ਜਥੇਬੰਦੀਆਂ ਦੀ ਰਣਨੀਤੀ ਨੂੰ ਨਵਾਂ ਬਲ ਮਿਲਿਆ ਹੈ। ਕੇਂਦਰ ਵਿਚ ਸੱਤਾ ਦਾ ਰਸਤਾ ਉਤਰ ਪ੍ਰਦੇਸ਼ ਵਿਚੋਂ ਹੀ ਹੋ ਕੇ ਜਾਂਦਾ ਹੈ ਤੇ ਭਾਜਪਾ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੀ ਹੈ। ਇਸ ਲਈ ਆਉਂਦੇ ਦਿਨ ਕਿਸਾਨ ਸੰਘਰਸ਼ ਤੇ ਕੇਂਦਰ ਸਰਕਾਰ ਦੀ ਅੜੀ ਵਿਚਾਲੇ ਫੈਸਲਾਕੁਨ ਸਾਬਤ ਹੋਣਗੇ।

# ਰਣਜੀਤ ਕਤਲ ਕਾਂਡ: ਰਾਮ ਰਹੀਮ ਵੱਲੋਂ ਅਦਾਲਤ ਅੱਗੇ ਸਮਾਜਸੇਵੀ ਕੰਮਾਂ ਦੀ ਦੁਹਾਈ

**ਪੰਚਕੂਲਾ:** ਡੇਰਾ ਸੱਚਾ ਸੌਦਾ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਦੇ ਕਤਲ ਦੇ ਦੋਸ਼ੀ ਡੇਰਾ ਮੁਖੀ ਨੂੰ ਸਜਾ ਦਾ ਫੈਸਲਾ ਰਾਖਵਾਂ ਰੱਖ ਲਿਆ ਗਿਆ ਹੈ ਤੇ ਹੁਣ ਪੰਚਕੂਲਾ ਸਥਿਤ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਫੈਸਲਾ 18 ਅਕਤੂਬਰ ਨੂੰ ਸੁਣਾਏਗੀ। ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਣੇ ਉਸ ਦੇ ਚਾਰ ਸਾਥੀਆਂ ਅਵਤਾਰ, ਜਸਬੀਰ, ਸਬਦਿਲ ਅਤੇ ਕ੍ਰਿਸ਼ਨ ਕੁਮਾਰ ਨੂੰ ਸਜਾ ਸੁਣਾਈ ਜਾਣੀ ਸੀ।

ਡੇਰਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਕ੍ਰਿਸ਼ਨ ਕੁਮਾਰ ਨੂੰ ਆਈ.ਪੀ.ਸੀ. ਦੀ ਧਾਰਾ 302 ਅਤੇ 120-ਬੀ ਦੇ ਤਹਿਤ ਦੋਸ਼ੀ ਕਰਾਰ ਦਿੱਤਾ ਸੀ। ਇਸੇ ਤਰ੍ਹਾਂ ਹੀ ਅਵਤਾਰ, ਜਸਬੀਰ ਅਤੇ ਸਬਦਿਲ ਨੂੰ ਆਈ.ਪੀ.ਸੀ. ਦੀ ਧਾਰਾ 302 ਦੇ ਤਹਿਤ ਅਤੇ 120-ਬੀ ਅਤੇ ਆਰਮ ਐਕਟ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ। ਇਸ ਤੋਂ ਪਹਿਲਾ ਡੇਰਾ ਸੱਚਾ ਸੌਦਾ ਮੁੱਖੀ ਗੁਰਮੀਤ ਰਾਮ ਰਹੀਮ ਵੀਡੀਓ ਕਾਨਫਰੰਸਿੰਗ ਰਾਹੀਂ ਸੁਨਾਰੀਆ ਜੇਲ੍ਹ ਤੋਂ ਕੋਰਟ ਰੂਮ ਨਾਲ ਜੁੜਿਆ ਹੋਇਆ ਸੀ, ਉਸ ਦੇ ਸਿਰ 'ਤੇ ਚਿੱਟੀ ਟੋਪੀ ਪਾਈ ਹੋਈ ਹੈ। ਉਹ ਪਹਿਲਾਂ ਨਾਲੋਂ ਕਮਜ਼ੋਰ ਲੱਗ ਰਿਹਾ ਸੀ ਤੇ ਉਸ ਦੇ ਚਿਹਰੇ 'ਤੇ ਝੁਰੜੀਆਂ ਸਾਫ ਨਜ਼ਰ ਆ ਰਹੀਆਂ ਸਨ। ਬਚਾਅ ਪੱਖ ਨੇ ਅਦਾਲਤ ਵਿਚ ਡੇਰਾ ਮੁਖੀ ਵੱਲੋਂ ਅੱਠ ਪੇਜਾਂ ਦੀ ਰਹਿਮ ਅਪੀਲ ਦਾਇਰ ਕੀਤੀ ਸੀ, ਜਿਸ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਡੇਰਾ ਮੁੱਖੀ ਵੱਲੋਂ ਵੱਡੀ ਗਿਣਤੀ ਵਿਚ ਸਮਾਜ ਸੇਵਾ ਦੇ ਕੰਮ ਕੀਤੇ ਗਏ ਹਨ ਅਤੇ ਉਸ ਨੂੰ ਸਜਾ ਦੇਣ ਤੋਂ ਪਹਿਲਾਂ ਕੰਮਾਂ ਨੂੰ ਧਿਆਨ ਵਿਚ ਰੱਖਿਆ ਜਾਵੇ।

## ਪੰਜਾਬ ਦੇ ਜੀ.ਐਸ.ਟੀ. ਮਾਲੀਏ ਵਿਚ 24.76 ਫੀਸਦ ਦਾ ਵਾਧਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਵਸਤਾਂ ਅਤੇ ਸੇਵਾਵਾਂ ਕਰ (ਜੀ.ਐਸ.ਟੀ.) ਤੋਂ ਬੀਤੇ ਸਤੰਬਰ ਮਹੀਨੇ ਵਿਚ ਪੰਜਾਬ ਨੇ 1316.51 ਕਰੋੜ ਰੁਪਏ ਮਾਲੀਆ ਇਕੱਤਰ ਕੀਤਾ ਹੈ, ਜਦਕਿ ਪਿਛਲੇ ਸਾਲ ਸਤੰਬਰ, 2020 ਦੌਰਾਨ 1055.24 ਕਰੋੜ ਰੁਪਏ ਦਾ ਮਾਲੀਆ ਇਕੱਤਰ ਕੀਤਾ ਗਿਆ ਸੀ। ਇਸ ਤਰ੍ਹਾਂ ਇਹ ਵਾਧਾ 24.76 ਫੀਸਦ ਬਣਦਾ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸੂਬੇ ਦੇ ਜੀ.ਐਸ.ਟੀ. ਤੋਂ ਪ੍ਰਾਪਤ ਹੋਣ ਵਾਲੇ ਮਾਲੀਏ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਲੋਹਾ ਤੇ ਇਸਪਾਤ, ਆਟੋਮੋਬਾਈਲ, ਬੀਮਾ, ਟੈਲੀਕਾਮ, ਟਰਾਂਸਪੋਰਟ, ਬੈਂਕਿੰਗ ਤੇ ਨਾਨ-ਵੈਟ ਪੈਟਰੋਲੀਅਮ ਉਤਪਾਦ ਆਦਿ ਖੇਤਰਾਂ ਦੇ ਮਾਲੀਏ ਵਿਚ ਵਾਧਾ ਹੋਇਆ ਹੈ।

## ਦਿੱਲੀ ਹਵਾਈ ਅੱਡੇ ਤੱਕ ਸਰਕਾਰੀ ਬੱਸ ਸੇਵਾ ਲਈ ਵੜਿੰਗ ਵੱਲੋਂ ਕੇਜਰੀਵਾਲ ਨੂੰ ਪੱਤਰ

**ਚੰਡੀਗੜ੍ਹ:** ਪੰਜਾਬ ਦੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੱਤਰ ਲਿਖ ਕੇ ਦਿੱਲੀ ਕੌਮਾਂਤਰੀ ਹਵਾਈ ਅੱਡੇ ਤੱਕ ਪੰਜਾਬ ਰਾਜ ਬੱਸ ਸੇਵਾ ਮੁੜ ਸ਼ੁਰੂ ਕਰਨ ਦੀ ਮੰਗ ਕੀਤੀ ਹੈ।

ਦਿੱਲੀ ਟਰਾਂਸਪੋਰਟ ਵਿਭਾਗ ਨੇ ਨਵੰਬਰ 2018 ਵਿਚ ਪੰਜਾਬ ਸਰਕਾਰ ਦੀਆਂ ਬੱਸਾਂ ਦੇ ਹਵਾਈ ਅੱਡੇ ਤੱਕ ਜਾਣ 'ਤੇ ਰੋਕ ਲਾ ਦਿੱਤੀ ਸੀ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਦੀ ਆਮ ਲੋਕਾਂ ਪ੍ਰਤੀ ਬੇਰੁਖੀ ਦਾ ਪਤਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਦਿੱਲੀ ਟਰਾਂਸਪੋਰਟ ਵਿਭਾਗ ਨੇ ਨਿੱਜੀ ਬੱਸ ਅਪਰੇਟਰਾਂ ਨੂੰ ਦਿੱਲੀ ਕੌਮਾਂਤਰੀ ਹਵਾਈ ਅੱਡੇ ਤੱਕ ਬੱਸਾਂ ਚਲਾਉਣ ਦੀ ਆਗਿਆ ਦਿੱਤੀ ਹੋਈ ਹੈ। ਵੜਿੰਗ ਨੇ ਦੱਸਿਆ ਕਿ ਇਸ ਸਬੰਧੀ ਪੰਜਾਬ ਟਰਾਂਸਪੋਰਟ ਵਿਭਾਗ ਵੱਲੋਂ ਪਹਿਲਾਂ ਵੀ ਦਿੱਲੀ ਟਰਾਂਸਪੋਰਟ ਅਥਾਰਿਟੀ ਨਾਲ ਕਈ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ ਅਤੇ ਮੁੱਖ ਮੰਤਰੀ ਤੇ ਟਰਾਂਸਪੋਰਟ ਮੰਤਰੀ ਨੂੰ ਪੱਤਰ ਲਿਖਣ ਸਮੇਤ ਕਈ ਵਾਰ ਬੇਨਤੀਆਂ ਵੀ ਕੀਤੀਆਂ ਜਾ ਚੁੱਕੀਆਂ ਹਨ ਪਰ ਕੋਈ ਕਾਰਵਾਈ ਨਹੀਂ ਹੋਇਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਲਿੰਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
Pay Single 48 Cent + Team 58 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਵੱਡੇ ਘਰਾਂ ਦੀਆਂ ਨਾਜਾਇਜ਼ ਚੱਲਦੀਆਂ ਬੱਸਾਂ ਨੂੰ ਲੱਗੀ ਬਰੇਕ



**ਚੰਡੀਗੜ੍ਹ:** ਟਰਾਂਸਪੋਰਟ ਮਹਿਕਮੇ ਦੇ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪੰਜਾਬ ਵਿਚ ਵੱਡੇ ਘਰਾਂ ਦੀਆਂ ਨਾਜਾਇਜ਼ ਚੱਲਦੀਆਂ ਬੱਸਾਂ ਨੂੰ ਰੋਕਣ ਲਈ ਇਕ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਡਾਇਰੈਕਟਰ ਸਟੇਟ ਟਰਾਂਸਪੋਰਟ ਪੰਜਾਬ ਨੇ ਪੰਜਾਬ ਰੋਡਵੇਜ਼ ਤੇ ਪੀ.ਆਰ.ਟੀ.ਸੀ. ਦੇ ਜਨਰਲ ਮੈਨੇਜਰਾਂ ਨੂੰ ਸੂਬੇ ਭਰ ਵਿਚ ਚੱਲਦੀਆਂ ਨਾਜਾਇਜ਼ ਅਤੇ ਸਪੈਸ਼ਲ ਬੱਸਾਂ ਦੀ ਤੁਰਤ ਸੂਚੀ ਬਣਾਉਣ ਦੇ ਆਦੇਸ਼ ਜਾਰੀ ਕੀਤੇ ਹਨ।

ਇਸ ਪਿੱਛੋਂ ਨਿੱਤ ਦਿਨ ਵੱਡੀ ਗਿਣਤੀ ਬੱਸਾਂ ਨੂੰ ਜ਼ਬਤ ਕੀਤਾ ਜਾ ਰਿਹਾ ਹੈ। ਟਰਾਂਸਪੋਰਟ ਵਿਭਾਗ ਨੇ ਹੁਣ ਤੱਕ 100 ਤੋਂ ਵੱਧ ਬੱਸਾਂ ਨੂੰ ਜ਼ਬਤ ਕਰ ਲਿਆ ਹੈ। ਇਨ੍ਹਾਂ ਵਿਚ ਡੱਬਵਾਲੀ, ਜੁਝਾਰ ਬੱਸ ਸਰਵਿਸ, ਨਿਊ ਦੀਪ, ਓਰਬਿਟ ਤੇ ਲਿਬੜਾ ਆਦਿ ਕੰਪਨੀਆਂ ਦੀਆਂ ਬੱਸਾਂ ਸ਼ਾਮਲ ਹਨ।

ਦੱਸ ਦਈਏ ਕਿ ਪੰਜਾਬ ਵਿਚ ਵੱਡੇ ਘਰਾਂ, ਖਾਸ ਕਰਕੇ ਬਾਦਲ ਪਰਿਵਾਰ ਦੀਆਂ ਨਾਜਾਇਜ਼ ਬੱਸਾਂ ਦਾ ਮੁੱਦਾ ਹਮੇਸ਼ਾ ਭਖਿਆ ਰਿਹਾ ਹੈ। 2017 ਵਿਚ ਕੈਪਟਨ ਅਮਰਿੰਦਰ ਸਿੰਘ ਨੇ ਇਸ ਟਰਾਂਸਪੋਰਟ ਮਾਫੀਆ ਨੂੰ ਨੱਥ ਪਾਉਣ ਦਾ ਵਾਅਦਾ ਕੀਤਾ ਸੀ ਪਰ ਸਾਢੇ ਚਾਰ ਸਾਲ ਵਿਚ ਕੋਈ ਕਾਰਵਾਈ ਨਹੀਂ ਹੋਈ। ਹੁਣ ਕੈਪਟਨ ਨੂੰ ਕੁਰਸੀਓਂ ਲਾਹੁਣ ਤੇ ਟਰਾਂਸਪੋਰਟ ਮਹਿਕਮਾ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਦੇਣ ਪਿੱਛੋਂ ਇਸ ਮਾਫੀਆ ਦੀ ਸ਼ਾਮਤ ਆ ਗਈ ਹੈ।

ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਇਨ੍ਹਾਂ ਹੁਕਮਾਂ ਨੂੰ ਅਤਿ-ਜ਼ਰੂਰੀ ਸਮਝਿਆ ਜਾਵੇ। ਇਸ ਤੋਂ ਇਲਾਵਾ ਹਰ ਡਿਪੂ ਅਧੀਨ ਆਉਂਦੇ ਖੇਤਰ 'ਚ ਨਾਜਾਇਜ਼ ਚੱਲਦੀਆਂ ਕੁੱਲ ਬੱਸਾਂ, ਬੱਸ ਦਾ ਨੰਬਰ, ਕੰਪਨੀ ਦਾ ਨਾਮ, ਬੱਸ ਦਾ ਸਮਾਂ ਅਤੇ ਬੱਸ ਦੀ ਕੈਟਾਗਿਰੀ (ਸਧਾਰਨ, ਵਾਲਵੋ, ਸਲੀਪਰ ਕੋਚ) ਅਤੇ ਇਨ੍ਹਾਂ ਬੱਸਾਂ ਦੇ ਚੱਲਣ ਸਬੰਧੀ ਵਿਸ਼ੇਸ਼ ਕਥਨ ਬਾਰੇ ਦੱਸਿਆ ਜਾਵੇ। ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਬੱਸਾਂ ਨੂੰ ਚੱਲਣ ਤੋਂ ਰੋਕਣ ਲਈ ਅੱਜ ਤੱਕ ਡਿਪੂ ਪ੍ਰਬੰਧਕਾਂ ਵੱਲੋਂ ਕੀ-ਕੀ ਕੀਤਾ ਗਿਆ ਹੈ, ਇਹ ਵੀ ਦੱਸਣਾ ਜ਼ਰੂਰੀ ਸਮਝਿਆ ਜਾਵੇ।

ਇਸੇ ਦੌਰਾਨ ਹੀ ਟਰਾਂਸਪੋਰਟ ਮੰਤਰੀ ਵੱਲੋਂ ਛੋਟੇ ਟਰਾਂਸਪੋਰਟ ਕੰਪਨੀਆਂ ਨਾਲ ਬੱਸਾਂ ਦੀ ਸਮਾਂ-ਸਾਰਣੀ (ਟਾਈਮ ਟੇਬਲ) ਬਣਾਉਣ ਦੇ ਕੀਤੇ ਵਾਅਦੇ ਸਬੰਧੀ ਸਾਰੇ ਡਿਪੂਆਂ ਦੇ ਜਨਰਲ ਮੈਨੇਜਰਾਂ ਨੂੰ ਛੇਤੀ ਟਾਈਮ-ਟੇਬਲ ਬਣਾਉਣ ਦੇ ਆਦੇਸ਼ ਕੀਤੇ ਗਏ ਹਨ, ਜਿਸ ਤਹਿਤ ਪੀ.ਆਰ.ਟੀ.ਸੀ. ਦੇ ਉੱਚ ਅਧਿਕਾਰੀਆਂ ਵੱਲੋਂ ਮਾਲਵਾ ਖੇਤਰ ਵਿਚ ਚੱਲਦੀਆਂ ਬੱਸਾਂ ਦੇ ਟਾਈਮ-ਟੇਬਲ ਜਲਦੀ ਬਣਾਉਣ ਸਬੰਧੀ ਹਿਲ-ਜੁਲ ਹੋਣੀ ਸ਼ੁਰੂ ਹੋ ਗਈ ਹੈ ਅਤੇ ਉੱਚ ਅਧਿਕਾਰੀਆਂ ਦੇ ਰੂਟਾਂ 'ਤੇ ਚੱਲਦੀਆਂ ਪ੍ਰਾਈਵੇਟ ਬੱਸਾਂ ਦੇ ਮਾਲਕਾਂ ਅਤੇ ਪ੍ਰਬੰਧਕਾਂ ਨਾਲ ਤਾਲਮੇਲ ਕਰਨਾ ਆਰੰਭ ਕਰ ਦਿੱਤਾ ਗਿਆ ਹੈ।

## ਅਫਗਾਨਿਸਤਾਨ ਦੇ ਸਿੱਖਾਂ ਤੇ ਹਿੰਦੂਆਂ ਵੱਲੋਂ ਭਾਰਤ ਸਰਕਾਰ ਨੂੰ ਅਪੀਲ

**ਅੰਮ੍ਰਿਤਸਰ:** ਅਫ਼ਗਾਨਿਸਤਾਨ ਵਿਚ ਫਸੇ ਹਿੰਦੂਆਂ ਅਤੇ ਸਿੱਖਾਂ ਨੇ ਭਾਰਤ ਸਰਕਾਰ ਨੂੰ ਉਨ੍ਹਾਂ ਨੂੰ ਉਥੋਂ ਸੁਰੱਖਿਅਤ ਬਾਹਰ ਕੱਢਣ ਦੀ ਅਪੀਲ ਕੀਤੀ ਹੈ। ਇਸ ਸਬੰਧੀ ਕਾਬੁਲ ਦੇ ਇਕ ਗੁਰਦੁਆਰੇ ਵਿਚ ਸਿੱਖਾਂ ਤੇ ਹਿੰਦੂਆਂ ਦੀ ਇੱਕ ਮੀਟਿੰਗ ਹੋਈ, ਜਿਸ ਵਿਚ ਗੁਰਦੁਆਰਾ ਕਰਤੇ ਪ੍ਰਵਾਨ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਗੁਰਨਾਮ ਸਿੰਘ, ਆਸਾ ਮਾਈ ਮੰਦਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਮ ਸ਼ਰਨ ਭਸੀਨ, ਹੈੱਡ ਗ੍ਰੰਥੀ ਸਤਵੀਰ ਸਿੰਘ ਤੇ ਹੋਰ ਮੋਹਤਬਰ ਸ਼ਾਮਲ ਸਨ।

ਇਸ ਸਬੰਧੀ ਹੈੱਡ ਗ੍ਰੰਥੀ ਨੇ ਇਕ ਵੀਡਿਓ ਬਣਾ ਕੇ ਭਾਰਤ ਸਰਕਾਰ ਨੂੰ ਸਿੱਖਾਂ ਤੇ ਹਿੰਦੂਆਂ ਉਥੋਂ ਸੁਰੱਖਿਅਤ ਬਾਹਰ ਕੱਢਣ ਦੀ ਅਪੀਲ ਕੀਤੀ ਹੈ। 'ਇੰਡੀਆ ਵਰਲਡ ਫੋਰਮ' ਦੇ ਪ੍ਰਧਾਨ ਪੁਨੀਤ ਸਿੰਘ ਚੰਡੋਕ ਨੇ ਇਹ ਮਾਮਲਾ ਉਠਾਇਆ ਹੈ। ਉਨ੍ਹਾਂ ਆਖਿਆ ਕਿ ਇਰਾਨ ਵਲੋਂ ਕਾਬੁਲ ਤੋਂ ਹਵਾਈ ਉਡਾਣ ਚਲਾਈ ਜਾ ਰਹੀ ਹੈ, ਜਿਸ ਰਾਹੀਂ ਉਕਤ ਸਿੱਖਾਂ-ਹਿੰਦੂਆਂ ਨੂੰ ਕਾਬੁਲ ਤੋਂ ਲਿਆਇਆ ਜਾ ਸਕਦਾ ਹੈ।

## ਗੁਰਦੁਆਰਾ ਹੇਮਕੁੰਟ ਸਾਹਿਬ ਦੇ ਕਿਵਾੜ ਬੰਦ



**ਅੰਮ੍ਰਿਤਸਰ:** ਉੱਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸ਼ੀਤ ਕਾਲ ਲਈ ਬੰਦ ਹੋਣ ਮਗਰੋਂ ਇਸ ਸਾਲ ਦੀ ਯਾਤਰਾ ਦੀ ਵੀ ਸਮਾਪਤੀ ਹੋ ਗਈ ਹੈ। ਇਸ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਪੰਥਕ ਰਵਾਇਤਾਂ ਨਾਲ ਸੁਖ ਆਸਨ ਵਾਲੇ ਸਥਾਨ 'ਤੇ ਲਿਜਾਇਆ ਗਿਆ। ਕਰੋਨਾ ਕਾਰਨ ਪ੍ਰਭਾਵਿਤ ਹੋਈ ਇਹ ਸਾਲਾਨਾ ਯਾਤਰਾ ਸਿਰਫ 23 ਦਿਨ ਚੱਲੀ। ਇਸ ਦੌਰਾਨ ਲਗਭਗ 11 ਹਜ਼ਾਰ ਸ਼ਰਧਾਲੂਆਂ ਨੇ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਾਪਤ ਇਸ ਗੁਰਧਾਮ ਦੇ ਦਰਸ਼ਨ ਕੀਤੇ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਮੀਤ ਪ੍ਰਧਾਨ ਨਰਿੰਦਰਪਾਲ ਸਿੰਘ ਬਿੰਦਰਾ ਨੇ ਦੱਸਿਆ ਕਿ ਗੁਰਦੁਆਰੇ ਦੇ ਕਿਵਾੜ ਸ਼ੀਤ ਕਾਲ ਲਈ ਬੰਦ ਕਰ ਦਿੱਤੇ ਗਏ ਹਨ। ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਬਾਅਦ ਵਿਚ ਸਾਲਾਨਾ ਯਾਤਰਾ ਦੀ ਆਖਰੀ ਅਰਦਾਸ ਕੀਤੀ ਗਈ। ਮਗਰੋਂ ਪੰਥਕ ਮਰਿਆਦਾ ਮੁਤਾਬਕ ਪੰਜ ਪਿਆਰਿਆਂ ਦੀ ਅਗਵਾਈ ਹੇਠ ਜੈਕਾਰਿਆਂ ਦੀ ਗੂੰਜ ਵਿਚ ਪਾਵਨ ਸਰੂਪ ਨੂੰ ਪ੍ਰਕਾਸ਼ ਅਸਥਾਨ ਤੋਂ ਸੁਖ ਆਸਨ ਵਾਲੇ ਸਥਾਨ 'ਤੇ ਲਿਜਾਇਆ ਗਿਆ। ਇਸ ਮੌਕੇ ਭਾਰਤੀ ਫੌਜ ਦੀ 427 ਰੈਜੀਮੈਂਟ ਜੋਸ਼ੀ ਮੱਠ ਦੇ ਫੌਜੀਆਂ ਨੇ ਪਾਈਪ ਬੈਂਡ ਰਾਹੀਂ ਸ਼ਬਦ ਦੀਆਂ ਧੁਨਾਂ ਵਜਾਈਆਂ।

ਯਾਤਰਾ ਸਮਾਪਤੀ ਵੇਲੇ ਲਗਭਗ 1700 ਸ਼ਰਧਾਲੂ ਇਥੇ ਪੁੱਜੇ ਹੋਏ ਸਨ, ਜਿਨ੍ਹਾਂ ਅਰਦਾਸ ਵਿਚ ਹਿੱਸਾ ਲਿਆ। ਗੁਰਦੁਆਰੇ ਦੇ ਆਲੇ-ਦੁਆਲੇ ਕਿਸਾਨ ਸੰਘਰਸ਼ ਨਾਲ ਸਬੰਧਤ ਝੰਡੇ ਵੀ ਕੁਝ ਖੰਭਿਆਂ 'ਤੇ ਲੱਗੇ ਹੋਏ ਸਨ। ਪ੍ਰਬੰਧਕਾਂ ਨੇ ਦੱਸਿਆ ਕਿ ਇਹ ਸਾਲਾਨਾ ਯਾਤਰਾ ਹਰ ਵਰ੍ਹੇ ਮਈ ਦੇ ਆਖਰੀ ਹਫਤੇ ਜਾਂ ਜੂਨ ਦੇ ਪਹਿਲੇ ਹਫਤੇ ਆਰੰਭ ਹੁੰਦੀ ਹੈ। ਪਿਛਲੇ ਦੋ ਸਾਲਾਂ ਤੋਂ ਕਰੋਨਾ ਕਾਰਨ ਇਹ ਯਾਤਰਾ ਪ੍ਰਭਾਵਿਤ ਹੋ ਰਹੀ ਹੈ। ਕਰੋਨਾ ਕਾਰਨ ਹੀ ਇਸ ਵਰ੍ਹੇ ਲਗਭਗ ਸਾਢੇ ਤਿੰਨ ਮਹੀਨੇ ਪਛੜ ਕੇ ਇਹ ਯਾਤਰਾ 18 ਸਤੰਬਰ ਨੂੰ ਸ਼ੁਰੂ ਹੋਈ ਸੀ ਅਤੇ ਸਿਰਫ 23 ਦਿਨ ਜਾਰੀ ਰਹਿਣ ਮਗਰੋਂ 10 ਅਕਤੂਬਰ ਨੂੰ ਸਮਾਪਤ ਹੋ ਗਈ ਹੈ।

## ਚੰਨੀ ਨੇ ਪੁੱਤ ਦਾ ਸਾਦਾ ਵਿਆਹ ਕਰਕੇ ਮਿਸਾਲ ਕਾਇਮ ਕੀਤੀ



**ਮੁਹਾਲੀ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਪੁੱਤਰ ਨਵਜੀਤ ਸਿੰਘ ਦਾ ਵਿਆਹ ਫੇਜ 3ਬੀ-1 ਸਥਿਤ ਗੁਰਦੁਆਰਾ ਸਾਚਾ ਧਨ ਸਾਹਿਬ ਵਿਚ ਹੋਇਆ। ਇਸ ਮੌਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਫੁੱਲਾਂ ਨਾਲ ਸਜਾਈ ਗੱਡੀ ਖੁਦ ਚਲਾ ਕੇ ਪਰਿਵਾਰ ਸਮੇਤ ਗੁਰਦੁਆਰੇ ਪਹੁੰਚੇ। ਨਵਜੀਤ ਸਿੰਘ ਦਾ ਵਿਆਹ ਡੇਰਾਬੱਸੀ ਦੇ ਅਮਲਾਲਾ ਦੀ ਸਿਮਰਨਧੀਰ ਕੌਰ ਨਾਲ ਹੋਇਆ ਹੈ। ਨਵ-ਵਿਆਹੇ ਜੋੜੇ ਲਈ ਮੁਹਾਲੀ ਦੇ ਇਕ ਰਿਜ਼ੋਰਟ ਵਿਚ ਰਿਸੈਪਸ਼ਨ ਵੀ ਰੱਖੀ ਗਈ ਹੈ।

ਸਿਮਰਨਧੀਰ ਨੇ ਮੁੱਢਲੀ ਪੜ੍ਹਾਈ ਡੇਰਾਬੱਸੀ ਵਿਚ ਹੀ ਕੀਤੀ ਹੈ ਤੇ ਹੁਣ ਇੰਜੀਨੀਅਰਿੰਗ ਤੋਂ ਬਾਅਦ ਉਹ ਐਮ.ਬੀ.ਏ. ਕਰ ਰਹੀ ਹੈ। ਸਿਮਰਨਧੀਰ ਦੇ ਪਿਤਾ ਰਣਧੀਰ ਸਿੰਘ ਕੇਂਦਰੀ ਵਿਦਿਆਲਾ ਵਿਚ 17 ਸਾਲਾਂ ਤੋਂ ਪ੍ਰਿੰਸੀਪਲ ਵਜੋਂ ਸੇਵਾ ਨਿਭਾਅ ਰਹੇ ਹਨ ਤੇ ਅੱਜ-ਕੱਲ੍ਹ ਪਟਿਆਲਾ 'ਚ ਤਾਇਨਾਤ ਹਨ। ਵਿਆਹ ਸਮਾਗਮ ਵਿਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਸੀਨੀਅਰ ਕਾਂਗਰਸੀ ਆਗੂ ਕੁਮਾਰੀ ਸ਼ੈਲਜਾ, ਕੈਬਨਿਟ ਮੰਤਰੀ ਗੁਰਕੀਰਤ ਸਿੰਘ ਕੋਟਲੀ ਸਮੇਤ ਸਮੁੱਚਾ ਮੰਤਰੀ ਮੰਡਲ, ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ, ਮੁਹਾਲੀ ਦੇ ਸਾਬਕਾ ਮੇਅਰ ਕੁਲਵੰਤ ਸਿੰਘ ਅਤੇ ਕਾਂਗਰਸੀ ਵਿਧਾਇਕ ਅਤੇ ਹੋਰ ਸੀਨੀਅਰ ਆਗੂ ਹਾਜ਼ਰ ਸਨ, ਪਰ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮਾਗਮ ਵਿਚ ਹਾਜ਼ਰ ਨਹੀਂ ਹੋਏ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਦੇ ਨਾਲ ਹੀ ਸਿੱਖ ਆਗੂ ਭਾਈ ਆਰ ਪੀ ਸਿੰਘ, ਗੁਰਦੁਆਰਾ ਤਾਲਮੇਲ ਕਮੇਟੀ ਦੇ ਜਨਰਲ ਸਕੱਤਰ ਬਲਵਿੰਦਰ ਸਿੰਘ ਟੌਹੜਾ, ਲੇਖਕ ਤਲਵਿੰਦਰ ਸਿੰਘ ਬੁੱਟਰ, ਪ੍ਰੋ. ਮੇਹਰ ਸਿੰਘ ਮੱਲ੍ਹੀ ਸਮੇਤ ਪੰਜਾਬ ਦੇ ਡੀਜੀਪੀ ਇਕਬਾਲ ਪ੍ਰੀਤ ਸਿੰਘ ਸਹੋਤਾ, ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਹੁਸਨ ਲਾਲ ਵੀ ਹਾਜ਼ਰ ਸਨ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਆਪਣੇ ਪੁੱਤਰ ਨਵਜੀਤ ਸਿੰਘ ਦਾ ਵਿਆਹ ਬਿਲਕੁਲ ਸਾਦੇ ਢੰਗ ਨਾਲ ਕੀਤੇ ਜਾਣ ਦੀ ਭਰਵੀਂ ਸ਼ਲਾਘਾ ਕਰਦਿਆਂ ਕਿਹਾ ਕਿ ਹੋਰਨਾਂ ਸਿਆਸੀ ਆਗੂਆਂ ਨੂੰ ਵੀ ਉਨ੍ਹਾਂ ਤੋਂ ਸੇਧ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਦਾ ਵਿਆਹ ਕਰਕੇ ਉਨ੍ਹਾਂ ਨਵੀਂ ਪਿਰਤ ਪਾਈ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਰੁਝਾਨ ਬਹੁਤ ਵਧੀਆ ਹੈ ਤੇ ਮੁੱਖ ਮੰਤਰੀ ਨੇ ਮਰਿਆਦਾ ਅਨੁਸਾਰ ਸਾਦਗੀ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ ਹੈ। ਮੁੱਖ ਮੰਤਰੀ ਦਾ ਪਰਿਵਾਰ, ਰਿਸ਼ਤੇਦਾਰ ਤੇ ਸਮੁੱਚੀ ਪੰਜਾਬ ਕੈਬਨਿਟ ਵਧਾਈ ਦੇ ਪਾਤਰ ਹਨ।

## ਗੁਰੂ ਨਾਨਕ ਦੀ ਸਿੱਖਿਆ 'ਤੇ ਮਨੁੱਖਤਾ ਦੀ ਸੇਵਾ

### 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਦਾ ਉਪਰਾਲਾ

**ਸ਼ਿਕਾਗੋ:** 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਦਾ ਮੇਰਾ ਪਿੰਡ 360 ਪ੍ਰੋਜੈਕਟ ਦਿਹਾਤੀ ਪੰਜਾਬ ਵਿਚ ਮਨੁੱਖੀ ਵਿਕਾਸ ਦੇ ਪ੍ਰਸੰਗ ਵਿਚ, ਖਾਸਕਰ ਸਾਧਨ ਵਿਹੂਣੇ ਲੋਕਾਂ ਲਈ, ਬੜਾ ਕਾਮਯਾਬ ਸਾਬਤ ਹੋ ਰਿਹਾ ਹੈ। ਫਾਊਂਡੇਸ਼ਨ ਆਰਥਕ ਤੌਰ 'ਤੇ ਜੂਝ ਰਹੇ ਪਰਿਵਾਰਾਂ ਜਿਵੇਂ ਵਿਧਵਾਵਾਂ, ਜਿਨ੍ਹਾਂ ਬਜ਼ੁਰਗਾਂ ਦੇ ਬੱਚੇ ਨਹੀਂ, ਅਪਾਹਜ ਅਤੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਉਚ ਸਿੱਖਿਆ ਲਈ ਮਹੀਨੇਵਾਰ ਮਦਦ ਕੀਤੀ ਜਾ ਰਹੀ ਹੈ। ਸ. ਭੁਪਿੰਦਰ ਸਿੰਘ ਹੁੰਦਲ ਨੇ ਇਸ ਸੰਬੰਧੀ ਦੱਸਿਆ ਕਿ ਇਨ੍ਹਾਂ ਪਰਿਵਾਰਾਂ ਨੂੰ ਸਵੈ-ਨਿਰਭਰ ਬਣਾਉਣ ਲਈ ਫਾਊਂਡੇਸ਼ਨ ਨੇ ਪਿੰਡ ਕੋਟਲੀ ਅਰਾਈਆਂ (ਨੇੜੇ ਆਦਮਪੁਰ) ਵਿਚ 'ਲਰਨਿੰਗ ਐਂਡ ਸਕਿੱਲਜ਼ ਸੈਂਟਰ' ਖੋਲ੍ਹਿਆ ਹੈ, ਜੋ 8 ਪਿੰਡਾਂ ਦੇ ਕਲੱਸਟਰ ਲਈ ਹੈ। ਇਸ ਸੈਂਟਰ ਵਿਚ ਸਿਲਾਈ ਤੇ ਡ੍ਰੈੱਸ ਡਿਜ਼ਾਈਨਿੰਗ, ਡੇਅਰੀ ਫਾਰਮਿੰਗ, ਕੰਪਿਊਟਰ ਟ੍ਰੇਨਿੰਗ, ਬਿਊਟੀ ਪਾਰਲਰ, ਪਟਸਨ ਦੇ ਬੈਗ ਆਦਿ ਬਣਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਇਹ ਸੈਂਟਰ ਵਾਈਫਾਈ, ਲੈਪਟਾਪ, ਪ੍ਰਿੰਟਰ, ਕੈਮਰੇ ਵਾਲੇ ਸਮਾਰਟ ਟੀ.ਵੀ., ਵੈਬੀਨਾਰਾਂ ਲਈ ਸਾਊਂਡ ਸਿਸਟਮ, ਟੈਲੀ ਹੈਲਥ ਆਦਿ ਨਾਲ ਲੈਸ ਹੈ। ਸੈਂਟਰ ਵਿਚ ਛੋਟੀ ਜਿਹੀ ਲਾਇਬ੍ਰੇਰੀ ਵੀ ਬਣਾਈ ਗਈ ਹੈ ਜਿਥੇ ਹਰ ਉਮਰ ਵਰਗ ਮੁਤਾਬਿਕ ਕਿਤਾਬਾਂ ਮਿਲਦੀਆਂ ਹਨ। ਹਰ ਤਰ੍ਹਾਂ ਦੀ ਸਿਖਲਾਈ ਜਾਂ ਸੇਵਾ ਮੁਫਤ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਚਾਹ ਅਤੇ ਖਾਣਾ ਵੀ ਮੁਫਤ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਸੈਂਟਰ ਵਿਚੋਂ ਸਿਖਲਾਈ ਹਾਸਲ ਕਰਕੇ ਕਈ ਦਰਜਨ ਲੋਕ ਨੌਕਰੀ ਜਾਂ ਕੰਮ ਹਾਸਲ ਕਰ ਚੁੱਕੇ ਹਨ।

ਇਸ ਦੇ ਨਾਲ ਹੀ ਫਾਊਂਡੇਸ਼ਨ ਨੇ ਮਨੁੱਖੀ ਵਿਕਾਸ ਲਈ ਪਿੰਡਾਂ ਵਿਚ ਸ਼ਹਿਰੀ ਸੇਵਾਵਾਂ ਮੁਹੱਈਆ ਕਰਵਾਈਆਂ ਹਨ। ਇਸ ਦਾ ਮਕਸਦ ਪਿੰਡ ਵਾਸੀਆਂ ਦਾ ਸਮਾਂ, ਖਰਚਾ ਆਦਿ ਬਚਾਉਣਾ ਹੈ। ਸੈਂਟਰ ਵਿਚ ਇਹ ਸਹੂਲਤਾਂ ਮਿਲਦੀਆਂ ਹਨ; ਆਧਾਰ ਕਾਰਡ, ਪੈਨ ਕਾਰਡ, ਸਿਹਤ ਬੀਮਾ ਕਾਰਡ, ਪਾਸਪੋਰਟ ਲਈ ਅਰਜ਼ੀਆਂ, ਰੇਲਵੇ ਟਿਕਟਾਂ, ਬੁਢਾਪਾ ਪੈਨਸ਼ਨ,ਆਨਲਾਈਨ ਫਾਰਮ, ਡਿਜੀਟਲ ਇੰਡੀਆ ਪ੍ਰੋਗਰਾਮ ਤਹਿਤ ਬਿੱਲ ਦੇਣੇ ਆਦਿ। ਇਨ੍ਹਾਂ ਸੇਵਾਵਾਂ ਲਈ ਕੋਈ ਫੀਸ ਆਦਿ ਨਹੀਂ ਲਈ ਜਾਂਦੀ।

ਛੋਟੇ ਕਿਸਾਨਾਂ ਲਈ ਪ੍ਰੋਜੈਕਟ ਵੀ ਚਲਾਇਆ ਜਾ ਰਿਹਾ ਹੈ। ਪਿੰਡ ਚੱਠੇ ਸੇਖਵਾਂ (ਸੰਗਰੂਰ) ਵਿਚ ਖੇਤੀ ਮਸ਼ੀਨਰੀ ਸੈਂਟਰ ਬਣਾਇਆ ਗਿਆ ਹੈ। ਇਸ ਲਈ ਖਰਚਾ ਕੈਲੀਫੋਰਨੀਆ ਦੇ ਡਾਕਟਰ ਅੰਮ੍ਰਿਤ ਸਿੰਘ ਨੇ ਕੀਤਾ ਹੈ ਅਤੇ ਇਥੇ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਮਸ਼ੀਨਰੀ ਮੁਹੱਈਆ ਕਰਵਾਈ ਜਾਂਦੀ ਹੈ। ਕਣਕ ਦੇ ਪਿਛਲੇ ਸੀਜ਼ਨ ਦੌਰਾਨ 45 ਛੋਟੇ ਕਿਸਾਨਾਂ ਦੀ ਮਦਦ ਕੀਤੀ ਗਈ। ਇਸ ਖੇਤੀ ਸੈਂਟਰ ਵਿਚੋਂ ਹਰ ਤਰ੍ਹਾਂ ਦੀ ਮਸ਼ੀਨਰੀ ਮਿਲਦੀ ਦੇਖ ਕੇ ਦੋ ਕਿਸਾਨਾਂ ਨੇ ਟ੍ਰੈਕਟਰ ਲੈਣ ਲਈ ਜਮ੍ਹਾਂ ਕਰਵਾਈ ਵਾਪਸ ਕਰਵਾ ਲਈ। ਪਿੰਡ ਵਿਚ 45 ਬੱਚੇ ਕੰਪਿਊਟਰ ਦੀ ਮੁਫਤ ਸਿਖਲਾਈ ਲੈ ਰਹੇ ਹਨ।

ਉਨ੍ਹਾਂ ਦੱਸਿਆ ਕਿ ਫਾਊਂਡੇਸ਼ਨ ਗੁਰੂ ਨਾਨਕ ਜੀ ਦੇ 'ਸਰਬਤ ਦਾ ਭਲਾ' ਦੇ ਹੋਕੇ ਤਹਿਤ ਐਨ.ਆਰ.ਆਈਜ਼ ਨੂੰ ਉਪਰੋਕਤ ਸੇਵਾਵਾਂ ਦੇਣ ਲਈ ਪਿੰਡਾਂ ਨੂੰ ਗੋਦ ਲੈਣ ਬਾਰੇ ਪ੍ਰੇਰ ਰਹੀ ਹੈ। ਫਾਊਂਡੇਸ਼ਨ ਦਾਨ ਨਹੀਂ ਚਾਹੁੰਦੀ ਅਤੇ ਨਾ ਫੀਸ ਲੈਣਾ ਚਾਹੁੰਦੀ ਹੈ ਸਗੋਂ ਫਾਊਂਡੇਸ਼ਨ ਦੇ ਵਾਲੰਟੀਅਰ ਤੁਹਾਨੂੰ ਗਾਈਡ ਕਰਨਗੇ। ਫਾਊਂਡੇਸ਼ਨ ਦੇ ਇਸ ਪ੍ਰੋਜੈਕਟ ਤਹਿਤ 100 ਤੋਂ ਉਪਰ ਪਰਵਾਸੀ ਕਈ ਦਰਜਨ ਪਿੰਡਾਂ 'ਚ ਕਾਰਜ ਕਰ ਰਹੇ ਹਨ।

## ਪੰਜਾਬ ਸਰਕਾਰ ਵੱਲੋਂ ਸ਼ਿਲੌਂਗ ਵੱਸਦੇ ਸਿੱਖਾਂ ਦੇ ਹੱਕ ਵਿਚ ਆਵਾਜ਼ ਬੁਲੰਦ

**ਚੰਡੀਗੜ੍ਹ:** ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਮੇਘਾਲਿਆ ਸਰਕਾਰ ਵੱਲੋਂ ਸ਼ਿਲੌਂਗ 'ਚ ਵਸਦੇ ਸਿੱਖਾਂ ਨੂੰ ਉਜਾੜਨ ਦੇ ਫੈਸਲੇ ਦਾ ਸਖ਼ਤ ਵਿਰੋਧ ਕਰਦਿਆਂ ਉਨ੍ਹਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ। ਸ੍ਰੀ ਰੰਧਾਵਾ ਨੇ ਇਸ ਫੈਸਲੇ ਖ਼ਿਲਾਫ਼ ਕੇਂਦਰੀ ਗ੍ਰਹਿ ਮੰਤਰੀ ਤੇ ਮੇਘਾਲਿਆ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਰੋਸ ਜ਼ਾਹਿਰ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਦੋ ਵਰ੍ਹੇ ਪਹਿਲਾਂ ਪੰਜਾਬ ਸਰਕਾਰ ਦੇ ਵਫ਼ਦ ਨੇ ਸ਼ਿਲੌਂਗ ਦਾ ਦੌਰਾ ਕਰਕੇ ਉਥੇ ਵਸਦੇ ਸਿੱਖ ਭਾਈਚਾਰੇ ਨੂੰ ਮਿਲ ਕੇ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਦੇ ਉਜਾੜੇ ਖ਼ਿਲਾਫ ਆਵਾਜ਼ ਬੁਲੰਦ ਕੀਤੀ ਜਾਵੇਗੀ।

ਉਨ੍ਹਾਂ ਮੇਘਾਲਿਆ ਦੇ ਉੱਪ ਮੁੱਖ ਮੰਤਰੀ ਪ੍ਰਿਸਟਨ ਟਾਈਨਸੌਂਗ ਦੀ ਅਗਵਾਈ ਹੇਠ ਬਣੀ ਉਚ ਪੱਧਰੀ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ ਉਤੇ ਮੇਘਾਲਿਆ ਕੈਬਨਿਟ ਵੱਲੋਂ ਥੇਮ ਲਿਊ ਮਾਅਲੌਂਗ ਇਲਾਕੇ (ਪੰਜਾਬੀ ਲੇਨ) ਵਿਚ ਰਹਿੰਦੇ ਸਿੱਖਾਂ ਨੂੰ ਦੂਜੀ ਥਾਂ ਵਸਾਉਣ ਦੀ ਤਜਵੀਜ਼ ਨੂੰ ਪ੍ਰਵਾਨਗੀ ਦੇਣ ਦਾ ਵਿਰੋਧ ਕੀਤਾ। ਪੰਜਾਬ ਦੇ ਉੱਪ ਮੁੱਖ ਮੰਤਰੀ ਨੇ ਮੇਘਾਲਿਆ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਆਖਿਆ ਕਿ ਭੂ-ਮਾਫ਼ੀਆ ਦੇ ਦਬਾਅ ਹੇਠ ਦਹਾਕਿਆਂ ਤੋਂ ਸ਼ਿਲੌਂਗ ਰਹਿੰਦੇ ਸਿੱਖਾਂ ਨੂੰ ਉਜਾੜਨਾ ਘੋਰ ਬੇਇਨਸਾਫ਼ੀ ਹੈ ਅਤੇ ਪੰਜਾਬ ਸਰਕਾਰ ਇਸ ਫੈਸਲੇ ਦਾ ਸਖ਼ਤ ਵਿਰੋਧ ਕਰਦੀ ਹੈ।

ਉਨ੍ਹਾਂ ਕਿਹਾ ਕਿ 200 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਸ਼ਿਲੌਂਗ ਵਿਚ ਵਸੇ ਇਨ੍ਹਾਂ ਸਿੱਖਾਂ ਦੇ ਨਾਗਰਿਕ ਅਧਿਕਾਰਾਂ ਦੀ ਕਿਸੇ ਵੀ ਕੀਮਤ 'ਤੇ ਉਲੰਘਣਾ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਜਪਾ ਦੀ ਸ਼ਮੂਲੀਅਤ ਵਾਲੀ ਮੇਘਾਲਿਆ ਦੀ ਐਨ.ਡੀ.ਏ. ਸਰਕਾਰ ਨੂੰ ਇਹ ਫੈਸਲਾ ਤੁਰੰਤ ਵਾਪਸ ਲਵੇ।

ਸ੍ਰੀ ਰੰਧਾਵਾ ਨੇ ਕਿਹਾ ਕਿ ਐਨ.ਡੀ.ਏ. ਸਰਕਾਰ ਪੂਰੇ ਦੇਸ਼ ਵਿਚ ਵਸਦੇ ਘੱਟ ਗਿਣਤੀਆਂ ਨੂੰ ਸੁਰੱਖਿਆ ਦਾ ਮਾਹੌਲ ਅਤੇ ਵਿਸ਼ਵਾਸ ਪੈਦਾ ਕਰਨ ਵਿਚ ਨਾਕਾਮ ਰਹੀ ਹੈ ਜਿਸ ਦੀਆਂ ਤਾਜ਼ਾ ਉਦਾਹਰਨਾਂ ਜੰਮੂ ਕਸ਼ਮੀਰ ਤੇ ਉਤਰ ਪ੍ਰਦੇਸ਼ ਵਿਚ ਦੇਖਣ ਨੂੰ ਮਿਲੀਆਂ ਹਨ।

ਉਨ੍ਹਾਂ ਕਿਹਾ ਕਿ ਇਹ ਸੰਵਿਧਾਨ ਦੀ ਮੂਲ ਭਾਵਨਾ ਦੇ ਉਲਟ ਹੈ ਜਿਸ 'ਚ ਸਭ ਨੂੰ ਬਰਾਬਰ ਦਾ ਅਧਿਕਾਰ ਮਿਲਿਆ ਹੈ। ਜ਼ਿਕਰਯੋਗ ਹੈ ਕਿ ਜੂਨ 2019 ਵਿਚ ਰੰਧਾਵਾ ਦੀ ਅਗਵਾਈ ਵਿਚ ਪੰਜਾਬ ਸਰਕਾਰ ਦੇ ਵਫ਼ਦ ਨੇ ਸ਼ਿਲੌਂਗ ਸਥਿਤ ਗੁਰੂ ਨਾਨਕ ਦਰਬਾਰ ਦਾ ਵੀ ਦੌਰਾ ਕੀਤਾ ਜਿੱਥੇ ਗੁਰਦੁਆਰੇ ਦੇ ਪ੍ਰਧਾਨ ਗੁਰਜੀਤ ਸਿੰਘ ਨੇ ਵਫ਼ਦ ਨੂੰ ਦੱਸਿਆ ਸੀ ਕਿ ਉਨ੍ਹਾਂ ਨੂੰ ਇੱਥੋਂ ਜ਼ਬਰਦਸਤੀ ਉਠਾਇਆ ਜਾ ਰਿਹਾ ਹੈ।

# ਜਗਜੀਤ ਸਿੰਘ ਥਿੰਦ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ





**ਫਰਿਜ਼ਨੋ:** ਕੈਲੀਫੋਰਨੀਆ ਵਿਚ ਪੰਜਾਬੀ ਬੋਲੀ ਲਈ ਆਖਰੀ ਸਾਹ ਤੱਕ ਸਰਗਰਮ ਰਹਿਣ ਅਤੇ ਪਰਵਾਸੀ ਪੰਜਾਬੀ ਪੱਤਰਕਾਰੀ 'ਚ ਬਹੁਤ ਅਹਿਮ ਹਿੱਸਾ ਪਾਉਣ ਵਾਲੇ ਬਜੁਰਗ ਸਵਰਗੀ ਸ. ਜਗਜੀਤ ਸਿੰਘ ਥਿੰਦ ਨੂੰ ਵੀਕ-ਡੇਅ ਹੋਣ ਦੇ ਬਾਵਜੂਦ ਵੱਡੀ ਗਿਣਤੀ ਲੋਕਾਂ ਨੇ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ। ਇਸ ਮੌਕੇ ਸਵਰਗੀ ਥਿੰਦ ਦੀ ਦੋਹਤਰੀ ਪ੍ਰਨੀਤ ਕੌਰ ਤੋਂ ਇਲਾਵਾ ਸੁਰਿੰਦਰ ਮੰਡਾਲੀ, ਸਾਧੂ ਸਿੰਘ ਸੰਘਾ, ਸੰਤੋਖ ਸਿੰਘ ਮਿਨਹਾਸ, ਰਾਜ ਬਰਾੜ, ਪਾਲ ਕੈਲੇ, ਚਰਨਜੀਤ ਸਿੰਘ ਬਾਠ, ਜਵਾਈ ਜੋਰਾ ਸਿੰਘ, ਸੁਰਿੰਦਰ ਸਿੰਘ ਨਿੱਝਰ, ਗੁਰਪ੍ਰੀਤ ਸਿੰਘ ਮਾਨ ਅਤੇ ਪੋਤਰੇ ਸੁਖਦੀਪ ਸਿੰਘ ਸਮੇਤ ਹੋਰਨਾਂ ਸੱਜਣਾਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਉਪਰੰਤ ਭੋਗ ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਵਿਖੇ ਪਿਆ, ਜਿੱਥੇ ਗੁਰਤੇਜ ਸਿੰਘ ਧਾਲੀਵਾਲ, ਕਰਨਲ ਹਰਦੇਵ ਸਿੰਘ ਗਿੱਲ, ਅਮਰੀਕ ਸਿੰਘ ਵਿਰਕ ਆਦਿ ਨੇ ਸ਼ਰਧਾਂਜਲੀ ਦਿੱਤੀ ਅਤੇ ਸਿੱਖ ਕੌਂਸਲ ਵੱਲੋਂ ਸਵਰਗੀ ਜਗਜੀਤ ਸਿੰਘ ਥਿੰਦ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਪੁੱਤਰ ਸੁਰਿੰਦਰ ਸਿੰਘ ਥਿੰਦ ਨੂੰ ਯਾਦ ਪੱਤਰ ਦਿੱਤਾ ਗਿਆ। ਇਸ ਮੌਕੇ ਗੁਰੂ ਘਰ ਦੇ ਕੀਰਤਨੀਏ ਭਾਈ ਸੋਢੀ ਸਿੰਘ ਦੇ ਜਥੇ ਨੇ ਕੀਰਤਨ ਕੀਤਾ।

ਜ਼ਿਕਰਯੋਗ ਹੈ ਕਿ ਅਮਰੀਕਾ ਆਉਣ ਤੋਂ ਪਹਿਲਾਂ ਸਵਰਗੀ ਜਗਜੀਤ ਸਿੰਘ ਥਿੰਦ ਦਾ ਪੰਜਾਬ ਵਿਚਲੇ ਆਪਣੇ ਜੱਦੀ ਪਿੰਡ ਬਿੰਜਲ ਨਾਲ ਗੂੜ੍ਹਾ ਨਾਤਾ ਸੀ। ਸੰਨ 1931 ਵਿਚ ਜਨਮੇ ਸ. ਥਿੰਦ ਨੇ ਉਨ੍ਹਾਂ ਸਮਿਆਂ 'ਚ ਉਚੇਰੀ ਵਿੱਦਿਆ ਹਾਸਲ ਕੀਤੀ, ਜਦੋਂ ਪੰਜਾਬ ਵਿਚ ਦੂਰ-ਦੁਰਾਡੇ ਤੱਕ ਸਕੂਲ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ ਸੀ।

ਅਮਰੀਕਾ ਆਉਣ ਪਿੱਛੋਂ ਕਰਮਨ ਸ਼ਹਿਰ ਵਿਚ ਪੰਜਾਬੀ ਲਾਇਬਰੇਰੀ ਬਣਾਉਣ ਅਤੇ ਸਰਕਾਰੀ ਸਕੂਲ ਵਿਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਵਾਉਣ ਦਾ ਸਿਹਰਾ ਵੀ ਸ. ਜਗਜੀਤ ਸਿੰਘ ਥਿੰਦ ਸਿਰ ਜਾਂਦਾ ਹੈ। ਉਹ ਬਹੁਤ ਮਿਲਾਪੜੇ ਸੁਭਾਅ ਵਾਲੇ ਅਤੇ ਹਰ ਇੱਕ ਦੀ ਮਦਦ ਕਰਨ ਵਾਲੇ ਇਨਸਾਨ ਸਨ। ਉਨ੍ਹਾਂ ਦੀ ਸਮਾਜ ਪ੍ਰਤੀ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।



# ਵੰਨ-ਸਵੰਨੇ ਬਾਗਾਂ ਅੰਦਰ ਸਾਹਿਤਕ ਰੰਗਾਂ ਦੀ ਰੌਣਕ



**ਸਟਾਕਟਨ:** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੀ ਦੋ ਅਕਤੂਬਰ ਨੂੰ ਸਭਾ ਦੇ ਸਰਗਰਮ ਮੈਂਬਰ ਚਰਨਜੀਤ ਸਿੰਘ ਸਾਹੀ ਦੇ ਫਾਰਮ ਹਾਊਸ 'ਤੇ ਇਕ ਯਾਦਗਾਰੀ ਸਾਹਿਤਕ ਸਮਾਗਮ ਕੀਤਾ ਗਿਆ। ਸਮਾਗਮ ਦਾ ਅਰੰਭ ਸਾਹੀ ਪਰਿਵਾਰ ਦੀਆਂ ਦੋ ਬੱਚੀਆਂ-ਕੋਮਲ ਕੌਰ ਸਾਹੀ (ਪੋਤੀ) ਅਤੇ ਕਿਰਤਪ੍ਰੀਤ ਕੌਰ ਸੰਧੂ (ਦੋਹਤੀ) ਵਲੋਂ ਪਿਛਲੇ ਦਿਨੀਂ ਅਟਾਰਨੀ ਐਟ ਲਾਅ ਦੀ ਸਹੁੰ ਚੁੱਕੇ ਜਾਣ ਦੀ ਖੁਸ਼ੀ ਵਿਚ ਸਾਹੀ ਪਰਿਵਾਰ ਨੂੰ ਵਧਾਈਆਂ ਦਾ ਗੁਲਦੱਸਤਾ ਭੇਟ ਕਰਦਿਆਂ ਹੋਇਆ। ਹਾਜ਼ਰ ਮੈਂਬਰਾਂ ਨੇ ਦੋਹਾਂ ਬੱਚੀਆਂ ਦੀ ਇਸ ਪ੍ਰਾਪਤੀ ਨੂੰ ਇਕ ਸ਼ਲਾਘਾਯੋਗ ਕਦਮ ਦੱਸਿਆ।

ਇਸ ਉਪਰੰਤ ਸਾਹਿਤਕ ਰਚਨਾਵਾਂ ਦਾ ਦੌਰ ਸ਼ੁਰੂ ਹੋਇਆ। ਤ੍ਰਿਪਤ ਸਿੰਘ ਭੱਟੀ ਨੇ ਦੋ ਮਿੰਨੀ ਕਹਾਣੀਆਂ-ਪੰਜਵਾਂ ਗੇਅਰ ਤੇ ਨਿੰਘ, ਚਰਨਜੀਤ ਸਿੰਘ ਸਾਹੀ ਨੇ ਕੰਬਾਈਨਾ ਤੇ ਮੌਜ਼ਾਂ, ਮ੍ਰਿਗਿੰਦਰ ਪੰਧੇਰ ਨੇ ਸ਼ੇਰ ਦਾ ਪੁੱਤ ਅਤੇ ਹਰਨੇਕ ਸਿੰਘ ਨੇ ਬਲੀਦਾਨ ਤੇ ਖੁਸ਼ਬੋ ਸੁਣਾਈਆਂ। ਹਰਜਿੰਦਰ ਪੰਧੇਰ ਨੇ ਇਕ ਲੰਬੀ ਕਹਾਣੀ 'ਧੂੰਏ ਦੀ ਲਕੀਰ' ਅਤੇ ਗੁਰਪ੍ਰੀਤ ਕੌਰ ਨੇ 'ਹੱਡ ਬੀਤੀ' ਸਰੋਤਿਆਂ ਨਾਲ ਸਾਂਝੀ ਕੀਤੀ। ਪੜ੍ਹੀਆਂ ਗਈਆਂ ਕਹਾਣੀਆਂ ਬਾਰੇ ਸਰੋਤਿਆਂ ਵਲੋਂ ਉਸਾਰੂ ਵਿਚਾਰ-ਚਰਚਾ ਕੀਤੀ ਗਈ। ਅਗਲਾ ਦੌਰ ਗੀਤਾਂ ਤੇ ਕਵਿਤਾਵਾਂ ਦਾ ਸੀ। ਡਾ. ਸਤਵਿੰਦਰ ਸਿੰਘ ਸਾਹੀ ਨੇ ਕਿਸਾਨੀ ਨੂੰ ਸਮਰਪਿਤ ਇਕ ਖੂਬਸੂਰਤ ਕਵਿਤਾ 'ਉੱਠ ਓਏ ਜੱਟਾ ਜਾਗ, ਜਗਾਅ ਸੁੱਤੇ ਆਪਣੇ ਭਾਗ'; ਅਜੀਤ ਪਰਮਿੰਦਰ ਕੌਰ ਨੇ ਪ੍ਰੋਫੈਸਰ ਮੋਹਨ ਸਿੰਘ ਦੀ ਕਵਿਤਾ, ਮਨਜੀਤ ਕੌਰ ਸੰਧੂ ਨੇ ਪ੍ਰੇਮਿਕਾ ਦੀ ਨਿਰਾਸ਼ਾ ਨੂੰ ਬਿਆਨਦਾ ਇੱਕ ਗੀਤ ਅਤੇ ਭੁਪਿੰਦਰ ਕੌਰ ਨੇ ਇਕ ਬੜੀ ਹੀ ਭਾਵਪੂਰਤ ਕਵਿਤਾ 'ਮੇਰੇ ਦਿਲ ਦੇ ਬੂਹੇ 'ਤੇ ਤੂੰ ਦਸਤਕ ਦਿੱਤੀ' ਸੁਣਾਉਂਦਿਆਂ ਸਰੋਤਿਆਂ ਦੇ ਮਨਾਂ ਨੂੰ ਕੀਲ ਲਿਆ।

ਹਰਜਿੰਦਰ ਪੰਧੇਰ ਨੇ ਆਪਣੀ ਨਵੀਂ ਲਿਖੀ ਕਵਿਤਾ 'ਚਿਰਾਗ' ਨਾਲ ਹਾਜ਼ਰੀ ਲਵਾਈ। ਸਮਾਗਮ ਵਿਚ ਉਪਰੋਕਤ ਤੋਂ ਇਲਾਵਾ ਹਰਿਸ਼ਰਣ ਸਿੰਘ ਸੰਧੂ, ਅਜੀਤ ਕੌਰ, ਰਾਜਕੁਮਾਰੀ, ਪਰਮਜੀਤ ਕੌਰ, ਪੁਸ਼ਵਿੰਦਰ ਕੌਰ ਆਦਿ ਵੀ ਸ਼ਾਮਲ ਹੋਏ। ਸਵੇਰੇ ਗਿਆਰਾਂ ਤੋਂ ਚਾਰ ਵਜੇ ਤੱਕ ਚੱਲੇ ਇਸ ਸਮਾਗਮ ਲਈ ਚਾਹ-ਪਾਣੀ ਅਤੇ ਲੰਗਰ ਦਾ ਪ੍ਰਬੰਧ ਸਾਹੀ ਪਰਿਵਾਰ ਵਲੋਂ ਬੜੇ ਚਾਅਵਾਂ ਨਾਲ ਕੀਤਾ ਗਿਆ।

# ਜਗਜੀਤ ਸਿੰਘ ਥਿੰਦ ਦੇ ਦੇਹਾਂਤ 'ਤੇ ਦੁੱਖ ਦਾ ਇਜ਼ਹਾਰ

**ਫਰਿਜ਼ਨੋ:** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਨੇ ਇਕ ਸ਼ੋਕ ਮਤੇ ਰਾਹੀਂ ਸਵਰਗੀ ਜਗਜੀਤ ਸਿੰਘ ਥਿੰਦ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਸਵਰਗੀ ਥਿੰਦ ਸੈਂਟਰਲ ਕੈਲੀਫੋਰਨੀਆਂ ਦੀ ਬਹੁਤ ਹੀ ਜਾਣੀ-ਪਹਿਚਾਣੀ ਅਤੇ ਹਰਮਨ ਪਿਆਰੀ ਸ਼ਖਸੀਅਤ ਸਨ। ਉਹ ਪਿਛਲੇ ਲੰਬੇ ਸਮੇਂ ਤੋਂ ਕੈਲੀਫੋਰਨੀਆ ਦੇ ਸ਼ਹਿਰ ਕਰਮਨ ਵਿਚ ਆਪਣੇ ਪਰਿਵਾਰ ਸਮੇਤ ਰਹਿ ਰਹੇ ਸਨ। ਕੁਝ ਹਫਤੇ ਬਿਮਾਰ ਰਹਿਣ ਤੋਂ ਬਾਅਦ ਪਿਛਲੇ ਹਫਤੇ ਉਹ ਸਭ ਨੂੰ ਅਲਵਿਦਾ ਆਖ ਗਏ ਸਨ।

ਪੰਜਾਬੀ ਭਾਸ਼ਾ, ਸਾਹਿਤ ਅਤੇ ਕਿਤਾਬਾਂ ਪ੍ਰਤੀ ਉਨ੍ਹਾਂ ਦੇ ਪਿਆਰ ਕਾਰਨ ਉਹ ਆਪਣੇ ਸ਼ਹਿਰ ਕਰਮਨ ਵਿਚ ਪੰਜਾਬੀ ਲਾਇਬ੍ਰੇਰੀ ਬਣਾਉਣ ਦੇ ਉਦਮਾ ਵਿਚ ਲੱਗ ਗਏ। ਉਨ੍ਹਾਂ ਨੇ ਪੰਜਾਬੀਆਂ ਦੀ ਵਧ ਰਹੀ ਆਬਾਦੀ ਨੂੰ ਦੇਖਦੇ ਹੋਏ ਕਰੜੀ ਘਾਲਣਾ ਕਰਕੇ ਲਾਇਬ੍ਰੇਰੀ ਅਧਿਕਾਰੀਆਂ ਨੂੰ ਕਰਮਨ ਲਾਇਬ੍ਰੇਰੀ ਵਿਚ ਪੰਜਾਬੀ ਸ਼ੈਕਸਨ ਸਥਾਪਤ ਕਰਨ ਲਈ ਪ੍ਰੇਰਤ ਕੀਤਾ। ਉਨ੍ਹਾਂ ਉਚੇਚਾ ਆਪਣੇ ਉਦਮਾਂ ਨਾਲ ਪੰਜਾਬੀ ਦੀਆਂ ਸੈਂਕੜੇ ਅਨਮੋਲ ਕਿਤਾਬਾਂ ਲਾਇਬ੍ਰੇਰੀ ਵਿਚ ਸ਼ਾਮਲ ਕਰਵਾਈਆਂ। ਉਨ੍ਹਾਂ ਨੇ ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਵੀ ਨਰੋਈਆਂ ਪਿਰਤਾਂ ਪਾਈਆ ਅਤੇ ਅਮਰੀਕਾ ਦੀ ਧਰਤੀ 'ਤੇ ਕਿੰਨੇ ਹੀ ਨਵੇਂ ਪੱਤਰਕਾਰਾਂ ਲਈ ਰਾਹ ਦਸੇਰਾ ਵੀ ਬਣੇ।

ਸਵਰਗੀ ਥਿੰਦ ਦੇਸ਼ ਭਗਤਾਂ ਤੇ ਖਾਸ ਕਰ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਤੋਂ ਬੇਹਦ ਪ੍ਰਭਾਵਿਤ ਸਨ। ਉਹ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ ਹਰ ਸਾਲ ਕਰਵਾਏ ਜਾਂਦੇ ਗਦਰੀ ਬਾਬਿਆਂ ਦੇ ਪ੍ਰੋਗਰਾਮਾਂ ਨੂੰ ਸਫਲ ਕਰਨ ਵਿਚ ਖਾਸ ਦਿਲਚਸਪੀ ਲੈਂਦੇ ਸਨ। ਉਨ੍ਹਾਂ ਨੇ ਆਪਣੇ ਕੋਲ ਪਏ ਕੁਝ ਇਤਿਹਾਸਕ ਦਸਤਾਵੇਜ਼ਾਂ ਨੂੰ ਕਿਤਾਬੀ ਰੂਪ ਦੇਣ ਵਿਚ ਵੀ ਆਪਣਾ ਯੋਗਦਾਨ ਪਾਇਆ। ਉਹ ਹਮੇਸ਼ਾ ਫੋਰਮ ਦੇ ਸਲਾਹਕਾਰ ਵਜੋਂ ਕੰਮ ਕਰਦੇ ਰਹੇ। ਸੰਸਥਾ ਨੂੰ ਉਨ੍ਹਾਂ ਦੀ ਉਸਾਰੂ ਅਤੇ ਸਿਆਣੀ ਸਲਾਹ ਦੀ ਹਮੇਸ਼ਾ ਘਾਟ ਰਹੇਗੀ। ਸੰਸਥਾ ਨੇ ਉਨ੍ਹਾਂ ਦੀਆਂ ਸਮਾਜਿਕ ਸੇਵਾਵਾਂ ਲਈ ਉਨ੍ਹਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਬੇਟੇ ਸੁਰਿੰਦਰ ਸਿੰਘ, ਬਾਕੀ ਪਰਿਵਾਰ ਅਤੇ ਸਾਰੇ ਰਿਸ਼ਤੇਦਾਰਾਂ ਤੇ ਚਾਹੁਣ ਵਾਲਿਆਂ ਨਾਲ ਹਮਦਰਦੀ ਦਾ ਪਰਗਟ ਕੀਤਾ ਹੈ।

## ਹਵਾਈ ਹਾਦਸੇ ਵਿਚ ਭਾਰਤੀ ਮੂਲ ਦੇ ਡਾਕਟਰ ਸਣੇ ਦੋ ਦੀ ਮੌਤ

**ਸੈਕਰਾਮੈਂਟੋ:** ਕੈਲੀਫੋਰਨੀਆ ਰਾਜ ਵਿਚ ਹਵਾਈ ਜਹਾਜ਼ ਹਾਦਸੇ ਵਿਚ ਭਾਰਤੀ ਮੂਲ ਦੇ ਦਿਲ ਰੋਗਾਂ ਦੇ ਮਾਹਿਰ ਡਾ. ਸੁਗਾਤਾ ਦਾਸ ਸਮੇਤ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਇਸ ਹਾਦਸੇ ਕਾਰਨ ਨੇੜਲੇ ਘਰਾਂ ਵਿਚ ਅੱਗ ਲੱਗ ਗਈ, ਜਿਸ ਕਾਰਨ ਕਾਫੀ ਨੁਕਸਾਨ ਹੋਇਆ।

ONLY FOR THOSE WHO MISS THE "PIND" OF THEIR CHILDHOOD MEMORIES

FRIENDS OF PUNJAB FOUNDATION
SERVING HUMANITY
Dedicated to the teachings of Guru Nanak Dev Ji

"SERVING HUMANITY" following Guru Nanak Jee 'Mera Pind 360' (all around human development)

NRIs your 'Pind' is waiting for your help. Join over 100 other members who have renewed their relationship with their village through one of our aid programs below.

**Family Development**
Monthly financial help and children's higher education help.

**Skill Development**
Ladies Dress Design, Dairy, Beauty Parlor, Computer Skills including basic/advanced digital design, etc

**Small Farmer Aid**
Farming machinery center for marginal farmers.

**Gov't Services/ Skill Development Schemes**
Adhar Card, PAN number, health insurance card, passport application, railway tickets, etc

**Other Services**
WiFi, Library, HD TV for Webinars / Remote Learning / Tele-health.

No middlemen. Free help from our volunteers. Volunteers will review your 'Pind' and provide appropriate aid. Don't wait. Visit our website, send an email, or call us for more details.

Contact: Bhupinder S Hundal (USA) | 630-802-2179 |
www.friendsofpunjabfoundation.org | Email: hundalb@yahoo.com
Dr. Amrit Singh | 562-225-7784 | amritsinghmd@gmail.com

# ਲਖੀਮਪੁਰ ਖੀਰੀ ਘਟਨਾ 'ਤੇ ਸਿਆਸਤ ਭਖੀ; ਕੇਂਦਰ ਤੇ ਯੋਗੀ ਸਰਕਾਰ ਨੂੰ ਘੇਰਾ

**ਚੰਡੀਗੜ੍ਹ:** ਉਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿਚ ਭਾਜਪਾ ਦੇ ਕੇਂਦਰੀ ਮੰਤਰੀ ਦੇ ਪੁੱਤਰ ਵੱਲੋਂ ਕਿਸਾਨਾਂ ਨੂੰ ਗੱਡੀ ਹੇਠਾਂ ਦਰੜਨ ਦੇ ਮਾਮਲੇ ਉਤੇ ਸਿਆਸਤ ਭਖ ਗਈ ਹੈ। ਪੰਜਾਬ ਸਣੇ ਪੂਰੇ ਮੁਲਕ ਦੀਆਂ ਸਿਆਸੀ ਧਿਰਾਂ ਨੇ ਉਤਰ ਪ੍ਰਦੇਸ਼ ਵੱਲ ਚਾਲੇ ਪਾਏ ਹੋਏ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਮੰਗ ਕੀਤੀ ਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੂੰ ਤੁਰਤ ਬਰਖ਼ਾਸਤ ਕੀਤਾ ਜਾਵੇ। ਅਕਾਲੀ ਦਲ ਦੇ ਵਫ਼ਦ ਸਮੇਤ ਪੀੜਤ ਪਰਿਵਾਰਾਂ ਨੂੰ ਮਿਲਣ ਪਹੁੰਚੀ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਇਹ ਕਾਰਾ ਬਦਲਾਖੋਰੀ ਦੀ ਭਾਵਨਾ ਨਾਲ ਕੀਤਾ ਗਿਆ ਕਿਉਂਕਿ ਮੁਲਜ਼ਮ ਦੇ ਪਿਤਾ ਅਜੈ ਮਿਸ਼ਰਾ ਨੇ ਕਿਸਾਨਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਉਹ ਕੋਈ ਰੋਸ ਪ੍ਰਦਰਸ਼ਨ ਨਾ ਕਰਨ ਨਹੀਂ ਤਾਂ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਪ੍ਰਦਰਸ਼ਨ ਸ਼ਾਂਤਮਈ ਸੀ ਪਰ ਮੰਤਰੀ ਦੇ ਪੁੱਤਰ ਨੇ ਹਿੰਸਾ



ਕੀਤੀ। ਹਰਸਿਮਰਤ ਬਾਦਲ ਨੇ ਕਿਹਾ ਕਿ ਕੇਂਦਰ ਤੇ ਯੂਪੀ ਸਰਕਾਰ ਇਸ ਘਿਨੌਣੇ ਕੇਸ ਵਿਚ ਕੋਈ ਕਾਰਵਾਈ ਨਹੀਂ ਕਰ ਰਹੀ ਹਾਲਾਂਕਿ ਸਪੱਸ਼ਟ ਸਬੂਤ ਮੌਜੂਦ ਹਨ।

ਬਹੁਜਨ ਸਮਾਜ ਪਾਰਟੀ ਸੁਪਰੀਮੋ ਮਾਇਆਵਤੀ ਨੇ ਕਿਹਾ ਹੈ ਕਿ ਲਖੀਮਪੁਰ ਖੀਰੀ ਹਿੰਸਾ ਮਾਮਲੇ 'ਚ ਸੁਪਰੀਮ ਕੋਰਟ ਵੱਲੋਂ ਦਖਲ ਦਿੱਤੇ ਜਾਣ ਮਗਰੋਂ ਇਨਸਾਫ ਦੀ ਆਸ ਬੱਝੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਜਨਰਲ ਸਕੱਤਰ ਅਤੇ ਰਾਜ ਸਭਾ ਮੈਂਬਰ ਐੱਸ.ਸੀ ਮਿਸ਼ਰਾ ਦੀ ਅਗਵਾਈ ਹੇਠ ਪਾਰਟੀ ਦਾ ਵਫ਼ਦ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਮਿਲੇਗਾ। ਮਾਇਆਵਤੀ ਨੇ ਟਵੀਟ ਕਰਕੇ ਕਿਹਾ ਕਿ ਇਸ ਮਾਮਲੇ 'ਚ ਭਾਜਪਾ ਦਾ ਰਵੱਈਆ ਪੱਖਪਾਤੀ ਨਜ਼ਰ ਆ ਰਿਹਾ ਹੈ। ਇਕ ਹੋਰ ਟਵੀਟ 'ਚ ਬਸਪਾ ਮੁਖੀ ਨੇ ਕਿਹਾ ਕਿ ਕਿਸਾਨਾਂ ਅਤੇ ਇਕ ਪੱਤਰਕਾਰ ਦੀ ਮੌਤ 'ਤੇ ਲੋਕਾਂ 'ਚ ਗੁੱਸਾ ਹੈ।

ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੈ ਸਿੰਘ ਨੇ ਅਜੈ ਕੁਮਾਰ ਮਿਸ਼ਰਾ ਨੂੰ ਗ੍ਰਹਿ ਰਾਜ ਮੰਤਰੀ ਦੇ ਅਹੁਦੇ ਤੋਂ ਬਰਖ਼ਾਸਤ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਲਖੀਮਪੁਰ ਖੀਰੀ ਹਿੰਸਾ ਮਾਮਲੇ 'ਚ ਉਸ ਸਮੇਂ ਤੱਕ ਇਨਸਾਫ ਸੰਭਵ ਨਹੀਂ ਹੈ ਜਦੋਂ ਤੱਕ ਆਸ਼ੀਸ਼ ਦੇ ਪਿਤਾ ਕੇਂਦਰੀ ਮੰਤਰੀ ਬਣੇ ਰਹਿਣਗੇ। ਉਨ੍ਹਾਂ ਕਿਹਾ ਕਿ ਭਾਜਪਾ ਦੇ ਯੋਗੀ ਆਦਿੱਤਿਆਨਾਥ ਦੀ ਅਗਵਾਈ ਹੇਠਲੀ ਸਰਕਾਰ ਨੇ ਮਿਸ਼ਰਾ ਦੇ ਪੁੱਤਰ ਆਸ਼ੀਸ਼ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਸ ਨੂੰ ਗ੍ਰਿਫਤਾਰ ਕਰਨਾ ਪਿਆ ਕਿਉਂਕਿ ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਇਸ ਮਾਮਲੇ 'ਚ ਕੋਈ ਹੋਰ ਰਾਹ ਨਹੀਂ ਬਚਿਆ ਸੀ।

## ਲਖੀਮਪੁਰ ਘਟਨਾ 'ਤੇ ਮੋਦੀ ਚੁੱਪ ਕਿਉਂ: ਸਿੱਬਲ

**ਨਵੀਂ ਦਿੱਲੀ:** ਕਾਂਗਰਸ ਆਗੂ ਕਪਿਲ ਸਿੱਬਲ ਨੇ ਲਖੀਮਪੁਰ ਖੀਰੀ ਦੀ ਘਟਨਾ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੁਆਲ ਕੀਤਾ ਹੈ ਕਿ ਉਹ ਚੁੱਪ ਕਿਉਂ ਹਨ? ਟਵੀਟ ਵਿਚ ਸਿੱਬਲ ਨੇ ਕਿਹਾ- 'ਲਖੀਮਪੁਰ ਖੀਰੀ ਦੀ ਦਰਦਨਾਕ ਘਟਨਾ। ਮੋਦੀ ਜੀ, ਤੁਸੀਂ ਚੁੱਪ ਕਿਉਂ ਹੋ? ਸਾਨੂੰ ਤੁਹਾਡੇ ਕੋਲੋਂ ਬੱਸ ਹਮਦਰਦੀ ਦੇ ਇਕ ਬੋਲ ਦੀ ਆਸ ਸੀ, ਉਹ ਤਾਂ ਐਨਾ ਔਖਾ ਨਹੀਂ ਸੀ ਹੋਣਾ ਚਾਹੀਦਾ! ਜੇਕਰ ਤੁਸੀਂ ਵਿਰੋਧੀ ਧਿਰ ਵਿਚ ਹੁੰਦੇ ਤਾਂ ਤੁਹਾਡੀ ਕੀ ਪ੍ਰਤੀਕਿਰਿਆ ਹੁੰਦੀ? ਸਾਨੂੰ ਦੱਸੋ।'

## ਪੰਜਾਬ, ਛੱਤੀਸਗੜ੍ਹ ਸਰਕਾਰਾਂ ਵੱਲੋਂ ਪਰਿਵਾਰਾਂ ਨੂੰ 50-50 ਲੱਖ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਜੋ ਰਾਹੁਲ ਗਾਂਧੀ ਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ ਬਘੇਲ ਨਾਲ ਲਖੀਮਪੁਰ ਖੀਰੀ ਦੇ ਦੌਰੇ ਉਤੇ ਗਏ, ਨੇ ਕਿਹਾ ਕਿ ਪੰਜਾਬ ਸਰਕਾਰ ਲਖੀਮਪੁਰ ਖੀਰੀ ਹਿੰਸਾ 'ਚ ਮਾਰੇ 4 ਕਿਸਾਨਾਂ ਅਤੇ ਪੱਤਰਕਾਰ ਦੇ ਪਰਿਵਾਰਾਂ ਨੂੰ 50-50 ਲੱਖ ਰੁਪਏ ਦੇਵੇਗੀ। ਚੰਨੀ ਨੇ ਕਿਹਾ ਕਿ ਲਖੀਮਪੁਰ ਹਿੰਸਾ ਨੇ 1919 'ਚ ਵਾਪਰੇ ਜਲ੍ਹਿਆਂਵਾਲਾ ਬਾਗ ਕਤਲੇਆਮ ਦੀ ਯਾਦ ਦਿਵਾ ਦਿੱਤੀ ਹੈ।

## ਪ੍ਰਦਰਸ਼ਨ ਜਾਰੀ ਰਹੇਗਾ: ਟਿਕੈਤ

**ਮੁਜ਼ੱਫਰਨਗਰ:** ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਜਦੋਂ ਤੱਕ ਖੇਤੀ ਕਾਨੂੰਨ ਰੱਦ ਨਹੀਂ ਕੀਤੇ ਜਾਂਦੇ ਅਤੇ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਦਿੱਤੇ ਜਾਣ ਸਣੇ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ ਉਨ੍ਹਾਂ ਦਾ ਪ੍ਰਦਰਸ਼ਨ ਜਾਰੀ ਰਹੇਗਾ। ਉਨ੍ਹਾਂ ਉੱਤਰ ਪ੍ਰਦੇਸ਼ ਦੇ ਸ਼ਾਮਲੀ ਜ਼ਿਲ੍ਹੇ ਵਿਚ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਇਕ ਤੋਂ ਜਾਰੀ ਪ੍ਰਦਰਸ਼ਨ ਨੂੰ ਨਜ਼ਰ-ਅੰਦਾਜ਼ ਕਰ ਰਹੀ ਹੈ। ਇਸ ਪ੍ਰਦਰਸ਼ਨ ਵਿਚ 750 ਕਿਸਾਨਾਂ ਦੀ ਮੌਤ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਤਿੰਨੋਂ ਖੇਤੀ ਕਾਨੂੰਨ ਅਤੇ ਭਾਰਤੀ ਜਨਤਾ ਪਾਰਟੀ ਕਿਸਾਨ ਵਿਰੋਧੀ ਹਨ।

## ਬਹਿਰਾਈਚ ਪ੍ਰਸ਼ਾਸਨ ਵੱਲੋਂ ਸਿੱਖਾਂ ਦੇ ਸਬਰ ਦੀ ਸ਼ਲਾਘਾ

**ਬਹਿਰਾਈਚ:** ਬਹਿਰਾਈਚ ਜ਼ਿਲ੍ਹਾ ਪ੍ਰਸ਼ਾਸਨ ਨੇ ਗੁਰਮੁਖੀ 'ਚ ਲਿਖੇ ਪੱਤਰ ਰਾਹੀਂ ਸਿੱਖ ਭਾਈਚਾਰੇ ਤੱਕ ਪਹੁੰਚ ਕਰਦਿਆਂ ਉਨ੍ਹਾਂ ਵੱਲੋਂ ਲਖੀਮਪੁਰ ਖੀਰੀ ਹਿੰਸਾ ਮਗਰੋਂ ਜ਼ਾਬਤਾ/ਸੰਜਮ ਬਣਾ ਕੇ ਰੱਖਣ ਲਈ ਧੰਨਵਾਦ ਕੀਤਾ ਹੈ। ਜ਼ਿਲ੍ਹਾ ਮੈਜਿਸਟਰੇਟ ਦਿਨੇਸ਼ ਚੰਦਰ ਸਿੰਘ ਨੇ ਦਾਅਵਾ ਕੀਤਾ ਕਿ ਪ੍ਰਸ਼ਾਸਨ ਦੀ ਇਸ ਪਹਿਲਕਦਮੀ ਨਾਲ ਭਾਵੇਂ ਪੀੜਤ ਕਿਸਾਨ ਪਰਿਵਾਰਾਂ ਦਾ ਦੁੱਖ ਨਹੀਂ ਘਟਣਾ ਪਰ ਉਹ ਪ੍ਰਸ਼ਾਸਨ ਪ੍ਰਤੀ ਸਾਂਝ/ਨੇੜਤਾ ਜਰੂਰ ਮਹਿਸੂਸ ਕਰਨਗੇ। ਬਹਿਰਾਈਚ ਵਿਚ ਰਹਿੰਦੇ ਸਿੱਖ ਭਾਈਚਾਰੇ ਤੋਂ ਇਲਾਵਾ ਇਹ ਪੱਤਰ ਡਿਜੀਟਲ ਰੂਪ ਵਿੱਚ ਹੋਰਨਾਂ ਜਿਲ੍ਹਿਆਂ ਵਿਚ ਰਹਿੰਦੇ ਸਿੱਖਾਂ ਨੂੰ ਵੀ ਭੇਜਿਆ ਗਿਆ ਹੈ।

## ਕਿਸਾਨ ਹਮਦਰਦ ਭਾਜਪਾ ਆਗੂਆਂ ਦੀ ਕਾਰਜਕਾਰਨੀ 'ਚੋਂ ਛੁੱਟੀ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਜੇਪੀ ਨੱਢਾ ਨੇ ਪਾਰਟੀ ਦੀ ਨਵੀਂ ਕੌਮੀ ਕਾਰਜਕਾਰਨੀ ਦਾ ਐਲਾਨ ਕੀਤਾ ਹੈ। ਤਿੰਨ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੇ ਕਿਸਾਨਾਂ ਲਈ ਹਮਦਰਦੀ ਦਿਖਾਉਣ ਵਾਲੇ ਵਰੁਣ ਗਾਂਧੀ, ਚੌਧਰੀ ਵੀਰੇਂਦਰ ਸਿੰਘ ਤੇ ਸਾਬਕਾ ਕੇਂਦਰੀ ਮੰਤਰੀ ਮੇਨਕਾ ਗਾਂਧੀ ਦੀ ਥਾਂ ਨਵੇਂ ਨੇਤਾਵਾਂ ਨੂੰ ਨਵੀਂ ਕਾਰਜਕਾਰਨੀ 'ਚ ਥਾਂ ਦਿੱਤੀ ਗਈ ਹੈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ, ਰਾਜਨਾਥ ਸਿੰਘ ਤੇ ਨਿਤਿਨ ਗਡਕਰੀ, ਬਜ਼ੁਰਗ ਆਗੂ ਲਾਲ ਕ੍ਰਿਸ਼ਨ ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਸਮੇਤ 80 ਆਗੂਆਂ ਨੂੰ ਮੈਂਬਰ ਚੁਣਿਆ ਗਿਆ ਹੈ। ਕੇਂਦਰੀ ਮੰਤਰੀ ਰਾਓ ਇੰਦਰਜੀਤ ਸਿੰਘ ਤੇ ਪ੍ਰਹਿਲਾਦ ਪਟੇਲ, ਕਈ ਮੁੱਦਿਆਂ 'ਤੇ ਪਾਰਟੀ ਤੋਂ ਵੱਖਰਾ ਰੁਖ ਰੱਖਣ ਵਾਲੇ ਸੁਬਰਾਮਨੀਅਨ ਸਵਾਮੀ, ਸਾਬਕਾ ਕੇਂਦਰੀ ਮੰਤਰੀ ਸੁਰੇਸ਼ ਪ੍ਰਭੂ, ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਦੇ ਪੁੱਤਰ ਤੇ ਸੰਸਦ ਮੈਂਬਰ ਦੁਸ਼ਯੰਤ ਸਿੰਘ, ਵਿਜੈ ਗੋਇਲ, ਵਿਨੈ ਕਟਿਆਰ ਤੇ ਐਸ.ਐਸ. ਆਹਲੂਵਾਲੀਆ ਨੂੰ ਵੀ ਨਵੀਂ ਕੌਮੀ ਕਾਰਜਕਾਰਨੀ 'ਚ ਥਾਂ ਨਹੀਂ ਮਿਲੀ ਹੈ। ਕਾਂਗਰਸ ਛੱਡ ਕੇ ਭਾਜਪਾ 'ਚ ਆਏ ਜਯੋਤਿਰਦਿੱਤਿਆ ਸਿੰਧੀਆ, ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ, ਦਿੱਲੀ ਦੇ ਸੰਸਦ ਮੈਂਬਰ ਰਮੇਸ਼ ਵਿਧੂੜੀ ਕਾਰਜਕਾਰਨੀ 'ਚ ਸ਼ਾਮਲ ਕੀਤੇ ਗਏ ਨਵੇਂ ਮੈਂਬਰ ਹਨ। ਕੇਂਦਰੀ ਮੰਤਰੀ ਪਿਊਸ਼ ਗੋਇਲ, ਧਰਮੇਂਦਰ ਪ੍ਰਧਾਨ ਤੇ ਨਿਰਮਲਾ ਸੀਤਾਰਾਮਨ ਕਾਰਜਕਾਰਨੀ 'ਚ ਬਣੇ ਰਹਿਣਗੇ।

ਵਰੁਣ ਗਾਂਧੀ, ਸਵਾਮੀ ਤੇ ਵੀਰੇਂਦਰ ਸਿੰਘ ਨੂੰ ਕਾਰਜਕਾਰਨੀ ਤੋਂ ਬਾਹਰ ਕੀਤੇ ਜਾਣ ਨੂੰ ਵੱਖ ਵੱਖ ਮੁੱਦਿਆਂ 'ਤੇ ਇਨ੍ਹਾਂ ਆਗੂਆਂ ਦੇ ਰੁਖ ਤੋਂ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦੀ ਨਾਰਾਜ਼ਗੀ ਵਜੋਂ ਦੇਖਿਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਵਰੁਣ ਗਾਂਧੀ ਤਿੰਨ ਕੇਂਦਰੀ ਖੇਤੀ ਕਾਨੂੰਨ ਖਿਲਾਫ ਅੰਦੋਲਨ ਕਰ ਰਹੇ ਕਿਸਾਨਾਂ ਦੇ ਹੱਕ 'ਚ ਲਗਾਤਾਰ ਆਵਾਜ਼ ਉਠਾ ਰਹੇ ਹਨ। ਉਨ੍ਹਾਂ ਹਾਲ ਹੀ 'ਚ ਲਖੀਮਪੁਰ ਖੀਰੀ ਦੀ ਘਟਨਾ ਲਈ ਵੀ ਸਰਕਾਰ ਦੀ ਨਿੰਦਾ ਕੀਤੀ ਸੀ। ਮੇਨਕਾ ਗਾਂਧੀ ਤੇ ਵੀਰੇਂਦਰ ਸਿੰਘ ਵੀ ਕਿਸਾਨਾਂ ਲਈ ਹਮਦਰਦੀ ਜ਼ਾਹਿਰ ਕਰਦੇ ਰਹੇ ਹਨ। ਰਾਓ ਇੰਦਰਜੀਤ ਸਿੰਘ 'ਤੇ ਭਾਜਪਾ ਦੀ ਲੀਡਰਸ਼ਿਪ ਵਿਚਾਲੇ ਕੁਝ ਤਲਖ਼ੀ ਆਈ ਹੈ। ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਵੀ ਕਾਰਜਕਾਰਨੀ 'ਚ ਵਾਪਸੀ ਕੀਤੀ ਹੈ। ਕੇਂਦਰੀ ਮੰਤਰੀ ਮੰਡਲ 'ਚੋਂ ਬਾਹਰ ਕੀਤੇ ਗਏ ਹਰਸ਼ਵਰਧਨ, ਰਵੀਸ਼ੰਕਰ ਪ੍ਰਸਾਦ ਤੇ ਪ੍ਰਕਾਸ਼ ਜਾਵੜੇਕਰ ਕਾਰਜਕਾਰਨੀ 'ਚ ਆਪਣੀ ਥਾਂ ਬਚਾਉਣ 'ਚ ਕਾਮਯਾਬ ਰਹੇ ਹਨ। ਫਿਲਮ ਅਦਾਕਾਰ ਮਿਥੁਨ ਚਕਰਵਰਤੀ, ਸਾਬਕਾ ਕੇਂਦਰੀ ਮੰਤਰੀ ਦਿਨੇਸ਼ ਤ੍ਰਿਵੇਦੀ ਤੇ ਰਾਜ ਸਭਾ ਮੈਂਬਰ ਸਵਪਨ ਦਾਸਗੁਪਤਾ ਸਮੇਤ ਪੱਛਮੀ ਬੰਗਾਲ ਦੇ ਛੇ ਨੇਤਾਵਾਂ ਨੂੰ ਕਾਰਜਕਾਰਨੀ 'ਚ ਥਾਂ ਦਿੱਤੀ ਗਈ ਹੈ। ਇਨ੍ਹਾਂ ਸਾਰਿਆਂ ਨੂੰ ਸਪੈਸ਼ਲ ਇਨਵਾਈਟੀ ਮੈਂਬਰ ਬਣਾਇਆ ਗਿਆ ਹੈ।

## ਲਖੀਮਪੁਰ ਘਟਨਾ ਕਾਰਨ ਪਰਵਾਸੀਆਂ ਵਿਚ ਰੋਸ

**ਚੰਡੀਗੜ੍ਹ:** ਲਖੀਮਪੁਰ ਖੀਰੀ ਵਾਲੀ ਘਟਨਾ ਦੀ ਦੁਨੀਆ ਭਰ ਵਿਚ ਨਿੰਦਾ ਹੋ ਰਹੀ ਹੈ। ਇੰਗਲੈਂਡ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਸਮੇਤ ਅਮਰੀਕਾ, ਕੈਨੇਡਾ, ਆਸਟਰੇਲੀਆ, ਫਰਾਂਸ, ਹਾਲੈਂਡ ਤੇ ਜਰਮਨੀ ਤੋਂ ਧਾਰਮਿਕ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਇਸ ਘਟਨਾ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ ਅਤੇ ਗੋਦੀ ਮੀਡੀਆ ਵੱਲੋਂ ਇਸ ਘਟਨਾ ਵਿਚ ਕਿਸਾਨਾਂ ਨੂੰ ਦੋਸ਼ੀ ਦੱਸਣ 'ਤੇ ਹੈਰਾਨੀ ਜਤਾਈ ਹੈ।

ਸ੍ਰੀ ਢੇਸੀ ਨੇ ਲਖੀਮਪੁਰ ਖੀਰੀ ਵਿਚ ਵਾਪਰੀ ਘਟਨਾ ਨੂੰ ਕਿਸਾਨਾਂ ਦਾ ਕਤਲੇਆਮ ਦੱਸਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੇ ਇਸ ਘਟਨਾ ਦੀ ਵੀਡੀਓ ਦੇਖੀ ਤਾਂ ਉਨ੍ਹਾਂ ਦਾ ਖ਼ੂਨ ਖੌਲ ਉਠਿਆ। ਲਖੀਮਪੁਰ ਖੀਰੀ ਵਿਚ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਉਨ੍ਹਾਂ ਕਿਹਾ ਕਿ ਮੀਡੀਆ ਦੇ ਇਕ ਹਿੱਸੇ ਨੇ ਇਸ ਨੂੰ ਗਲਤ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਆਪ ਵੀ ਖੇਤੀ ਪਿਛੋਕੜ ਵਾਲੇ ਹਨ। ਉਨ੍ਹਾਂ ਪ੍ਰਸ਼ਾਸਨ ਅਤੇ ਮੀਡੀਆ ਨੂੰ ਅਪੀਲ ਕੀਤੀ ਕਿ ਉਹ ਪੀੜਤ ਪਰਿਵਾਰਾਂ ਨੂੰ ਇਨਸਾਫ ਦੁਆਉਣ ਲਈ ਯਤਨ ਕਰਨ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਸ਼ਾਂਤਮਈ ਪ੍ਰਦਰਸ਼ਨ ਜਾਰੀ ਰੱਖਣ ਅਤੇ ਇਨਸਾਫ ਦੀ ਲੜਾਈ ਲੜਦੇ ਰਹਿਣ। ਢੇਸੀ ਨੇ ਯਕੀਨ ਦੁਆਇਆ ਕਿ ਉਨ੍ਹਾਂ ਨੂੰ ਦੁਨੀਆ ਭਰ ਵਿਚੋਂ ਸਮਰਥਨ ਮਿਲ ਰਿਹਾ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਯਾਦ ਦਿਵਾਇਆ ਕਿ ਉਹ ਪੰਜਾਬ ਦੀ ਅਮੀਰ ਵਿਰਾਸਤ ਦੇ ਵਾਰਸ ਹਨ ਤੇ ਉਹ ਜਾਣਦੇ ਹਨ ਕਿ ਸ਼ਾਂਤਮਈ ਰਹਿ ਕੇ ਇਨਸਾਫ ਕਿਵੇਂ ਲੈਣਾ ਹੈ।

# ਕਿਸਾਨ ਮਸਲਿਆਂ ਦੇ ਹੱਲ ਲਈ ਚਿਤਾਵਨੀ ਰੈਲੀ ਕੀਤੀ

**ਬਰਨਾਲਾ:** ਸੂਬੇ ਦੀ ਕਿਸਾਨੀ ਨੂੰ ਦਰਪੇਸ਼ ਮੰਗਾਂ ਦੇ ਹੱਲ ਲਈ ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਵੱਲੋਂ ਦਾਣਾ ਮੰਡੀ ਬਰਨਾਲਾ ਵਿੱਚ ਸੂਬਾ ਪੱਧਰੀ 'ਚਿਤਾਵਨੀ ਰੈਲੀ' ਕੀਤੀ ਗਈ। ਇਸ ਮੌਕੇ ਕਈ ਲਟਕਦੀਆਂ ਮੰਗਾਂ ਦੇ ਨਾਲ-ਨਾਲ ਪੰਜਾਬ 'ਚ 'ਅਫੀਮ' ਦੀ ਖੇਤੀ ਸ਼ੁਰੂ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ।

ਇਸ ਮੌਕੇ ਜੁੜੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਭਾਵੇਂ ਉਹ ਮੁੱਖ ਤੌਰ 'ਤੇ ਖੇਤੀ ਕਾਨੂੰਨਾਂ ਖਿਲਾਫ਼ ਚੱਲ ਰਹੇ ਅੰਦੋਲਨ ਕਾਰਨ ਦਿੱਲੀ ਬਾਰਡਰ 'ਤੇ ਬੈਠੇ ਹਨ, ਪਰ ਪੰਜਾਬ ਸਰਕਾਰ ਇਹ ਨਾ ਸਮਝੇ ਕਿ ਉਹ ਸੂਬੇ ਦੀਆਂ ਮੰਗਾਂ ਪ੍ਰਤੀ ਅਵੇਸਲੇ ਹਨ।

ਉਨ੍ਹਾਂ ਮੰਗ ਕੀਤੀ ਕਿ ਝੋਨੇ ਦੀ ਬਿਨਾਂ ਦਸਤਾਵੇਜ਼ੀ ਸ਼ਰਤਾਂ ਦੇ ਦਾਣਾ-ਦਾਣਾ ਫਸਲ ਖਰੀਦੀ ਜਾਵੇ, ਗੁਲਾਬੀ ਸੁੰਡੀ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਘੱਟੋ-ਘੱਟ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਤੇ ਮਜ਼ਦੂਰਾਂ ਲਈ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ, ਕਿਸਾਨੀ ਅੰਦੋਲਨ ਦੌਰਾਨ ਮਾਰੇ ਗਏ ਕਿਸਾਨਾਂ ਨੂੰ 26 ਨਵੰਬਰ 2020 ਤੋਂ ਨਹੀਂ ਬਲਕਿ ਬੀਤੀ 5 ਜੂਨ 2020 ਤੋਂ ਸ਼ਹੀਦ ਮੰਨ ਕੇ 5 ਲੱਖ ਰੁਪਏ ਮੁਆਵਜ਼ਾ ਤੇ ਸਰਕਾਰੀ ਨੌਕਰੀ ਦੀ ਸਹੂਲਤ ਦਿੱਤੀ ਜਾਵੇ, ਪਰਾਲੀ ਦੇ ਨਿਪਟਾਰੇ ਲਈ ਕਿਸਾਨਾਂ ਨੂੰ 8 ਹਜ਼ਾਰ ਰੁਪਏ ਪ੍ਰਤੀ ਏਕੜ



ਸਹਾਇਤਾ ਰਾਸ਼ੀ ਦਿੱਤੀ ਜਾਵੇ ਤੇ ਦਰਜ ਕੇਸ ਰੱਦ ਕੀਤੇ ਜਾਣ।

ਆਗੂਆਂ ਨੇ ਖੇਤੀ ਲਈ ਨਿਰਵਿਘਨ ਬਿਜਲੀ ਸਪਲਾਈ ਦੀ ਮੰਗ ਕੀਤੀ। ਬੂਟਾ ਸਿੰਘ ਸ਼ਾਦੀਪੁਰ ਅਤੇ ਮਹਿਲਾ ਆਗੂ ਗੁਰਜੀਤ ਕੌਰ ਨੇ ਕਿਹਾ ਕਿ ਪੰਜਾਬ ਦੀ ਖੇਤੀ ਨੂੰ ਸਿਰਫ ਤੇ ਸਿਰਫ ਅਫ਼ੀਮ (ਖਸਖਸ) ਦੀ ਖੇਤੀ ਸ਼ੁਰੂ ਕਰ ਕੇ ਹੀ ਲਾਹੇਵੰਦ ਬਣਾਇਆ ਜਾ ਸਕਦਾ ਹੈ। ਯੂਪੀ ਤੋਂ ਪੁੱਜੇ ਯੁੱਧਵੀਰ ਸਿੰਘ ਨੇ ਕਾਲੇ ਖੇਤੀ ਕਾਨੂੰਨਾਂ ਬਾਰੇ ਕਿਹਾ ਕਿ 2011-12 ਦੀ ਯੂ.ਪੀ.ਏ. ਸਰਕਾਰ ਸਮੇਂ ਅਜਿਹੇ ਪ੍ਰਸਤਾਵਾਂ ਦਾ ਭਾਜਪਾ ਵਿਰੋਧ ਕਰਦੀ ਰਹੀ ਹੈ ਤਾਂ ਉਹੀ 2020 ਵਿਚ ਠੀਕ ਕਿਵੇਂ ਹੋ ਗਏ? ਉਨ੍ਹਾਂ ਦੱਸਿਆ ਕਿ ਬੀਟੀ ਕਾਟਨ ਲਿਆ ਕੇ ਦੇਸ਼ ਦੀਆਂ 3400 ਦੇਸੀ ਕਿਸਮਾਂ ਦਾ ਖਾਤਮਾ ਕੀਤਾ ਜਾ ਚੁੱਕਿਆ ਹੈ। ਯੂਨੀਅਨ ਵੱਲੋਂ ਪਰਾਲੀ ਨਾ ਸਾੜਨ 'ਤੇ ਕਿਸਾਨਾਂ ਨੂੰ 8 ਹਜ਼ਾਰ ਪ੍ਰਤੀ ਏਕੜ ਨਾ ਦਿੱਤੇ ਜਾਣ 'ਤੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਖੁੱਲ੍ਹੇਆਮ ਪਰਾਲੀ ਸਾੜਨ ਦੀ ਪੰਜਾਬ ਸਰਕਾਰ ਨੂੰ ਮੰਚ ਤੋਂ ਚੁਣੌਤੀ ਤੇ ਚਿਤਾਵਨੀ ਦਿੱਤੀ।

## ਖੱਟਰ ਬਿਆਨ ਮਹਿੰਗਾ ਪਵੇਗਾ: ਰਾਜੇਵਾਲ

**ਡੱਬਵਾਲੀ:** ਇਥੋਂ ਦੀ ਦਾਣਾ ਮੰਡੀ ਵਿਚ ਖੇਤੀ ਕਾਨੂੰਨਾਂ ਖਿਲਾਫ਼ 'ਦਿੱਲੀ ਚੱਲੋ ਜਨ ਜਾਗ੍ਰਿਤੀ ਮਹਾਸੰਮੇਲਨ' ਕਰਵਾਇਆ ਗਿਆ, ਜਿਸ ਵਿਚ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਹਜ਼ਾਰਾਂ ਕਿਸਾਨਾਂ ਨੇ ਸ਼ਾਮਲ ਹੋ ਕੇ ਕੇਂਦਰੀ ਕਾਨੂੰਨਾਂ ਵਿਰੁੱਧ ਡਟਵੇਂ ਸੰਘਰਸ਼ ਦੀ ਵਚਨਬੱਧਤਾ ਦੁਹਰਾਈ। ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਸੰਘਰਸ਼ਸ਼ੀਲ ਕਿਸਾਨਾਂ ਖਿਲਾਫ਼ ਲੱਠ ਚੁੱਕਣ ਵਾਲਾ (ਵਾਪਸ ਲਿਆ) ਬਿਆਨ ਖਾਸਾ ਮਹਿੰਗਾ ਪਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਅਜਿਹਾ ਗੈਰ-ਲੋਕਤੰਤਰੀ ਬਿਆਨ ਦੇ ਕੇ ਸੰਵਿਧਾਨਕ ਸਹੁੰ ਦੀ ਉਲੰਘਣਾ ਕੀਤੀ ਹੈ। ਇਸ ਸਬੰਧੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਉਨ੍ਹਾਂ ਨੂੰ ਅਹੁਦੇ ਤੋਂ ਲਾਹੁਣ ਅਤੇ ਉਨ੍ਹਾਂ ਖਿਲਾਫ਼ ਕੇਸ ਚਲਾਉਣ ਦੀ ਮੰਗ ਕੀਤੀ ਜਾਵੇਗੀ।

## ਝੋਨਾ ਖਰੀਦ ਲਈ ਹੱਦ ਤੈਅ ਕਰਨਾ ਕਿਸਾਨ ਵਿਰੋਧੀ ਫੈਸਲਾ ਕਰਾਰ

**ਚੰਡੀਗੜ੍ਹ:** ਪੰਜਾਬ ਵਿੱਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਝੋਨੇ ਦੀ ਖਰੀਦ ਲਈ 34 ਕੁਇੰਟਲ ਪ੍ਰਤੀ ਏਕੜ ਦੀ ਹੱਦ ਤੈਅ ਕਰਨ ਨੂੰ ਕਿਸਾਨ ਵਿਰੋਧੀ ਫੈਸਲਾ ਕਰਾਰ ਦਿੱਤਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਕਿਸਾਨਾਂ ਨੂੰ ਵੱਧ ਉਤਪਾਦਨ ਕਰਨ ਲਈ ਅਸਿੱਧੇ ਰੂਪ 'ਚ ਦਿੱਤੀ ਗਈ ਸਜ਼ਾ ਹੈ। ਕਿਸਾਨ ਆਗੂਆਂ ਨੇ ਇਹ ਹੁਕਮ ਵਾਪਸ ਲੈਣ ਦੀ ਮੰਗ ਕੀਤੀ ਹੈ। ਬੁਲਾਰਿਆਂ ਨੇ ਭਾਜਪਾ ਦੀਆਂ ਚਾਲਾਂ ਫੇਲ੍ਹ ਕਰਨ ਲਈ ਦਿੱਲੀ ਦੇ ਮੋਰਚਿਆਂ ਨੂੰ ਮਜ਼ਬੂਤ ਕਰਨ ਅਤੇ ਝੋਨੇ ਦੀ ਵਾਢੀ ਤੇ ਕਣਕ ਦੀ ਬਿਜਾਈ ਦੇ ਸੀਜ਼ਨ ਦੌਰਾਨ ਵੀ ਕਿਸਾਨੀ ਸੰਘਰਸ਼ ਮਘਦਾ ਰੱਖਣ ਲਈ ਵਿਉਂਤਬੰਦੀ ਕਰਨ ਦੀ ਅਪੀਲ ਕੀਤੀ।

# ਲਖੀਮਪੁਰ: ਸੁਪਰੀਮ ਕੋਰਟ ਦੇ ਦਖਲ ਪਿੱਛੋਂ ਨਿਆਂ ਦੀ ਆਸ ਬੱਝੀ

## ਕੇਂਦਰੀ ਮੰਤਰੀ ਦਾ ਮੁੰਡਾ ਆਸ਼ੀਸ਼ ਮਿਸ਼ਰਾ ਗ੍ਰਿਫਤਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਦਖਲ ਪਿੱਛੋਂ ਲਖੀਮਪੁਰ ਖੀਰੀ ਘਟਨਾ ਵਿਚ ਨਿਆਂ ਦੀ ਆਸ ਬੱਝੀ ਹੈ। ਸੁਪਰੀਮ ਕੋਰਟ ਨੇ ਮਾਮਲੇ ਵਿਚ ਉਤਰ ਪ੍ਰਦੇਸ਼ ਪੁਲਿਸ ਵੱਲੋਂ ਹੁਣ ਤੱਕ ਕੀਤੀ ਜਾਂਚ ਨੂੰ 'ਗੈਰ-ਤਸੱਲੀਬਖਸ਼' ਕਰਾਰ ਦਿੱਤਾ ਸੀ ਜਿਸ ਪਿੱਛੋਂ ਪੁਲਿਸ ਕੁਝ ਹਰਕਤ ਵਿਚ ਆਉਂਦੀ ਨਜ਼ਰ ਆ ਰਹੀ ਹੈ।



ਕੇਂਦਰੀ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਤਿੰਨ ਅਕਤੂਬਰ ਦੀ ਲਖੀਮਪੁਰ ਖੀਰੀ ਦੀ ਘਟਨਾ ਸਬੰਧੀ 14 ਦਿਨ ਲਈ ਨਿਆਇਕ ਹਿਰਾਸਤ 'ਚ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਘਟਨਾ ਦੇ ਸਬੰਧ 'ਚ ਸਿੱਟ ਨੇ ਆਸ਼ੀਸ਼ ਮਿਸ਼ਰਾ ਤੋਂ 12 ਘੰਟੇ ਪੁੱਛ ਪੜਤਾਲ ਤੋਂ ਬਾਅਦ ਉਸ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ। ਆਸ਼ੀਸ਼ ਮਿਸ਼ਰਾ 'ਤੇ ਦੋਸ਼ ਲਾਏ ਗਏ ਹਨ ਉਹ ਉਨ੍ਹਾਂ ਵਾਹਨਾਂ 'ਚੋਂ ਇਕ 'ਚ ਸਵਾਰ ਸੀ ਜਿਨ੍ਹਾਂ ਨੇ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਦਾ ਵਿਰੋਧ ਕਰਨ ਜਾ ਰਹੇ ਕਿਸਾਨਾਂ ਨੂੰ ਦਰੜਿਆ ਹੈ। ਕਿਸਾਨ ਆਗੂ ਤੇ ਵਿਰੋਧੀ ਪਾਰਟੀਆਂ ਆਸ਼ੀਸ਼ ਮਿਸ਼ਰਾ ਦੀ ਗ੍ਰਿਫਤਾਰੀ ਦੀ ਮੰਗ ਕਰ ਰਹੀਆਂ ਸਨ ਪਰ ਮੰਤਰੀ ਤੇ ਉਸ ਦਾ ਪੁੱਤਰ ਦੋਸ਼ਾਂ ਤੋਂ ਇਨਕਾਰ ਕਰ ਰਹੇ ਸਨ।

ਦੋਸ਼ ਹਨ ਕਿ ਮਿਸ਼ਰਾ ਨੇ ਪੁਲਿਸ ਦੇ ਸਵਾਲਾਂ ਦਾ ਸਹੀ ਜਵਾਬ ਨਹੀਂ ਦਿੱਤਾ ਤੇ ਜਾਂਚ 'ਚ ਸਹਿਯੋਗ ਨਹੀਂ ਕੀਤਾ। ਇਸ ਲਈ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੱਸ ਦਈਏ ਕਿ ਸਿਖਰਲੀ ਅਦਾਲਤ ਨੇ ਯੂਪੀ ਸਰਕਾਰ ਦੀ ਝਾੜ-ਝੰਬ ਕਰਦਿਆਂ ਸਵਾਲ ਕੀਤਾ ਸੀ ਕਿ ਉਹ ਕੀ ਸੁਨੇਹਾ ਦੇਣਾ ਚਾਹੁੰਦੀ ਹੈ ਤੇ ਹੁਣ ਤੱਕ ਮੁਲਜ਼ਮਾਂ ਨੂੰ ਗ੍ਰਿਫਤਾਰ ਕਿਉਂ ਨਹੀਂ ਕੀਤਾ ਗਿਆ। ਕੋਰਟ ਨੇ ਕਿਹਾ ਕਿ ਧਾਰਾ 302 ਤਹਿਤ ਲੱਗੇ ਦੋਸ਼ ਗੰਭੀਰ ਹਨ ਤੇ ਕੀ ਇਸੇ ਧਾਰਾ ਤਹਿਤ ਦਰਜ ਹੋਰਨਾਂ ਕੇਸਾਂ ਨਾਲ ਵੀ ਇਸੇ ਢੰਗ-ਤਰੀਕੇ ਨਾਲ ਸਿੱਝਿਆ ਜਾਂਦਾ ਹੈ।

ਕੋਰਟ ਨੇ ਸਬੂਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਹਦਾਇਤ ਕਰਦਿਆਂ ਸਾਫ ਕਰ ਦਿੱਤਾ ਸੀ ਕਿ ਉਹ ਇਸ ਕੇਸ ਦੀ ਜਾਂਚ ਕਿਸੇ ਹੋਰ ਏਜੰਸੀ ਨੂੰ ਤਬਦੀਲ ਕਰਨ ਬਾਰੇ ਵਿਚਾਰ ਕਰ ਰਹੀ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਕਿਹਾ ਕਿ ਕੇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣਾ ਕੋਈ ਹੱਲ ਨਹੀਂ ਹੈ। ਕੇਸ ਦੀ ਅਗਲੀ ਸੁਣਵਾਈ (ਦਸਹਿਰੇ ਦੀਆਂ) ਛੁੱਟੀਆਂ ਮਗਰੋਂ 20 ਅਕਤੂਬਰ ਨੂੰ ਹੋਵੇਗੀ। ਕਾਬਲੇਗੌਰ ਹੈ ਕਿ ਸੁਪਰੀਮ ਕੋਰਟ ਨੇ 3 ਅਕਤੂਬਰ ਨੂੰ ਲਖੀਮਪੁਰ ਖੀਰੀ 'ਚ ਵਾਪਰੀ ਘਟਨਾ 'ਚ ਚਾਰ ਕਿਸਾਨਾਂ ਸਮੇਤ ਅੱਠ ਵਿਅਕਤੀਆਂ ਦੀ ਹੱਤਿਆ ਨੂੰ 'ਮੰਦਭਾਗੀ' ਦੱਸਦਿਆਂ ਯੂਪੀ ਸਰਕਾਰ ਨੂੰ ਕੋਰਟ ਵਿੱਚ 'ਸਥਿਤੀ' ਰਿਪੋਰਟ ਦਾਖਲ ਕਰਨ ਦੀ ਤਾਕੀਦ ਕੀਤੀ ਸੀ। ਚੀਫ ਜਸਟਿਸ ਐੱਨ.ਵੀ.ਰਾਮੰਨਾ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ, "ਕਾਨੂੰਨ ਨੂੰ ਸਾਰੇ ਮੁਲਜ਼ਮਾਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ" ਤੇ ਸਰਕਾਰ ਨੂੰ 'ਅੱਠ ਲੋਕਾਂ ਦੇ ਬੇਰਹਿਮੀ ਨਾਲ ਕੀਤੇ ਕਤਲ' ਦੀ ਜਾਂਚ ਵਿਚ ਵਿਸ਼ਵਾਸ ਬਹਾਲੀ ਲਈ ਸਾਰੇ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਸੀ। ਯੂਪੀ ਸਰਕਾਰ ਵੱਲੋਂ ਪੇਸ਼ ਸੀਨੀਅਰ ਵਕੀਲ ਹਰੀਸ਼ ਸਾਲਵੇ ਨੇ ਕੇਸ ਦੇ ਹਵਾਲੇ ਨਾਲ ਕਿਹਾ ਕਿ ਯੂਪੀ ਸਰਕਾਰ ਨੂੰ 'ਨਵੇਂ ਸਿਰੇ ਤੋਂ ਪਕਵਾਨ ਬਣਾ ਕੇ ਤੇ ਇਸ ਨੂੰ ਪਲੇਟ ਵਿਚ ਪਰੋਸਣਯੋਗ ਬਣਾਉਣਾ ਹੋਵੇਗਾ।' ਸਾਲਵੇ ਨੇ ਕਿਹਾ ਕਿ ਹੁਣ ਤੱਕ ਜੋ ਕੁਝ ਕੀਤਾ ਗਿਆ, ਉਹ ਤਸੱਲੀਬਖ਼ਸ਼ ਨਹੀਂ।

ਚੀਫ ਜਸਟਿਸ ਐੱਨ.ਵੀ.ਰਾਮੰਨਾ ਦੀ ਅਗਵਾਈ ਵਾਲੀ ਵਾਲੇ ਬੈਂਚ ਨੇ ਯੂਪੀ ਸਰਕਾਰ ਵੱਲੋਂ ਪੇਸ਼ ਸਥਿਤੀ ਰਿਪੋਰਟ 'ਤੇ ਟਿੱਪਣੀ ਕਰਦਿਆਂ ਕਿਹਾ ਕਿ 'ਅਸੀਂ ਸੂਬਾ ਸਰਕਾਰ ਵੱਲੋਂ ਹੁਣ ਤੱਕ ਕੀਤੀ ਕਾਰਵਾਈ ਤੋਂ ਸੰਤੁਸ਼ਟ ਨਹੀਂ ਹਾਂ।' ਇਸ ਕੇਸ ਨੂੰ (ਦਸਹਿਰੇ ਦੀਆਂ) ਛੁੱਟੀਆਂ ਮਗਰੋਂ ਫੌਰੀ ਸੂਚੀਬੱਧ ਕੀਤਾ ਜਾਵੇ।' ਬੈਂਚ, ਜਿਸ ਵਿਚ ਜਸਟਿਸ ਸੂਰਿਆ ਕਾਂਤ ਤੇ ਜਸਟਿਸ ਹਿਮਾ ਕੋਹਲੀ ਵੀ ਸ਼ਾਮਲ ਸਨ, ਨੇ ਆਸ ਜਤਾਈ ਕਿ ਸੂਬਾ ਸਰਕਾਰ ਕੇਸ ਦੀ ਸੰਵੇਦਸ਼ੀਲਤਾ ਦੇ ਮੱਦੇਨਜਰ 'ਲੋੜੀਂਦੀ ਪੇਸ਼ਕਦਮੀ' ਕਰੇਗੀ। ਸਿਖਰਲੀ ਅਦਾਲਤ ਨੇ ਪੁਲਿਸ ਦੇ ਮੁਲਜ਼ਮ (ਆਸ਼ੀਸ਼ ਮਿਸ਼ਰਾ) ਪ੍ਰਤੀ ਅਪਣਾਈ ਨਰਮ ਪਹੁੰਚ 'ਤੇ ਵੀ ਉਜ਼ਰ ਜਤਾਇਆ।

### ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਮੰਗੀ

**ਨਵੀਂ ਦਿੱਲੀ:** ਲਖੀਮਪੁਰ ਖੀਰੀ ਦਾ ਦੌਰਾ ਕਰਨ ਮਗਰੋਂ ਇਥੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਬਾਦਲ ਨੇ ਘਟਨਾ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕਰਵਾਉਣ ਅਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੂੰ ਤੁਰਤ ਬਰਖ਼ਾਸਤ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਹ ਸਾਰਾ ਮਾਮਲਾ ਗੈਰ-ਭਾਜਪਾ ਸ਼ਾਸਿਤ ਸੂਬੇ ਵਿਚ ਤਬਦੀਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉੱਤਰ ਪ੍ਰਦੇਸ਼ ਪੁਲਿਸ ਕੇਂਦਰੀ ਗ੍ਰਹਿ ਰਾਜ ਮੰਤਰੀ ਖਿਲਾਫ ਕਾਰਵਾਈ ਕਰਨ ਦੀ ਸਥਿਤੀ 'ਚ ਨਹੀਂ ਹੈ। ਹਰਸਿਮਰਤ ਬਾਦਲ ਨੇ ਦੋਸ਼ ਲਾਇਆ ਕਿ ਅਜੈ ਮਿਸ਼ਰਾ ਨੇ ਲੋਕਾਂ ਨੂੰ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਖਿਲਾਫ ਹਿੰਸਾ ਲਈ ਭੜਕਾਇਆ, ਇਸ ਕਰਕੇ ਭਾਜਪਾ ਆਗੂ ਖਿਲਾਫ ਤੁਰਤ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ।

# ਆਸ਼ੀਸ਼ ਮਿਸ਼ਰਾ ਖਿਲਾਫ ਲਾਈਆਂ ਧਾਰਾਵਾਂ 'ਤੇ ਮੋਰਚੇ ਨੇ ਚੁੱਕੇ ਸਵਾਲ



**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ 'ਟੇਨੀ' ਦੇ ਪੁੱਤਰ ਆਸ਼ੀਸ਼ ਮਿਸ਼ਰਾ ਦੀ ਗ੍ਰਿਫਤਾਰੀ ਲਈ ਲਾਈਆਂ ਧਾਰਾਵਾਂ ਉਪਰ ਸਵਾਲ ਉਠਾਉਂਦਿਆਂ ਕਿਹਾ ਕਿ ਅਜੈ ਮਿਸ਼ਰਾ ਦੇ ਕੇਂਦਰੀ ਵਜ਼ਾਰਤ ਵਿਚ ਰਹਿੰਦਿਆਂ ਇਸ ਕੇਸ 'ਚ ਨਿਰਪੱਖ ਜਾਂਚ ਮੁਸ਼ਕਲ ਹੈ। ਕਿਸਾਨ ਆਗੂਆਂ ਨੇ ਘਟਨਾ ਵਾਲੀ ਥਾਂ ਤੋਂ ਸਬੂਤਾਂ ਨਾਲ ਛੇੜਛਾੜ ਕੀਤੇ ਜਾਣ ਦੇ ਖ਼ਦਸ਼ੇ ਵੀ ਪ੍ਰਗਟਾਏ ਹਨ। ਮੋਰਚੇ ਦੇ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਅਜੈ ਮਿਸ਼ਰਾ ਦਾ ਮੋਦੀ ਸਰਕਾਰ ਵਿਚ ਮੰਤਰੀ ਬਣੇ ਰਹਿਣਾ ਸਮਝ ਤੋਂ ਪਰੇ ਹੈ। ਉਨ੍ਹਾਂ ਕਿਹਾ ਕਿ ਰਾਜ ਮੰਤਰੀ ਦੀ ਦੁਸ਼ਮਣੀ ਤੇ ਨਫਤਰ ਭੜਕਾਉਣ, ਅਪਰਾਧਿਕ ਸਾਜ਼ਿਸ਼ ਤੇ ਕਥਿਤ ਕਾਤਲਾਂ ਨੂੰ ਪਨਾਹ ਦੇਣ ਅਤੇ ਨਿਆਂ 'ਚ ਰੁਕਾਵਟ ਪਾਉਣ 'ਚ ਕਥਿਤ ਭੂਮਿਕਾ ਰਹੀ ਹੈ।

ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਵਜੋਂ ਅਜੈ ਮਿਸ਼ਰਾ ਦੇ ਮੋਦੀ ਸਰਕਾਰ ਵਿਚ ਰਹਿਣ ਨਾਲ ਨਿਰਪੱਖ ਜਾਂਚ ਮੁਸ਼ਕਲ ਹੈ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਤੇ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਆਸ਼ੀਸ਼ ਮਿਸ਼ਰਾ ਨੂੰ ਲਖੀਮਪੁਰ ਖੀਰੀ ਕਿਸਾਨ ਕਤਲੇਆਮ ਦੀ ਜਾਂਚ ਵਿਚ ਸਹਿਯੋਗ ਨਾ ਕਰਨ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਸ਼ੁਰੂਆਤੀ ਸੰਮਨ 160 ਸੀ.ਆਰ.ਪੀ.ਸੀ. ਦੇ ਸਨ ਜੋ ਗਵਾਹਾਂ ਲਈ ਹਨ, ਜਿਸ ਤੋਂ ਸਾਫ ਹੈ ਕਿ ਆਸ਼ੀਸ਼ ਨੂੰ ਨਿਰਦੋਸ਼ ਕਿਸਾਨਾਂ ਦੇ ਕਥਿਤ ਦੋਸ਼ੀ ਵਜੋਂ ਨਹੀਂ ਲਿਆ ਜਾ ਰਿਹਾ। ਇਸ ਕਾਰਨ ਐਸ.ਆਈ.ਟੀ. ਦੀ ਜਾਂਚ ਪ੍ਰਕ੍ਰਿਆ 'ਤੇ ਭਰੋਸਾ ਨਹੀਂ ਹੁੰਦਾ। ਕਿਸਾਨ ਆਗੂਆਂ ਗੁਰਨਾਮ ਸਿੰਘ ਚੜੂਨੀ ਤੇ ਜਗਜੀਤ ਸਿੰਘ ਡੱਲੇਵਾਲ ਨੇ ਸਬੂਤ ਸੁਰੱਖਿਅਤ ਕਰਨ ਤੇ ਰਿਪੋਰਟ ਸਿੱਧੀ ਸੁਪਰੀਮ ਕੋਰਟ ਨੂੰ ਦੇਣ ਦੀ ਅਪੀਲ ਕੀਤੀ ਹੈ।

# ਲਖੀਮਪੁਰ ਖੀਰੀ ਘਟਨਾ 'ਦਹਿਸ਼ਤੀ ਹਮਲਾ' ਕਰਾਰ

## ਸਰਕਾਰ ਦੀ ਘੇਰੇਬੰਦੀ ਲਈ ਸਖਤ ਰਣਨੀਤੀ ਬਣਾਉਣ ਦਾ ਐਲਾਨ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਕਿਸਾਨ ਯੂਨੀਅਨਾਂ ਨੇ ਲਖੀਮਪੁਰ ਖੀਰੀ ਘਟਨਾ ਨੂੰ 'ਦਹਿਸ਼ਤੀ ਹਮਲਾ' ਕਰਾਰ ਦਿੰਦਿਆਂ ਇਸ ਨੂੰ 'ਗਿਣੀ ਮਿਥੀ ਸਾਜ਼ਿਸ਼' ਦਾ ਹਿੱਸਾ ਦੱਸਿਆ ਹੈ। ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਸੰਘਰਸ਼ ਦੀ ਮੂਹਰੇ ਹੋ ਕੇ ਅਗਵਾਈ ਕਰ ਰਹੇ ਮੋਰਚੇ ਨੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਤੇ ਉਸ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਫੌਰੀ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।



ਮੋਰਚੇ ਨੇ ਲਖੀਮਪੁਰ ਖੀਰੀ ਘਟਨਾ ਦੇ ਵਿਰੋਧ ਵਿਚ ਰੋਸ ਜਤਾਉਣ ਲਈ ਦਸਹਿਰੇ ਵਾਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਮੰਤਰੀ ਅਮਿਤ ਸ਼ਾਹ ਦੇ ਪੁਤਲੇ ਫੂਕਣ ਦਾ ਵੀ ਐਲਾਨ ਕੀਤਾ ਹੈ। 18 ਅਕਤੂਬਰ ਤੋਂ ਦੇਸ਼ ਭਰ ਵਿਚ 'ਰੇਲ ਰੋਕੋ' ਦਾ ਸੱਦਾ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ ਜਦੋਂਕਿ 26 ਅਕਤੂਬਰ ਨੂੰ ਲਖਨਊ 'ਚ ਮਹਾਂਪੰਚਾਇਤ ਹੋਵੇਗੀ। ਪ੍ਰੈੱਸ ਕਲੱਬ ਆਫ ਇੰਡੀਆ ਵਿਚ ਕੀਤੀ ਪ੍ਰੈੱਸ ਕਾਨਫਰੰਸ ਵਿਚ ਯੋਗੇਂਦਰ ਯਾਦਵ, ਰਾਕੇਸ਼ ਟਿਕੈਤ, ਦਰਸ਼ਨ ਪਾਲ, ਜੋਗਿੰਦਰ ਸਿੰਘ ਉਗਰਾਂਹਾ, ਹਰਪਾਲ ਸਿੰਘ, ਹਨਨ ਮੁੱਲਾ, ਸੁਰੇਸ਼ ਕੈਂਥ, ਰਾਜਵੀਰ ਜਦੌਨ ਤੇ ਅਭਿਮੰਨਿਊ ਕੋਹਾਟ ਮੌਜੂਦ ਸਨ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਯੋਗੇਂਦਰ ਯਾਦਵ ਨੇ ਕਿਹਾ ਕਿ ਅਜੈ ਮਿਸ਼ਰਾ ਨੂੰ ਕੇਂਦਰੀ ਵਜ਼ਾਰਤ 'ਚੋਂ ਲਾਂਭੇ ਕੀਤਾ ਜਾਵੇ, ਕਿਉਂਕਿ ਇਸ ਸਾਜ਼ਿਸ਼ ਦੀ ਸ਼ੁਰੂਆਤ ਉਨ੍ਹਾਂ ਹੀ ਕੀਤੀ ਸੀ ਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਵੱਲੋਂ ਕੇਸ ਵਿਚ ਸ਼ਾਮਲ ਹੋਰਨਾਂ ਮੁਲਜ਼ਮਾਂ ਨੂੰ ਬਚਾਇਆ ਜਾ ਰਿਹੈ। ਸਵਰਾਜ ਅਭਿਆਨ ਦੇ ਆਗੂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 15 ਅਕਤੂਬਰ ਨੂੰ ਦਸਹਿਰੇ ਵਾਲੇ ਦਿਨ ਲਖੀਮਪੁਰ ਖੀਰੀ ਹਿੰਸਾ ਖਿਲਾਫ ਵਿਰੋਧ ਦਰਜ ਕਰਵਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪੁਤਲੇ ਫੂਕੇ ਜਾਣਗੇ।

ਯੋਗੇਂਦਰ ਯਾਦਵ ਨੇ ਕਿਹਾ, "ਅਸੀਂ ਲਖੀਮਪੁਰ ਖੀਰੀ ਵਿੱਚ ਗਈਆਂ ਜਾਨਾਂ ਤੋਂ ਦੁਖੀ ਹਾਂ, ਫਿਰ ਇਹ ਭਾਜਪਾ ਵਰਕਰਾਂ ਦੀ ਹੋਵੇ ਜਾਂ ਕਿਸਾਨਾਂ ਦੀ। ਇਹ ਸਭ ਕੁਝ ਮੰਦਭਾਗਾ ਸੀ ਤੇ ਅਸੀਂ ਆਸ ਕਰਦੇ ਹਾਂ ਕਿ ਨਿਆਂ ਮਿਲੇਗਾ।' ਕਿਸਾਨ ਆਗੂ ਦਰਸ਼ਨ ਪਾਲ ਨੇ ਦਾਅਵਾ ਕੀਤਾ ਕਿ ਲਖੀਮਪੁਰ ਖੀਰੀ ਜਿਹੀਆਂ ਘਟਨਾਵਾਂ ਚਾਣਚੱਕ ਨਹੀਂ ਵਾਪਰਦੀਆਂ। ਉਨ੍ਹਾਂ ਕਿਹਾ, "ਕੇਂਦਰੀ ਮੰਤਰੀ ਅਜੈ ਮਿਸ਼ਰਾ ਨੇ 25 ਸਤੰਬਰ ਨੂੰ ਲਖੀਮਪੁਰ ਖੀਰੀ 'ਚ ਇਕ ਸਮਾਗਮ ਦੌਰਾਨ ਕੁਝ ਟਿੱਪਣੀਆਂ ਕੀਤੀਆਂ ਸਨ। 3 ਅਕਤੂਬਰ ਨੂੰ ਜੋ ਕੁਝ ਹੋਇਆ, ਇਹ(ਟਿੱਪਣੀਆਂ) ਉਸ ਦਾ ਪਿਛੋਕੜ ਸਿਰਜਦੀਆਂ ਹਨ। ਵੀਡੀਓ ਫੇਸਬੁੱਕ 'ਤੇ ਮੌਜੂਦ ਹੈ। ਇਹ ਘਟਨਾ ਦਹਿਸ਼ਤੀ ਹਮਲਾ ਤੇ ਗਿਣੀ-ਮਿੱਥੀ ਸਾਜ਼ਿਸ਼ ਦਾ ਹਿੱਸਾ ਸੀ।" ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਅੰਦੋਲਨਕਾਰੀ ਕਿਸਾਨਾਂ ਖਲਿਾਫ ਹਿੰਸਕ ਪਹੁੰਚ ਅਪਣਾ ਰੱਖੀ ਹੈ। ਉਨ੍ਹਾਂ ਜੋਰ ਦੇ ਕੇ ਆਖਿਆ ਕਿ ਸੰਘਰਸ਼ ਦੇ ਰਾਹ ਪਏ ਕਿਸਾਨ ਕਦੇ ਵੀ ਹਿੰਸਾ ਦਾ ਰਾਹ ਅਖਤਿਆਰ ਨਹੀਂ ਕਰਨਗੇ।

# ਉਤਰ ਪ੍ਰਦੇਸ਼ ਪੁਲਿਸ ਸਵਾਲਾਂ ਦੇ ਘੇਰੇ ਵਿਚ

**ਲਖੀਮਪੁਰ ਖੀਰੀ:** ਉਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ 'ਚ ਹੋਈ ਹਿੰਸਾ ਦੇ ਮਾਮਲੇ 'ਚ ਦਰਜ ਕੀਤੀ ਗਈ ਦੂਜੀ ਐਫ.ਆਈ.ਆਰ. 'ਚ ਕਿਹਾ ਗਿਆ ਹੈ ਕਿ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਮੁਜ਼ਾਹਰਾਕਾਰੀਆਂ 'ਚ ਸ਼ਾਮਲ 'ਮਾੜੇ ਤੱਤਾਂ' ਨੇ ਐਸ.ਯੂ.ਵੀ. ਸਵਾਰ ਭਾਜਪਾ ਦੇ ਕਾਰਕੁਨਾਂ 'ਤੇ ਹਮਲਾ ਕੀਤਾ ਪਰ ਐਫ.ਆਈ.ਆਰ. 'ਚ ਕਿਸਾਨਾਂ ਦੇ ਗੱਡੀ ਹੇਠਾਂ ਆ ਕੇ ਦਰੜੇ ਜਾਣ ਜਾਂ ਕੇਂਦਰੀ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਦੇ ਕਾਰ 'ਚ ਮੌਜੂਦ ਹੋਣ ਸਬੰਧੀ ਕੋਈ ਜ਼ਿਕਰ ਨਹੀਂ ਹੈ।

ਐਫ.ਆਈ.ਆਰ. ਕਥਿਤ ਤੌਰ 'ਤੇ ਭਾਜਪਾ ਕਾਰਕੁਨਾਂ ਨੂੰ ਕੁੱਟ-ਕੁੱਟ ਕੇ ਮਾਰਨ ਸਬੰਧੀ ਚਾਰ ਅਕਤੂਬਰ ਨੂੰ ਤਿਕੁਨੀਆ ਥਾਣੇ 'ਚ ਦਰਜ ਕੀਤੀ ਗਈ ਜਦਕਿ ਇਸ ਹੋਰ ਐਫ.ਆਈ.ਆਰ. 'ਚ ਆਸ਼ੀਸ਼ ਮਿਸ਼ਰਾ ਦਾ ਨਾਂ ਸੀ ਜੋ ਕਥਿਤ ਤੌਰ 'ਤੇ ਉਨ੍ਹਾਂ ਕਾਰਾਂ 'ਚੋਂ ਇਕ 'ਚ ਸਵਾਰ ਸੀ ਜਿਸ ਦੀ ਲਪੇਟ 'ਚ ਆ ਕੇ ਚਾਰ ਕਿਸਾਨਾਂ ਦੀ ਮੌਤ ਹੋਈ ਸੀ। ਦੂਜੀ ਐਫ.ਆਈ.ਆਰ. 'ਚ ਇਕ ਅਣਪਛਾਤੇ ਦੰਗਈ ਦਾ ਜ਼ਿਕਰ ਹੈ ਜਿਸ ਖਿਲਾਫ ਆਈ.ਪੀ.ਸੀ .ਦੀ ਧਾਰਾ 302, 324 ਤੇ ਹੋਰ ਧਾਰਾਵਾਂ ਤਹਿਤ ਦੋਸ਼ ਲਾਏ ਗਏ ਹਨ। ਇਹ ਐਫ.ਆਈ.ਆਰ. ਸੁਮੀਤ ਜੈਸਵਾਲ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਉਹ ਰਾਜ ਦੇ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਦੇ ਸਮਾਗਮ 'ਚ ਸਵਾਗਤ ਕਰਨ ਲਈ ਜਾ ਰਹੇ ਭਾਜਪਾ ਕਾਰਕੁਨਾਂ 'ਚ ਸ਼ਾਮਲ ਸੀ। ਜੈਸਵਾਲ ਅਨੁਸਾਰ ਪੱਤਰਕਾਰ ਰਮਨ ਕਸ਼ਯਪ, ਕਾਰ ਚਾਲਕ ਹਰੀਓਮ ਤੇ ਭਾਜਪਾ ਕਾਰਕੁਨ ਸ਼ੁਭਮ ਮਿਸ਼ਰਾ, ਸ਼ਿਆਮ ਸੁੰਦਰ ਦੀ ਮੁਜ਼ਾਹਰਾਕਾਰੀਆਂ ਨੇ ਕੁੱਟ-ਕੁੱਟ ਕੇ ਹੱਤਿਆ ਕੀਤੀ ਹੈ।

### ਇਕ ਮੈਂਬਰੀ ਜਾਂਚ ਕਮਿਸ਼ਨ ਉਤੇ ਉਠੇ ਸਵਾਲ

**ਨਵੀਂ ਦਿੱਲੀ:** ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਲਖੀਮਪੁਰ ਖੀਰੀ 'ਚ ਮਾਰੇ ਗਏ 4 ਕਿਸਾਨਾਂ ਦੇ ਮਾਮਲੇ ਦੀ ਜਾਂਚ ਲਈ ਬਣਾਏ ਗਏ ਇਕ ਮੈਂਬਰੀ ਕਮਿਸ਼ਨ 'ਤੇ ਸੰਯੁਕਤ ਕਿਸਾਨ ਮੋਰਚੇ ਨੇ ਸਵਾਲ ਉਠਾਏ ਹਨ। ਮੋਰਚੇ ਨੇ ਕਿਹਾ ਕਿ ਇਹ ਕਮਿਸ਼ਨ ਕਿਸਾਨਾਂ ਦੀਆਂ ਮੰਗਾਂ ਅਨੁਸਾਰ ਨਹੀਂ ਅਤੇ ਇਸ ਕਮਿਸ਼ਨ ਨਾਲ ਕਿਸਾਨਾਂ ਵਿਚ ਭਰੋਸਾ ਪੈਦਾ ਨਹੀਂ ਹੋ ਰਿਹਾ ਹੈ। ਕਿਸਾਨ ਆਗੂ ਡਾ. ਦਰਸ਼ਨਪਾਲ ਨੇ ਕਿਹਾ ਕਿ ਯੂਪੀ ਸਰਕਾਰ ਨੇ ਸੁਪਰੀਮ ਕੋਰਟ ਵੱਲੋਂ ਲਖੀਮਪੁਰ ਕਾਂਡ ਦੀ ਸੁਣਵਾਈ ਦੇ ਦਬਾਅ ਕਾਰਨ ਇਹ ਕਮਿਸ਼ਨ ਬਣਾਇਆ ਹੈ। ਨੋਟੀਫਿਕੇਸ਼ਨ ਵਿਚ ਕਮਿਸ਼ਨ ਕਾਇਮ ਕਰਨ ਦੇ ਮੁੱਖ ਕਾਰਨਾਂ ਜਾਂ ਮਕਸਦ ਬਾਰੇ ਕੁਝ ਨਹੀਂ ਦੱਸਿਆ ਗਿਆ ਹੈ ਜੋ ਸ਼ੰਕੇ ਪੈਦਾ ਕਰਦਾ ਹੈ।

# ਲਖੀਮਪੁਰ ਹਿੰਸਾ ਨੂੰ ਹਿੰਦੂ ਤੇ ਸਿੱਖ ਲੜਾਈ 'ਚ ਬਦਲਣ ਦੀ ਕੋਸ਼ਿਸ਼: ਵਰੁਣ

**ਨਵੀਂ ਦਿੱਲੀ:** ਲਖੀਮਪੁਰ ਖੀਰੀ ਮਾਮਲੇ ਨੂੰ ਹਿੰਦੂਆਂ ਤੇ ਸਿੱਖਾਂ ਦੀ ਲੜਾਈ ਵਿਚ ਬਦਲਣ ਦੀਆਂ ਕੋਸ਼ਿਸ਼ਾਂ ਖਿਲਾਫ ਚਿਤਾਵਨੀ ਦਿੰਦਿਆਂ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਵਰੁਣ ਗਾਂਧੀ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗ਼ਲਤਫਹਿਮੀਆਂ ਪੈਦਾ ਕਰਨਾ ਖਤਰਨਾਕ ਹੈ। ਅਜਿਹੇ ਜ਼ਖ਼ਮਾਂ ਨੂੰ ਭਰਨ ਵਿਚ ਇਕ ਸਦੀ ਲੱਗ ਜਾਂਦੀ ਹੈ।

ਪੀਲੀਭੀਤ ਤੋਂ ਸੰਸਦ ਮੈਂਬਰ ਨੇ ਕਿਹਾ ਕਿ ਲਖੀਮਪੁਰ ਖੀਰੀ ਵਿਚ ਉਥੋਂ ਦੇ ਸਥਾਨਕ ਅਸਰ ਰਸੂਖ ਵਾਲੇ ਵਿਅਕਤੀਆਂ ਵੱਲੋਂ ਗਰੀਬ ਕਿਸਾਨਾਂ ਦਾ ਕਤਲੇਆਮ ਕੀਤਾ ਗਿਆ। ਇਹ ਮਾਮਲਾ ਧਰਮ ਨਾਲ ਜੁੜਿਆ ਹੋਇਆ ਨਹੀਂ ਹੈ। ਉਨ੍ਹਾਂ ਕਿਹਾ,'ਪ੍ਰਦਰਸ਼ਨਕਾਰੀ ਕਿਸਾਨਾਂ ਲਈ 'ਖਾਲਿਸਤਾਨੀ' ਸ਼ਬਦ ਦੀ ਵਰਤੋਂ ਨਾ ਸਿਰਫ ਤਰਾਈ ਦੇ ਉਨ੍ਹਾਂ ਪੁੱਤਾਂ, ਜਿਨ੍ਹਾਂ ਨੇ ਲੜਦਿਆਂ ਬਾਰਡਰਾਂ 'ਤੇ ਆਪਣਾ ਖ਼ੂਨ ਵਹਾਇਆ ਹੈ, ਦੀਆਂ ਪੀੜ੍ਹੀਆਂ ਦਾ ਅਪਮਾਨ ਹੈ, ਸਗੋਂ ਸਾਡੀ ਕੌਮੀ ਏਕਤਾ ਲਈ ਵੀ ਖਤਰਨਾਕ ਹੈ, ਜੇ ਇਸ ਨੂੰ ਗਲਤ ਰੰਗਤ ਦਿੱਤੀ ਜਾਂਦੀ ਹੈ।' ਉਨ੍ਹਾਂ ਟਵੀਟ ਕੀਤਾ,'ਲਖੀਮਪੁਰ ਖੀਰੀ ਦੇ ਮਾਮਲੇ ਨੂੰ ਹਿੰਦੂ ਤੇ ਸਿੱਖ ਦੀ ਲੜਾਈ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਮਹਿਜ ਅਨੈਤਿਕ ਤੇ ਨਕਲੀ ਵਿਸ਼ਲੇਸ਼ਣ ਹੀ ਨਹੀਂ ਹੈ ਸਗੋਂ ਇਹੋ ਜਿਹੀਆਂ ਗ਼ਲਤਫਹਿਮੀਆਂ ਪੈਦਾ ਕਰਨਾ ਬੇਹੱਦ ਖਤਰਨਾਕ ਹੈ। ਸਾਨੂੰ ਅਜਿਹੇ ਮੁੱਦਿਆਂ 'ਤੇ ਸੌੜੀ ਸਿਆਸਤ ਛੱਡ ਕੇ ਕੌਮੀ ਏਕਤਾ ਉਸਾਰਨੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਤਿੰਨ ਅਕਤੂਬਰ ਦੀ ਲਖੀਮਪੁਰ ਖੀਰੀ ਹਿੰਸਾ ਦੀ ਘਟਨਾ ਸਬੰਧੀ ਕੇਂਦਰੀ ਰਾਜ ਗ੍ਰਹਿ ਮੰਤਰੀ ਅਜੇ ਮਿਸ਼ਰਾ ਦੇ ਪੁੱਤਰ ਅਸ਼ੀਸ਼ ਮਿਸ਼ਰਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# ਵਾਦੀ ਵਿਚ ਘੱਟ ਗਿਣਤੀ ਭਾਈਚਾਰੇ ਵਿਚ ਸਹਿਮ ਦਾ ਮਾਹੌਲ

## ਮਿਥ ਕੇ ਹੋ ਰਹੀਆਂ ਹੱਤਿਆਵਾਂ ਖਿਲਾਫ ਰੋਹ ਭਖਿਆ

**ਸ੍ਰੀਨਗਰ:** ਜੰਮੂ ਕਸ਼ਮੀਰ 'ਚ ਆਮ ਨਾਗਰਿਕਾਂ ਖਾਸ ਕਰਕੇ ਘੱਟ ਗਿਣਤੀਆਂ 'ਤੇ ਵਧ ਰਹੇ ਹਮਲਿਆਂ ਕਾਰਨ ਇਥੇ ਖ਼ੌਫ ਦਾ ਮਾਹੌਲ ਹੈ। ਸ੍ਰੀਨਗਰ ਦੇ ਈਦਗਾਹ ਇਲਾਕੇ 'ਚ ਅਤਿਵਾਦੀਆਂ ਨੇ ਸਰਕਾਰੀ ਸਕੂਲ ਦੇ ਦੋ ਅਧਿਆਪਕਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ, ਜਿਨ੍ਹਾਂ 'ਚ ਇਕ ਮਹਿਲਾ ਮੁੱਖ ਅਧਿਆਪਕ ਵੀ ਸ਼ਾਮਲ ਹੈ। ਪਿਛਲੇ ਪੰਜ ਦਿਨ ਅੰਦਰ ਕਸ਼ਮੀਰ ਘਾਟੀ 'ਚ ਸੱਤ ਆਮ ਨਾਗਰਿਕਾਂ ਦੀ ਹੱਤਿਆ ਕੀਤੀ ਜਾ ਚੁੱਕੀ ਹੈ ਅਤੇ ਇਨ੍ਹਾਂ 'ਚ ਚਾਰ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਸਨ। ਇਸ ਘਟਨਾ ਦੀ ਚੁਫੇਰਿਓਂ ਨਿੰਦਾ ਕੀਤੀ ਜਾ ਰਹੀ ਹੈ।



ਮ੍ਰਿਤਕਾਂ ਦੀ ਪਛਾਣ ਸ਼ਹਿਰ ਦੇ ਅਲੂਚੀ ਬਾਗ ਦੀ ਰਹਿਣ ਵਾਲੀ ਸਤਿੰਦਰ ਕੌਰ ਤੇ ਜੰਮੂ ਦੇ ਰਹਿਣ ਵਾਲੇ ਦੀਪਕ ਚੰਦ ਵਜੋਂ ਹੋਈ ਹੈ। ਇਹ ਦੋਵੇਂ ਸੰਗਮ ਇਲਾਕੇ 'ਚ ਸਰਕਾਰ ਸਕੂਲ (ਲੜਕਿਆਂ) 'ਚ ਅਧਿਆਪਕ ਸਨ। ਇਨ੍ਹਾਂ ਦੋ ਅਧਿਆਪਕਾਂ ਦੀ ਹੱਤਿਆ ਮਗਰੋਂ ਕਸ਼ਮੀਰ 'ਚ ਪੰਜ ਦਿਨ ਅੰਦਰ ਮਾਰੇ ਗਏ ਆਮ ਲੋਕਾਂ ਦੀ ਗਿਣਤੀ ਸੱਤ ਹੋ ਗਈ ਹੈ, ਜਿਨ੍ਹਾਂ 'ਚੋਂ ਛੇ ਹੱਤਿਆਵਾਂ ਸ਼ਹਿਰ 'ਚ ਹੋਈਆਂ ਹਨ। ਇਸ ਸਾਲ ਸਤੰਬਰ ਤੱਕ ਸਾਰੇ ਵਰਗਾਂ ਨਾਲ ਸਬੰਧਤ ਘਾਟੀ ਵਿਚ 23 ਵਿਅਕਤੀਆਂ ਦੀਆਂ ਹੱਤਿਆਵਾਂ ਕੀਤੀਆਂ ਗਈਆਂ ਹਨ।

ਇਸੇ ਦੌਰਾਨ ਆਲ ਪਾਰਟੀਜ਼ ਸਿੱਖ ਕੋਆਰਡੀਨੇਸ਼ਨ ਕਮੇਟੀ ਨੇ ਘਟਨਾ ਦੀ ਨਿੰਦਾ ਕਰਦਿਆਂ ਸਿੱਖ ਭਾਈਚਾਰੇ ਨਾਲ ਸਬੰਧਤ ਸਰਕਾਰੀ ਮੁਲਾਜ਼ਮਾਂ ਨੂੰ ਸੱਦਾ ਦਿੱਤਾ ਕਿ ਉਹ ਉਸ ਸਮੇਂ ਤੱਕ ਕੰਮ ਦਾ ਬਾਈਕਾਟ ਕਰਨ ਜਦੋਂ ਤੱਕ ਉਨ੍ਹਾਂ ਦੀ ਸੁਰੱਖਿਆ ਯਕੀਨੀ ਨਹੀਂ ਬਣਾਈ ਜਾਂਦੀ। ਉਧਰ ਜੰਮੂ ਤੇ ਕਸ਼ਮੀਰ ਅਪਨੀ ਪਾਰਟੀ ਦੇ ਮੁਖੀ ਅਲਤਾਫ ਬੁਖਾਰੀ ਨੇ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਜਾਂ ਤਾਂ ਖੁਫ਼ੀਆ ਪ੍ਰਬੰਧ ਜ਼ਮੀਨੀ ਪੱਧਰ 'ਤੇ ਨਾਕਾਮ ਹੋ ਚੁੱਕਾ ਹੈ ਜਾਂ ਫਿਰ ਅਤਿਵਾਦੀ ਜ਼ਿਆਦਾ ਚੁਸਤ ਤੇ ਜਥੇਬੰਦਕ ਹੋ ਚੁੱਕੇ ਹਨ। ਇਸੇ ਦੌਰਾਨ ਘੱਟ ਗਿਣਤੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਮੁਖਤਾਰ ਅੱਬਾਸ ਨਕਵੀ ਨੇ ਕਿਹਾ ਕਿ ਇਸ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਰਕਾਰ ਲੱਭ ਲਵੇਗੀ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਕੀਤੇ ਦੀ ਸਜਾ ਦਿੱਤੀ ਜਾਵੇਗੀ।

ਸ੍ਰੀਨਗਰ ਦੇ ਇਕ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਐਲਾਨ ਕੀਤਾ ਕਿ ਸਰਕਾਰ ਵੱਲੋਂ ਸੁਰੱਖਿਆ ਯਕੀਨੀ ਬਣਾਏ ਜਾਣ ਤੱਕ ਘੱਟ ਗਿਣਤੀ ਭਾਈਚਾਰੇ ਦੇ ਮੈਂਬਰ ਆਪਣੀਆਂ ਡਿਊਟੀਆਂ 'ਤੇ ਨਹੀਂ ਜਾਣਗੇ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਨਵਤੇਜ ਸਿੰਘ ਨੇ ਕਿਹਾ ਕਿ ਬੀਤੇ ਵਿਚ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਏ ਜਾਣ ਦੀਆਂ ਕਈਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਕਈ ਵਾਰ ਤਾਂ ਅਜਿਹੇ ਹਮਲਿਆਂ ਬਾਰੇ ਅਗਾਊਂ ਜਾਣਕਾਰੀ ਵੀ ਹੁੰਦੀ ਹੈ, ਪਰ ਉਸ ਦੇ ਬਾਵਜੂਦ ਸਰਕਾਰ ਨੇ ਸਿੱਖ ਭਾਈਚਾਰੇ ਨੂੰ ਸੁਰੱਖਿਆ ਮੁਹੱਈਆ ਨਹੀਂ ਕਰਵਾਈ। ਉਨ੍ਹਾਂ ਕਿਹਾ ਕਿ ਸਰਕਾਰ ਜੰਮੂ ਤੇ ਕਸ਼ਮੀਰ ਦੇ ਘੱਟ ਗਿਣਤੀ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿਚ ਨਾਕਾਮ ਰਹੀ ਹੈ।

ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਨੇ ਜੰਮੂ ਤੇ ਕਸ਼ਮੀਰ ਵਿਚ ਅਤਿਵਾਦੀਆਂ ਵੱਲੋਂ ਬੇਕਸੂਰਾਂ ਨੂੰ ਮਾਰਨ ਦੀ ਨਿੰਦਾ ਕੀਤੀ। ਉਨ੍ਹਾਂ ਨਾਲ ਹੀ ਕੇਂਦਰ ਸਰਕਾਰ ਨੂੰ ਸਾਰੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਫੌਰੀ ਕਦਮ ਚੁੱਕਣ ਦੀ ਅਪੀਲ ਵੀ ਕੀਤੀ। ਗਾਂਧੀ ਨੇ ਟਵੀਟ ਕੀਤਾ,'ਕਸ਼ਮੀਰੀ ਭੈਣਾਂ-ਭਰਾਵਾਂ 'ਤੇ ਵਧ ਰਹੇ ਦਹਿਸ਼ਤੀ ਹਮਲੇ ਦਰਦਨਾਕ ਤੇ ਨਿੰਦਣਯੋਗ ਹਨ। ਅਸੀਂ ਇਸ ਔਖੀ ਘੜੀ ਵਿਚ ਕਸ਼ਮੀਰੀ ਭੈਣਾਂ ਤੇ ਭਰਾਵਾਂ ਦੇ ਨਾਲ ਖੜ੍ਹੇ ਹਾਂ।'

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ 'ਤੇ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਸੁਰੱਖਿਆ ਦੇਣ 'ਚ ਨਾਕਾਮ ਰਹਿਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਅਤਿਵਾਦ ਨਾ ਤਾਂ ਨੋਟਬੰਦੀ ਕਰਨ ਨਾਲ ਰੁਕਿਆ ਤੇ ਨਾ ਹੀ ਧਾਰਾ 370 ਹਟਾਉਣ ਨਾਲ ਰੁਕਿਆ ਹੈ। ਉਨ੍ਹਾਂ ਟਵੀਟ ਕੀਤਾ, 'ਕਸ਼ਮੀਰ 'ਚ ਹਿੰਸਾ ਦੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ। ਅਤਿਵਾਦ ਨਾ ਤਾਂ ਨੋਟਬੰਦੀ ਨਾਲ ਰੁਕਿਆ ਨਾ ਧਾਰਾ 370 ਹਟਣ ਨਾਲ। ਕੇਂਦਰ ਸਰਕਾਰ ਸੁਰੱਖਿਆ ਦੇਣ 'ਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ।' ਉਨ੍ਹਾਂ ਕਿਹਾ, 'ਸਾਡੇ ਕਸ਼ਮੀਰੀ ਭਰਾਵਾਂ-ਭੈਣਾਂ 'ਤੇ ਹੋ ਰਹੇ ਇਨ੍ਹਾਂ ਹਮਲਿਆਂ ਦੀ ਅਸੀਂ ਸਖ਼ਤ ਨਿੰਦਾ ਕਰਦੇ ਹਾਂ ਤੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਪ੍ਰਗਟਾਉਂਦੇ ਹਾਂ।'

ਸੁਖਬੀਰ ਵੱਲੋਂ ਨਿਖੇਧੀ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਵਿਚ ਘੱਟ ਗਿਣਤੀ ਭਾਈਚਾਰੇ ਨੂੰ ਗਿਣੀ-ਮਿਥੀ ਸਾਜ਼ਿਸ਼ ਤਹਿਤ ਨਿਸ਼ਾਨਾ ਬਣਾਉਣ ਦੀ ਨਿਖੇਧੀ ਕੀਤੀ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਸੁਰੱਖਿਆ ਵਧਾਈ ਜਾਵੇ ਤਾਂ ਜੋ ਘੱਟ ਗਿਣਤੀਆਂ ਵਿਚ ਭਰੋਸਾ ਵਧ ਸਕੇ। ਸ੍ਰੀਨਗਰ ਵਿਚ ਦੋ ਅਧਿਆਪਕਾਂ ਦੀ ਹੱਤਿਆ ਦੇ ਮਾਮਲੇ 'ਤੇ ਦੁੱਖ ਪ੍ਰਗਟਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਬੇਹੱਦ ਦੁਖਦਾਈ ਹੈ ਕਿ ਅਤਿਵਾਦੀਆਂ ਨੇ ਸਕੂਲ ਵਿਚ ਵੜਨ ਮਗਰੋਂ ਦੋ ਅਧਿਆਪਕਾਂ ਸਤਿੰਦਰ ਕੌਰ ਤੇ ਦੀਪਕ ਚੰਦ ਨੂੰ ਬਹੁ-ਗਿਣਤੀ ਫਿਰਕੇ ਤੋਂ ਵੱਖ ਕੀਤਾ ਤੇ ਫਿਰ ਗੋਲੀ ਮਾਰ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ।

## ਤਿੰਨ ਮਹੀਨੇ ਪਹਿਲਾਂ ਹੀ ਲੱਗ ਗਈ ਸੀ ਸੂਹ!

**ਜੰਮੂ:** ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ 4 ਨਾਗਰਿਕਾਂ ਸਮੇਤ 7 ਨਾਗਰਿਕਾਂ ਦੀ ਪੰਜ ਦਿਨਾਂ ਦੇ ਅੰਦਰ ਹੱਤਿਆਵਾਂ ਬਾਰੇ ਹੈਰਾਨ ਕਰਨ ਵਾਲਾ ਤੱਥ ਇਹ ਹੈ ਕਿ ਪੁਲਿਸ ਨੂੰ 3 ਤੋਂ 4 ਮਹੀਨੇ ਪਹਿਲਾਂ ਦਹਿਸ਼ਤਗਰਦੀ ਦੀਆਂ ਇਨ੍ਹਾਂ ਸਾਜ਼ਿਸ਼ਾਂ ਦੀਆਂ ਰਿਪੋਰਟਾਂ ਮਿਲੀਆਂ ਸਨ ਪਰ ਇਸ ਦੇ ਬਾਵਜੂਦ ਇਨ੍ਹਾਂ ਮੌਤਾਂ ਨੂੰ ਰੋਕਿਆ ਨਹੀਂ ਜਾ ਸਕਿਆ। ਹੁਣ ਇਹ ਮੰਨਿਆ ਜਾ ਰਿਹਾ ਹੈ ਕਿ ਸੁਰੱਖਿਆ ਏਜੰਸੀਆਂ ਕੋਲ ਤਿੰਨ ਮਹੀਨੇ ਤੋਂ ਵੱਧ ਸਮੇਂ ਪਹਿਲਾਂ ਕਸ਼ਮੀਰ ਘਾਟੀ ਵਿਚ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਕੇ ਮਾਰਨ ਬਾਰੇ ਪੁਖਤਾ ਜਾਣਕਾਰੀ ਸੀ।

## ਜਥੇਦਾਰ ਵੱਲੋਂ ਅਧਿਆਪਕਾਂ ਦੇ ਕਤਲ ਦੀ ਨਿਖੇਧੀ

**ਤਲਵੰਡੀ ਸਾਬੋ:** ਸ੍ਰੀਨਗਰ ਦੇ ਇਕ ਸਰਕਾਰੀ ਸਕੂਲ 'ਚ ਸਿੱਖ ਪ੍ਰਿੰਸੀਪਲ ਬੀਬੀ ਤੇ ਇਕ ਹਿੰਦੂ ਅਧਿਆਪਕ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ ਦੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਰੜੇ ਸ਼ਬਦਾਂ 'ਚ ਨਿਖੇਧੀ ਕਰਦਿਆਂ ਇਸ ਨੂੰ ਬੁਜਦਿਲਾਨਾ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਲਖੀਮਪੁਰ ਖੀਰੀ ਘਟਨਾ ਦੀ ਵੀ ਨਿੰਦਾ ਕੀਤੀ ਹੈ। ਦਮਦਮਾ ਸਾਹਿਬ ਵਿਖੇ ਆਪਣੀ ਰਿਹਾਇਸ਼ 'ਤੇ ਗੱਲਬਾਤ ਦੌਰਾਨ ਜਥੇਦਾਰ ਨੇ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਨਾ ਕੇਵਲ ਕਸ਼ਮੀਰ ਸਗੋਂ ਸਮੁੱਚੇ ਦੇਸ਼ 'ਚ ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਢੁਕਵੇਂ ਕਦਮ ਚੁੱਕੇ।

# ਘੱਟ ਗਿਣਤੀ ਕਮਿਸ਼ਨ ਵੱਲੋਂ ਲਖੀਮਪੁਰ ਤੇ ਕਸ਼ਮੀਰ ਹੱਤਿਆਵਾਂ ਬਾਰੇ ਰਿਪੋਰਟ ਤਲਬ



**ਨਵੀਂ ਦਿੱਲੀ:** ਕੌਮੀ ਘੱਟ ਗਿਣਤੀ ਕਮਿਸ਼ਨ ਨੇ ਲਖੀਮਪੁਰ ਖੀਰੀ ਵਿਚ ਹੋਈ ਹਿੰਸਾ 'ਚ ਸਿੱਖ ਭਾਈਚਾਰੇ ਦੇ ਕੁਝ ਵਿਅਕਤੀਆਂ ਦੇ ਮਾਰੇ ਜਾਣ ਅਤੇ ਕਸ਼ਮੀਰ ਵਿਚ ਇਕ ਸਿੱਖ ਮਹਿਲਾ ਦੀ ਅਤਿਵਾਦੀਆਂ ਵੱਲੋਂ ਹੱਤਿਆ ਕੀਤੇ ਜਾਣ ਦੀਆਂ ਘਟਨਾਵਾਂ ਦਾ ਨੋਟਿਸ ਲੈਂਦਿਆਂ ਉੱਤਰ ਪ੍ਰਦੇਸ਼ ਸਰਕਾਰ ਅਤੇ ਜੰਮੂ ਕਸ਼ਮੀਰ ਪ੍ਰਸ਼ਾਸਨ ਕੋਲੋਂ ਰਿਪੋਰਟ ਤਲਬ ਕੀਤੀ ਹੈ।

ਕਮਿਸ਼ਨ ਵੱਲੋਂ ਜਾਰੀ ਬਿਆਨ ਮੁਤਾਬਕ, "ਘੱਟ ਗਿਣਤੀ ਕਮਿਸ਼ਨ ਦੇ ਪ੍ਰਧਾਨ ਇਕਬਾਲ ਸਿੰਘ ਲਾਲਪੁਰਾ ਨੇ ਲਖੀਮਪੁਰ ਖੀਰੀ ਵਿਚ ਕਿਸਾਨਾਂ ਦੇ ਅੰਦੋਲਨ ਦੌਰਾਨ ਕੁਝ ਸਿੱਖਾਂ ਸਣੇ ਕਈ ਵਿਅਕਤੀਆਂ ਦੇ ਮਾਰੇ ਜਾਣ ਦੀ ਘਟਨਾ ਦਾ ਖੁਦ ਨੋਟਿਸ ਲਿਆ ਹੈ।" ਬਿਆਨ ਮੁਤਾਬਕ ਲਾਲਪੁਰਾ ਨੇ ਜੰਮੂ ਕਸ਼ਮੀਰ ਵਿਚ ਇਕ ਸਿੱਖ ਔਰਤ ਦੀ ਹੱਤਿਆ ਹੋਣ ਸਬੰਧੀ ਜੰਮੂ ਕਸ਼ਮੀਰ ਦੇ ਮੁੱਖ ਸਕੱਤਰ ਕੋਲੋਂ ਵੀ ਰਿਪੋਰਟ ਮੰਗੀ ਹੈ ਅਤੇ ਉਨ੍ਹਾਂ ਨੂੰ ਘੱਟ ਗਿਣਤੀਆਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਕਦਮ ਉਠਾਉਣ ਵਾਸਤੇ ਕਿਹਾ ਹੈ।

# ਸ਼ਿਲੌਂਗ ਵਿਚ ਸਿੱਖਾਂ ਉਤੇ ਮੁੜ ਲਟਕੀ ਉਜਾੜੇ ਦੀ ਤਲਵਾਰ

**ਸ਼ਿਲੌਂਗ:** ਮੇਘਾਲਿਆ ਕੈਬਨਿਟ ਵੱਲੋਂ ਥੇਮ ਲਿਊ ਮਾਅਲੌਂਗ ਇਲਾਕੇ ਜਾਂ ਪੰਜਾਬੀ ਲੇਨ 'ਚੋਂ 'ਗੈਰਕਾਨੂੰਨੀ ਤੌਰ 'ਤੇ ਰਹਿ ਰਹੇ' ਲੋਕਾਂ ਨੂੰ ਦੂਜੀ ਥਾਂ 'ਤੇ ਵਸਾਉਣ ਦੀ ਤਜਵੀਜ਼ ਨੂੰ ਪ੍ਰਵਾਨਗੀ ਦੇਣ ਮਗਰੋਂ ਹਰੀਜਨ ਪੰਚਾਇਤ ਕਮੇਟੀ, ਜਿਹੜੀ ਦਲਿਤ ਸਿੱਖਾਂ ਦੀ ਪ੍ਰਤੀਨਿਧਤਾ ਕਰਦੀ ਹੈ, ਨੇ ਕਿਹਾ ਕਿ ਉਹ ਸਰਕਾਰ ਨੂੰ ਇਹ ਮੁਹਿੰਮ ਚਲਾਉਣ ਤੋਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ।



ਉਪ ਮੁੱਖ ਮੰਤਰੀ ਪ੍ਰਿਸਟਨ ਟਾਈਨਸੌਂਗ ਦੀ ਅਗਵਾਈ ਹੇਠ ਬਣੀ ਉਚ ਪੱਧਰੀ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਕੈਬਨਿਟ ਨੇ ਹਫਤੇ ਦੇ ਸ਼ੁਰੂ 'ਚ ਇਹ ਫੈਸਲਾ ਲਿਆ ਸੀ। ਕਮੇਟੀ ਦੇ ਸਕੱਤਰ ਗੁਰਜੀਤ ਸਿੰਘ ਨੇ ਦੱਸਿਆ ਕਿ ਸੈਂਕੜੇ ਦਲਿਤ ਸਿੱਖ ਪਰਿਵਾਰ ਥੇਮ ਲਿਊ ਮਾਅਲੌਂਗ ਏਰੀਆ ਜਾਂ ਪੰਜਾਬੀ ਲੇਨ 'ਚ ਪਿਛਲੇ ਕਈ ਸਾਲਾਂ ਤੋਂ ਰਹਿ ਰਹੇ ਹਨ ਅਤੇ ਉਨ੍ਹਾਂ ਉੱਚ ਪੱਧਰੀ ਕਮੇਟੀ ਦੀ ਰਿਪੋਰਟ ਨੂੰ ਨਕਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਜਥੇਬੰਦੀ ਨੇ ਇਲਾਕੇ 'ਚ ਰਹਿ ਰਹੇ ਲੋਕਾਂ ਦੇ ਹੱਕਾਂ ਲਈ ਆਖਰੀ ਸਾਹਾਂ ਤੱਕ ਮੁਕਾਬਲਾ ਕਰਨ ਦਾ ਅਹਿਦ ਲਿਆ ਹੈ। ਗੁਰਜੀਤ ਸਿੰਘ ਨੇ ਕਿਹਾ ਕਿ ਉਹ ਆਪਣੀ ਜਮੀਨ ਲਈ ਮਰ ਜਾਣਗੇ ਪਰ ਮੇਘਾਲਿਆ ਸਰਕਾਰ ਵੱਲੋਂ ਕਿਸੇ ਵੀ ਗੈਰਕਾਨੂੰਨੀ, ਅਨੈਤਿਕ ਅਤੇ ਬੇਇਨਸਾਫੀ ਵਾਲੀ ਕਾਰਵਾਈ ਦੀ ਆਗਿਆ ਨਹੀਂ ਦੇਣਗੇ। ਉਨ੍ਹਾਂ ਦਾਅਵਾ ਕੀਤਾ ਕਿ ਖਾਸੀ ਹਿੱਲਜ ਦੇ ਮੁਖੀਆਂ 'ਚੋਂ ਇਕ ਨੇ ਪੰਜਾਬੀਆਂ ਨੂੰ ਇਹ ਜਮੀਨ ਤੋਹਫੇ 'ਚ ਦਿੱਤੀ ਸੀ। ਉਨ੍ਹਾਂ ਕਿਹਾ ਕਿ ਕਿਸੇ ਹੋਰ ਦਾ ਇਸ ਜਮੀਨ 'ਤੇ ਕੋਈ ਹੱਕ ਨਹੀਂ ਹੈ। ਮੇਘਾਲਿਆ ਦੇ ਕਾਨੂੰਨ ਮੁਤਾਬਕ ਗੈਰ ਆਦਿ ਵਾਸੀ ਨੂੰ ਅਨੁਸੂਚਿਤ ਖੇਤਰਾਂ 'ਚ ਸੰਪਤੀ ਖਰੀਦਣ ਦਾ ਹੱਕ ਨਹੀਂ ਹੈ।

ਸਰਕਾਰ ਵੱਲੋਂ ਬਣਾਈ ਐਚ.ਐਲ.ਸੀ. ਨੇ ਸ਼ਿਲੌਂਗ ਮਿਊਂਸਪਲ ਬੋਰਡ ਅਤੇ ਹੋਰ ਵਿਭਾਗਾਂ ਦੇ ਮੁਲਾਜ਼ਮਾਂ, ਜੋ ਥੇਮ ਲਿਊ ਮਾਅਲੌਂਗ 'ਚ ਰਹਿੰਦੇ ਹਨ, ਨੂੰ ਸ਼ਿਲੌਂਗ 'ਚ ਉਨ੍ਹਾਂ ਦੇ ਅਧਿਕਾਰਤ ਕੁਆਰਟਰਾਂ 'ਚ ਤਬਦੀਲ ਕਰਨ ਦਾ ਸੁਝਾਅ ਵੀ ਦਿੱਤਾ ਹੈ। ਐਚ.ਐਲ.ਸੀ. ਦਾ ਗਠਨ ਕੋਨਾਰਡ ਸੰਗਮਾ ਦੀ ਅਗਵਾਈ ਹੇਠਲੀ ਸਰਕਾਰ ਨੇ ਜ਼ਮੀਨੀ ਵਿਵਾਦ ਦੇ ਨਿਪਟਾਰੇ ਲਈ 2018 'ਚ ਕੀਤਾ ਸੀ। ਇਸੇ ਸਾਲ ਬੱਸ ਡਰਾਈਵਰ 'ਤੇ ਕਥਿਤ ਹਮਲੇ ਮਗਰੋਂ ਖੇਤਰ 'ਚ ਹਿੰਸਾ ਭੜਕ ਗਈ ਸੀ। ਸੋਸ਼ਲ ਮੀਡੀਆ 'ਤੇ ਅਫਵਾਹਾਂ ਨੂੰ ਫੈਲਣ ਤੋਂ ਰੋਕਣ ਲਈ ਇਲਾਕੇ 'ਚ ਕੁਝ ਹਫਤਿਆਂ ਲਈ ਇੰਟਰਨੈੱਟ ਸੇਵਾਵਾਂ ਠੱਪ ਕਰ ਦਿੱਤੀਆਂ ਗਈਆਂ ਸਨ।

# ਲਾਹੌਰ 'ਚ ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ ਮਨਾਇਆ

**ਇਸਲਾਮਾਬਾਦ:** ਪਾਕਿਸਤਾਨ ਵਿਚ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ ਜਦਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਰਤ ਵਿਚ ਇਹ ਗੁਰਪੁਰਬ 22 ਅਕਤੂਬਰ ਨੂੰ ਮਨਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਕੈਲੰਡਰ ਵਿਵਾਦ ਕਾਰਨ ਸਿੱਖ ਸੰਗਤ ਵਿਚ ਲਗਾਤਾਰ ਦੁਬਿਧਾ ਬਣੀ ਹੋਈ ਹੈ।



ਮੂਲ ਨਾਨਕਸ਼ਾਹੀ ਕੈਲੰਡਰ ਵਿਚ ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ 9 ਅਕਤੂਬਰ ਨੂੰ ਨਿਰਧਾਰਤ ਹੈ ਜਦਕਿ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਵਿਚ ਪ੍ਰਕਾਸ਼ ਪੁਰਬ ਦੀ ਤਰੀਕ ਹਰ ਵਾਰ ਨਿਰਧਾਰਤ ਹੁੰਦੀ ਹੈ ਅਤੇ ਇਸ ਵਾਰ ਇਹ ਗੁਰਪੁਰਬ 22 ਅਕਤੂਬਰ ਨੂੰ ਮਨਾਇਆ ਜਾ ਰਿਹਾ ਹੈ। ਪਾਕਿਸਤਾਨ ਵਿਚ ਪੀ.ਐਸ.ਜੀ.ਪੀ.ਸੀ. ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ ਸਾਰੇ ਦਿਨ ਤਿਉਹਾਰ ਮਨਾਏ ਜਾ ਰਹੇ ਹਨ। ਉਨ੍ਹਾਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਨਹੀਂ ਦਿੱਤੀ ਸੀ। ਇਸ ਕੈਲੰਡਰ ਵਿਵਾਦ ਕਾਰਨ ਹਾਲ ਹੀ ਵਿਚ ਗੁਰੂ ਨਾਨਕ ਦੇਵ ਦਾ ਜੋਤੀ-ਜੋਤਿ ਦਿਵਸ ਵੀ ਦੋ ਵਾਰ ਵੱਖ-ਵੱਖ ਤਰੀਕਾਂ 'ਤੇ ਮਨਾਇਆ ਗਿਆ ਹੈ। ਜਾਣਕਾਰੀ ਮੁਤਾਬਕ ਪਾਕਿਸਤਾਨ ਵਿਚ ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ ਉਨ੍ਹਾਂ ਦੇ ਜਨਮ ਅਸਥਾਨ ਗੁਰਦੁਆਰਾ ਚੂਨਾ ਮੰਡੀ ਲਾਹੌਰ ਵਿਚ ਮਨਾਇਆ। ਇਸ ਸਬੰਧ 'ਚ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਕੀਰਤਨ ਕੀਤਾ ਗਿਆ।

# ਇਤਿਹਾਸਕ ਗੁਰੂ ਘਰਾਂ 'ਚ ਤਾਇਨਾਤ ਹੋਣਗੇ ਅੰਮ੍ਰਿਤਧਾਰੀ ਸਾਬਕਾ ਫੌਜੀ

**ਸ੍ਰੀ ਅਨੰਦਪੁਰ ਸਾਹਿਬ:** ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਕੇਸਗੜ੍ਹ ਸਾਹਿਬ, ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੇ ਅਕਾਲ ਤਖਤ ਸਾਹਿਬ ਸਮੇਤ ਸੈਕਸ਼ਨ 85 ਦੇ ਗੁਰੂ ਘਰਾਂ 'ਚ ਸੁਰੱਖਿਆ ਤੇ ਮਰਿਆਦਾ ਦੀ ਪਹਿਰੇਦਾਰੀ ਲਈ ਹੁਣ ਸ਼੍ਰੋਮਣੀ ਕਮੇਟੀ ਸਾਬਕਾ ਫੌਜੀਆਂ ਦਾ ਸ਼ਸਤਰਧਾਰੀ ਸੇਵਾ ਦਲ ਤਿਆਰ ਕਰੇਗੀ ਤਾਂ ਜੋ ਬੇਅਦਬੀ ਦੀਆਂ ਘਟਨਾਵਾਂ 'ਤੇ ਠੱਲ੍ਹ ਪਾਈ ਜਾ ਸਕੇ।

ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਇਤਿਹਾਸਕ ਗੁਰਦੁਆਰਿਆਂ 'ਚ ਸੰਗਤ ਦੀ ਵਧਦੀ ਆਮਦ ਨੂੰ ਦੇਖਦਿਆਂ ਤੇ ਨਵੇਂ ਸੁਰੱਖਿਆ ਸਰੋਕਾਰਾਂ ਦੇ ਮੱਦੇਨਜਰ ਪਹਿਰੇਦਾਰੀ ਲਈ 200 ਦੇ ਕਰੀਬ ਸਾਬਕਾ ਫੌਜੀ ਸ਼੍ਰੋਮਣੀ ਕਮੇਟੀ 'ਚ ਭਰਤੀ ਕਰਨ ਦਾ ਫੈਸਲਾ ਲਿਆ ਹੈ।

ਇਸ 'ਚ ਸਾਬਕਾ ਫੌਜੀਆਂ ਦੇ ਅੰਮ੍ਰਿਤਧਾਰੀ, ਗੁਰਸਿੱਖੀ 'ਚ ਪ੍ਰਪੱਕ, ਮਰਿਆਦਾ ਦੇ ਧਾਰਨੀ ਹੋਣ ਦੇ ਨਾਲ-ਨਾਲ ਨਾਸਾਜ਼ ਹਾਲਾਤ ਨਾਲ ਨਜਿੱਠਣ ਤੇ ਸੁਰੱਖਿਆ ਦੇ ਮਾਮਲਿਆਂ 'ਚ ਤਜਰਬੇਕਾਰ ਹੋਣ ਵਰਗੀਆਂ ਸ਼ਰਤਾਂ ਰੱਖੀਆਂ ਗਈਆਂ ਹਨ। ਇਨ੍ਹਾਂ ਦੀ ਭਰਤੀ ਵੇਲੇ ਲਾਇਸੈਂਸਸੁਦਾ ਹਥਿਆਰਾਂ ਵਾਲੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ। ਜਾਣਕਾਰੀ ਅਨੁਸਾਰ ਬੇਅਦਬੀ ਦੀ ਘਟਨਾ ਤੋਂ ਬਾਅਦ 20 ਦੇ ਕਰੀਬ ਸਾਬਕਾ ਫੌਜੀ ਤਖਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਵਿਖੇ ਤਾਇਨਾਤ ਕੀਤੇ ਗਏ ਹਨ ਜਦਕਿ ਪਹਿਲੇ ਪੜਾਅ 'ਚ 40 ਸਾਬਕਾ ਫੌਜੀਆਂ ਦੀ ਭਰਤੀ ਕੀਤੀ ਗਈ ਹੈ, ਜਿਨ੍ਹਾਂ 'ਚੋਂ 27 ਨੌਕਰੀ ਉਤੇ ਹਾਜਰ ਹਨ।

# ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਨੇ ਆਮ ਜਨਤਾ ਦਾ ਕੱਢਿਆ ਕਚੂੰਬਰ

ਨਵੀਂ ਦਿੱਲੀ: ਦੇਸ਼ ਵਿਚ ਪੈਟਰੋਲ-ਡੀਜ਼ਲ ਤੇ ਘਰੇਲੂ ਗੈਸ ਦੀਆਂ ਕੀਮਤਾਂ ਵਿਚ ਵਾਧਾ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਪਿਛਲੇ ਤਕਰੀਬਨ ਡੇਢ ਹਫਤੇ ਤੋਂ ਤੇਲ ਕੀਮਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਤਾਜ਼ਾ ਵਾਧੇ ਨੇ ਨਾ ਸਿਰਫ ਆਮ ਲੋਕਾਂ ਦੇ ਪੂਰੇ ਘਰੇਲੂ ਬਜਟ ਨੂੰ ਵਿਗਾੜ ਕੇ ਰੱਖ ਦਿੱਤਾ ਹੈ, ਸਗੋਂ ਇਸ ਦੇ ਨਾਲ ਦੇਸ਼ 'ਚ ਜ਼ਰੂਰੀ ਘਰੇਲੂ ਵਰਤੋਂ ਦੀਆਂ ਚੀਜ਼ਾਂ ਖ਼ਾਸ ਤੌਰ 'ਤੇ ਖਾਧ ਪਦਾਰਥਾਂ ਦੀਆਂ ਨਿਰੰਤਰ ਵਧਦੀਆਂ ਕੀਮਤਾਂ ਨੇ ਆਮ ਲੋਕਾਂ ਦਾ ਜਿਵੇਂ ਲੱਕ ਹੀ ਤੋੜ ਕੇ ਰੱਖ ਦਿੱਤਾ ਹੈ।

ਦੇਸ਼ ਵਿਚ ਤਿਉਹਾਰਾਂ ਦਾ ਮੌਸਮ ਹੋਣ ਕਾਰਨ ਇਹ ਮਹਿੰਗਾਈ ਆਮ ਲੋਕਾਂ 'ਤੇ ਦੋਹਰੀ ਮਾਰ ਕਰ ਰਹੀ ਹੈ। ਸਥਿਤੀ ਇਹ ਹੈ ਕਿ ਖਾਣਾ ਪਕਾਉਣ ਵਾਲੀ ਗੈਸ ਦੇ ਵਪਾਰਕ ਤੇ ਘਰੇਲੂ ਗੈਸ ਦੇ ਭਾਅ 'ਚ ਭਾਰੀ ਵਾਧਾ ਹੋਇਆ ਹੈ। ਤਾਜ਼ਾ ਵਾਧੇ ਤੋਂ ਬਾਅਦ ਘਰੇਲੂ ਗੈਸ ਦੇ ਇਕ ਸਿਲੰਡਰ ਦੀ ਕੀਮਤ 900 ਰੁਪਏ ਤੋਂ ਉਪਰ ਪਹੁੰਚ ਗਈ ਹੈ, ਜੋ ਪਿਛਲੇ ਕੁਝ ਸਾਲਾਂ ਨਾਲੋਂ ਲਗਭਗ ਦੁੱਗਣੀ ਹੈ। ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ 'ਚ ਵੀ ਬੀਤੇ ਕੁਝ ਸਾਲਾਂ 'ਚ ਦੁੱਗਣਾ ਵਾਧਾ ਹੋਇਆ ਹੈ। ਮੁੰਬਈ ਦੇਸ਼ ਦਾ ਪਹਿਲਾ ਅਜਿਹਾ ਮਹਾਂਨਗਰ ਬਣਿਆ, ਜਿਥੇ ਡੀਜ਼ਲ ਦੀ



ਕੀਮਤ 100 ਰੁਪਏ ਲੀਟਰ 'ਤੇ ਪਹੁੰਚ ਗਈ ਹੈ, ਜਦਕਿ ਪੈਟਰੋਲ ਪਹਿਲਾਂ ਹੀ ਮਹਾਂਨਗਰਾਂ 'ਚ 111 ਰੁਪਏ ਲੀਟਰ ਤੱਕ ਪਹੁੰਚ ਗਿਆ ਹੈ।

ਤੇਲ ਕੰਪਨੀਆਂ ਤੇ ਦੇਸ਼ ਦੀਆਂ ਸਰਕਾਰਾਂ ਬੀਤੇ ਕੁਝ ਸਾਲਾਂ ਤੋਂ ਲਾਗਤ 'ਚ ਵਾਧੇ ਅਤੇ ਆਪਣੇ ਮੁਨਾਫੇ ਦਾ ਸਾਰਾ ਭਾਰ ਉਪਭੋਗਤਾਵਾਂ 'ਤੇ ਪਾ ਰਹੀਆਂ ਹਨ। ਬੀਤੇ ਕਈ ਦਿਨਾਂ ਤੋਂ ਇਨ੍ਹਾਂ ਪਦਾਰਥਾਂ ਦੇ ਭਾਅ 'ਚ ਹੋਣ ਵਾਲੇ ਵਾਧੇ ਨੂੰ ਅੰਤਰਰਾਸ਼ਟਰੀ ਬਾਜ਼ਾਰ ਦੀ ਆੜ 'ਚ ਸਹੀ ਵੀ ਠਹਿਰਾਇਆ ਜਾ ਰਿਹਾ ਹੈ।

ਪੈਟਰੋਲ-ਡੀਜ਼ਲ ਦੇ ਭਾਅ ਨੂੰ ਅੰਤਰਰਾਸ਼ਟਰੀ ਤੇਲ ਬਾਜ਼ਾਰ ਨਾਲ ਜੋੜੇ ਜਾਣ ਤੋਂ ਬਾਅਦ ਅਕਸਰ ਦੇਸ਼ 'ਚ ਇਨ੍ਹਾਂ ਤੇਲ ਪਦਾਰਥਾਂ ਦੇ ਭਾਅ ਘਟਦੇ-ਵਧਦੇ ਰਹਿੰਦੇ ਹਨ, ਪਰ ਭਾਰਤ ਦੀਆਂ ਸਰਕਾਰਾਂ ਨੇ ਕੁਝ ਅਜਿਹਾ ਰਵੱਈਆ ਧਾਰਨ ਕਰ ਰੱਖਿਆ ਹੈ ਕਿ ਜਦੋਂ ਕਦੇ ਵੀ ਅੰਤਰਰਾਸ਼ਟਰੀ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ ਵਧੀਆਂ, ਤਾਂ ਦੇਸ਼ 'ਚ ਵੀ ਇਨ੍ਹਾਂ ਤੇਲ ਪਦਾਰਥਾਂ ਦੇ ਭਾਅ 'ਚ ਵਾਧਾ ਕਰ ਦਿੱਤਾ ਜਾਂਦਾ ਰਿਹਾ, ਪਰ ਵਿਦੇਸ਼ੀ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ ਘਟਣ ਦੇ ਬਾਵਜੂਦ ਭਾਰਤ ਵਿਚ ਇਨ੍ਹਾਂ ਦੀਆਂ ਕੀਮਤਾਂ ਨਹੀਂ ਘਟਾਈਆਂ ਗਈਆਂ। ਇਸ ਨਾਲ ਸਰਕਾਰਾਂ ਦੇ ਮਾਲੀਏ 'ਚ ਤਾਂ ਵੱਡੇ ਪੱਧਰ ਉਤੇ ਵਾਧਾ ਹੁੰਦਾ ਹੈ, ਪਰ ਆਮ ਲੋਕਾਂ ਦਾ ਘਰੇਲੂ ਬਜਟ ਪੂਰੀ ਤਰ੍ਹਾਂ ਵਿਗੜ ਜਾਂਦਾ ਹੈ।

ਦੇਸ਼ ਦੀ ਸਰਕਾਰ ਨੇ ਵਰਤਮਾਨ 'ਚ ਕੀਮਤਾਂ 'ਚ ਹੋਏ ਵਾਧੇ ਦਾ ਸਾਰਾ ਠੀਕਰਾ ਤੇਲ ਉਤਪਾਦਕ ਦੇਸ਼ਾਂ ਦੇ ਸੰਗਠਨ ਓਪੇਕ ਦੁਆਰਾ ਕੱਚੇ ਤੇਲ ਦੀ ਨਿਕਾਸੀ ਨੂੰ ਇਕ ਆਮ ਪੱਧਰ ਤੋਂ ਘੱਟ ਕਰਨ ਦੇ ਫੈਸਲੇ ਉਤੇ ਭੰਨਿਆ ਹੈ। ਇਸੇ ਕਾਰਨ ਦੇਸ਼ 'ਚ ਪੈਟਰੋਲ-ਡੀਜ਼ਲ ਦੀਆਂ ਕੀਮਤਾਂ 'ਚ ਰੋਜ਼ਾਨਾ ਵਾਧਾ ਕੀਤਾ ਜਾ ਰਿਹਾ ਹੈ। ਇਸ ਮਾਮਲੇ ਦਾ ਇਕ ਸਭ ਤੋਂ ਵੱਧ ਤ੍ਰਾਸਦੀ ਵਾਲਾ ਪੱਖ ਇਹ ਹੈ ਕਿ ਆਮ ਲੋਕ ਤਾਂ ਇਸ ਸਮੇਂ ਕਰੋਨਾ ਮਹਾਂਮਾਰੀ ਦੇ ਮਾੜੇ ਪ੍ਰਭਾਵਾਂ ਤੇ ਮਹਿੰਗਾਈ ਵਰਗੇ ਦੋ ਪੁੜਾਂ 'ਚ ਪਿਸਣ ਲਈ ਮਜਬੂਰ ਹਨ, ਪਰ ਰਾਜਨੀਤਕ ਦਲ ਆਪਣੀਆਂ-ਆਪਣੀਆਂ ਰੋਟੀਆਂ ਸੇਕਣ 'ਚ ਰੁੱਝੇ ਹੋਏ ਹਨ।

## ਮਹਿੰਗਾਈ ਦਰ 5.3 ਫੀਸਦ ਰਹਿਣ ਦਾ ਅੰਦਾਜ਼ਾ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਨੇ ਮਾਰਚ 2022 ਤੱਕ ਮਹਿੰਗਾਈ ਦਰ 5.3 ਫੀਸਦ ਰਹਿਣ ਦਾ ਅੰਦਾਜ਼ਾ ਲਾਇਆ ਹੈ। ਇਸ ਤੋਂ ਪਹਿਲਾਂ ਇਹ 5.7 ਫੀਸਦ ਰਹਿਣ ਦਾ ਅਨੁਮਾਨ ਲਾਇਆ ਗਿਆ ਸੀ। ਸ਼ਕਤੀਕਾਂਤ ਦਾਸ ਨੇ ਕਿਹਾ ਕਿ ਮੰਗ 'ਚ ਸੁਧਾਰ ਹੋ ਰਿਹਾ ਹੈ ਪਰ ਇਸ 'ਚ ਸੁਸਤੀ ਬਣੀ ਹੋਈ ਹੈ। ਉਤਪਾਦਨ ਅਜੇ ਵੀ ਮਹਾਮਾਰੀ ਤੋਂ ਪਹਿਲਾਂ ਦੇ ਪੱਧਰ ਤੋਂ ਘੱਟ ਹੈ। ਉਨ੍ਹਾਂ ਕਿਹਾ ਕਿ ਖੁਰਾਕੀ ਤੇਲਾਂ, ਪੈਟਰੋਲ ਅਤੇ ਡੀਜ਼ਲ, ਐਲ.ਪੀ.ਜੀ. ਅਤੇ ਦਵਾਈਆਂ ਜਿਹੀਆਂ ਚੋਣਵੀਆਂ ਵਸਤਾਂ ਮਹਿੰਗੀਆਂ ਹੋਣ ਕਾਰਨ ਮਹਿੰਗਾਈ ਦਰ 'ਤੇ ਅਸਰ ਪੈ ਰਿਹਾ ਹੈ।

## ਤਿਉਹਾਰ ਜਸ਼ਨ ਫਿੱਕੇ ਪਾਉਣ ਲਈ ਮੋਦੀ ਦਾ ਧੰਨਵਾਦ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਵਧਦੀ ਮਹਿੰਗਾਈ ਕਰਕੇ 'ਤਿਉਹਾਰਾਂ ਦੇ ਜਸ਼ਨ ਫਿੱਕੇ ਪੈ ਗਏ ਹਨ' ਤੇ ਇਸ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕਰਨਾ ਬਣਦਾ ਹੈ। ਸ੍ਰੀ ਗਾਂਧੀ ਨੇ ਟਵੀਟ ਵਿਚ ਇਕ ਖਬਰ ਦੇ ਹਵਾਲੇ ਨਾਲ ਕਿਹਾ ਕਿ ਅਸਮਾਨੀ ਪੁੱਜੀਆਂ ਕੀਮਤਾਂ ਨੇ ਆਮ ਆਦਮੀ ਨੂੰ ਵੱਡੀ ਸੱਟ ਮਾਰੀ ਹੈ। ਪਿਛਲੇ 11 ਦਿਨਾਂ ਵਿਚ ਪੈਟਰੋਲ 2.35 ਰੁਪਏ ਤੇ ਡੀਜ਼ਲ 3 ਰੁਪਏ ਤੱਕ ਵੱਧ ਗਿਆ ਹੈ।

# ਏਅਰ ਇੰਡੀਆ ਮੁੜ ਟਾਟਾ ਦੀ ਹੋਈ



**ਨਵੀਂ ਦਿੱਲੀ:** ਟਾਟਾ ਸੰਨਜ, 90 ਸਾਲ ਪਹਿਲਾਂ ਸਥਾਪਤ ਹੋਈ ਏਅਰ ਇੰਡੀਆ ਨੂੰ ਵਾਪਸ ਆਪਣੇ ਹੱਥ ਲੈ ਲਵੇਗੀ ਕਿਉਂਕਿ ਕਰਜ਼ੇ ਨਾਲ ਜੂਝ ਰਹੇ ਸਰਕਾਰੀ ਏਅਰਲਾਈਨ ਹਾਸਲ ਕਰਨ ਲਈ ਇਸ ਨੇ 18,000 ਕਰੋੜ ਰੁਪਏ ਦੀ ਸਭ ਤੋਂ ਵੱਧ ਬੋਲੀ ਲਾਈ ਸੀ।

ਨਿਵੇਸ਼ ਅਤੇ ਜਨਤਕ ਸੰਪਤੀ ਪ੍ਰਬੰਧਨ ਵਿਭਾਗ ਦੇ ਸਕੱਤਰ ਤੁਹਿਨ ਕਾਂਤਾ ਪਾਂਡੇ ਨੇ ਦੱਸਿਆ ਕਿ ਟੈਲੇਸ ਪ੍ਰਾਈਵੇਟ ਲਿਮਟਿਡ, ਜੋ ਸਾਲਟ-ਟੂ-ਸੌਫਟਵੇਅਰ ਸਮੂਹ ਦੀ ਹੋਲਡਿੰਗ ਕੰਪਨੀ ਦੀ ਇਕਾਈ ਹੈ, ਨੇ ਏਅਰ ਇੰਡੀਆ ਲਈ 2,700 ਕਰੋੜ ਰੁਪਏ ਨਕਦ ਅਤੇ 15,300 ਕਰੋੜ ਰੁਪਏ ਦੀ ਕਰਜ਼ੇ ਦੀ ਦੇਣਦਾਰੀ ਆਪਣੇ ਸਿਰ ਲੈ ਲਈ ਹੈ। ਪਾਂਡੇ ਨੇ ਦੱਸਿਆ ਕਿ ਟਾਟਾ ਨੇ ਸਪਾਈਸਜੈੱਟ ਦੇ ਪ੍ਰਮੋਟਰ ਅਜੇ ਸਿੰਘ ਨੂੰ ਮਾਤ ਦਿੱਤੀ ਹੈ ਜਿਸ ਨੇ 15 ਹਜ਼ਾਰ ਇਕ ਸੌ ਕਰੋੜ ਦੀ ਬੋਲੀ ਲਗਾਈ ਸੀ। ਹਾਲਾਂਕਿ ਸਰਕਾਰ ਨੇ ਘਾਟੇ ਵਿਚ ਚੱਲ ਰਹੀ ਇਸ ਕੰਪਨੀ ਲਈ 12,906 ਕਰੋੜ ਦੀ ਰਕਮ ਮਿੱਥੀ ਸੀ।

ਦਸੰਬਰ ਤੱਕ ਲੈਣ-ਦੇਣ ਦਾ ਟੀਚਾ ਮਿੱਥਿਆ ਗਿਆ ਹੈ। ਲੈਣ-ਦੇਣ ਦੇ ਨਿਯਮਾਂ ਮੁਤਾਬਕ ਟਾਟਾ ਇਕ ਸਾਲ ਤੱਕ ਕਿਸੇ ਮੁਲਾਜ਼ਮ ਦੀਆਂ ਸੇਵਾਵਾਂ ਖਤਮ ਨਹੀਂ ਕਰ ਸਕਦਾ ਪਰ ਉਨ੍ਹਾਂ ਨੂੰ ਵੀ.ਆਰ.ਐਸ. ਦੀ ਪੇਸ਼ਕਸ਼ ਕਰ ਸਕਦਾ ਹੈ। ਉਨ੍ਹਾਂ ਨੂੰ ਰਲੇਵੇਂ ਦੀ ਖੁੱਲ੍ਹ ਹੋਵੇਗੀ ਪਰ ਏਅਰ ਇੰਡੀਆ ਦਾ ਬਰਾਂਡ ਜਾਂ ਲੋਗੋ ਪੰਜ ਵਰ੍ਹਿਆਂ ਤੱਕ ਵੇਚਿਆ ਨਹੀਂ ਜਾ ਸਕਦਾ।

2003-04 ਤੋਂ ਬਾਅਦ ਇਹ ਪਹਿਲਾ ਨਿੱਜੀਕਰਨ ਹੋਵੇਗਾ। ਇਸੇ ਦੌਰਾਨ ਟਾਟਾ ਨੇ ਇਕ ਬਿਆਨ ਵਿਚ ਕਿਹਾ,' ਟਾਟਾ ਸਮੂਹ ਦਾ ਏਅਰ ਇੰਡੀਆ ਲਈ ਬੋਲੀ ਜਿੱਤਣਾ ਵੱਡੀ ਖਬਰ ਹੈ।' ਇਸੇ ਦੌਰਾਨ ਏਅਰ ਇੰਡੀਆ ਬੋਇੰਗ ਫਲੀਟ ਪਾਇਲਟਾਂ ਦੀ ਇਕਾਈ ਇੰਡੀਅਨ ਐਵੀਏਸ਼ਨ ਗਿਲਡ ਨੇ ਟਾਟਾ ਵੱਲੋਂ ਕੰਪਨੀ ਨੂੰ ਆਪਣੇ ਹੱਥਾਂ ਵਿਚ ਲੈਣ ਦੇ ਫੈਸਲੇ ਦਾ ਸਵਾਗਤ ਕੀਤਾ।

# ਭਾਰਤ-ਡੈਨਮਾਰਕ ਵਿਚਾਲੇ ਸਮਝੌਤਿਆਂ 'ਤੇ ਦਸਤਖਤ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਡੈਨਿਸ਼ ਹਮਰੁਤਬਾ ਮੈਟ ਫਰੈਡਰਿਕਸਨ ਨੇ ਸਿਹਤ, ਖੇਤੀਬਾੜੀ, ਜਲ ਪ੍ਰਬੰਧਨ, ਵਾਤਾਵਰਨ ਬਦਲਾਅ ਅਤੇ ਨਵਿਆਉਣਯੋਗ ਊਰਜਾ ਸਮੇਤ ਅਹਿਮ ਖੇਤਰਾਂ 'ਚ ਸਹਿਯੋਗ ਵਧਾਉਣ 'ਤੇ ਧਿਆਨ ਕੇਂਦਰਿਤ ਕਰਦਿਆਂ ਵਾਰਤਾ ਕੀਤੀ।

ਵਾਰਤਾ ਤੋਂ ਬਾਅਦ ਮੀਡੀਆ ਨੂੰ ਦਿੱਤੇ ਬਿਆਨ 'ਚ ਸ੍ਰੀ ਮੋਦੀ ਨੇ ਕਿਹਾ ਕਿ ਦੋਵੇਂ ਮੁਲਕਾਂ ਨੇ ਭਾਰਤ-ਡੈਨਮਾਰਕ ਹਰਿਤ ਰਣਨੀਤਕ ਭਾਈਵਾਲੀ ਤਹਿਤ ਕੀਤੀ ਪ੍ਰਗਤੀ ਦੀ ਨਜ਼ਰਸਾਨੀ ਕੀਤੀ ਅਤੇ ਹੋਰ ਸੈਕਟਰਾਂ 'ਚ ਸਹਿਯੋਗ ਵਧਾਉਣ ਬਾਰੇ ਚਰਚਾ ਕੀਤੀ। ਦੋਵੇਂ ਮੁਲਕਾਂ ਨੇ ਚਾਰ ਸਮਝੌਤੇ ਸਹੀਬੰਦ ਕੀਤੇ ਜੋ ਵਿਗਿਆਨ, ਤਕਨਾਲੋਜੀ, ਵਾਤਾਵਰਨ ਬਦਲਾਅ ਅਤੇ ਹੁਨਰ ਵਿਕਾਸ 'ਚ ਸਹਿਯੋਗ ਨੂੰ ਹੋਰ ਗੂੜ੍ਹਾ ਬਣਾਉਣਗੇ। ਡੈਨਮਾਰਕ ਦੀ ਪ੍ਰਧਾਨ ਮੰਤਰੀ ਨੇ ਹਰਿਤ ਤਕਨਾਲੋਜੀਆਂ 'ਤੇ ਧਿਆਨ ਕੇਂਦਰਿਤ ਕਰਨ ਲਈ ਸ੍ਰੀ ਮੋਦੀ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਪੂਰੀ



ਦੁਨੀਆ ਲਈ ਪ੍ਰੇਰਨਾਸ੍ਰੋਤ ਦੱਸਿਆ।

ਹਰਿਤ ਭਾਈਵਾਲੀ ਤਹਿਤ ਦੋਵੇਂ ਮੁਲਕਾਂ ਦੇ ਪ੍ਰਧਾਨ ਮੰਤਰੀਆਂ ਵਿਚਕਾਰ ਵਰਚੁਅਲ ਸਿਖਰ ਸੰਮੇਲਨ ਨੂੰ ਅੰਤਿਮ ਰੂਪ ਦਿੱਤਾ ਗਿਆ। ਆਪਣੇ ਬਿਆਨ 'ਚ ਫਰੈਡਰਿਕਸਨ ਨੇ ਕਿਹਾ ਕਿ ਭਾਰਤ ਅਤੇ ਡੈਨਮਾਰਕ 'ਚ ਸਹਿਯੋਗ ਇਕ ਵੱਡੀ ਮਿਸਾਲ ਹੈ ਕਿ ਕਿਵੇਂ ਹਰਿਤ ਵਿਕਾਸ ਅਤੇ ਹਰਿਤ ਪਰਿਵਰਤਨ ਮਿਲ ਕੇ ਸਹਾਈ ਸਾਬਤ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਦੋਵੇਂ ਮੁਲਕਾਂ ਨੇ ਸਿਹਤ ਅਤੇ ਖੇਤੀਬਾੜੀ ਖੇਤਰਾਂ 'ਚ ਸਹਿਯੋਗ ਨੂੰ ਉਤਸ਼ਾਹਿਤ ਕਰਨ ਦਾ ਫੈਸਲਾ ਲਿਆ ਹੈ।

# ਕੇਂਦਰ ਵੱਲੋਂ ਰਾਜਾਂ ਨੂੰ 40 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ

**ਨਵੀਂ ਦਿੱਲੀ:** ਕੇਂਦਰ ਨੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਜੀ.ਐਸ.ਟੀ. ਦੇ ਮਾਲੀਏ 'ਚ ਕਮੀ ਦੀ ਭਰਪਾਈ ਲਈ 40 ਹਜ਼ਾਰ ਕਰੋੜ ਰੁਪਏ ਜਾਰੀ ਕੀਤੇ ਹਨ। ਹੁਣ ਤੱਕ 1.15 ਲੱਖ ਕਰੋੜ ਰੁਪਏ ਕਰਜ਼ੇ ਵਜੋਂ ਜਾਰੀ ਕੀਤੇ ਗਏ ਹਨ। ਇਕ ਅਧਿਕਾਰਤ ਬਿਆਨ ਅਨੁਸਾਰ, 'ਵਿੱਤ ਮੰਤਰਾਲੇ ਨੇ ਜੀ.ਐਸ.ਟੀ. ਮੁਆਵਜ਼ੇ 'ਚ ਕਮੀ ਨੂੰ ਪੂਰਾ ਕਰਨ ਲਈ ਕਰਜ਼ ਸਹੂਲਤ ਤਹਿਤ ਰਾਜਾਂ ਤੇ ਵਿਧਾਨ ਸਭਾ ਵਾਲੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ 40 ਹਜ਼ਾਰ ਕਰੋੜ ਰੁਪਏ ਜਾਰੀ ਕੀਤੇ ਹਨ।' ਬਿਆਨ 'ਚ ਕਿਹਾ ਗਿਆ, 'ਇਸ ਤੋਂ ਪਹਿਲਾਂ 15 ਜੁਲਾਈ 2021 ਨੂੰ ਰਾਜਾਂ ਤੇ ਵਿਧਾਨ ਸਭਾ ਵਾਲੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ 75 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਸੀ। ਮੌਜੂਦਾ ਰਾਸ਼ੀ ਦੇ ਨਾਲ ਚਾਲੂ ਵਿੱਤੀ ਵਰ੍ਹੇ 'ਚ ਜੀ.ਐਸ.ਟੀ. ਮੁਆਵਜ਼ੇ ਬਦਲੇ ਕਰਜ਼ ਦੇ ਰੂਪ 'ਚ ਜਾਰੀ ਕੀਤੀ ਗਈ ਕੁੱਲ ਰਾਸ਼ੀ 1.15 ਲੱਖ ਕਰੋੜ ਰੁਪਏ ਹੋ ਚੁੱਕੀ ਹੈ।'

# ਰਿਜ਼ਰਵ ਬੈਂਕ ਦੀਆਂ ਵਿਆਜ ਦਰਾਂ ਜਿਉਂ ਦੀਆਂ ਤਿਉਂ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਆਸ ਮੁਤਾਬਕ ਮੁੱਖ ਨੀਤੀਗਤ ਦਰਾਂ 'ਚ ਕੋਈ ਬਦਲਾਅ ਨਹੀਂ ਕੀਤਾ ਹੈ। ਉਨ੍ਹਾਂ ਆਰਥਿਕ ਰਿਕਵਰੀ ਦਰਮਿਆਨ ਕੋਵਿਡ-19 ਮਹਾਮਾਰੀ ਦੌਰਾਨ ਉਠਾਏ ਗਏ ਰਾਹਤ ਕਦਮਾਂ ਨੂੰ ਵਾਪਸ ਲੈਣ ਦੇ ਸੰਕੇਤ ਵੀ ਦਿੱਤੇ ਹਨ।

ਛੇ ਮੈਂਬਰੀ ਮੁਦਰਾ ਨੀਤੀ ਕਮੇਟੀ ਨੇ ਰੈਪੋ ਅਤੇ ਰਿਵਰਸ ਰੈਪੋ ਦਰਾਂ ਨੂੰ ਲਗਾਤਾਰ ਅੱਠਵੀਂ ਵਾਰ ਕਾਇਮ ਰੱਖਿਆ ਹੈ। ਰੈਪੋ ਦਰ ਚਾਰ ਫੀਸਦ ਅਤੇ ਰਿਵਰਸ ਰੈਪੋ ਦਰ 3.35 ਫੀਸਦ 'ਤੇ ਕਾਇਮ ਰੱਖੀ ਗਈ ਹੈ। ਆਰ.ਬੀ.ਆਈ. ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਆਨਲਾਈਨ ਪ੍ਰਸਾਰਨ ਦੌਰਾਨ ਦੱਸਿਆ ਕਿ ਬੈਠਕ ਦੌਰਾਨ ਰੁਖ ਨੂੰ ਨਰਮ ਬਣਾਈ ਰੱਖਣ ਦਾ ਵੀ ਫੈਸਲਾ ਲਿਆ ਗਿਆ ਹੈ। ਕਮੇਟੀ ਦੇ ਪੰਜ ਮੈਂਬਰਾਂ ਨੇ ਪੱਖ 'ਚ ਜਦਕਿ ਇਕ ਮੈਂਬਰ ਨੇ ਵਿਰੋਧ 'ਚ ਵੋਟ ਦਿੱਤਾ। ਗਵਰਨਰ ਨੇ ਸੰਕੇਤ ਦਿੱਤਾ ਕਿ ਕੇਂਦਰੀ ਬੈਂਕ




ਮੁਦਰਾ ਪ੍ਰਣਾਲੀ 'ਚ ਮੌਜੂਦ ਵਾਧੂ ਨਕਦੀ ਨੂੰ ਹੌਲੀ-ਹੌਲੀ ਅਡਜਸਟ ਕਰੇਗਾ ਜੋ ਅਜੇ 9 ਲੱਖ ਕਰੋੜ ਤੋਂ ਜ਼ਿਆਦਾ ਹੈ। ਅਹਿਮ ਤੱਥ ਇਹ ਹੈ ਕਿ ਕੇਂਦਰੀ ਬੈਂਕ ਨੇ ਸਰਕਾਰੀ ਸਕਿਉਰਿਟੀਜ ਦੇ ਖਰੀਦ (ਜੀ.ਐਸ.ਏ.ਪੀ.) ਪ੍ਰੋਗਰਾਮ ਨੂੰ ਰੋਕਣ ਦਾ ਫੈਸਲਾ ਲਿਆ ਹੈ। ਇਸ ਕਦਮ ਨਾਲ ਪ੍ਰਣਾਲੀ 'ਚ ਹੋਰ ਤਰਲਤਾ ਦਾ ਪ੍ਰਵਾਹ ਰੁਕੇਗਾ। ਰਿਜ਼ਰਵ ਬੈਂਕ ਨੇ ਜੀ.ਐਸ.ਏ.ਪੀ. ਪ੍ਰੋਗਰਾਮ ਰਾਹੀਂ ਪਿਛਲੀਆਂ ਦੋ ਤਿਮਾਹੀਆਂ 'ਚ 2.2 ਲੱਖ ਕਰੋੜ ਰੁਪਏ ਦੇ ਬਾਂਡ ਖਰੀਦੇ ਹਨ। ਉਨ੍ਹਾਂ ਮੌਜੂਦਾ ਵਿੱਤੀ ਵਰ੍ਹੇ 2021-22 ਲਈ ਵਿਕਾਸ ਦਰ ਸਾਢੇ 9 ਫੀਸਦ ਰਹਿਣ ਦਾ ਅੰਦਾਜ਼ਾ ਕਾਇਮ ਰੱਖਿਆ ਹੈ।

# ਗ੍ਰੀਨ ਕਾਰਡ ਪ੍ਰਕਿਰਿਆ 'ਚ ਦੇਰੀ ਨੂੰ ਖਤਮ ਕਰਨਾ ਚਾਹੁੰਦੇ ਨੇ ਬਾਇਡਨ

**ਵਾਸ਼ਿੰਗਟਨ:** ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਗ੍ਰੀਨ ਕਾਰਡ ਜਾਰੀ ਕਰਨ ਵਿਚ ਦੇਰੀ ਖਤਮ ਕਰਨਾ ਚਾਹੁੰਦੇ ਹਨ। ਹਜ਼ਾਰਾਂ ਪ੍ਰਤਿਭਾਸ਼ਾਲੀ ਭਾਰਤੀ ਟੈਕਨਾਲੌਜੀ ਪੇਸ਼ੇਵਰਾਂ ਨੂੰ ਗ੍ਰੀਨ ਕਾਰਡ ਦੇਣ ਵਿਚ ਬੇਲੋੜੀ ਦੇਰੀ ਭਾਰਤੀ-ਅਮਰੀਕੀਆਂ ਅਤੇ ਇਥੇ ਰਹਿਣ ਵਾਲੇ ਉਨ੍ਹਾਂ ਦੇ ਬੱਚਿਆਂ ਲਈ ਚਿੰਤਾ ਦਾ ਵੱਡਾ ਕਾਰਨ ਹੈ। ਅਜਿਹੇ ਲੋਕਾਂ ਨੂੰ ਗ੍ਰੀਨ ਕਾਰਡ ਜਾਰੀ ਕਰਨ ਦੀ ਪ੍ਰਕਿਰਿਆ ਵਿਚ ਕਈ ਵਾਰ ਦਹਾਕੇ ਲੱਗ ਜਾਂਦੇ ਹਨ।

# ਭਾਰਤੀ ਅਰਥਚਾਰੇ 'ਚ 8.3 ਫੀਸਦ ਵਾਧੇ ਦਾ ਅਨੁਮਾਨ: ਵਿਸ਼ਵ ਬੈਂਕ

**ਵਾਸ਼ਿੰਗਟਨ:** ਜਨਤਕ ਨਿਵੇਸ਼ ਵਿਚ ਵਾਧੇ ਅਤੇ ਉਤਪਾਦਨ ਨੂੰ ਬੜ੍ਹਾਵਾ ਦੇਣ ਨਾਲ ਭਾਰਤੀ ਅਰਥਚਾਰਾ ਵਿੱਤੀ ਵਰ੍ਹੇ 2021-22 ਵਿਚ 8.3 ਫੀਸਦ ਦੀ ਦਰ ਨਾਲ ਵਧਣ ਦੀ ਆਸ ਹੈ, ਜੋ ਇਸ ਸਾਲ ਦੀ ਸ਼ੁਰੂਆਤ ਵਿਚ ਕੋਵਿਡ-19 ਮਹਾਮਾਰੀ ਦੀ ਦੂਜੀ ਲਹਿਰ ਤੋਂ ਪਹਿਲਾਂ ਦੇ ਅਨੁਮਾਨ ਨਾਲੋਂ ਘੱਟ ਹੈ।

ਵਿਸ਼ਵ ਬੈਂਕ ਨੇ ਆਪਣੀ ਨਵੀਂ ਰਿਪੋਰਟ ਵਿਚ ਇਹ ਗੱਲ ਕਹੀ ਹੈ। ਦੱਖਣੀ ਏਸ਼ੀਆ ਖੇਤਰ ਲਈ ਵਿਸ਼ਵ ਬੈਂਕ ਦੇ ਮੁੱਖ ਅਰਥ ਸ਼ਾਸਤਰੀ ਹੈਂਸ ਟਿਮਰ ਨੇ ਕਿਹਾ, "ਅਸੀਂ ਇਸ ਵਿੱਤੀ ਵਰ੍ਹੇ ਲਈ 8.3 ਫੀਸਦ (ਭਾਰਤੀ ਅਰਥਚਾਰੇ ਲਈ ਵਾਧੇ ਦੀ ਦਰ) ਦਾ ਅਨੁਮਾਨ ਲਗਾਉਂਦੇ ਹਾਂ ਜੋ ਕਿ ਕੋਵਿਡ ਦੀ ਦੂਜੀ ਲਹਿਰ ਕਾਰਨ ਹੋਏ ਸਿਹਤ ਸੰਕਟ ਤੋਂ ਪਹਿਲਾਂ ਦੇ ਅਨੁਮਾਨ ਦੇ ਮੁਕਾਬਲੇ ਘੱਟ ਹੈ।" ਇਸ ਤੋਂ ਪਹਿਲਾਂ 31 ਮਾਰਚ 2021 ਨੂੰ ਵਿਸ਼ਵ ਬੈਂਕ ਨੇ ਇਕ ਰਿਪੋਰਟ ਵਿਚ ਕਿਹਾ ਸੀ ਕਿ ਵਿੱਤੀ ਵਰ੍ਹੇ 2021-22 ਲਈ ਭਾਰਤ ਦੀ ਅਸਲ ਵਿਕਾਸ ਦਰ 7.5 ਤੋਂ 12.5 ਫੀਸਦ ਵਿਚਾਲੇ ਰਹਿ ਸਕਦੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 16 ਅਕਤੂਬਰ 2021*

# ਕਿਸਾਨ ਅੰਦੋਲਨ ਦਾ ਅਗਲਾ ਪੜਾਅ

ਲਖੀਮਪੁਰ ਖੀਰੀ ਵਾਲੀ ਘਟਨਾ ਅਤੇ ਕੇਂਦਰ ਸਰਕਾਰ ਦੀ ਇਸ ਬਾਰੇ ਚੱਲ ਰਹੀ ਸਿਆਸਤ ਨਾਲ ਕਿਸਾਨ ਅੰਦੋਲਨ ਹੁਣ ਅਗਲੇ ਅਤੇ ਅਹਿਮ ਪੜਾਅ ਅੰਦਰ ਦਾਖਲ ਹੋ ਗਿਆ ਹੈ। ਇਹ ਕਿਸਾਨ ਅੰਦੋਲਨ ਪਹਿਲਾਂ-ਪਹਿਲ ਪੰਜਾਬ ਤੋਂ ਉਠਿਆ ਸੀ ਅਤੇ ਉਠਿਆ ਵੀ ਉਸ ਵਕਤ ਸੀ ਕਿ ਜਦੋਂ ਸਮੁੱਚਾ ਦੇਸ਼ ਕਰੋਨਾ ਵਾਇਰਸ ਕਾਰਨ ਲਾਏ ਲੌਕਡਾਊਨ ਦੀ ਮਾਰ ਝੱਲ ਰਿਹਾ ਸੀ। ਇਹ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਤਾਕਤ ਅਤੇ ਇਨ੍ਹਾਂ ਦਾ ਜਥੇਬੰਦਕ ਤਾਣਾਬਾਣਾ ਹੀ ਸੀ ਜਿਸ ਨੇ ਸਰਕਾਰਾਂ ਦੇ ਪਾਏ ਸਭ ਅੜਿੱਕੇ ਪਾਰ ਕੀਤੇ। ਮੋਦੀ ਸਰਕਾਰ ਨੇ ਲੌਕਡਾਊਨ ਦਾ ਫਾਇਦਾ ਉਠਾਉਂਦਿਆਂ ਜੂਨ 2020 ਨੂੰ ਖੇਤੀ ਬਾਰੇ ਆਰਡੀਨੈਂਸ ਜਾਰੀ ਕਰ ਦਿੱਤੇ ਸਨ। ਸਤੰਬਰ ਤੱਕ ਪੁੱਜਦੇ-ਪੁੱਜਦੇ ਜਦੋਂ ਸਰਕਾਰ ਨੇ ਇਨ੍ਹਾਂ ਨੂੰ ਸੰਸਦ ਵਿਚੋਂ ਪਾਸ ਕਰਵਾ ਕੇ ਕਾਨੂੰਨ ਦਾ ਜਾਮਾ ਪਹੁੰਚਾ ਦਿੱਤਾ, ਉਦੋਂ ਤਾਈਂ ਕਿਸਾਨਾਂ ਦਾ ਅੰਦੋਲਨ ਵੀ ਭਖ ਗਿਆ ਸੀ। ਇਹ ਸਤੰਬਰ ਦੇ ਆਖਰੀ ਦਿਨ ਹੀ ਸਨ ਜਦੋਂ ਇਕਜੁਟ ਹੋਈਆਂ ਕਿਸਾਨ ਜਥੇਬੰਦੀਆਂ ਨੇ ਦਸੰਬਰ ਦੇ ਅਖੀਰ ਵਿਚ ਦੋ ਦਿਨ ਦਿੱਲੀ ਵਿਚ ਧਰਨਾ ਲਾਉਣ ਦਾ ਐਲਾਨ ਕਰ ਦਿੱਤਾ। ਜਿਉਂ-ਜਿਉਂ ਦਿੱਲੀ ਧਰਨੇ ਵਾਲੀਆਂ ਤਰੀਕਾਂ ਨੇੜੇ ਆਉਂਦੀਆਂ ਗਈਆਂ, ਪੰਜਾਬ ਦੇ ਪਿੰਡਾਂ ਵਿਚ ਮੋਦੀ ਸਰਕਾਰ ਖਿਲਾਫ ਰੋਸ ਅਤੇ ਰੋਹ ਠਾਠਾਂ ਮਾਰਨ ਲੱਗ ਪਿਆ। ਉਧਰ, ਮੋਦੀ ਸਰਕਾਰ ਨੇ ਵੀ ਠਾਣ ਲਈ ਕਿ ਵਿਖਾਵਾ ਕਰ ਰਹੇ ਕਿਸਾਨਾਂ ਨੂੰ ਦਿੱਲੀ ਅੰਦਰ ਨਹੀਂ ਵੜਨ ਦੇਣਾ। ਬੱਸ ਇਹੀ ਉਹ ਪਲ ਸਨ ਜਦੋਂ ਕਿਸਾਨ ਅੰਦੋਲਨ ਲੋਕਾਈ ਦੇ ਸਿਰ 'ਤੇ ਬਹੁਤ ਮਜ਼ਬੂਤੀ ਨਾਲ ਅਗਲੇ ਪੜਾਅ ਅੰਦਰ ਦਾਖਲ ਹੋ ਗਿਆ ਅਤੇ ਹਰ ਅੜਿੱਕਾ ਪਾਰ ਕਰਦਾ ਦਿੱਲੀ ਦੀਆਂ ਬਰੂਹਾਂ ਉਤੇ ਜਾ ਬੈਠਾ। ਰੋਕਾਂ ਦੇ ਬਾਵਜੂਦ ਦਿੱਲੀ ਵੱਲ ਕੂਚ ਕਰਨ ਦੀ ਪਹਿਲ ਐਤਕੀਂ ਹਰਿਆਣਾ ਨੇ ਕੀਤੀ ਸੀ ਅਤੇ ਦੇਖਦੇ-ਦੇਖਦੇ ਲੱਖਾਂ ਦੀ ਗਿਣਤੀ ਵਿਚ ਕਿਸਾਨ ਦਿੱਲੀ ਬਾਰਡਰਾਂ 'ਤੇ ਡਟ ਗਏ।

ਦਿੱਲੀ ਬਾਰਡਰਾਂ 'ਤੇ ਡਟੇ ਕਿਸਾਨਾਂ ਦੇ ਇਸ ਅੰਦੋਲਨ ਬਾਰੇ ਮਾਹਿਰਾਂ ਦੀ ਰਾਇ ਆਉਣੀ ਸ਼ੁਰੂ ਹੋ ਗਈ ਸੀ ਕਿ ਸਰਕਾਰ ਇਸ ਅੰਦੋਲਨ ਨੂੰ ਪੰਜਾਬ ਸਿਰ ਮੜ੍ਹ ਕੇ ਇਸ ਨੂੰ ਖਤਮ ਕਰਨਾ ਚਾਹੁੰਦੀ ਹੈ ਪਰ ਇਸ ਅੰਦੋਲਨ ਨੂੰ ਜੋ ਸਹਿਯੋਗ ਅਤੇ ਸਾਥ ਹਰਿਆਣਾ ਦੇ ਕਿਸਾਨਾਂ ਨੇ ਦਿੱਤਾ, ਉਸ ਨਾਲ ਸਰਕਾਰ ਦੀਆਂ ਸਭ ਗਿਣਤੀਆਂ-ਮਿਣਤੀਆਂ ਧਰੀ-ਧਰਾਈਆਂ ਰਹਿ ਗਈਆਂ। ਇਸ ਤੋਂ ਬਾਅਦ ਤਾਂ ਸਗੋਂ ਇਹ ਅੰਦੋਲਨ ਉਤਰ ਪ੍ਰਦੇਸ਼ ਦੇ ਕੁਝ ਹਿੱਸਿਆਂ ਵਿਚ ਫੈਲਣਾ ਆਰੰਭ ਹੋ ਗਿਆ। ਫਿਰ ਹੌਲੀ-ਹੌਲੀ ਰਾਜਸਥਾਨ ਅਤੇ ਕਈ ਹੋਰ ਸੂਬਿਆਂ ਦੇ ਕਿਸਾਨ ਵੀ ਅੰਦੋਲਨ ਦਾ ਹਿੱਸਾ ਬਣਨ ਲੱਗ ਪਏ। ਫਿਰ ਇਕ ਦੌਰ ਉਹ ਵੀ ਆਇਆ ਜਦੋਂ ਸਮਾਜ ਦੇ ਹਰ ਵਰਗ ਅਤੇ ਤਬਕੇ ਨੇ ਇਸ ਕਿਸਾਨ ਅੰਦੋਲਨ ਦੀ ਹਮਾਇਤ ਕੀਤੀ। ਨਤੀਜੇ ਵਜੋਂ ਕੇਂਦਰ ਸਰਕਾਰ ਦੀ ਹਰ ਚਾਲ ਫੇਲ੍ਹ ਸਾਬਤ ਹੋਈ। 26 ਜਨਵਰੀ ਵਾਲੇ ਦਿਨ ਕੇਂਦਰ ਸਰਕਾਰ ਨੇ ਇਸ ਅੰਦੋਲਨ ਨੂੰ ਲੀਹੋਂ ਲਾਹੁਣ ਲਈ ਬਹੁਤ ਵੱਡੇ ਪੱਧਰ 'ਤੇ ਯਤਨ ਕੀਤਾ ਪਰ ਤਿੱਖੇ ਝਟਕੇ ਤੋਂ ਬਾਅਦ ਕੁਝ ਹੀ ਦਿਨਾਂ ਵਿਚ ਅੰਦੋਲਨ ਫਿਰ ਸੰਭਲ ਗਿਆ। ਉਸ ਵਕਤ ਉਤਰ ਪ੍ਰਦੇਸ਼ ਦੇ ਕਿਸਾਨਾਂ, ਖਾਸ ਕਰਕੇ ਉਥੇ ਹੋਈਆਂ ਮਹਾਂ ਪੰਚਾਇਤਾਂ ਨੇ ਅੰਦੋਲਨ ਨੂੰ ਮੁੜ ਲੀਹ 'ਤੇ ਲਿਆਉਣ ਲਈ ਜ਼ੋਰਦਾਰ ਹੰਭਲਾ ਮਾਰਿਆ। ਇਸ ਜ਼ੋਰਦਾਰ ਹੰਭਲੇ ਦਾ ਹੀ ਨਤੀਜਾ ਸੀ ਕਿ ਉਤਰ ਪ੍ਰਦੇਸ਼ ਦਾ ਪੱਛਮੀ ਹਿੱਸਾ ਪੂਰੀ ਤਰ੍ਹਾਂ ਅੰਦੋਲਨ ਦੇ ਰੰਗ ਵਿਚ ਰੰਗਿਆ ਗਿਆ। ਇਸ ਤੋਂ ਬਾਅਦ ਉਤਰ ਪ੍ਰਦੇਸ਼ ਵਿਚ ਹੀ ਨਹੀਂ, ਹਰਿਆਣਾ ਅਤੇ ਹੋਰ ਸੂਬਿਆਂ ਵਿਚ ਵੀ ਮਹਾਂ ਪੰਚਾਇਤਾਂ ਜੁੜਨ ਲੱਗੀਆਂ। ਉਦੋਂ ਪੱਛਮੀ ਬੰਗਾਲ ਸਮੇਤ ਕੁਝ ਸੂਬਿਆਂ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਕਿਸਾਨ ਜਥੇਬੰਦੀਆਂ ਨੇ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਖਿਲਾਫ ਮੋਰਚਾ ਮੱਲ ਲਿਆ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਭਾਰਤੀ ਜਨਤਾ ਪਾਰਟੀ ਨੂੰ ਸੱਤਾ ਤੋਂ ਲਾਂਭੇ ਰੱਖਣ ਲਈ ਇਸ ਪਾਰਟੀ ਨੂੰ ਵੋਟਾਂ ਨਾ ਪਾਈਆਂ ਜਾਣ। ਹੁਣ ਉਤਰ ਪ੍ਰਦੇਸ਼, ਪੰਜਾਬ ਅਤੇ ਕੁਝ ਹੋਰ ਸੂਬਿਆਂ ਵਿਚ ਅਗਲੇ ਸਾਲ ਦੇ ਆਰੰਭ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਵੀ ਕਿਸਾਨ ਲੀਡਰਾਂ ਨੇ ਇਹੀ ਪਹੁੰਚ ਅਪਣਾਉਣ ਦਾ ਫੈਸਲਾ ਕੀਤਾ ਹੋਇਆ ਹੈ।

ਕਿਸਾਨਾਂ ਦੀ ਅਜਿਹੀ ਰਣਨੀਤੀ ਦੌਰਾਨ ਲਖੀਮਪੁਰ ਵਾਲੀ ਘਟਨਾ ਵਾਪਰੀ ਹੈ ਜਿਸ ਨੇ ਕਿਸਾਨਾਂ ਦੇ ਰੋਹ ਨੂੰ ਦੂਣ-ਸਵਾਇਆ ਕਰ ਦਿੱਤਾ ਹੈ। ਇਸ ਘਟਨਾ ਤੋਂ ਬਾਅਦ ਕਿਸਾਨਾਂ ਦੇ ਨਾਲ-ਨਾਲ ਵਿਰੋਧੀ ਧਿਰਾਂ ਨੇ ਵੀ ਤਕੜੀ ਹਾਜ਼ਰੀ ਲੁਆਈ ਹੈ ਜੋ ਪਹਿਲਾਂ ਕਈ ਮਾਮਲਿਆਂ ਵਿਚ ਨਦਾਰਦ ਦਿਖਾਈ ਦਿੰਦੀ ਸੀ। ਇਸ ਨਾਲ ਉਤਰ ਪ੍ਰਦੇਸ਼ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਉਤੇ ਇਸ ਦਾ ਅਸਰ ਪੈਣ ਦੀਆਂ ਸੰਭਾਵਨਾ ਬਣਨ ਲੱਗੀਆਂ ਹਨ। ਇਹੀ ਉਹ ਨੁਕਤਾ ਸੀ ਜਿਸ ਬਾਰੇ ਸਿਆਸੀ ਮਾਹਿਰ ਅਕਸਰ ਗੱਲ ਕਰਦੇ ਰਹੇ ਹਨ। ਇਨ੍ਹਾਂ ਮਾਹਿਰਾਂ ਦੀ ਰਾਇ ਸੀ ਕਿ ਜਿੰਨਾ ਚਿਰ ਤੱਕ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਲੀਡਰਸ਼ਿਪ ਅੰਦਰ ਆਪਣੇ ਸਿਆਸੀ ਨੁਕਸਾਨ ਬਾਰੇ ਖੌਫ ਪੈਦਾ ਨਹੀਂ ਹੁੰਦਾ, ਇਹ ਅੰਦੋਲਨ ਨੂੰ ਗੌਲੇਗੀ ਨਹੀਂ। ਹੁਣ ਦੇਖਣਾ ਇਹ ਹੈ ਕਿ ਲਖੀਮਪੁਰ ਵਾਲੀ ਘਟਨਾ ਤੋਂ ਬਾਅਦ ਕਿਸਾਨ ਅੰਦੋਲਨ ਦਾ ਰੁਖ ਕੀ ਬਣਦਾ ਹੈ। ਉਤਰ ਪ੍ਰਦੇਸ਼ ਵਿਚ ਵਿਧਾਨ ਸਭਾ ਦੀਆਂ ਚੋਣਾਂ ਸਿਰ ਉਤੇ ਹਨ ਅਤੇ ਹੁਣ ਇਹ ਕਿਸਾਨ ਲੀਡਰਸ਼ਿਪ ਲਈ ਪਰਖ ਦੀਆਂ ਘੜੀਆਂ ਹਨ ਕਿ ਕਿਸਾਨ ਅੰਦੋਲਨ ਨੂੰ ਚੋਣਾਂ ਤੋਂ ਪਾਰ ਕਿਸ ਤਰ੍ਹਾਂ ਲੈ ਕੇ ਜਾਣਾ ਹੈ, ਕਿਉਂਕਿ ਚੋਣਾਂ ਦੇ ਮਸਲੇ ਅਤੇ ਇਸ ਸਬੰਧੀ ਪਹੁੰਚ ਦੇ ਮਾਮਲੇ ਵਿਚ ਕਿਸਾਨ ਧਿਰਾਂ ਵਿਚਕਾਰ ਸਹਿਮਤੀ ਨਹੀਂ ਹੈ ਪਰ ਇਕ ਨੁਕਤੇ 'ਤੇ ਸਭ ਦੀ ਸਹਿਮਤੀ ਹੈ ਕਿ ਸੂਬੇ ਵਿਚ ਭਾਰਤੀ ਜਨਤਾ ਪਾਰਟੀ ਨੂੰ ਚੋਣਾਂ ਵਿਚ ਪਿਛਾਂਹ ਧੱਕਣ ਲਈ ਕੋਈ ਰਣਨੀਤੀ ਜ਼ਰੂਰ ਬਣਨੀ ਚਾਹੀਦੀ ਹੈ। ਇਸ ਵਕਤ ਉਤਰ ਪ੍ਰਦੇਸ਼ ਵਿਚ ਵਿਰਧੀ ਧਿਰ ਪਾਟੋ-ਧਾੜ ਹੈ। ਵਿਰੋਧੀ ਧਿਰ ਦੀਆਂ ਵੋਟਾਂ ਵੰਡੀਆਂ ਜਾਣ ਕਰਕੇ ਇਸ ਦਾ ਸਿੱਧਾ ਫਾਇਦਾ ਭਾਰਤੀ ਜਨਤਾ ਪਾਰਟੀ ਨੂੰ ਹੋਣਾ ਹੈ। ਜਿਸ ਮੋੜ 'ਤੇ ਕਿਸਾਨ ਅੰਦੋਲਨ ਪੁੱਜ ਚੁੱਕਾ ਹੈ, ਕਿਸਾਨ ਧਿਰਾਂ ਨੂੰ ਅੰਦੋਲਨ ਵਿਚ ਕੋਈ ਢਿੱਲ ਲਿਆਂਦੇ ਬਗੈਰ ਇਸ ਪਾਸੇ ਵੀ ਨਿੱਗਰ ਰਣਨੀਤੀ ਘੜ ਕੇ ਧਿਆਨ ਦੇਣ ਦੀ ਜ਼ਰੂਰਤ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲਹੂ ਲਖੀਮਪੁਰ ਦਾ!*

ਏਕਾ ਜਿੱਤਦਾ ਆਇਆ ਹੈ ਮੁੱਢ ਤੋਂ ਹੀ ਮਿਹਨਤਕਸ਼ਾਂ, ਕਿਸਾਨਾਂ ਤੇ ਸੀਰੀਆਂ ਦਾ।
ਕਰਨਾ ਜਾਣਨ 'ਇਲਾਜ' ਪਰ ਸ਼ਾਂਤ ਰਹਿੰਦੇ, ਹੁਕਮਰਾਨ ਦੀਆਂ ਅੱਖੀਆਂ 'ਟੀਰੀਆਂ' ਦਾ।
ਆਉਂਦਾ 'ਪਾਰਾ' ਹੰਕਾਰ ਦਾ ਝੱਟ ਥੱਲੇ, ਚੜ੍ਹੀਆਂ ਤਖਤ 'ਤੇ ਬੈਠੀਆਂ ਮੀਰੀਆਂ ਦਾ।
ਹੱਕ ਸੱਚ ਇਨਸਾਫ ਲਈ ਜੂਝਦੇ ਜੋ, ਹੁੰਦਾ ਆਸਰਾ ਉਨ੍ਹਾਂ ਸਿਰ 'ਪੀਰੀਆਂ' ਦਾ।
ਜੋਸ਼ ਚਾੜ੍ਹਦਾ ਕਰਦਾ ਏ ਮੇਲ ਮੁੜ ਕੇ, ਸਾਂਝਾਂ ਫਿਰਕਿਆਂ ਵਿਚਲੀਆਂ ਚੀਰੀਆਂ ਦਾ।
ਤਿੱਖਾ ਕਰੇ ਸੰਘਰਸ਼ ਨੂੰ ਹੋਰ ਤਕੜਾ, ਡੁੱਲ੍ਹਿਆ ਲਹੂ ਲਖੀਮਪੁਰ ਖੀਰੀਆਂ ਦਾ!

# ਮੁਜਰਿਮਾਂ ਦੇ ਰਾਜ ਵਿਚ ਨਿਆਂ ਲਈ ਸੰਘਰਸ਼

***ਲਖੀਮਪੁਰ ਖੀਰੀ ਦੀ ਘਟਨਾ ਨੇ ਭਾਰਤ ਭਰ ਵਿਚ ਚਰਚਾ ਛੇੜੀ ਹੈ। ਇਸ ਘਟਨਾ ਤੋਂ ਬਾਅਦ ਪੁਲਿਸ ਦੇ ਵਿਹਾਰ ਦੀ ਤਿੱਖੀ ਨੁਕਤਾਚੀਨੀ ਹੋਈ। ਉਂਜ, ਇਸ ਕੇਸ ਵਿਚ ਮੁਲਕ ਦੀ ਸੁਪਰੀਮ ਕੋਰਟ ਨੇ ਆਪੇ ਕਾਰਵਾਈ ਕਰਕੇ ਨਿਆਂ ਪਾਲਿਕਾ ਦੀ ਲਾਜ ਰੱਖ ਲਈ ਅਤੇ ਯੂ.ਪੀ. ਦੀ ਸਰਕਾਰ ਨੂੰ ਤਿੱਖੇ ਸਵਾਲ ਪੁੱਛੇ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਤਿੰਨ ਅਕਤੂਬਰ ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੇਨੀ ਦੇ ਮੁੰਡੇ ਮੋਨੂ ਨੇ ਯੂ.ਪੀ. ਦੇ ਲਖੀਮਪੁਰ ਖੀਰੀ ਜ਼ਿਲ੍ਹੇ ਵਿਚ ਵਾਪਸ ਪਰਤ ਰਹੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਗੱਡੀਆਂ ਹੇਠ ਕੁਚਲ ਕੇ ਚਾਰ ਕਿਸਾਨਾਂ ਅਤੇ ਇਕ ਪੱਤਰਕਾਰ ਦੀ ਹੱਤਿਆ ਕਰ ਦਿੱਤੀ। ਸੱਤਾ ਦੇ ਗਰੂਰ 'ਚ ਇਹ ਕਾਰਾ ਉਸ ਨੇ ਇਸ ਡੂੰਘੇ ਯਕੀਨ ਨਾਲ ਕੀਤਾ ਕਿ ਕੋਈ ਉਸ ਦਾ ਵਾਲ ਵਿੰਗਾ ਨਹੀਂ ਕਰ ਸਕੇਗਾ ਕਿਉਂਕਿ ਗ੍ਰਹਿ ਮੰਤਰਾਲਾ ਤਾਂ ਉਸ ਦੇ ਪਿਓ ਦੇ ਕਬਜ਼ੇ 'ਚ ਹੈ ਅਤੇ ਉਸ ਪਿੱਛੇ ਕੇਂਦਰ ਤੇ ਯੂ.ਪੀ. ਦੀਆਂ ਸਰਕਾਰਾਂ ਅਤੇ ਆਰ.ਐਸ.ਐਸ.-ਬੀ.ਜੀ.ਪੀ. ਹੈ। ਇਸ ਸਾਕੇ ਨਾਲ ਪੂਰਾ ਮੁਲਕ ਝੰਜੋੜਿਆ ਗਿਆ ਜੋ ਆਪਣੇ ਪਿੱਛੇ ਬਹੁਤ ਸਾਰੇ ਠੋਸ ਸਬੂਤ ਛੱਡ ਗਿਆ। ਇਹ ਹਮਲਾ ਐਨਾ ਬੇਕਿਰਕ ਸੀ ਕਿ ਸੁਪਰੀਮ ਕੋਰਟ ਨੂੰ ਵੀ ਇਸ ਦਾ ਖੁਦ ਨੋਟਿਸ ਲੈਣਾ ਪਿਆ।

**ਬੂਟਾ ਸਿੰਘ**
**ਫੋਨ: +91-94634-74342**

ਕਾਲੇ ਖੇਤੀ ਕਾਨੂੰਨਾਂ ਵਿਰੁਧ ਇਕ ਸਾਲ ਤੋਂ ਚੱਲ ਰਹੇ ਸ਼ਾਂਤਮਈ ਸੰਘਰਸ਼ ਦੌਰਾਨ ਅੰਦੋਲਨਕਾਰੀਆਂ ਵੱਲੋਂ ਕਿਸੇ ਵੀ ਤਰ੍ਹਾਂ ਦੀ ਭੜਕਾਊ ਕਾਰਵਾਈ, ਅਰਾਜਕਤਾ ਜਾਂ ਹਿੰਸਾ ਦੀ ਇਕ ਵੀ ਮਿਸਾਲ ਨਹੀਂ ਹੈ। ਇਹ ਆਰ.ਐਸ.ਐਸ. ਅਤੇ ਇਸ ਦਾ ਸਿਆਸੀ ਵਿੰਗ ਭਾਜਪਾ ਹੈ ਜੋ ਲਗਾਤਾਰ ਦਹਿਸ਼ਤੀ ਹਿੰਸਾ, ਭੜਕਾਹਟ, ਝੂਠ ਅਤੇ ਨਫਰਤ ਦੇ ਜ਼ੋਰ ਅੰਦੋਲਨ ਨੂੰ ਤੋੜਨ ਅਤੇ ਬਦਨਾਮ ਕਰਨ ਲਈ ਲਗਾਤਾਰ ਯਤਨਸ਼ੀਲ ਹੈ ਪਰ ਅੰਦੋਲਨ ਦੇ ਤਹੱਮਲ ਅਤੇ ਜ਼ਾਬਤੇ ਅੱਗੇ ਫਾਸ਼ੀਵਾਦੀਆਂ ਦੀ ਹਰ ਘਿਨਾਉਣੀ ਚਾਲ ਨਾਕਾਮ ਹੋਈ ਹੈ।

ਆਰ.ਐਸ.ਐਸ.-ਭਾਜਪਾ ਦੀ ਦਹਿਸ਼ਤੀ ਸਿਆਸਤ ਨਵੀਂ ਗੱਲ ਨਹੀਂ ਹੈ। ਗੁਜਰਾਤ ਵਿਚ ਮੋਦੀ ਹਕੂਮਤ ਦੀ ਰਹਿਨੁਮਾਈ ਹੇਠ ਮੁਸਲਮਾਨਾਂ ਦਾ ਕਤਲੇਆਮ ਹੋਇਆ। ਹੁਣ ਆਰ.ਐਸ.ਐਸ.-ਬੀ.ਜੇ.ਪੀ. ਕੇਂਦਰੀ ਸੱਤਾ ਉਪਰ ਕਾਬਜ਼ ਹੋਣ ਕਾਰਨ ਲੱਗਭੱਗ ਪੂਰਾ ਮੁਲਕ ਹੀ ਹਿੰਦੂਤਵ ਦਹਿਸ਼ਤੀ ਹਿੰਸਾ ਦੀ ਲਪੇਟ 'ਚ ਆ ਚੁੱਕਾ ਹੈ। ਜੇ.ਐਨ.ਯੂ. ਅਤੇ ਹੋਰ ਕੇਂਦਰੀ ਯੂਨੀਵਰਸਿਟੀਆਂ ਵਿਚ ਪੁਲਿਸ ਅਤੇ ਭਗਵੇਂ ਦਹਿਸ਼ਤੀ ਗਰੋਹਾਂ ਵੱਲੋਂ ਮਿਲ ਕੇ ਢਾਹੇ ਜ਼ੁਲਮ ਸਭ ਦੇ ਚੇਤਿਆਂ 'ਚ ਹਨ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਵਰਮਾ ਅਤੇ ਕਪਿਲ ਮਿਸ਼ਰਾ ਦੀ ਅਗਵਾਈ ਹੇਠ 'ਗੋਲੀ ਮਾਰੋ ਸਾਲੋਂ ਕੋ' ਦੇ ਸੱਦੇ ਤਹਿਤ ਸ਼ਾਹੀਨ ਬਾਗ਼ ਮੋਰਚੇ ਉਪਰ ਹਮਲਾ ਅਤੇ ਫਿਰ ਪੂਰਬ-ਉਤਰੀ ਦਿੱਲੀ ਵਿਚ ਮੁਸਲਮਾਨਾਂ ਦਾ ਬੇਕਿਰਕ ਕਤਲੇਆਮ ਤੇ ਸਾੜਫੂਕ ਅਜੇ ਪਿਛਲੇ ਸਾਲ ਦੀ ਗੱਲ ਹੈ। ਲਖੀਮਪੁਰ ਖੀਰੀ ਕਤਲੇਆਮ ਤੋਂ ਪਹਿਲਾਂ ਅਜੈ ਮਿਸ਼ਰਾ ਅਤੇ ਮਨੋਹਰ ਲਾਲ ਖੱਟੜ ਦੇ ਹਿੰਸਾ ਭੜਕਾਊ ਬਿਆਨ ਖੇਤੀ ਕਾਨੂੰਨਾਂ ਵਿਰੁਧ ਅੰਦੋਲਨ ਸਮੇਤ ਨਿਆਂ ਲਈ ਲੜੇ ਜਾਣ ਵਾਲੇ ਹਰ ਸੰਘਰਸ਼ ਪ੍ਰਤੀ ਆਰ.ਐਸ.ਐਸ.-ਬੀ.ਜੇ.ਪੀ. ਦੀ ਅਧਿਕਾਰਕ ਨੀਤੀ ਅਨੁਸਾਰ ਹਨ। ਥੋੜ੍ਹੇ ਦਿਨ ਪਹਿਲਾਂ ਹੀ ਮਿਸ਼ਰੇ ਨੇ ਕਾਲੇ ਝੰਡੇ ਦਿਖਾਉਣ ਵਾਲੇ ਅੰਦੋਲਨਕਾਰੀ ਕਿਸਾਨਾਂ ਨੂੰ ਆਪਣੇ ਭਾਸ਼ਣ ਵਿਚ ਆਪਣਾ ਅਪਰਾਧੀ ਪਿਛੋਕੜ ਚੇਤੇ ਕਰਾਉਂਦਿਆਂ ਸੁਧਰ ਜਾਣ, ਨਹੀਂ ਤਾਂ ਦੋ ਮਿੰਟ 'ਚ ਸੁਧਾਰ ਦੇਣ ਦੀ ਚਿਤਾਵਨੀ ਦਿੱਤੀ ਸੀ। ਆਰ.ਐਸ.ਐਸ.-ਬੀ.ਜੇ.ਪੀ. ਦੀ ਸਿਖਰਲੀ ਲੀਡਰਸ਼ਿਪ ਕਦੇ ਵੀ ਐਸੇ ਬਿਆਨਾਂ ਦੀ ਨਿਖੇਧੀ ਨਹੀਂ ਕਰਦੀ ਸਗੋਂ ਅਸਿੱਧੇ ਤਰੀਕੇ ਨਾਲ ਇਨ੍ਹਾਂ ਨੂੰ ਜਾਇਜ਼ ਠਹਿਰਾਉਂਦੀ ਹੈ।

ਜਿੱਥੋਂ ਤੱਕ ਭਾਰਤੀ ਰਾਜ ਵਿਚ ਕਿਸਾਨਾਂ ਅਤੇ ਹੋਰ ਮਿਹਨਤਕਸ਼ ਲੋਕਾਂ ਦੇ ਕਤਲੇਆਮ ਦਾ ਸਵਾਲ ਹੈ, ਇਹ ਹੈਰਾਨੀਜਨਕ ਨਹੀਂ ਹੈ। ਆਪਣੇ ਹੱਕਾਂ ਅਤੇ ਹਿਤਾਂ ਦੀ ਰਾਖੀ ਲਈ ਸਮੂਹਿਕ ਸੰਘਰਸ਼ ਕਰਨ ਵਾਲੇ ਕਿਸਾਨਾਂ ਮਜ਼ਦੂਰਾਂ ਦੇ ਪੁਲਿਸ/ਫੌਜ, ਗੁੰਡਾ ਗਰੋਹਾਂ/ਨਿੱਜੀ ਸੈਨਾਵਾਂ ਵੱਲੋਂ ਕਤਲੇਆਮ ਦੀਆਂ ਬੇਸ਼ੁਮਾਰ ਮਿਸਾਲਾਂ ਹਨ। 1968 'ਚ (ਤਾਮਿਲਨਾਡੂ) ਵਿਚ 44 ਹੜਤਾਲੀ ਖੇਤ ਮਜ਼ਦੂਰਾਂ ਨੂੰ ਜ਼ਿੰਦਾ ਸਾੜ ਦੇਣ ਤੋਂ ਲੈ ਕੇ ਬਿਹਾਰ ਵਿਚ ਦਲਿਤਾਂ ਦੇ ਦਰਜਨਾਂ ਕਤਲੇਆਮ, ਆਦਿਵਾਸੀ ਇਲਾਕਿਆਂ 'ਚ ਸਲਵਾ ਜੁਡਮ ਅਤੇ ਓਪਰੇਸ਼ਨ ਗ੍ਰੀਨ ਹੰਟ, ਪੱਛਮੀ ਬੰਗਾਲ ਵਿਚ ਸੀ.ਪੀ.ਐਮ. ਦੀ ਅਗਵਾਈ



ਵਾਲੀ 'ਖੱਬਾ ਮੋਰਚਾ ਸਰਕਾਰ' ਵੱਲੋਂ ਸਿੰਗੂਰ ਤੇ ਨੰਦੀਗ੍ਰਾਮ ਵਿਚ ਕਿਸਾਨਾਂ ਤੇ ਆਦਿਵਾਸੀਆਂ ਦਾ ਕਤਲੇਆਮ ਅਤੇ ਮਈ 2018 'ਚ ਤੂਤੀਕੋਰੀਨ (ਤਾਮਿਲਨਾਡੂ) ਵਿਚ ਵੇਦਾਂਤ ਕਾਰਪੋਰੇਟ ਗਰੁੱਪ ਦੇ ਗੁੰਡਿਆਂ ਤੇ ਪੁਲਿਸ ਦੇ ਗੱਠਜੋੜ ਵੱਲੋਂ 13 ਲੋਕਾਂ ਦਾ ਕਤਲੇਆਮ ਐਸੀਆਂ ਉਘੜੀਆਂ ਮਿਸਾਲਾਂ ਹਨ ਜੋ ਇਹ ਸਮਝਣ ਲਈ ਕਾਫੀ ਹਨ ਕਿ ਸਮੂਹਿਕ ਹੱਕ-ਜਤਾਈ ਰਾਹੀਂ ਆਪਣੇ ਹੱਕ ਤੇ ਇਨਸਾਫ ਲੈਣ ਲਈ ਯਤਨਸ਼ੀਲ ਦੱਬੇ-ਕੁਚਲੇ ਲੋਕਾਂ ਨੂੰ ਸਬਕ ਸਿਖਾਉਣ ਦਾ ਭਾਰਤੀ ਹੁਕਮਰਾਨਾਂ ਦਾ ਖੂਨੀ ਸਿਲਸਿਲਾ ਸਾਢੇ ਸੱਤ ਦਹਾਕਿਆਂ 'ਚ ਫੈਲਿਆ ਹੋਇਆ ਹੈ। ਅੱਜ ਕਾਂਗਰਸ, ਅਕਾਲੀ ਦਲ ਅਤੇ ਹੋਰ ਹਾਕਮ ਜਮਾਤੀ ਪਾਰਟੀਆਂ ਇਸ ਖੂਨੀ ਸਾਕੇ ਦਾ ਸਿਆਸੀ ਲਾਹਾ ਲੈਣ ਲਈ ਸਰਗਰਮ ਹਨ ਜਦੋਂਕਿ ਇਨ੍ਹਾਂ ਦੀਆਂ ਆਪਣੀਆਂ ਸਰਕਾਰਾਂ ਸਮੇਂ ਬੇਹੱਦ ਘਿਨਾਉਣੇ ਕਤਲੇਆਮ ਇਨ੍ਹਾਂ ਦੀ ਅਸਲ ਖਸਲਤ ਦੇ ਗਵਾਹ ਹਨ।

ਇਸ ਸਾਕੇ ਵਿਰੁਧ ਉਠੀ ਵਿਆਪਕ ਆਵਾਜ਼ ਦੇ ਦਬਾਓ ਹੇਠ ਮਹੰਤ ਆਦਿੱਤਿਆਨਾਥ ਸਰਕਾਰ ਆਸ਼ੀਸ਼ ਮਿਸ਼ਰਾ ਵਿਰੁਧ ਕਤਲ ਦਾ ਕੇਸ ਦਰਜ ਕਰਨ ਅਤੇ ਉਸ ਨੂੰ ਗ੍ਰਿਫਤਾਰ ਕਰਨ ਲਈ ਮਜਬੂਰ ਹੋਈ ਹੈ। ਅਜੈ ਮਿਸ਼ਰਾ ਵਿਰੁਧ ਅਜੇ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਨਰਿੰਦਰ ਮੋਦੀ ਅਤੇ ਉਸ ਦੀ ਵਜ਼ਾਰਤ ਇਸ ਕਤਲੇਆਮ ਬਾਰੇ ਚੁੱਪ ਹੈ। ਇਸ ਕਤਲੇਆਮ ਦੇ ਵਕਤ ਮੋਦੀ ਅਤੇ ਯੋਗੀ ਇਸ ਇਲਾਕੇ ਤੋਂ ਮਹਿਜ਼ ਡੇਢ ਸੌ ਕਿਲੋਮੀਟਰ ਫਾਸਲੇ 'ਤੇ ਲਖਨਊ ਵਿਚ 'ਆਜ਼ਾਦੀ ਕਾ ਅੰਮ੍ਰਿਤ ਮਹਾਉਤਸਵ' ਦੌਰਾਨ 75 ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨ ਲਈ ਗਏ ਹੋਏ ਸਨ। ਉਸ ਦਿਨ ਤੋਂ ਲੈ ਕੇ ਅੱਜ ਤੱਕ ਮੋਦੀ ਦੀ ਖਾਮੋਸ਼ੀ ਇਹ ਦੱਸਦੀ ਹੈ ਕਿ ਆਰ.ਐਸ.ਐਸ.-ਬੀ.ਜੇ.ਪੀ. ਖਾਸਕਰ ਮੋਦੀ-ਅਮਿਤ ਸ਼ਾਹ ਨੇ ਆਪਣੇ ਖਾਸ-ਮ-ਖਾਸ ਮੰਤਰੀ ਅਤੇ ਉਸ ਦੇ ਮੁੰਡੇ ਨੂੰ ਬਚਾਉਣ ਲਈ ਪੂਰੀ ਤਾਕਤ ਝੋਕੀ ਹੋਈ ਹੈ। ਤਿੰਨ ਮਹੀਨੇ ਪਹਿਲਾਂ ਹੀ ਅਜੈ ਮਿਸ਼ਰਾ ਨੂੰ ਕੇਂਦਰੀ ਵਜ਼ਾਰਤ ਵਿਚ ਸ਼ਾਮਿਲ ਕੀਤਾ ਗਿਆ ਸੀ। 2012 'ਚ ਵਿਧਾਨ ਸਭਾ ਚੋਣ ਲੜਨ ਵਾਲੇ ਅਜੈ ਮਿਸ਼ਰੇ ਨੂੰ ਮਹਿਜ਼ 9 ਸਾਲ 'ਚ ਕੇਂਦਰੀ ਮੰਤਰੀ ਬਣਾ ਦਿੱਤਾ ਗਿਆ।

ਹਿਸਟਰੀ ਸ਼ੀਟਰ ਅਜੈ ਮਿਸ਼ਰਾ ਉਰਫ ਟੇਨੀ ਮਹਾਰਾਜ ਦਾ ਆਪਣੇ ਇਲਾਕੇ ਵਿਚ ਖੌਫ ਇਸ ਕਦਰ ਹੈ ਕਿ ਕੋਈ ਵੀ ਉਸ ਦੇ ਪਿਛਲੇ ਅਪਰਾਧੀ ਰਿਕਾਰਡ ਵਿਰੁਧ ਮੂੰਹ ਨਹੀਂ ਖੋਲ੍ਹਦਾ। ਜੋ ਅਜਿਹਾ ਕਰੇਗਾ, ਉਹ ਮਾਰਿਆ ਜਾਵੇਗਾ। ਜੁਲਾਈ 2000 'ਚ ਉਸ ਨੇ ਆਪਣੇ ਸਿਆਸੀ ਸ਼ਰੀਕ ਸਮਾਜਵਾਦੀ ਯੁਵਾਜਨ ਆਗੂ ਪ੍ਰਭਾਤ ਗੁਪਤਾ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਤੱਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੱਲੋਂ ਉਸ ਚਰਚਿਤ ਕਤਲ ਕਾਂਡ ਦੇ ਮੁਜਰਿਮਾਂ ਵਿਰੁਧ ਕਾਰਵਾਈ ਯਕੀਨੀ ਬਣਾਉਣ ਲਈ ਯੂ.ਪੀ. ਦੇ ਮੁੱਖ ਸਕੱਤਰ ਨੂੰ ਲਿਖੀ ਚਿੱਠੀ ਵੀ ਬੇਅਸਰ ਸਾਬਤ ਹੋਈ ਸੀ। ਟੇਨੀ ਨੂੰ ਕਦੇ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ। ਸਥਾਨਕ ਅਦਾਲਤ ਨੇ ਸਾਰੇ ਮੁਜਰਿਮ ਬਰੀ ਕਰ ਦਿੱਤੇ। ਪੀੜਤ ਪਰਿਵਾਰ ਦੀ ਅਪੀਲ ਹਾਈਕੋਰਟ ਵਿਚ ਅਜੇ ਵੀ ਵਿਚਾਰ ਅਧੀਨ ਹੈ। ਕੇਸ ਦੇ ਤਫਤੀਸ਼ੀ ਅਫਸਰ ਆਰ.ਪੀ. ਤਿਵਾੜੀ ਨੇ ਇਸ ਸ਼ਖਸ ਬਾਰੇ ਲਿਖਿਆ, "ਅਜੈ ਮਿਸ਼ਰਾ ਉਰਫ ਟੇਨੀ ਭਾਜਪਾ ਪਾਰਟੀ ਦਾ ਅਹੁਦੇਦਾਰ ਹੈ ਅਤੇ ਇਲਾਕੇ ਦੇ ਵਿਧਾਇਕ ਤੇ ਯੂ.ਪੀ. ਸਰਕਾਰ ਵਿਚ ਸਹਿਕਾਰੀ ਮੰਤਰੀ ਰਾਮ ਕੁਮਾਰ ਵਰਮਾ ਦਾ ਖਾਸ ਬੰਦਾ ਅਤੇ ਦਬੰਗ ਹੋਣ ਕਾਰਨ ਇਸ ਦੀ ਦਹਿਸ਼ਤ ਤੇ ਖੌਫ ਨਾਲ ਇਲਾਕੇ ਦਾ ਕੋਈ ਵੀ ਬੰਦਾ ਸਹੀ ਤੇ ਸੱਚ ਬੋਲਣ ਦੀ ਹਿੰਮਤ ਨਹੀਂ ਕਰ ਰਿਹਾ। ਭਰੋਸੇਯੋਗ ਸੂਤਰਾਂ ਦੀ ਸੂਚਨਾ ਅਨੁਸਾਰ ਨੇਪਾਲ ਖੇਤਰ ਨਾਲ ਲੱਗਦਾ ਹੋਣ ਕਾਰਨ ਇਹ ਤਸਕਰੀ ਦੇ ਕੰਮ 'ਚ ਵੀ ਸ਼ਾਮਿਲ ਹੈ ਜਿਸ ਨਾਲ ਇਸ ਦੀ ਆਰਥਕ ਹਾਲਤ ਵੀ ਬਹੁਤ ਚੰਗੀ ਹੈ।... ਇਨ੍ਹਾਂ ਸਾਰੇ ਕਾਰਨਾਂ ਕਰਕੇ ਇਹ ਕੁਝ ਲੋਕਾਂ ਉਪਰ ਦਬਾਓ ਪਾ ਕੇ ਹਲਫਨਾਮਿਆਂ ਜ਼ਰੀਏ ਗਵਾਹੀ ਦਿਵਾ ਰਿਹਾ ਹੈ ਜੋ ਘਟਨਾ ਦੇ ਸਮੇਂ ਨਾ ਮੌਜੂਦ ਸਨ ਅਤੇ ਨਾ ਉਨ੍ਹਾਂ ਨੂੰ ਘਟਨਾ ਦੀ ਸਹੀ ਜਾਣਕਾਰੀ ਹੈ।"

ਟੇਨੀ ਮਹਾਰਾਜ ਵਜੋਂ ਮਸ਼ਹੂਰ ਮਿਸ਼ਰੇ ਨੂੰ ਬ੍ਰਾਹਮਣ ਚਿਹਰੇ ਵਜੋਂ ਵਜ਼ਾਰਤ ਵਿਚ ਲੈਣਾ ਯੂ.ਪੀ. ਵਿਚ ਬ੍ਰਾਹਮਣ ਵੋਟ ਬੈਂਕ ਨੂੰ ਸੰਤੁਸ਼ਟ ਕਰਨ ਲਈ ਬੀ.ਜੇ.ਪੀ. ਦੀ ਸਿਆਸੀ ਜ਼ਰੂਰਤ ਸੀ ਕਿਉਂਕਿ ਆਦਿੱਤਿਆਨਾਥ, ਰਾਜਪੂਤ ਹੋਣ ਕਾਰਨ ਬ੍ਰਾਹਮਣ ਜਾਤੀ ਦਾ ਕੁਲੀਨ ਵਰਗ ਵਿਤਕਰਾ ਮਹਿਸੂਸ ਕਰ ਰਿਹਾ ਹੈ। ਅਮਿਤ ਸ਼ਾਹ-ਅਜੈ ਮਿਸ਼ਰਾ ਵਰਗੇ ਬੇਕਿਰਕ ਜ਼ਿਹਨੀਅਤ ਵਾਲੇ ਬਦਨਾਮ ਚਿਹਰਿਆਂ ਨੂੰ ਗ੍ਰਹਿ ਵਿਭਾਗ ਦੇ ਮੁਖੀ ਬਣਾਉਣਾ ਆਰ.ਐਸ.ਐਸ.-ਬੀ.ਜੇ.ਪੀ. ਦੀ ਸੋਚੀ-ਸਮਝੀ ਨੀਤੀ ਦਾ ਹਿੱਸਾ ਹੈ। ਐਸੇ ਬੇਕਿਰਕ ਦਹਿਸ਼ਤਵਾਦੀਆਂ ਜ਼ਰੀਏ ਹੀ ਸੰਘ ਵਿਰੋਧ ਕਰਨ ਵਾਲੀਆਂ ਘੱਟਗਿਣਤੀਆਂ ਅਤੇ ਜਮਹੂਰੀ ਹਿੱਸਿਆਂ ਨੂੰ ਕੁਚਲ ਕੇ ਆਪਣਾ ਹਿੰਦੂ ਰਾਸ਼ਟਰ ਦਾ ਸੁਪਨਾ ਪੂਰਾ ਕਰਨ ਵੱਲ ਵਧ ਸਕਦਾ ਹੈ। ਬੇਕਸੂਰ ਮੁਸਲਮਾਨਾਂ ਦੇ ਕਤਲੇਆਮ ਦੇ ਹਕੂਮਤੀ ਰਹਿਨੁਮਾ ਨੂੰ ਪ੍ਰਧਾਨ ਮੰਤਰੀ, ਅਮਿਤ ਸ਼ਾਹ ਤੇ ਅਜੈ ਮਿਸ਼ਰਾ ਨੂੰ ਗ੍ਰਹਿ ਮੰਤਰੀ ਅਤੇ ਦਹਿਸ਼ਤੀ ਬੰਬ ਕਾਂਡਾਂ ਦੀ ਮੁਜਰਿਮ ਸਾਧਵੀ ਪ੍ਰਗਿਆ ਨੂੰ ਸੰਸਦ ਮੈਂਬਰ ਬਣਾਉਣਾ ਸਾਫ ਸੰਦੇਸ਼ ਹੈ ਅਤੇ ਪੱਕੀ ਗਾਰੰਟੀ ਵੀ ਹੈ ਕਿ ਸ਼ਾਂਤਮਈ ਅੰਦੋਲਨਕਾਰੀਆਂ ਦੇ ਕਤਲਾਂ ਲਈ ਉਕਸਾਉਣ ਵਾਲਿਆਂ ਨੂੰ ਕੋਈ ਸਜ਼ਾ ਨਹੀਂ ਹੋਵੇਗੀ। ਲਖੀਮਪੁਰ ਖੀਰੀ ਕਤਲੇਆਮ ਨੂੰ ਅੰਜਾਮ ਸੰਘਰਸ਼ਸ਼ੀਲ ਕਿਸਾਨਾਂ ਦਾ ਮਨੋਬਲ ਤੋੜਨ ਦੀ ਦਹਿਸ਼ਤੀ ਸੋਚ ਨਾਲ ਦਿੱਤਾ ਗਿਆ। ਜਿਉਂ-ਜਿਉਂ ਯੂ.ਪੀ. ਅਤੇ ਪੰਜਾਬ ਦੀਆਂ ਚੋਣਾਂ ਨੇੜੇ ਆ ਰਹੀਆਂ ਹਨ, ਕਿਸਾਨ ਅੰਦੋਲਨ ਵਿਰੁਧ ਐਸੀਆਂ ਸਾਜ਼ਿਸ਼ਾਂ ਅਤੇ ਹਮਲਿਆਂ 'ਚ ਤੇਜ਼ੀ ਆ ਰਹੀ ਹੈ। ਅੰਦੋਲਨ ਵਿਰੁਧ ਇਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਦੇ ਬੈਂਚ ਦੀਆਂ ਟਿੱਪਣੀਆਂ ਇਸ਼ਾਰਾ ਕਰਦੀਆਂ ਹਨ ਕਿ ਅੰਦੋਲਨ ਨੂੰ ਖਿੰਡਾਉਣ ਲਈ ਸਿਖਰਲੀ ਅਦਾਲਤ ਦਾ ਸਹਾਰਾ ਲਿਆ ਜਾ ਰਿਹਾ ਹੈ। ਸਿਖਰਲੀ ਅਦਾਲਤ ਨੂੰ ਵੀ ਕਰੋੜਾਂ ਕਿਸਾਨਾਂ ਅਤੇ ਇਕ ਸਾਲ ਤੋਂ ਸੜਕਾਂ ਉਪਰ ਬੈਠੇ ਲੱਖਾਂ ਕਿਸਾਨਾਂ ਦੇ ਮਨੁੱਖੀ ਹੱਕਾਂ ਦੀ ਬਜਾਇ ਕਥਿਤ ਰਾਹਗੀਰਾਂ ਦੇ ਮਨੁੱਖੀ ਹੱਕਾਂ ਦੀ ਚਿੰਤਾ ਵਧੇਰੇ ਹੈ।

ਇਹ ਪੱਖਪਾਤੀ ਫਿਕਰਮੰਦੀ ਆਉਣ ਵਾਲੇ ਦਿਨਾਂ 'ਚ ਸੜਕਾਂ ਖਾਲੀ ਕਰਾਉਣ ਦਾ ਅਦਾਲਤੀ ਫਰਮਾਨ ਬਣ ਕੇ ਹਕੂਮਤ ਦੇ ਹੱਥਾਂ 'ਚ ਅੰਦੋਲਨ ਉਪਰ ਹਮਲਾ ਕਰਨ ਦਾ ਬਹਾਨਾ ਬਣ ਸਕਦੀ ਹੈ। ਸੰਯੁਕਤ ਕਿਸਾਨ ਮੋਰਚੇ ਦੇ ਹਰ ਪੱਧਰ ਦੇ ਆਗੂਆਂ ਨੂੰ ਇਸ ਨਾਜ਼ੁਕ ਹਾਲਤ ਦਾ ਮੁਕਾਬਲਾ ਬਹੁਤ ਹੀ ਸੂਝ ਅਤੇ ਸਿਆਣਪ ਨਾਲ ਕਰਨਾ ਪਵੇਗਾ। ਹੋਰ ਵਿਸ਼ਾਲ ਲਾਮਬੰਦੀ ਰਾਹੀਂ ਅੰਦੋਲਨ ਦਾ ਦਬਾਓ ਹੀ ਹਕੂਮਤ ਦੀਆਂ ਖੂਨੀ ਸਾਜ਼ਿਸ਼ਾਂ ਠੱਲ੍ਹ ਸਕਦਾ ਹੈ।

# ਲਖੀਮਪੁਰ ਖੀਰੀ ਕਾਂਡ ਅਤੇ ਯੂ.ਪੀ. ਦੀ ਸਿਆਸਤ

ਕੁਝ ਟਾਇਰਾਂ ਦੀਆਂ ਗੁੱਡੀਆਂ ਦੀ ਛਾਪ ਲੰਮਾ ਸਮਾਂ ਬਰਕਰਾਰ ਰਹਿੰਦੀ ਹੈ। ਖੇਤੀ ਕਾਨੂੰਨਾਂ ਖਿਲਾਫ ਉਠੇ ਕਿਸਾਨ ਅੰਦੋਲਨ ਨੂੰ ਜਦੋਂ ਦਸ ਮਹੀਨੇ ਬੀਤ ਚੁੱਕੇ ਹਨ ਤਾਂ ਉਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਜ਼ਿਲ੍ਹੇ ਵਿਚ ਕੁਝ ਹਿੰਸਕ ਘਟਨਾਵਾਂ ਵਾਪਰਦੀਆਂ ਹਨ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ ਵਿਚ ਇਕ ਐਸ.ਯੂ.ਵੀ. ਸੜਕ 'ਤੇ ਪੈਦਲ ਜਾ ਰਹੇ ਕਿਸਾਨਾਂ ਦੇ ਜਥੇ ਨੂੰ ਦਰੜ ਕੇ ਅੱਗੇ ਵਧਦੀ ਨਜ਼ਰ ਆ ਰਹੀ ਹੈ। ਘਟਨਾ ਤੋਂ ਬਾਅਦ ਖਬਰਾਂ ਅਤੇ ਵੀਡੀਓ ਕਲਿਪਾਂ ਰਾਹੀਂ ਪਤਾ ਲੱਗਿਆ ਕਿ ਇਕ ਕਾਰ ਜਲਾ ਦਿੱਤੀ ਗਈ, ਇਸ ਵਿਚ ਸਵਾਰ ਬੰਦਿਆਂ ਦੀ ਕੁੱਟਮਾਰ ਕੀਤੀ ਗਈ ਤੇ ਤਿੰਨ ਭਾਜਪਾ ਕਾਰਕੁਨਾਂ ਦੀ ਮੌਤ ਹੋ ਗਈ। ਕਿਸਾਨਾਂ ਨੂੰ ਦਰੜ

**ਸਬਾ ਨਕਵੀ**

ਕੇ ਜਾ ਰਹੀ ਗੱਡੀ ਦੀ ਵੀਡੀਓ ਰਿਕਾਰਡ ਕਰਨ ਵਾਲੇ ਪੱਤਰਕਾਰ ਦੀ ਵੀ ਮੌਤ ਹੋ ਜਾਂਦੀ ਹੈ।

ਜਦੋਂ ਕਿਸੇ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਉਤੇ ਕਿਸਾਨਾਂ ਨੂੰ ਦਰੜ ਕੇ ਮਾਰਨ ਦਾ ਦੋਸ਼ ਲੱਗ ਰਿਹਾ ਹੋਵੇ ਤਾਂ ਉਸ ਦੇ ਫਿਕਰਮੰਦ ਹੋਣ ਦੇ ਵਾਜਬ ਕਾਰਨ ਬਣਦੇ ਹਨ। ਜੂਨ 2017 ਵਿਚ ਮੱਧ ਪ੍ਰਦੇਸ਼ ਵਿਚ ਭਾਜਪਾ ਦੇ ਸ਼ਾਸਨ ਦੌਰਾਨ ਮੰਦਸੌਰ ਵਿਚ ਰੋਸ ਪ੍ਰਦਰਸ਼ਨ ਕਰ ਰਹੇ ਛੇ ਕਿਸਾਨਾਂ ਦੀ ਪੁਲਿਸ ਗੋਲੀ ਨਾਲ ਮੌਤ ਹੋ ਗਈ ਸੀ। ਸਮਝਿਆ ਜਾਂਦਾ ਹੈ ਕਿ 2018 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼ਿਵਰਾਜ ਸਿੰਘ ਚੌਹਾਨ ਦੀ ਹਾਰ ਦਾ ਇਕ ਕਾਰਨ ਇਹ ਗੋਲੀਕਾਂਡ ਸੀ। ਕਾਂਗਰਸ ਨੂੰ ਉਨ੍ਹਾਂ ਚੋਣਾਂ ਵਿਚ ਜਿੱਤ ਹਾਸਲ ਹੋਈ ਸੀ ਹਾਲਾਂਕਿ ਬਾਅਦ ਵਿਚ ਪਾਰਟੀ ਵਿਚ ਫੁੱਟ ਪੈਣ ਕਰ ਕੇ ਇਸ ਦੀ ਸਰਕਾਰ ਡਿੱਗ ਪਈ ਸੀ ਤੇ ਚੌਹਾਨ ਦੁਬਾਰਾ ਮੁੱਖ ਮੰਤਰੀ ਦੀ ਕੁਰਸੀ ਉਤੇ ਬੈਠਣ ਵਿਚ ਕਾਮਯਾਬ ਹੋ ਗਏ ਸਨ।

ਅਜੇ ਤੱਕ ਯੋਗੀ ਆਦਿਤਿਆਨਾਥ ਸਰਕਾਰ ਨੇ ਸਖਤ ਕਾਰਵਾਈ ਕਰਨ ਵਾਲੀ ਪਛਾਣ ਬਣਾਈ ਹੋਈ ਸੀ ਪਰ ਹੁਣ ਇਸ ਨੂੰ ਥੋੜ੍ਹੀ ਨਰਮਾਈ ਦਿਖਾਉਣੀ ਪੈ ਰਹੀ ਹੈ ਹਾਲਾਂਕਿ ਇਸ ਨੇ ਘਟਨਾ ਸਥਾਨ 'ਤੇ ਵਿਰੋਧੀ ਧਿਰ ਦੇ ਕਿਸੇ ਵੀ ਆਗੂ ਨੂੰ ਪਹੁੰਚਣ ਤੋਂ ਰੋਕਣ ਲਈ ਪੂਰਾ ਟਿੱਲ ਲਾ ਦਿੱਤਾ ਹੈ ਤੇ ਲਖੀਮਪੁਰ ਖੀਰੀ ਦੇ ਆਸ ਪਾਸ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ। ਨਾਲ ਹੀ ਸੂਬਾ ਸਰਕਾਰ ਇਹ ਵੀ ਨਹੀਂ ਚਾਹੁੰਦੀ ਕਿ ਉਹ ਕਿਸਾਨਾਂ ਨਾਲ ਨਜਿੱਠਣ ਸਮੇਂ ਜ਼ਾਲਮ ਨਜ਼ਰ ਆਵੇ ਅਤੇ ਇਸ ਨੇ ਆਪਣੇ ਵਫਾਦਾਰ ਏ.ਡੀ.ਆਈ.ਜੀ. (ਅਮਨ ਕਾਨੂੰਨ) ਪ੍ਰਸ਼ਾਂਤ ਕੁਮਾਰ ਨੂੰ ਮਾਮਲੇ ਨੂੰ ਸ਼ਾਂਤ ਕਰਨ ਲਈ ਭੇਜਿਆ ਜਿਸ ਨੇ ਕਿਸਾਨ ਅੰਦੋਲਨ ਦੇ ਮੁੱਖ ਆਗੂ ਰਾਕੇਸ਼ ਟਿਕੈਤ ਨਾਲ ਰਾਬਤਾ ਬਣਾਇਆ। ਸਰਕਾਰ ਨੇ ਮਾਰੇ ਕਿਸਾਨਾਂ ਦੇ ਪਰਿਵਾਰਾਂ ਲਈ 45-45 ਲੱਖ ਰੁਪਏ ਅਤੇ ਜ਼ਖਮੀਆਂ ਲਈ 10-10 ਲੱਖ ਰੁਪਏ ਦਾ ਮੁਆਵਜ਼ਾ ਦੇਣ ਦੀ ਹਾਮੀ ਭਰੀ; ਇਸ ਦੇ ਨਾਲ ਹੀ ਘਟਨਾ ਦੀ ਨਿਆਇਕ ਜਾਂਚ ਕਰਾਉਣ ਦਾ ਭਰੋਸਾ ਦਿੱਤਾ ਅਤੇ ਮੁਲਜ਼ਮ ਆਸ਼ੀਸ਼ ਮਿਸ਼ਰਾ ਤੇ ਉਸ ਦੇ ਪਿਓ, ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਖਿਲਾਫ ਕਤਲ ਅਤੇ ਸਾਜ਼ਿਸ਼ ਦੀ ਐਫ.ਆਈ.ਆਰ. ਦਰਜ ਕਰ ਲਈ।



ਮਿਸ਼ਰਾ ਨੂੰ ਹੁਣ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫਾ ਦੇਣਾ ਚਾਹੀਦਾ ਹੈ ਜਾਂ ਉਸ ਨੂੰ ਬਰਤਰਫ ਕੀਤਾ ਜਾਣਾ ਚਾਹੀਦਾ ਹੈ? ਦਰਅਸਲ, ਹਫਤਾ ਪਹਿਲਾਂ ਉਸ ਨੇ ਭੜਕਾਊ ਭਾਸ਼ਣ ਦਿੱਤਾ ਸੀ ਜਿਸ ਵਿਚ ਉਸ ਨੂੰ ਇਹ ਕਹਿੰਦਿਆਂ ਸੁਣਿਆ ਜਾ ਸਕਦਾ ਹੈ ਕਿ ਜੇ ਉਸ ਨੇ ਠਾਣ ਲਈ ਤਾਂ ਦੋ ਮਿੰਟ ਵਿਚ ਪ੍ਰਦਰਸ਼ਨ ਖਤਮ ਕਰਵਾ ਸਕਦਾ ਹੈ। ਅਜੈ ਮਿਸ਼ਰਾ ਉਸ ਇਲਾਕੇ ਦਾ ਦਬੰਗ ਗਿਣਿਆ ਜਾਂਦਾ ਹੈ। ਉਸ ਨੇ ਇਹ ਵੀ ਆਖਿਆ ਸੀ ਕਿ ਕਿਸਾਨਾਂ ਦੇ ਸੰਘਰਸ਼ ਵਿਚ ਖਾਲਿਸਤਾਨੀ ਤੇ ਅਤਿਵਾਦੀ ਦਾਖਲ ਹੋ ਚੁੱਕੇ ਹਨ ਅਤੇ ਰਿਪੋਰਟਾਂ ਮੁਤਾਬਕ ਉਸ ਦੇ ਇਸੇ ਭਾਸ਼ਣ ਕਰ ਕੇ ਹੀ ਮਾਹੌਲ ਭੜਕਿਆ ਸੀ। ਉਤਰ ਪ੍ਰਦੇਸ਼ ਦੀ ਜ਼ਰਖੇਜ਼ ਤਰਾਈ ਪੱਟੀ ਵਿਚ ਬਹੁਤ ਸਾਰੇ ਸਿੱਖ ਕਿਸਾਨ ਹਨ ਅਤੇ ਮੰਤਰੀ ਦੇ ਸ਼ਬਦ ਖਾਸ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵੱਲ ਸੇਧਤ ਸੀ।

ਮੌਜੂਦਾ ਸਰਕਾਰ ਦਾ ਜਾਣਿਆ ਪਛਾਣਿਆ ਅੰਦਾਜ਼ ਇਹ ਰਿਹਾ ਹੈ ਕਿ ਪ੍ਰਦਰਸ਼ਨਕਾਰੀਆਂ ਨੂੰ ਦੇਸ਼-ਧ੍ਰੋਹੀ ਜਾਂ ਅਤਿਵਾਦੀ ਗਰਦਾਨ ਕੇ ਆਪਣੇ ਖਿਲਾਫ ਕਿਸੇ ਵੀ ਪ੍ਰਦਰਸ਼ਨ ਨੂੰ ਨਾਜਾਇਜ਼ ਕਰਾਰ ਦੇਣ ਦੀ ਕੋਸ਼ਿਸ਼ ਕੀਤੀ ਜਾਵੇ। ਮੰਤਰੀ ਮਿਸ਼ਰਾ ਦੇ ਸ਼ਬਦ ਪਿਛਲੇ ਕਾਫੀ ਅਰਸੇ ਤੋਂ ਘੜੇ ਗਏ ਅਤੇ ਬ੍ਰਾਡਕਾਸਟ ਅਤੇ ਸੋਸ਼ਲ ਮੀਡੀਆ ਤੇ ਪ੍ਰਚਾਰੇ ਜਾ ਰਹੇ ਭਾਜਪਾ ਦੇ ਬਿਰਤਾਂਤ ਨਾਲ ਮੇਲ ਖਾਂਦੇ ਹਨ ਕਿ ਇਹ ਪ੍ਰਦਰਸ਼ਨ ਖਤਰਨਾਕ, ਨਾਜਾਇਜ਼ ਹਨ ਤੇ ਜਨਤਕ ਵਿਵਸਥਾ ਵਿਚ ਵਿਘਨ ਪਾਉਂਦੇ ਹਨ ਤੇ ਕੌਮੀ ਹਿੱਤਾਂ ਦੇ ਵਿਰੁਧ ਹਨ। ਕਿਸਾਨ ਅੰਦੋਲਨ ਦੀ ਅਗਵਾਈ ਕਰਨ ਵਾਲੇ ਗਰੁੱਪਾਂ ਨੇ ਸੁਪਰੀਮ ਕੋਰਟ ਦੀਆਂ ਹਾਲੀਆ ਟਿੱਪਣੀਆਂ ਦਾ ਨੋਟਿਸ ਲਿਆ ਸੀ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਜਦੋਂ ਕਾਨੂੰਨ ਨੋਟੀਫਾਈ ਹੀ ਨਹੀਂ ਕੀਤੇ ਅਤੇ ਫਿਲਹਾਲ ਇਨ੍ਹਾਂ ਉਤੇ ਅਦਾਲਤ ਵਲੋਂ ਰੋਕ ਲਾਈ ਜਾ ਚੁੱਕੀ ਹੈ ਤਾਂ ਪ੍ਰਦਰਸ਼ਨ ਦੀ ਲੋੜ ਹੀ ਕੀ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਇਸ ਮਾਮਲੇ ਵਿਚ ਅਦਾਲਤ ਕੋਲ ਕੋਈ ਪਹੁੰਚ ਨਹੀਂ ਕੀਤੀ। ਉਨ੍ਹਾਂ ਚਿੰਤਾ ਜਤਾਈ ਕਿ ਅਦਾਲਤ ਦੀਆਂ ਇਹ ਟਿੱਪਣੀਆਂ ਦਿੱਲੀ ਦੀਆਂ ਹੱਦਾਂ ਉਤੇ ਚੱਲ ਰਹੇ ਅੰਦੋਲਨ ਨੂੰ ਖਤਮ ਕਰਨ ਦੇ ਮਾੜੇ ਇਰਾਦਿਆਂ ਲਈ ਵਰਤੀਆਂ ਜਾ ਸਕਦੀਆਂ ਹਨ।

ਭਾਜਪਾ ਦਾ ਆਖਰੀ ਹਰਬਾ ਇਹ ਹੈ ਕਿ ਖੇਤੀ ਕਾਨੂੰਨਾਂ ਦਾ ਭੋਗ ਨਾ ਪੈ ਜਾਵੇ ਜੋ ਖੇਤੀ ਵਿਚ ਕਾਰਪੋਰੇਟ ਕੰਪਨੀਆਂ ਦੇ ਦਬਦਬੇ ਦਾ ਰਾਹ ਖੋਲ੍ਹਦੇ ਹਨ। ਬਿਨਾ ਸ਼ੱਕ ਭਾਜਪਾ ਦਾ ਬਹੁਤ ਕੁਝ ਦਾਅ 'ਤੇ ਹੈ। ਜਿਸ ਕਰੂਰ ਢੰਗ ਨਾਲ ਖੇਤੀ ਬਿਲ ਪਾਰਲੀਮੈਂਟ ਵਿਚ ਪਾਸ ਕਰਵਾਏ ਸਨ, ਉਸ 'ਤੇ ਕਈ ਸਵਾਲ ਉਠੇ ਸਨ ਅਤੇ ਫਿਰ ਇਹ ਇਨ੍ਹਾਂ ਨੂੰ ਨੋਟੀਫਾਈ ਨਾ ਕਰ ਸਕੀ ਪਰ ਅਜੇ ਤੱਕ ਅਜਿਹਾ ਕੋਈ ਸੰਕੇਤ ਨਹੀਂ ਮਿਲਿਆ ਕਿ ਪਾਰਟੀ ਇਹ ਕਾਨੂੰਨ ਵਾਪਸ ਲੈ ਰਹੀ ਹੈ ਜੋ ਕਿਸਾਨ ਅੰਦੋਲਨ ਦੀ ਸਿਖਰਲੀ ਮੰਗ ਰਹੀ ਹੈ।

ਭਾਜਪਾ ਦਾ ਗਣਿਤ ਕਈ ਮਨੌਤਾਂ ਉਤੇ ਖੜ੍ਹਾ ਹੈ। ਪਹਿਲਾ, ਇਹ ਪਾਰਟੀ ਖੇਤੀਬਾੜੀ ਦੇ ਕਾਰਪੋਰੇਟੀਕਰਨ ਦੀ ਮੁੱਦਈ ਹੈ। ਕੁਝ ਸਮਾਂ ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਪਾਰਟੀ ਪੰਜਾਬ ਨੂੰ ਛੱਡ ਕੇ ਜ਼ਿਆਦਾਤਰ ਸੂਬਿਆਂ ਅੰਦਰ ਕਿਸਾਨ ਅੰਦੋਲਨ ਦਾ ਅਸਰ ਸਹਾਰਨ ਦਾ ਮਾਦਾ ਰੱਖਦੀ ਹੈ। ਪੰਜਾਬ ਵਿਚ ਬਿਨਾ ਸ਼ੱਕ ਹਰ ਪਿੰਡ ਇਸ ਅੰਦੋਲਨ ਵਿਚ ਸ਼ਿਰਕਤ ਕਰ ਰਿਹਾ ਹੈ। ਭਾਜਪਾ ਨੂੰ ਪਤਾ ਹੈ ਕਿ ਪੰਜਾਬ ਵਿਚ ਉਸ ਕੋਲ ਗੁਆਉਣ ਲਈ ਕੁਝ ਵੀ ਨਹੀਂ ਹੈ। ਇਸ ਅੰਦੋਲਨ ਦੇ ਪ੍ਰਭਾਵ ਹੇਠ ਆਉਣ ਵਾਲਾ ਦੂਜਾ ਵੱਡਾ ਸੂਬਾ ਹਰਿਆਣਾ ਹੈ ਜਿੱਥੇ ਭਾਜਪਾ ਦੀ ਅਗਵਾਈ ਹੇਠ ਕੁਲੀਸ਼ਨ ਸਰਕਾਰ ਹੈ ਪਰ ਉਥੇ ਵਿਧਾਨ ਸਭਾ ਚੋਣਾਂ ਲਈ ਅਜੇ ਤਿੰਨ ਸਾਲਾਂ ਤੋਂ ਵੱਧ ਸਮਾਂ ਪਿਆ ਹੈ। ਇਸੇ ਕਰ ਕੇ ਹਰਿਆਣਾ ਵਿਚ ਪ੍ਰਦਰਸ਼ਨਾਂ ਖਿਲਾਫ ਸਖਤ ਲਾਈਨ ਅਪਣਾਈ ਜਾ ਰਹੀ ਹੈ।

ਦਰਅਸਲ, ਜਿਸ ਦਿਨ ਲਖੀਮਪੁਰ ਖੀਰੀ ਕਤਲ ਕਾਂਡ ਹੋਇਆ, ਉਸੇ ਵਕਤ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਜਿਸ ਬਾਰੇ ਉਨ੍ਹਾਂ ਦੇ ਮੀਡੀਆ ਸਲਾਹਕਾਰ ਦਾ ਕਹਿਣਾ ਸੀ ਕਿ ਵੀਡੀਓ ਦੇ ਅੰਸ਼ਾਂ ਨੂੰ ਪ੍ਰਸੰਗ ਵਿਚ ਨਹੀਂ ਦੇਖਿਆ ਗਿਆ। ਇਸ ਵੀਡੀਓ ਵਿਚ ਮੁੱਖ ਮੰਤਰੀ ਖੱਟਰ ਭਾਜਪਾ ਦੇ ਕਾਰਕੁਨਾਂ ਨੂੰ ਇਹ ਕਹਿੰਦੇ ਸੁਣੇ ਜਾ ਰਹੇ ਹਨ ਕਿ ਗਰੁੱਪ ਬਣਾ ਕੇ ਡੰਡੇ ਲਾਠੀਆਂ ਚੁੱਕ ਲਓ ਤੇ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਟਕਰਾ ਜਾਓ, ਜੇ ਕੁਝ ਮਹੀਨੇ ਜੇਲ੍ਹ ਵੀ ਕੱਟਣੀ ਪੈ ਗਈ ਤਾਂ ਵੀ ਫਿਕਰ ਨਾ ਕਰੋ ਕਿਉਂਕਿ ਉਨ੍ਹਾਂ ਦੇ ਨਾਂ ਇਤਿਹਾਸ ਵਿਚ ਆ ਜਾਣਗੇ। ਕੁਝ ਹਫਤੇ ਪਹਿਲਾਂ ਹਰਿਆਣੇ ਵਿਚ ਹੀ ਤਾਇਨਾਤ ਇਕ ਐਸਡੀਐਮ ਨੇ ਪੁਲਿਸ ਕਰਮੀਆਂ ਨੂੰ ਪ੍ਰਦਰਸ਼ਨਕਾਰੀ ਕਿਸਾਨਾਂ ਦੇ ਸਿਰ ਭੰਨਣ ਲਈ ਸ਼ਿਸ਼ਕੇਰਿਆ ਸੀ।

ਹਰਿਆਣਾ ਵਿਚ ਜਦੋਂ ਚੁਣਾਵੀ ਬਾਜ਼ੀ ਸ਼ੁਰੂ ਹੋ ਗਈ ਹੈ ਤਾਂ ਭਾਜਪਾ ਦਾ ਇਹ ਮੰਨਣਾ ਹੈ ਕਿ ਉਹ ਜਾਟ ਬਨਾਮ ਗੈਰ ਜਾਟ ਸਮੀਕਰਨ ਦਾ ਭਰਵਾਂ ਇਸਤੇਮਾਲ ਕਰ ਸਕਦੀ ਹੈ। ਇਸ ਦੌਰਾਨ, ਹਰਿਆਣਾ ਦੇ ਸੰਸਦ ਮੈਂਬਰ ਤੇ ਕਾਂਗਰਸ ਆਗੂ ਦੀਪੇਂਦਰ ਹੁੱਡਾ ਜਦੋਂ ਪ੍ਰਿਯੰਕਾ ਗਾਂਧੀ ਵਾਡਰਾ ਨਾਲ ਲਖੀਮਪੁਰ ਖੀਰੀ ਵੱਲ ਜਾ ਰਹੇ ਸਨ ਤਾਂ ਯੂ.ਪੀ. ਪੁਲਿਸ ਵਲੋਂ ਉਨ੍ਹਾਂ ਨਾਲ ਧੱਕਾਮੁੱਕੀ ਕੀਤੀ ਗਈ ਹੈ। ਵਿਰੋਧੀ ਧਿਰ ਦੇ ਆਗੂਆਂ ਨੂੰ ਜਿਵੇਂ ਹਿਰਾਸਤ ਵਿਚ ਲਿਆ ਗਿਆ ਹੈ, ਉਸ ਤੋਂ ਯੂ.ਪੀ. ਸਰਕਾਰ ਦੀ ਘਬਰਾਹਟ ਨਜ਼ਰ ਆਈ ਹੈ।

ਉਤਰ ਪ੍ਰਦੇਸ਼ ਬਹੁਤ ਸਾਰੀ ਇਲਾਕਾਈ ਭਿੰਨਤਾ ਹੈ। ਕਿਸਾਨ ਅੰਦੋਲਨ ਦਾ ਸਭ ਤੋਂ ਜ਼ਿਆਦਾ ਅਸਰ ਪੱਛਮੀ ਉਤਰ ਪ੍ਰਦੇਸ਼ ਵਿਚ ਨਜ਼ਰ ਆ ਰਿਹਾ ਹੈ ਪਰ ਹੁਣ ਤਰਾਈ ਖੇਤਰ ਵਿਚ ਵੀ ਇਸ ਦੀ ਗੂੰਜ ਸੁਣਾਈ ਦੇ ਰਹੀ ਹੈ। ਇਹ ਖੇਤਰ ਉਤਰਾਖੰਡ ਨਾਲ ਲਗਦਾ ਹੈ ਜਿੱਥੇ ਅਗਲੇ ਸਾਲ ਵਿਧਾਨ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ। ਵੱਡਾ ਸਵਾਲ ਇਹ ਹੈ ਕਿ ਕੀ ਲਖੀਮਪੁਰ ਖੀਰੀ ਦੀ ਘਟਨਾ ਮੁਲਕ ਦੇ ਸਭ ਤੋਂ ਵੱਡੇ ਸੂਬੇ ਅੰਦਰ ਸਿਆਸੀ ਤਬਦੀਲੀ ਦਾ ਆਧਾਰ ਤਿਆਰ ਕਰ ਸਕਦੀ ਹੈ? ਭਾਜਪਾ ਦਾ ਮੰਨਣਾ ਹੈ ਕਿ ਉਸ ਕੋਲ ਹਿੰਦੂਤਵ/ਫਿਰਕੂ ਪਛਾਣਾਂ ਜਾਂ ਜਾਤੀ ਗੱਠਜੋੜਾਂ ਦੇ ਸ਼ਕਤੀਸ਼ਾਲੀ ਤੋੜ ਮੌਜੂਦ ਹਨ। ਇਸ ਦਾ ਇਹ ਵੀ ਕਹਿਣਾ ਹੈ ਕਿ ਕਿਸਾਨ ਅੰਦੋਲਨ ਦਾ ਸੂਬੇ ਅੰਦਰ ਨਾਮਾਤਰ ਹੀ ਪ੍ਰਭਾਵ ਪਿਆ ਹੈ ਜਿਸ ਨੂੰ ਉਹ ਆਸਾਨੀ ਨਾਲ ਸੰਭਾਲ ਸਕਦੀ ਹੈ। ਬਿਨਾ ਸ਼ੱਕ, ਇਸ ਕੋਲ ਚੋਣਾਂ ਲੜ ਰਹੀਆਂ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਕਿਤੇ ਵੱਧ ਸ਼ਕਤੀਸ਼ਾਲੀ ਕੇਡਰ ਤੇ ਵਿੱਤੀ ਸਾਧਨ ਹਨ।

ਉਤਰ ਪ੍ਰਦੇਸ਼ ਵਿਚ 2019 ਦੀਆਂ ਚੋਣਾਂ ਦੇ ਆਖਰੀ ਗੇੜ ਵਿਚ ਭਾਜਪਾ/ਆਰ.ਐਸ.ਐਸ. ਦੇ ਚੋਣ ਪ੍ਰਬੰਧਕਾਂ ਨੇ ਹਰ ਬੂਥ ਤੱਕ ਚੋਣ ਵਿਵਸਥਾ ਕਾਇਮ ਕਰ ਲਈ ਸੀ। ਬਹਰਹਾਲ, ਸੱਤਾਧਾਰੀ ਪਾਰਟੀ ਕਿੰਨੀ ਮਰਜ਼ੀ ਤਾਕਤਵਰ ਅਤੇ ਵਿਰੋਧੀ ਧਿਰ ਭਾਵੇਂ ਕਿੰਨੀ ਵੀ ਕਮਜ਼ੋਰ ਹੋਵੇ, ਕੁਝ ਘਟਨਾਵਾਂ ਬਿਰਤਾਂਤ ਬਦਲ ਕੇ ਰੱਖ ਦਿੰਦੀਆਂ ਹਨ। ਇਸ ਕਰ ਕੇ ਪਿਛਲੇ ਦਿਨੀਂ ਜਿਹੜਾ ਖੂਨੀ ਕਾਂਡ ਵਾਪਰਿਆ ਹੈ, ਉਸ ਦੇ ਨਤੀਜਿਆਂ ਨੂੰ ਲੈ ਕੇ ਭਾਜਪਾ ਪ੍ਰੇਸ਼ਾਨ ਹੈ।

# ਲਖੀਮਪੁਰ ਖੀਰੀ ਕਾਂਡ ਦੀ ਕਹਾਣੀ, ਚਸ਼ਮਦੀਦ ਗਵਾਹ ਦੀ ਜ਼ਬਾਨੀ

ਤਿੰਨ ਅਕਤੂਬਰ ਨੂੰ ਲਖੀਮਪੁਰ ਖੀਰੀ ਵਿਚ ਵਾਪਰੇ ਕਤਲੇਆਮ ਦੇ ਘਟਨਾਕ੍ਰਮ ਦੇ ਇਕ ਚਸ਼ਮਦੀਦ ਗਵਾਹ ਨੇ 'ਦਿ ਕਾਰਵਾਂ' ਨੂੰ ਦੱਸਿਆ ਕਿ ਉਸ ਨੇ ਆਸ਼ੀਸ਼ ਮਿਸ਼ਰਾ ਦੀ ਕਾਰ ਨੂੰ ਪੱਤਰਕਾਰ ਰਮਨ ਕਸ਼ਯਪ ਜੋ ਮਾਰੇ ਗਏ ਲੋਕਾਂ ਵਿਚ ਸ਼ਾਮਲ ਸੀ, ਨੂੰ ਕੁਚਲਦੇ ਅੱਖੀਂ ਦੇਖਿਆ। ਅਨਿਲ ਕੁਮਾਰ ਮੌਰਿਆ ਜੋ ਖੁਦ ਪੱਤਰਕਾਰ ਹਨ, ਨਿਊਜ਼ ਚੈਨਲ 'ਦਿ ਦਸਤਕ 24' ਦੇ ਬਹਰਾਇਚ ਜ਼ਿਲ੍ਹਾ ਮੁਖੀ ਹਨ। ਅਨਿਲ ਨੇ ਕਿਹਾ ਕਿ ਉਹ ਕਸ਼ਯਪ ਦੇ ਕੋਲ

**ਜਤਿੰਦਰ ਕੌਰ ਤੁੜ**
**ਅਨੁਵਾਦ: ਬੂਟਾ ਸਿੰਘ**

ਖੜ੍ਹਾ ਉਸ ਨਾਲ ਵਿਜ਼ਟਿੰਗ ਕਾਰਡ ਆਪਸ ਵਿਚ ਵਟਾ ਰਿਹਾ ਸੀ, ਜਦੋਂ ਕਾਲੇ ਰੰਗ ਦੀ ਐਸ.ਯੂ.ਵੀ. ਗੱਡੀ ਜਿਸ ਵਿਚ ਆਸ਼ੀਸ਼ (ਮੋਨੂ ਮਿਸ਼ਰਾ) ਸਵਾਰ ਸੀ, ਪਿੱਛਿਓਂ ਕਿਸਾਨਾਂ ਦੀ ਭੀੜ ਉਪਰ ਜਾ ਚੜ੍ਹੀ, ਫਿਰ ਇਹ ਬੇਕਾਬੂ ਹੋ ਕੇ ਸੜਕ ਤੋਂ ਖੇਤਾਂ ਵਿਚ ਜਾ ਵੜੀ। ਘਟਨਾ ਦਾ ਵਰਣਨ ਕਰਦੇ ਹੋਏ ਅਨਿਲ ਨੇ ਇਹ ਵੀ ਕਿਹਾ ਕਿ ਜਦੋਂ ਕਾਲੀ ਐਸ.ਯੂ.ਵੀ. ਬੇਕਾਬੂ ਹੋ ਕੇ ਖੇਤ ਵਿਚ ਜਾ ਵੜੀ, ਜਦੋਂ ਗੁੱਸੇ ਵਿਚ ਆਏ ਕਿਸਾਨਾਂ ਨੇ ਡਰਾਈਵਰ ਨੂੰ ਬਾਹਰ ਖਿੱਚ ਲਿਆ, ਇਕ ਹੋਰ ਕਿਸਾਨ ਜਿਸ ਦੀ ਪਛਾਣ ਬਾਅਦ ਵਿਚ ਗੁਰਵਿੰਦਰ ਸਿੰਘ ਵਜੋਂ ਹੋਈ, ਨੇ ਆਸ਼ੀਸ਼ ਨੂੰ ਦਬੋਚ ਲਿਆ ਜੋ ਗੰਨੇ ਦੇ ਖੇਤਾਂ ਵਿਚੋਂ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਅਨਿਲ ਨੇ ਕਿਹਾ ਕਿ ਇਸ ਵਕਤ ਉਸ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਅਤੇ ਗੁਰਵਿੰਦਰ ਨੂੰ ਲੁੜਕ ਕੇ ਡਿਗਦੇ ਨੂੰ ਦੇਖਿਆ, ਜਦੋਂਕਿ ਪੁਲਿਸ ਨੇ ਆਸ਼ੀਸ਼ ਨੂੰ ਉਥੋਂ ਭੱਜਣ ਵਿਚ ਸਹਾਇਤਾ ਕੀਤੀ।

ਅਨਿਲ ਨੇ ਕਿਹਾ, "ਰਮਨ ਕਸ਼ਯਪ ਨੂੰ ਮੋਨੂੰ ਮਿਸ਼ਰਾ ਦੀ ਕਾਰ ਨੇ ਕੁਚਲ ਦਿੱਤਾ ਅਤੇ ਉਸ ਨੂੰ ਮਾਰ ਦਿੱਤਾ।" ਉਸ ਅਨੁਸਾਰ, "ਪੂਰੇ ਘਟਨਾਕ੍ਰਮ ਤੋਂ ਪਹਿਲਾਂ ਦਾ ਮਾਹੌਲ ਬਹੁਤ ਹੀ ਸਹਿਜ ਸੀ, ਥੱਕੇ ਹੋਏ ਕਿਸਾਨ ਸ਼ਾਂਤੀਪੂਰਵਕ ਕਾਲੇ ਝੰਡੇ ਲਹਿਰਾਉਂਦੇ ਹੋਏ ਘਰਾਂ ਨੂੰ ਪਰਤ ਰਹੇ ਸਨ।" ਉਸ ਨੇ ਕਿਹਾ ਕਿ ਪੱਤਰਕਾਰਾਂ ਸਮੇਤ ਉਥੇ ਮੌਜੂਦ ਹਜੂਮ ਨੂੰ ਭੋਰਾ ਵੀ ਸ਼ੱਕ ਨਹੀਂ ਸੀ ਕਿ ਹਿੰਸਾ ਹੋਵੇਗੀ ਜਾਂ ਉਨ੍ਹਾਂ ਨੂੰ ਐਸੀ ਕੋਈ ਗੱਲ ਮਹਿਸੂਸ ਨਹੀਂ ਹੋਈ।

ਪੁਲਿਸ ਨੇ 4 ਅਕਤੂਬਰ ਨੂੰ ਘਟਨਾ ਬਾਰੇ ਐਫ.ਆਈ.ਆਰ. ਦਰਜ ਕਰ ਲਈ ਸੀ ਜਿਸ ਵਿਚ ਆਸ਼ੀਸ਼ ਨੂੰ '15-20 ਅਣਪਛਾਤੇ ਵਿਅਕਤੀਆਂ' ਨਾਲ ਦੋਸ਼ੀ ਨਾਮਜ਼ਦ ਕਰ ਲਿਆ ਸੀ। (ਪਿੱਛੋਂ 9 ਅਕਤੂਬਰ ਨੂੰ ਉਸ ਨੂੰ ਗ੍ਰਿਫਤਾਰ ਕਰ ਲਿਆ। -ਅਨੁਵਾਦਕ) ਐਫ.ਆਈ.ਆਰ. ਭਾਰਤੀ ਦੰਡਾਵਲੀ ਦੀਆਂ ਅੱਠ ਧਾਰਾਵਾਂ ਤਹਿਤ ਦਰਜ ਕੀਤੀ ਗਈ ਹੈ ਜਿਨ੍ਹਾਂ ਵਿਚ ਕਤਲ ਨਾਲ ਸੰਬੰਧਤ ਧਾਰਾ 302 ਅਤੇ ਲਾਪਰਵਾਹੀ ਨਾਲ ਕਿਸੇ ਦੀ ਜਾਨ ਲੈਣ ਸੰਬੰਧੀ ਧਾਰਾ 304-ਏ ਵੀ ਲਗਾਈਆਂ। 7 ਅਕਤੂਬਰ ਨੂੰ ਪੁਲਿਸ ਨੇ ਆਸ਼ੀਸ਼ ਨੂੰ ਅਪਰਾਧਿਕ ਅਮਲ ਦੀ ਧਾਰਾ 160 ਤਹਿਤ ਨੋਟਿਸ ਜਾਰੀ ਕੀਤਾ ਜੋ ਗਵਾਹਾਂ ਦੇ ਹਾਜ਼ਰ ਹੋਣ ਸੰਬੰਧੀ ਹੈ, ਉਸ ਨੂੰ 8 ਅਕਤੂਬਰ ਨੂੰ ਤਿਕੁਨੀਆ ਥਾਣੇ ਵਿਚ ਪੇਸ਼ ਹੋਣ ਲਈ ਕਿਹਾ। ਕਾਨੂੰਨੀ ਮਾਹਰਾਂ ਨੇ ਇਸ ਉਪਰ ਸਵਾਲ ਉਠਾਏ ਹਨ ਕਿ ਕਤਲ ਕੇਸ ਦੇ ਮੁਲਜ਼ਮ ਨੂੰ ਇਸ ਧਾਰਾ ਅਧੀਨ ਕਿਵੇਂ ਤਲਬ ਕੀਤਾ ਗਿਆ? ਆਸ਼ੀਸ਼ ਨੇ ਇਹ ਸੰਮਨ ਨਜ਼ਰਅੰਦਾਜ਼ ਕਰ ਦਿੱਤਾ ਅਤੇ ਪੇਸ਼ ਨਹੀਂ ਹੋਇਆ। ਫਿਰ ਪੁਲਿਸ ਨੇ 8 ਅਕਤੂਬਰ ਨੂੰ ਅਜਿਹਾ ਹੀ ਨੋਟਿਸ ਜਾਰੀ ਕੀਤਾ ਅਤੇ ਆਸ਼ੀਸ਼ ਨੂੰ ਅਗਲੇ ਦਿਨ ਪੇਸ਼ ਹੋਣ ਲਈ ਕਿਹਾ। ਐਨ.ਡੀ.ਟੀ.ਵੀ. ਅਨੁਸਾਰ, 9 ਅਕਤੂਬਰ ਨੂੰ ਆਸ਼ੀਸ਼ ਬਹੁਤ ਸਾਰੇ ਪੁਲਿਸ ਅਫਸਰਾਂ ਨਾਲ ਪੁੱਛਗਿੱਛ 'ਚ ਸ਼ਾਮਿਲ ਹੋਣ ਲਈ ਥਾਣੇ ਆਇਆ। 'ਦਿ ਕਾਰਵਾਂ' ਨੇ ਲਖੀਮਪੁਰ ਖੀਰੀ ਦੇ ਐਸ.ਪੀ. ਵਿਜੇ ਧੂਲ ਅਤੇ ਵਧੀਕ ਐਸ.ਪੀ. ਅਰੁਣ ਕੁਮਾਰ ਨੂੰ ਸੰਪਰਕ ਕੀਤਾ ਜਿਨ੍ਹਾਂ ਵਿਚੋਂ ਕਿਸੇ ਨੇ ਵੀ ਕਾਲ ਜਾਂ ਟੈਕਸਟ ਸੁਨੇਹਿਆਂ ਦਾ ਜਵਾਬ ਨਹੀਂ ਦਿੱਤਾ।

ਅਨਿਲ ਨੇ ਮੈਨੂੰ ਦੱਸਿਆ ਕਿ ਉਹ 3 ਅਕਤੂਬਰ ਨੂੰ ਲਖੀਮਪੁਰ ਖੀਰੀ ਦੇ ਬਨਵੀਰਪੁਰ ਪਿੰਡ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ (ਆਸ਼ੀਸ਼ ਦਾ ਪਿਤਾ ਤੇ ਭਾਜਪਾ ਆਗੂ) ਦੇ ਗ੍ਰਹਿ ਵਿਖੇ ਕੁਸ਼ਤੀ ਮੇਲੇ ਦੀ ਕਵਰੇਜ ਕਰਨ ਗਏ ਸਨ। "ਮੈਂ ਦੁਪਹਿਰ 12 ਵਜੇ ਦੇ ਕਰੀਬ ਅਜੈ ਮਿਸ਼ਰਾ ਟੈਨੀ ਦੇ ਘਰ ਪਹੁੰਚਿਆ ਅਤੇ 1.30 ਜਾਂ ਇਸ ਤੋਂ ਵੱਧ ਸਮੇਂ ਤੱਕ ਘਰ ਵਿਚ ਹੋ ਰਹੇ ਦੰਗਲ ਵਿਚ ਮੌਜੂਦ ਸੀ। ਮੇਰੇ ਨਾਲ ਤਿੰਨ ਜਾਂ ਚਾਰ ਹੋਰ ਪੱਤਰਕਾਰ ਦੋਸਤ ਸਨ।" ਅਨਿਲ ਨੇ ਅੱਗੇ ਕਿਹਾ, "ਉਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਦੁਪਹਿਰ 2.15 ਵਜੇ ਹੈਲੀਪੈਡ 'ਤੇ ਉਤਰਨਾ ਸੀ। ਮੈਂ ਲੱਗਭੱਗ ਇਸੇ ਸਮੇਂ ਉਥੇ ਪਹੁੰਚ ਗਿਆ। ਕਾਲੇ ਝੰਡੇ ਚੁੱਕੀ ਕਿਸਾਨ ਸੜਕ ਦੇ ਦੋਵੇਂ ਪਾਸੇ ਖੜ੍ਹੇ ਸਨ।" ਹੈਲੀਪੈਡ ਬਨਵੀਰਪੁਰ ਤੋਂ ਪੰਜ-ਸੱਤ ਕਿਲੋਮੀਟਰ ਦੂਰ ਤਿਕੁਨੀਆ ਪਿੰਡ ਵਿਚ ਹੈ। ਮੌਰਿਆ ਅਤੇ ਵਿਧਾਨ ਸਭਾ ਦੇ ਅੱਠ ਹੋਰ ਮੈਂਬਰਾਂ ਦੇ ਹੈਲੀਪੈਡ 'ਤੇ ਪਹੁੰਚਣ ਦੀ ਉਮੀਦ ਸੀ ਅਤੇ ਫਿਰ ਉਥੋਂ ਉਨ੍ਹਾਂ ਬਨਵੀਰਪੁਰ ਜਾਣਾ ਸੀ।

ਜਿਸ ਤਰ੍ਹਾਂ ਦੀ ਕਾਰਵਾਂ ਨੇ ਪਹਿਲਾਂ ਰਿਪੋਰਟ ਕੀਤੀ ਸੀ, ਕਾਲੇ ਝੰਡਿਆਂ ਨਾਲ ਇਸ ਵਿਰੋਧ ਦਾ ਮੁੱਢ 3 ਅਕਤੂਬਰ ਤੋਂ ਕੁਝ ਦਿਨ ਪਹਿਲਾਂ ਇਕ ਹੋਰ ਘਟਨਾ ਨਾਲ ਬੱਝਿਆ ਸੀ। ਜ਼ਿਲ੍ਹੇ ਦੇ ਪਲੀਆ ਕਸਬੇ ਵਿਚ ਇਕ ਹੋਰ ਸਮਾਗਮ ਵਿਚ ਕਿਸਾਨਾਂ ਨੇ ਟੈਨੀ ਦਾ ਵਿਰੋਧ ਕਰਦਿਆਂ ਉਸ ਨੂੰ ਕਾਲੇ ਝੰਡੇ ਦਿਖਾਏ ਸਨ। ਕਾਲੇ ਝੰਡਿਆਂ ਤੋਂ ਭੜਕੇ ਟੈਨੀ ਨੇ ਫਿਰ ਧਮਕੀ ਭਰਿਆ ਭਾਸ਼ਣ ਦਿੰਦਿਆਂ ਕਿਹਾ: "ਸੁਧਰ ਜਾਓ, ਨਹੀਂ ਤੋ ਹਮ ਆਪਕੋ ਸੁਧਾਰ ਦੇਂਗੇ, ਦੋ ਮਿੰਟ ਲੱਗੇਂਗੇ ਕੇਵਲ।" ਸਿੱਟੇ ਵਜੋਂ, ਕਿਸਾਨਾਂ ਨੇ ਆਪਣੇ ਕਾਲੇ ਝੰਡਿਆਂ ਵਾਲੇ ਵਿਰੋਧ ਪ੍ਰਦਰਸ਼ਨ ਨੂੰ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ, ਇਸ ਵਾਰ 3 ਅਕਤੂਬਰ ਨੂੰ ਹੈਲੀਪੈਡ ਵਿਖੇ। ਅਨਿਲ ਨੇ ਕਿਹਾ ਕਿ "ਕਿਸਾਨ ਹੰਗਾਮਾ ਕਰਨ ਨਹੀਂ ਆਏ ਸਨ, ਇਹ ਇਕੱਠ ਦਾ ਮਿਜ਼ਾਜ ਨਹੀਂ ਸੀ।"

ਅਨਿਲ ਨੇ ਕਿਹਾ ਕਿ ਫਿਰ ਭੀੜ ਘੰਟਾ ਕੁ ਇੰਤਜ਼ਾਰ ਕਰਦੀ ਰਹੀ ਪਰ ਮੰਤਰੀ ਨਹੀਂ ਆਇਆ। "ਉਸ ਦੇ ਪਹੁੰਚਣ ਦੇ ਅਨੁਮਾਨਤ ਸਮੇਂ ਤੋਂ ਬਾਅਦ ਹੁਣ ਤਿੰਨ ਵੱਜ ਗਏ ਸਨ। ਸਾਨੂੰ ਦੱਸਿਆ ਗਿਆ ਕਿ ਮੌਰਿਆ ਦੇ ਹੈਲੀਕਾਪਟਰ ਦਾ ਰਸਤਾ ਬਦਲਣਾ ਪਿਆ ਸੀ ਅਤੇ ਉਹ ਸਮੇਂ ਸਿਰ ਉਥੇ ਉਤਰ ਨਹੀਂ ਸਕਿਆ ਸੀ।" ਫਿਰ ਵਿਰੋਧ ਕਰ ਰਹੇ ਕਿਸਾਨਾਂ ਨੇ ਧਰਨਾ ਸਥਾਨ ਤੋਂ ਖਿੰਡਣਾ ਸ਼ੁਰੂ ਕਰ ਦਿੱਤਾ।

ਅਨਿਲ ਨੇ ਕਿਹਾ ਕਿ ਇਸ ਸਮੇਂ ਘੱਟੋ-ਘੱਟ ਚਾਰ ਕਾਰਾਂ ਉਥੇ ਆਈਆਂ - ਇਕ ਚਿੱਟੀ ਕਾਰ ਅਤੇ ਤਿੰਨ ਕਾਲੀਆਂ ਐਸ.ਯੂ.ਵੀ.। "ਪਹਿਲੀ ਚਿੱਟੀ ਕਾਰ ਬੇਰੋਕ-ਟੋਕ ਅੱਗੇ ਲੰਘ ਗਈ। ਦਰਅਸਲ, ਕਿਸਾਨ ਖੁਦ ਸ਼ਾਂਤੀਪੂਰਵਕ ਸੜਕ ਦੇ ਕੰਢੇ ਖੜ੍ਹੇ ਹੋ ਕੇ ਕਾਰਾਂ ਨੂੰ ਲਾਂਘਾ ਦੇ ਰਹੇ ਸਨ।" ਪੱਤਰਕਾਰ ਨੇ ਦੱਸਿਆ ਕਿ ਟੈਨੀ ਦਾ ਛੋਟਾ ਬੇਟਾ ਅਭਿਮਨਯੂ ਮਿਸ਼ਰਾ ਚਿੱਟੇ ਰੰਗ ਦੀ ਕਾਰ ਵਿਚ ਸੀ ਜਿਸ ਨੂੰ ਸ਼ਾਂਤੀਪੂਰਵਕ ਰਸਤਾ ਦਿੱਤਾ ਗਿਆ। "ਪਰ ਕਾਲੀ ਐਸ.ਯੂ.ਵੀ. ਪਿੱਛੇ ਤੋਂ ਆ ਕੇ ਅਣਭੋਲ ਕਿਸਾਨਾਂ ਉਪਰ ਚਾੜ੍ਹ ਦਿੱਤੀ ਗਈ ਅਤੇ ਇਸ ਨੇ ਉਨ੍ਹਾਂ ਨੂੰ ਕੁਚਲ ਦਿੱਤਾ।" ਪਿਛਲੇ ਕੁਝ ਦਿਨਾਂ ਤੋਂ, ਸੋਸ਼ਲ ਮੀਡੀਆ ਉਪਰ ਘਟਨਾ ਦੇ ਕਈ ਵੀਡੀਓ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਸਾਫ ਦਿਖਾਈ ਦਿੰਦਾ ਹੈ ਕਿ ਕਿਸਾਨ ਵਿਰੋਧ ਵਾਲੀ ਥਾਂ ਤੋਂ ਸ਼ਾਂਤੀਪੂਰਵਕ ਜਾ ਰਹੇ ਹਨ ਅਤੇ ਦੋ ਤੇਜ਼ ਰਫਤਾਰ ਕਾਲੀਆਂ ਐਸ.ਯੂ.ਵੀ. ਪਿੱਛਿਓਂ ਆ ਕੇ ਭੀੜ ਉਪਰ ਜਾ ਚੜ੍ਹਦੀਆਂ ਹਨ।

ਅਨਿਲ ਨੇ ਮੈਨੂੰ ਦੱਸਿਆ ਕਿ ਜਦੋਂ ਪਹਿਲੀ ਕਾਰ ਉਨ੍ਹਾਂ ਕੋਲੋਂ ਲੰਘੀ, ਉਹ ਉਸ ਵਕਤ ਕਸ਼ਯਪ ਨਾਲ ਗੱਲ ਕਰ ਰਿਹਾ ਸੀ ਅਤੇ ਆਪਣਾ ਵਿਜ਼ਟਿੰਗ ਕਾਰਡ ਉਸ ਨੂੰ ਦੇ ਰਿਹਾ ਸੀ। ਪੱਤਰਕਾਰ ਨੇ ਕਿਹਾ ਕਿ ਕੁਝ ਸਕਿੰਟਾਂ ਵਿਚ ਹੀ ਇਕ ਕਾਲੀ ਐਸ.ਯੂ.ਵੀ. ਆਈ ਅਤੇ ਤੇਜ਼ੀ ਨਾਲ ਭੀੜ ਨੂੰ ਚੀਰਦੀ ਹੋਈ ਅੱਗੇ ਨਿਕਲ ਗਈ ਜੋ ਕਸ਼ਯਪ ਸਮੇਤ ਬਾਕੀਆਂ ਨੂੰ ਫੇਟ ਮਾਰ ਗਈ। "ਉਸ ਤੋਂ

**ਆਸ਼ੀਸ਼ ਮਿਸ਼ਰਾ ਨੇ ਪੱਤਰਕਾਰ ਨੂੰ ਗੱਡੀ ਹੇਠ ਦਰੜ ਕੇ ਮਾਰਿਆ**

ਬਾਅਦ ਦੇ ਪਾਗਲਪਣ ਦੌਰਾਨ ਮੇਰੇ ਤੋਂ ਕਸ਼ਯਪ ਦਾ ਕਾਰਡ ਗੁਆਚ ਗਿਆ। ਫਿਰ ਮੈਂ ਵੀ ਆਪਣੀ ਜਾਨ ਬਚਾਉਣ ਲਈ ਦੌੜਿਆ ਕਿਉਂਕਿ ਮੇਰੇ ਵੀ ਕਈ ਥਾਵਾਂ 'ਤੇ ਲਾਠੀਆਂ ਵੱਜੀਆਂ ਸੀ।" ਉਸ ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਨੂੰ ਕੁਚਲਣ ਤੋਂ ਬਾਅਦ, ਦੋ ਕਾਲੀ ਐਸ.ਯੂ.ਵੀ., ਜਿਨ੍ਹਾਂ ਨੂੰ ਤੇਜ਼ ਰਫਤਾਰ ਨਾਲ ਚਲਾਇਆ ਜਾ ਰਿਹਾ ਸੀ, ਬੇਕਾਬੂ ਹੋ ਗਈਆਂ ਅਤੇ ਸੜਕ ਦੇ ਨਾਲ ਗੰਨੇ ਦੇ ਖੇਤਾਂ ਵਿਚ ਜਾ ਵੜੀਆਂ। "ਇਸ ਤੋਂ ਬਾਅਦ ਗੁੱਸੇ 'ਚ ਆਏ ਅਤੇ ਦੁਖੀ ਇਕੱਠ 'ਚ ਜੋ ਹੋਇਆ, ਉਹ ਸਾਰਿਆਂ ਨੂੰ ਪਤਾ ਹੈ।"

ਅਨਿਲ ਨੇ ਫਿਰ ਮੈਨੂੰ ਦੱਸਿਆ ਕਿ ਜਿਉਂ ਹੀ ਕਾਰਾਂ ਖੇਤਾਂ ਵਿਚ ਖੁੱਭ ਗਈਆਂ, ਗੁੱਸੇ 'ਚ ਆਏ ਕਿਸਾਨਾਂ ਨੇ ਇਕ ਕਾਰ ਦੇ ਡਰਾਈਵਰ ਨੂੰ ਬਾਹਰ ਧੂਹ ਲਿਆ। ਉਸ ਨੇ ਦੱਸਿਆ ਕਿ ਗੁਆਂਢੀ ਬਹਰਾਇਚ ਜ਼ਿਲ੍ਹੇ ਦੇ ਨਾਨਪਾਰਾ ਤਹਿਸੀਲ ਦੇ ਨਿਵਾਸੀ ਕਿਸਾਨ 19 ਸਾਲਾ ਗੁਰਵਿੰਦਰ ਨੇ ਮੋਨੂੰ ਨੂੰ ਦਬੋਚ ਲਿਆ ਅਤੇ ਉਸ ਨੂੰ ਜੱਫਾ ਮਾਰ ਲਿਆ, ਜਦੋਂ ਉਸ ਨੇ ਗੰਨੇ ਦੇ ਖੇਤਾਂ ਵਿਚੋਂ ਦੀ ਭੱਜਣ ਦੀ ਕੋਸ਼ਿਸ਼ ਕੀਤੀ। ਅਨਿਲ ਨੇ ਕਿਹਾ ਕਿ ਇਸ ਵਕਤ ਉਸ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਅਤੇ ਗੁਰਵਿੰਦਰ ਨੂੰ ਦਮ ਤੋੜਦੇ ਦੇਖਿਆ।... ਅਨਿਲ ਨੇ ਕਿਹਾ ਕਿ ਹਰ ਕਿਸੇ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਅਤੇ "ਪੁਲਿਸ ਇਸ ਤੋਂ ਸਾਫ ਮੁੱਕਰ ਰਹੀ ਹੈ। ਇਹ ਬਹੁਤ ਦੁਖਦਾਈ ਹੈ ਕਿ ਪੱਤਰਕਾਰਾਂ ਨੂੰ ਮਾਰਿਆ ਜਾ ਰਿਹਾ ਹੈ ਜਦੋਂਕਿ ਭਾਜਪਾ ਇਨ੍ਹਾਂ ਕਤਲਾਂ ਲਈ ਜ਼ਿੰਮੇਵਾਰ ਲੋਕਾਂ ਨੂੰ ਬਚਾ ਰਹੀ ਹੈ।"

***('ਦਿ ਕਾਰਵਾਂ' ਦੇ ਧੰਨਵਾਦ ਸਹਿਤ)***


# ਮਹਾਂਮਾਰੀਆਂ ਦੀ ਆੜ ਪਿੱਛੇ ਲੁਟੇਰੇ ਪ੍ਰਬੰਧ ਦਾ ਅਸਲ ਚਿਹਰਾ ਬੇਨਕਾਬ

ਦੁਨੀਆਂ ਭਰ ਵਿਚ ਕਰੋਨਾ (ਕੋਵਿਡ-19) ਨੇ ਪਿਛਲੇ ਕਰੀਬ ਦੋ ਸਾਲਾਂ ਵਿਚ ਕਰੋੜਾਂ ਮਨੁੱਖਾਂ ਦੀਆਂ ਜਾਨਾਂ ਲੈ ਲਈਆਂ, ਜਿਸ ਦਾ ਦੁੱਖ ਹੈ, ਪਰ ਨਾਲ ਹੀ ਕਈ ਦੇਸ਼ਾਂ ਦੀਆਂ ਸਰਕਾਰਾਂ ਨੇ ਮਨੁੱਖ ਜਾਤੀ ਨਾਲ ਖਿਲਵਾੜ ਵੀ ਕੀਤਾ, ਜਿਸ ਦਾ ਕੋਵਿਡ ਮਹਾਂਮਾਰੀ ਨਾਲ ਹੋਈਆਂ ਮੌਤਾਂ ਤੋਂ ਵੀ ਵੱਡਾ ਦੁੱਖ ਹੈ। ਕਈ ਦੇਸ਼ਾਂ ਵਿਚ ਮੌਕੇ ਦੀਆਂ ਸਰਕਾਰਾਂ ਨੇ ਆਪਣੀ ਸੱਤਾ ਪੱਕੀ ਕਰਨ ਲਈ ਕਈ ਕਿਸਮ ਦੇ ਹੱਥਕੰਡੇ ਵਰਤੇ ਜਿਵੇਂ ਘਰੋਂ ਦੂਰ ਮਜ਼ਦੂਰੀ ਕਰਨ ਗਏ ਕਾਮਿਆਂ ਨੂੰ ਆਪਣੇ ਘਰ ਵਾਪਿਸ ਪੁੱਜਣ ਲਈ ਆਵਾਜਾਈ ਦਾ ਪ੍ਰਬੰਧ ਤੱਕ ਨਹੀਂ ਕੀਤਾ। ਨਤੀਜੇ ਵਜੋਂ ਸੈਂਕੜੇ ਕਿਰਤੀ ਕਾਮੇ, ਉਨ੍ਹਾਂ ਦੇ ਬੱਚੇ, ਬਜ਼ੁਰਗ ਅਤੇ ਸਾਕ ਸਬੰਧੀ, ਨਾਰੀ-ਮਜ਼ਦੂਰ ਰਸਤਿਆਂ ਵਿਚ ਹੀ ਬੀਮਾਰੀਆਂ ਤੇ ਭੁੱਖਮਰੀ, ਤੰਗੀਆਂ ਨਾਲ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

ਇਸ ਤੋਂ ਵੀ ਅੱਗੇ ਧਿਆਨ ਮਾਰਾਂਗੇ ਤਾਂ ਭਾਰਤ ਦੀ ਕੇਂਦਰ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਨੂੰ ਪਾਲਣ ਲਈ ਸੰਵਿਧਾਨ ਨੂੰ ਛਿੱਕੇ ਟੰਗ ਕੇ, ਕਿਸਾਨਾਂ ਦੀਆਂ ਜ਼ਮੀਨਾਂ ਨੂੰ ਹੜੱਪਣ ਲਈ ਖੇਤੀ ਸਬੰਧੀ ਤਿੰਨ ਕਾਲੇ ਕਾਨੂੰਨ ਬਣਾਏ, ਜੋ ਕੇਂਦਰ ਸਰਕਾਰ ਦੇ ਕਾਨੂੰਨ ਬਣਾਉਣ ਸਬੰਧੀ ਦਾਇਰੇ ਵਿਚ ਨਹੀਂ ਹਨ। ਖੇਤੀਬਾੜੀ ਸਬੰਧੀ ਕਾਨੂੰਨ ਬਣਾਉਣਾ ਸੂਬਿਆਂ ਦੇ ਅਧਿਕਾਰ ਖੇਤਰ ਵਿਚ ਹੈ। ਸੋ ਕੇਂਦਰ ਨੇ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਥਾਂ ਸੂਬਿਆਂ ਨੂੰ ਮਿਲੇ ਹੋਏ ਅਧਿਕਾਰਾਂ ਦੀ ਸੰਘੀ ਨੱਪ ਦਿੱਤੀ। ਇਹ ਸਭ ਕੁਝ ਕਰੋਨਾ ਮਹਾਂਮਾਰੀ ਦੀ ਆੜ ਹੇਠ ਫਾਸ਼ੀਵਾਦੀ ਧੱਕਾ ਹੈ।

ਇੰਡੀਆ ਨਾਲ ਸਬੰਧਤ ਹਰ ਜਨ ਸਧਾਰਨ, ਚਿੰਤਕ ਅਤੇ ਸੂਝਵਾਨ ਨੂੰ ਪਤਾ ਹੈ ਕਿ ਕਿਸਾਨੀ ਵਿਰੁੱਧ ਬਣਾਏ ਕਾਨੂੰਨ ਇਕੱਲੇ ਜ਼ਮੀਨ ਵਾਲੇ ਕਿਸਾਨ ਨੂੰ ਖੇਤਾਂ 'ਚੋਂ ਨਹੀਂ ਕੱਢਣਗੇ, ਸਗੋਂ ਜ਼ਮੀਨ ਰਹਿਤ ਕਿਸਾਨ ਨੂੰ ਵੀ ਸ਼ਹਿਰ ਦੇ ਚੌਰਾਹਿਆਂ ਵਿਚ ਬਣੇ ਲੇਬਰ ਚੌਂਕ 'ਚ ਮਜ਼ਦੂਰੀ ਦੀ ਭਾਲ ਲਈ ਮਜ਼ਬੂਰ ਕਰ ਦੇਣਗੇ। ਮੁਲਾਜ਼ਮ ਨੂੰ ਮਿਲਦੀ ਤਨਖਾਹ ਨਾਲ ਪਰਿਵਾਰ ਦਾ ਗੁਜ਼ਾਰਾ ਕਰਨਾ ਔਖਾ ਹੋ ਜਾਵੇਗਾ, ਮਹਿੰਗਾਈ ਆਮ ਲੋਕਾਂ ਦਾ ਹਾਲ ਬੁਰਾ ਕਰ ਦੇਵੇਗੀ।

ਬੇਲਗਾਮ ਹੋਈ ਕੇਂਦਰ ਸਰਕਾਰ, ਜੋ ਅੰਨੀ-ਬੋਲੀ ਹੈ, ਨੂੰ ਨਾ ਹੀ ਸੁਣਦਾ ਅਤੇ ਨਾ ਦਿੱਸਦਾ ਹੈ ਕਿ ਲਗਭਗ ਇੱਕ ਸਾਲ ਤੋਂ ਦੇਸ਼ ਭਰ ਦੇ ਜ਼ਮੀਨ ਦੀ ਮਾਲਕੀ ਵਾਲੇ ਕਿਸਾਨ ਅਤੇ




ਬੇਜ਼ਮੀਨੇ ਕਿਸਾਨ ਦਿੱਲੀ ਦੀਆਂ ਬਰੂਹਾਂ ਉੱਤੇ ਕੇਂਦਰ ਸਰਕਾਰ ਨੂੰ ਖੇਤੀ ਵਿਰੋਧੀ ਬਣਾਏ ਤਿੰਨ ਕਾਲੇ ਕਾਨੂੰਨ ਵਾਪਿਸ ਲੈਣ ਲਈ ਕਹਿ ਰਹੇ ਹਨ। ਲੋਕਾਂ ਦੀਆਂ ਵੋਟਾਂ ਨਾਲ ਬਣੀ ਸਰਕਾਰ ਨੂੰ ਜਨਤਾ ਦੀ ਆਵਾਜ਼ ਸੁਣ ਨਹੀਂ ਰਹੀ। ਕਰੀਬ 750 ਕਿਸਾਨ ਆਪਣੀਆਂ ਜਾਨਾਂ ਦੀ ਆਹੂਤੀ ਦੇ ਚੁਕੇ ਹਨ, ਪਰ ਇਹ ਨਾਦਰਸ਼ਾਹੀ ਘੁਮੰਡੀ ਅਤੇ ਪੱਥਰ ਦਿਲ ਸਰਕਾਰ ਦੀ ਅੱਖ ਨਮ ਨਹੀਂ ਹੋਈ।

ਹੱਕਾਂ ਲਈ ਸਾਂਤਮਈ ਸੰਘਰਸ਼ ਕਰ ਰਹੇ ਕਿਸਾਨ ਸੰਗਰਾਮੀਆਂ ਨੂੰ ਯੂ.ਪੀ. ਵਿਚ ਤਰਾਈ ਦੇ ਇਲਾਕੇ 'ਚ ਪੈਂਦੇ ਪਿੰਡ ਲਖੀਮਪੁਰ ਖੀਰੀ 'ਚ ਫਾਸ਼ੀਵਾਦੀ ਸਰਕਾਰ ਦੇ ਕੇਂਦਰੀ ਮੰਤਰੀ ਦੇ ਕਾਕਿਆਂ ਨੇ ਗੱਡੀਆਂ ਥੱਲੇ ਦਰੜ ਦਿੱਤਾ ਅਤੇ ਭਾਜਪਾ-ਸੰਘੀਆਂ ਨੇ ਸ਼ਰੇਆਮ ਗੋਲੀਆਂ ਚਲਾਈਆਂ, ਜਿਸ ਕਾਰਨ ਚਾਰ ਕਿਸਾਨਾਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਦਸ ਦੇ ਕਰੀਬ ਜਖਮੀ ਹੋਏ। ਇਸ ਦਰਿੰਦਗੀ ਦੀ ਡਟ ਕੇ ਨਿੰਦਿਆ ਕਰਨੀ ਚਾਹੀਦੀ ਹੈ, ਭਾਵੇਂ ਕਿਸਾਨ ਸੰਘਰਸ਼ ਦੇ ਰੋਹ ਨੂੰ ਥੰਮਣ ਲਈ ਮੌਕੇ ਦੀ ਸਰਕਾਰ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦਾ ਐਲਾਨ ਕੀਤਾ, ਪਰ ਪੈਸੇ ਦੀ ਤੁਲਨਾ ਇੱਕ ਹੱਕੀ ਸੰਘਰਸ਼ ਕਰ ਰਹੇ ਸੰਗਰਾਮੀ ਨਾਲ ਨਹੀਂ ਕੀਤੀ ਜਾ ਸਕਦੀ। ਦਰਿੰਦੇ ਕਸੂਰਵਾਰਾਂ ਨੂੰ ਬਣਦੀ ਸਜ਼ਾ ਮਿਲਣੀ ਚਾਹੀਦੀ ਹੈ।

ਹਿੰਦੋਸਤਾਨ ਨੂੰ ਅੰਗਰੇਜ਼ ਸਾਮਰਾਜ ਤੋਂ ਆਜ਼ਾਦ ਹੋਇਆਂ ਨੂੰ 75 ਸਾਲ ਦਾ ਸਮਾਂ ਹੋ ਗਿਆ ਹੈ ਅਤੇ ਨਾਲ ਲੱਗਦੇ ਦੇਸ਼ ਚੀਨ ਵਿਚ ਇਨਕਲਾਬ ਹੋਇਆਂ ਨੂੰ 73 ਸਾਲ। ਯਾਦ ਰਹੇ, ਜਦੋਂ ਅੰਗਰੇਜ਼ ਸਾਮਰਾਜ ਹਿੰਦੋਸਤਾਨ ਵਿਚ ਰਾਜਸੱਤਾ ਉੱਤੇ ਕਾਬਜ਼ ਸੀ, ਉਸ ਸਮੇਂ ਹਿੰਦੋਸਤਾਨੀ ਚੀਨ ਵਿਚ ਵੀ ਰੁਜ਼ਗਾਰ ਲਈ ਜਾਂਦੇ ਸਨ। ਗਦਰ ਲਹਿਰ ਜਾਂ ਗਦਰ ਪਾਰਟੀ, ਜਿਸ ਦਾ ਜਨਮ ਅਮਰੀਕਾ ਅਤੇ ਕੈਨੇਡਾ ਵਿਚ ਹੋਇਆ ਸੀ, ਚੀਨ 'ਚ ਰਹਿੰਦੇ ਹਿੰਦੋਸਤਾਨੀਆਂ ਨੇ ਵੀ ਦੇਸ਼ ਦੀ ਆਜ਼ਾਦੀ ਲਹਿਰ ਦੀ ਮੋਢੀ ਪਾਰਟੀ ਨਾਲ ਮੋਢੇ ਨਾਲ ਮੋਢਾ ਲਾਇਆ ਸੀ। ਇਤਿਹਾਸ ਗਵਾਹ ਹੈ ਕਿ ਜਿਵੇਂ ਅਮਰੀਕਾ-ਕੈਨੇਡਾ ਦੇ ਇਨਕਲਾਬੀ ਮਿੱਤਰਾਂ ਨੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਸਹਿਯੋਗ ਦਿੱਤਾ ਸੀ, ਠੀਕ ਇਸ ਤਰ੍ਹਾਂ ਚੀਨ ਦੇ ਆਜ਼ਾਦੀ ਪਸੰਦੀ ਮਿੱਤਰਾਂ ਨੇ ਅੰਗਰੇਜ਼ ਸਾਮਰਾਜ ਦਾ ਜੂਲਾ ਲਾਉਣ ਲਈ ਜਾਗ੍ਰਿਤ ਕੀਤਾ ਸੀ।

ਆਜ਼ਾਦੀ ਅਤੇ ਇਨਕਲਾਬ ਦਾ ਅਰਥ ਇੱਕ ਹੁੰਦਾ ਤਾਂ ਅੱਜ ਇੰਡੀਆ ਵੀ ਬੇਰੁਜ਼ਗਾਰੀ, ਭੁੱਖਮਰੀ ਰਹਿਤ ਅਤੇ ਸਿਹਤ ਸਹੂਲਤਾਂ ਦੇਣ ਵਾਲੇ ਆਗੂ ਦੇਸ਼ਾਂ 'ਚ ਸ਼ਮੂਲੀਅਤ ਕਰਦਾ, ਪਰ ਇਸ ਆਜ਼ਾਦ ਹੋਏ ਦੇਸ਼ ਦੀ ਚਰਚਾ, ਬਿਮਾਰੀਆਂ, ਮਹਾਂਮਾਰੀਆਂ, ਬੇਰੁਜ਼ਗਾਰ ਅਤੇ ਭੁੱਖਮਰੀ ਦੇ ਸੰਤਾਪ ਭੋਗ ਰਹੇ ਦੇਸ਼ਾਂ ਨਾਲ ਜੋੜ ਕੇ ਕੀਤੀ ਜਾ ਰਹੀ ਹੈ। ਧਰਮ-ਨਿਰਪੱਖਤਾ ਦੀ ਸੋਚ ਉਡਾਰੀ ਮਾਰ ਗਈ ਹੈ।

ਸੰਨ 1600 ਦੀ ਜਨਵਰੀ 30 ਨੂੰ ਸੂਰਤ ਸ਼ਹਿਰ ਵਿਚ ਈਸਟ ਇੰਡੀਆ ਕੰਪਨੀ ਨੇ ਮੁਗਲ ਸਲਤਨਤ ਤੋਂ ਕਿਰਾਏ ਉੱਤੇ ਥਾਂ ਲੈ ਕੇ ਪਹਿਲਾ ਦਫਤਰ ਬਣਾਇਆ ਸੀ (ਡਾ. ਗੁਰੂਮੇਲ ਸਿੱਧੂ)। ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਸ ਹੀ ਕੰਪਨੀ ਨੇ ਮੁਗਲਾਂ ਤੋਂ ਰਾਜ ਖੋਹ ਕੇ 1947 ਤੱਕ ਹਿੰਦੋਸਤਾਨ ਦੀ ਧਰਤੀ ਉੱਤੇ ਆਪਣੀ ਪਕੜ ਬਣਾਈ ਰੱਖੀ ਅਤੇ ਰਾਜ ਕੀਤਾ। ਕਰੋੜਾਂ ਹਿੰਦੋਸਤਾਨੀਆਂ ਦੇ ਖ਼ੂਨ ਨਾਲ ਆਪਣੇ ਹੱਥ ਰੰਗੇ।

ਆਪਣੇ ਦੇਸ਼ ਨੂੰ ਅੰਗਰੇਜ਼ ਸਾਮਰਾਜ ਕੋਲੋਂ ਆਜ਼ਾਦ ਕਰਾਉਣ ਲਈ ਕਈ ਆਜ਼ਾਦੀ ਲਹਿਰਾਂ ਹੋਂਦ 'ਚ ਆਈਆਂ। "ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ ਗਦਰੀ ਲਹਿਰਾਂ ਦੀ ਹਿੱਸੇਦਾਰੀ" (ਡਾ. ਗੁਰੂਮੇਲ ਸਿੱਧੂ); "ਗਦਰ ਲਹਿਰ ਅਤੇ ਹਿੰਦੋਸਤਾਨ ਦੀ ਸਾਮਰਾਜ ਵਿਰੋਧੀ ਜੱਦੋਜਹਿਦ" (ਡਾ. ਪ੍ਰਿਥਵੀ ਰਾਜ ਕਾਲੀਆ); "ਹਿੰਦੋਸਤਾਨ ਗਦਰ ਪਾਰਟੀ ਦਾ ਸੰਖੇਪ ਇਤਿਹਾਸ" (ਸੋਹਨ ਸਿੰਘ ਜੋਸ਼) ਅਤੇ "ਗਦਰ ਦਾ ਇਤਿਹਾਸ" (ਗੁਰਚਰਨ ਸਿੰਘ ਸੈਂਹਸਰਾ) ਆਦਿ ਲੇਖਕਾਂ ਦੇ ਆਜ਼ਾਦੀ ਸਬੰਧੀ ਕੀਤੇ ਖੋਜ ਕੰਮ ਵਾਲੀਆਂ



ਕਿਤਾਬਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਇਸ ਖੋਜ ਕੰਮ ਨੂੰ ਪੜ੍ਹ ਕੇ ਗਦਰ ਲਹਿਰ ਦੀ ਜਾਣਕਾਰੀ 'ਚ ਵਾਧਾ ਕੀਤਾ ਜਾ ਸਕਦਾ ਹੈ ਅਤੇ ਅੰਗਰੇਜ਼ ਰਾਜ ਵਲੋਂ ਕੀਤੀਆਂ ਬੇਰਹਿਮੀਆਂ ਨੂੰ ਜਾਣ ਕੇ ਅੱਜ ਦੇ ਹਿੰਦੋਸਤਾਨ ਵਿਚ ਕਿਰਤੀ ਜਮਾਤ ਵਲੋਂ ਲੁੱਟ ਵਿਰੋਧੀ ਕੀਤੇ ਜਾ ਰਹੇ ਸੰਘਰਸ਼ਾਂ ਨੂੰ ਜਿੱਤ ਤੱਕ ਲੈ ਕੇ ਜਾਇਆ ਜਾ ਸਕਦਾ ਹੈ।

ਹਿੰਦੋਸਤਾਨ ਨੂੰ 75 ਸਾਲ ਪਹਿਲਾਂ ਅੰਗਰੇਜ਼ ਰਾਜ ਤੋਂ ਆਜ਼ਾਦੀ ਤਾਂ ਮਿਲ ਗਈ, ਪਰ ਰਾਜ ਪ੍ਰਬੰਧ ਉਸ ਸੋਚ ਵਾਲੇ ਹੱਥਾਂ 'ਚ ਨਹੀਂ ਆ ਸਕਿਆ, ਜਿਸ ਸੋਚ ਦੇ ਸਦਕਾ ਅੰਗਰੇਜ਼ ਸਾਮਰਾਜ ਨੂੰ ਦੇਸ਼ 'ਚੋਂ ਕੱਢਿਆ ਗਿਆ ਸੀ। ਉਸ ਨਾਲ ਬਰਾਬਰੀ ਤੇ ਧਰਮ ਨਿਰਪੱਖਤਾ ਅਤੇ ਲੁੱਟ-ਰਹਿਤ ਸਮਾਜ ਦੀ ਸਿਰਜਣਾ ਹੋਣੀ ਸੀ, ਪਰ ਹੋ ਕਿਉਂ ਨਾ ਸਕੀ? ਕਾਰਨਾਂ ਨੂੰ ਘੋਖਣਾ ਜ਼ਰੂਰੀ ਹੈ।

ਗੁਰੂ ਨਾਨਕ ਸਾਹਿਬ ਦੇ ਫਲਸਫੇ ਅਨੁਸਾਰ ੴ ਭਾਵ ਰੱਬ ਇੱਕ ਹੈ, ਇੱਕ ਦੀ ਗੱਲ ਮਨੁੱਖ ਨੂੰ ਜੋੜਨ ਦੀ ਮੁਦੱਈ ਹੈ, ਫਿਰ ਵੀ ਮਨੁੱਖਤਾ ਨੂੰ ਵੰਡਿਆ ਗਿਆ ਹੈ। ਇਸ ਪਿੱਛੇ ਛੁਪੇ ਰਾਜ ਨੂੰ ਜਾਣਨਾ ਅੱਜ ਦੀ ਲੋੜ ਹੈ।

ਹਿੰਦੋਸਤਾਨ ਸਭ ਧਰਮਾਂ ਦੇ ਸੁਮੇਲ ਦਾ ਦੇਸ਼ ਹੈ। ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ ਭਗਤ ਕਬੀਰ ਜੀ ਨੇ ਵੀ ਇਹੋ ਮੁੱਖ ਵਾਕ ਕਹੇ ਸਨ ਕਿ ਮਨੁੱਖ ਦਾ ਜਨਮ ਇੱਕ ਹੀ ਤਰ੍ਹਾਂ ਹੋਇਆ ਹੈ, ਸਭ ਇੱਕੋ ਜੈਸੇ ਹਨ, ਕੋਈ ਛੋਟਾ ਜਾਂ ਵੱਡਾ ਨਹੀਂ ਹੈ। ਇਹ ਗੁਰੂਆਂ-ਪੀਰਾਂ ਜਾਂ ਭਗਤਾਂ ਦੀਆਂ ਸਿੱਖਿਆਵਾਂ ਨੂੰ ਨਾ ਮੰਨ ਕੇ ਚੱਲਣ ਪਿੱਛੇ ਰਾਜ ਕੀ ਹੈ?

ਮਾਇਆ ਦਾ ਬੋਲਬਾਲਾ ਹੈ ਅਤੇ ਮਾਇਆ ਕੁਝ ਹੱਥਾਂ ਨੇ ਨੱਪੀ ਹੋਈ ਹੈ, ਮਾਇਆ ਦੀ ਕਾਣੀ ਵੰਡ ਦਾ ਕਸੂਰ ਹੈ। ਮਾਇਆ ਜਾਲ ਨੂੰ ਸਮਝਣਾ ਪਵੇਗਾ ਅਤੇ ਆਪ ਸਮਝ ਕੇ ਅਣਜਾਣਿਆਂ ਨੂੰ ਸਮਝਾਉਣ ਲਈ ਪਹੁੰਚ ਕਰਨੀ ਪਵੇਗੀ। ਨਿੱਜਵਾਦ ਨੂੰ ਛੱਡ ਕੇ ਸਮੂਹਿਕ ਵਿਚਰਨਾ ਪੈਣਾ ਹੈ ਤਾਂ ਕਿ ਦੁਨੀਆਂ ਭਰ 'ਚ ਹੋ ਰਹੀਆਂ ਲੋਕ ਵਿਰੋਧੀ ਸਾਜ਼ਿਸ਼ਾਂ ਨੂੰ 'ਏਕੇ' ਦਾ ਵਿਸ਼ਾਲ ਘੇਰਾ ਬਣਾ ਕੇ ਰੋਕਿਆ ਜਾ ਸਕੇ।

"ਗਦਰੀ ਬਾਬਿਆਂ ਅਤੇ ਗਦਰ ਲਹਿਰ ਨੂੰ ਯਾਦਾਂ ਦਾ ਹਿੱਸਾ ਬਣਾਵੋ।" (ਮਨਮੋਹਨ ਪੂਨੀ)

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ
ਕਿਤੇ ਦਿਲਾਂ ਤੋਂ ਨਹੀਂ ਭੁਲਾ ਜਾਣਾ।
ਖਾਤਰ ਦੇਸ਼ ਦੀ ਲੱਗੇ ਹਾਂ ਚੜ੍ਹਨ ਫਾਂਸੀ
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ
ਦਿਲੀਂ ਵਤਨ ਦਾ ਇਸ਼ਕ ਜਗਾ ਜਾਣਾ।
ਦੇਸ਼ ਵਾਸੀਓ ਚਮਕਣਾ ਚੰਦ ਵਾਂਗੂੰ
ਕਿਤੇ ਬਦਲਾਂ ਹੇਠ ਨਾ ਆ ਜਾਣਾ।
(ਗਦਰ ਦੀ ਗੂੰਜ)

***ਵਲੋਂ: ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ***
***ਮਨਮੋਹਨ ਪੂਨੀ, ਫੋਨ: 347-753-5940***

## ਵਜ਼ੀਫਾ ਘੁਟਾਲਾ: ਵਿਦਿਅਕ ਅਦਾਰਿਆਂ ਨੂੰ ਰਕਮ ਮੋੜਨ ਦੇ ਹੁਕਮ

**ਅੰਮ੍ਰਿਤਸਰ:** ਕੈਬਨਿਟ ਮੰਤਰੀ ਰਾਜ ਕੁਮਾਰ ਵੇਰਕਾ ਨੇ ਆਖਿਆ ਹੈ ਕਿ ਅਨੁਸੂਚਿਤ ਜਾਤੀ ਸਬੰਧੀ ਵਜ਼ੀਫਾ ਘੁਟਾਲੇ ਵਿਚ ਸ਼ਾਮਲ ਕਿਸੇ ਵੀ ਸਿਆਸੀ ਜਾਂ ਦਫਤਰੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇਸ ਘੁਟਾਲੇ ਵਿਚ ਸ਼ਾਮਲ ਕਾਲਜਾਂ ਦੀਆਂ ਪ੍ਰਬੰਧਕੀ ਕਮੇਟੀਆਂ ਇਕ ਹਫਤੇ ਦੇ ਅੰਦਰ ਵਿਦਿਆਰਥੀਆਂ ਦੇ ਪੈਸੇ ਸਰਕਾਰ ਨੂੰ ਵਾਪਸ ਕਰਨ, ਨਹੀਂ ਤਾਂ ਉਨ੍ਹਾਂ ਵਿਰੁੱਧ ਪੁਲਿਸ ਕੇਸ ਦਰਜ ਕਰਵਾਇਆ ਜਾਵੇਗਾ।



ਇਸੇ ਦੌਰਾਨ ਕੈਬਨਿਟ ਮੰਤਰੀ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਜਲਦੀ ਹੀ ਸੂਬੇ ਵਿਚ ਲਗਭਗ ਦਸ ਹਜ਼ਾਰ ਸਫਾਈ ਸੇਵਕਾਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਣਗੀਆਂ, ਜਿਸ ਸਬੰਧੀ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਕੀਤੀ ਜਾ ਚੁੱਕੀ ਹੈ। ਇਸੇ ਦੌਰਾਨ ਕੈਬਨਿਟ ਮੰਤਰੀ ਡਾ. ਰਾਜ ਕੁਮਾਰ ਵੇਰਕਾ ਨੇ ਭਾਜਪਾ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਪਹਿਲਾਂ ਹੀ ਕਿਸਾਨ ਅੰਦੋਲਨ ਨੂੰ ਖਤਮ ਕਰਾਉਣ ਦੀਆਂ ਚਾਲਾਂ ਚੱਲਦੀ ਰਹੀ ਹੈ, ਪਰ ਯੂਪੀ ਸਰਕਾਰ ਇਸ ਮਾਮਲੇ ਵਿਚ ਸਾਰੀਆਂ ਹੱਦਾਂ ਟੱਪ ਗਈ ਹੈ। ਡਾ. ਵੇਰਕਾ ਨੇ ਕਿਹਾ ਕਿ ਦੇਸ਼ ਦੇ ਲੋਕਾਂ ਵਿਚ ਲਖੀਮਪੁਰ ਖੀਰੀ ਹਿੰਸਾ ਸਬੰਧੀ ਬਹੁਤ ਗੁੱਸਾ ਹੈ। ਉਨ੍ਹਾਂ ਕਿਹਾ ਕਿ ਇੰਨੀ ਮੰਦਭਾਗੀ ਘਟਨਾ ਬਾਰੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਹੁਣ ਤੱਕ ਇਕ ਵੀ ਸ਼ਬਦ ਨਹੀਂ ਕਿਹਾ। ਉਨ੍ਹਾਂ ਇਹ ਵੀ ਕਿਹਾ ਕਿ ਜੇ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਨੂੰ ਇਨਸਾਫ ਦਿਵਾਉਣ ਲਈ ਸੁਹਿਰਦ ਹੈ ਤਾਂ ਕਾਂਗਰਸ ਵੀ ਕੇਂਦਰ ਖਿਲਾਫ ਧਰਨੇ ਲਾਉਣ ਲਈ ਤਿਆਰ ਹੈ।

# ਈਕੋਸਿੱਖ ਨੇ ਵੈਟੀਕਨ 'ਚ ਵਾਤਾਵਰਨ ਸਬੰਧੀ ਕਾਨਫਰੰਸ 'ਚ ਕੀਤੀ ਸ਼ਮੂਲੀਅਤ

**ਵੈਟੀਕਨ ਸਿਟੀ:** ਸਿੱਖ ਪੱਖ ਦੀ ਨੁਮਾਇੰਦਗੀ ਕਰਦਿਆਂ ਈਕੋਸਿੱਖ ਨੇ ਵੈਟੀਕਨ ਵਿਖੇ 40 ਤੋਂ ਵੱਧ ਧਾਰਮਿਕ ਸ਼ਖਸੀਅਤਾਂ ਨਾਲ ਵਾਤਾਵਰਣ ਸਬੰਧੀ ਰੱਖੀ ਗਈ ਇਕੱਤਰਤਾ ਵਿਚ ਸ਼ਮੂਲੀਅਤ ਕੀਤੀ। ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਆਉਣ ਵਾਲੀ ਯੂ.ਐਨ. ਕਲਾਈਮੈਟ ਕਾਨਫਰੰਸ ਲਈ ਵਾਤਾਵਰਣ ਸੰਭਾਲ ਲਈ ਵੱਡੇ ਫੈਸਲਿਆਂ ਦੀ ਹਮਾਇਤ ਕੀਤੀ। ਇਹ ਇਕੱਤਰਤਾ "ਧਰਮ ਅਤੇ ਵਿਗਿਆਨ: ਕਲਾਈਮੈਟ ਕਾਨਫਰੰਸ ਲਈ ਅਪੀਲ" ਪੋਪ ਫਰਾਂਸਿਸ ਵਲੋਂ ਬੁਲਾਈ ਗਈ ਸੀ।

ਇਸਲਾਮ, ਯਹੂਦੀ, ਹਿੰਦੂ, ਬੁੱਧ, ਤਾਓ, ਜੈਨ, ਸਿੱਖ ਧਰਮ ਦੇ ਆਗੂਆਂ ਨੇ ਗਲਾਸਗੋਅ, ਸਕਾਟਲੈਂਡ 'ਚ 31 ਅਕਤੂਬਰ ਤੋਂ 12 ਨਵੰਬਰ ਨੂੰ ਹੋਣ ਜਾ ਰਹੇ ਕਲਾਈਮੈਟ ਕਾਨਫਰੰਸ ਤੋਂ ਪਹਿਲਾਂ ਆਪਣੀ ਇਕੱਠੀ ਆਵਾਜ਼ ਨੂੰ ਬੁਲੰਦ ਕਰਦਿਆਂ ਸਾਰੇ ਰਾਜਨੀਤਿਕ ਲੀਡਰਾਂ ਨੂੰ ਸਹੀ ਫੈਸਲੇ ਲੈਣ ਲਈ ਕਦਮ ਚੁੱਕਿਆ।

ਮਾਹਿਰਾਂ ਮੁਤਾਬਕ ਇਹ ਯੂ.ਐਨ. ਕਲਾਈਮੈਟ ਕਾਨਫਰੰਸ ਧਰਤੀ ਦੇ ਵਿਗੜਦੇ ਵਾਤਾਵਰਨ ਦੇ ਚਲਦਿਆਂ ਉਮੀਦ ਦੀ ਆਖਰੀ ਕਿਰਨ ਹੈ। ਸਾਰੇ ਸੰਸਾਰ ਦੇ ਵੱਖ-ਵੱਖ ਹਿੱਸਿਆਂ 'ਚੋਂ ਆਏ ਧਾਰਮਿਕ ਆਗੂਆਂ ਨੇ ਇਹ ਅਪੀਲ ਕੀਤੀ ਕਿ ਇਸ ਮੌਕੇ ਵਾਤਾਵਰਨ ਸੁਧਾਰ ਲਈ ਫੈਸਲਾਕੁੰਨ ਕਦਮ ਚੁੱਕੇ ਜਾਣ।





ਇਹ ਮੌਕੇ ਈਕੋਸਿੱਖ ਦੇ ਪ੍ਰਧਾਨ ਡਾ. ਰਾਜਵੰਤ ਸਿੰਘ ਨੇ ਸਿੱਖਾਂ ਦੀ ਨੁਮਾਇੰਦਗੀ ਕੀਤੀ। ਇਸ ਮੌਕੇ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਵਾਤਾਵਰਣ 'ਚ ਵਿਗਾੜ ਮਨੁੱਖਤਾ ਦੀ ਸਾਂਝੀ ਚਿੰਤਾ ਹੈ, ਇਹਦੇ ਪ੍ਰਭਾਵ ਸਾਰਿਆਂ ਲਈ ਇੱਕੋ ਜਿਹੇ ਹੋਣਗੇ, ਇਹ ਸਾਰੇ ਮੁਲਕਾਂ ਲਈ ਵੀ ਬਰਾਬਰ ਦੀ ਚੁਣੌਤੀ ਹੈ।

ਉਨ੍ਹਾਂ ਇਹ ਮੌਕੇ ਗੁਰੂ ਨਾਨਕ ਪਾਤਸ਼ਾਹ ਦਾ ਸ਼ਬਦ 'ਪਵਣੁ ਗੁਰੂ ਪਾਣੀ ਪਿਤਾ...॥' ਵੀ ਪੜ੍ਹਿਆ।

ਇਸ ਮੌਕੇ ਪਹੁੰਚੇ ਹੋਰ ਆਗੂਆਂ ਨੇ ਈਕੋਸਿੱਖ ਵਲੋਂ ਜਮੀਨੀ ਪੱਧਰ 'ਤੇ ਲਿਆਂਦੇ ਜਾ ਰਹੇ ਬਦਲਾਅ ਦੀ ਪ੍ਰਸ਼ੰਸਾ ਕੀਤੀ। ਈਕੋਸਿੱਖ ਵਲੋਂ ਹੁਣ ਤੱਕ ਕੁਲ 365 ਗੁਰੂ ਨਾਨਕ ਪਵਿੱਤਰ ਜੰਗਲ ਲਗਾਏ ਜਾ ਚੁੱਕੇ ਹਨ।

ਇਸ ਮੌਕੇ ਹਾਜ਼ਰੀਨ ਨੂੰ ਸੰਬੋਧਿਤ ਹੁੰਦਿਆਂ ਪੋਪ ਫਰਾਂਸਿਸ ਨੇ ਕਿਹਾ ਕਿ ਧਰਤੀ 'ਤੇ ਵਾਤਾਵਰਣ 'ਚ ਦਿਨੋ-ਦਿਨ ਆ ਰਹੇ ਵੱਡੇ ਬਦਲਾਵਾਂ ਦੇ ਚਲਦਿਆਂ ਗਲਾਸਗੋਅ ਦੀ ਕਾਨਫਰੰਸ ਬਹੁਤ ਮਹੱਤਵਪੂਰਨ ਹੈ, ਸਾਨੂੰ ਇਸ ਮੌਕੇ ਅਗਲੀ ਪੀੜ੍ਹੀਆਂ ਲਈ ਵੱਡੇ ਕਦਮ ਚੁੱਕਣੇ ਪੈਣਗੇ।

ਈਕੋਸਿੱਖ ਸੰਸਥਾ ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਪੰਜਾਬ, ਭਾਰਤ ਤੇ ਉੱਤਰੀ ਅਮਰੀਕਾ ਵਿਚ ਵਾਤਾਵਰਨ ਸੰਭਾਲ ਲਈ ਕਾਰਜ ਕਰ ਰਹੀ ਹੈ ਅਤੇ ਵਾਈਟ ਹਾਊਸ, ਯੂਨਾਈਟਿਡ ਨੇਸ਼ਨਜ਼ ਤੇ ਵਰਲਡ ਇਕਨਾਮਿਕ ਫੋਰਮ ਵਰਗੇ ਅਦਾਰਿਆਂ ਨਾਲ ਧਰਤੀ ਦੇ ਵਧ ਰਹੇ ਤਾਪਮਾਨ ਦੇ ਮੁੱਦੇ 'ਤੇ ਵਿਚਾਰ ਕਰਨ ਯਤਨਸ਼ੀਲ ਹੈ। ਜ਼ਿਕਰਯੋਗ ਹੈ ਕਿ ਈਕੋਸਿੱਖ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਉੱਤੇ 10 ਲੱਖ ਰੁੱਖ ਲਾਉਣ ਦਾ ਅਹਿਦ ਪੂਰਾ ਕਰਨ ਲਈ ਪੰਜਾਬ ਅਤੇ ਹੋਰ ਰਾਜਾਂ 'ਚ ਗੁਰੂ ਨਾਨਕ ਪਵਿੱਤਰ ਜੰਗਲ ਲਗਾਏ ਜਾ ਰਹੇ ਹਨ। 40 ਤੋਂ ਵੱਧ ਕਿਸਮਾਂ ਦੇ 550 ਰੁੱਖਾਂ ਵਾਲੇ ਇਹ ਜੰਗਲ 200 ਗਜ ਥਾਂ 'ਚ ਲਗਾਏ ਜਾਂਦੇ ਹਨ। ਈਕੋਸਿੱਖ ਵਲੋਂ ਸੰਗਤ ਦੇ ਸਹਿਯੋਗ ਨਾਲ ਹੁਣ ਤੱਕ 350 ਤੋਂ ਵੱਧ ਗੁਰੂ ਨਾਨਕ ਜੰਗਲ ਲਗਾਏ ਜਾ ਚੁੱਕੇ ਹਨ।

ਈਕੋਸਿੱਖ ਦੇ ਡਾ. ਰਾਜਵੰਤ ਸਿੰਘ ਨੇ ਇਟਲੀ ਦੇ ਸਿੱਖ ਭਾਈਚਾਰੇ ਨਾਲ ਵੀ ਤਾਲਮੇਲ ਕੀਤਾ।

# ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਨੇ ਆਮ ਜਨਤਾ ਦਾ ਕੱਢਿਆ ਕਚੂੰਬਰ

ਨਵੀਂ ਦਿੱਲੀ: ਦੇਸ਼ ਵਿਚ ਪੈਟਰੋਲ-ਡੀਜ਼ਲ ਤੇ ਘਰੇਲੂ ਗੈਸ ਦੀਆਂ ਕੀਮਤਾਂ ਵਿਚ ਵਾਧਾ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਪਿਛਲੇ ਤਕਰੀਬਨ ਡੇਢ ਹਫਤੇ ਤੋਂ ਤੇਲ ਕੀਮਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਤਾਜ਼ਾ ਵਾਧੇ ਨੇ ਨਾ ਸਿਰਫ ਆਮ ਲੋਕਾਂ ਦੇ ਪੂਰੇ ਘਰੇਲੂ ਬਜਟ ਨੂੰ ਵਿਗਾੜ ਕੇ ਰੱਖ ਦਿੱਤਾ ਹੈ, ਸਗੋਂ ਇਸ ਦੇ ਨਾਲ ਦੇਸ਼ 'ਚ ਜ਼ਰੂਰੀ ਘਰੇਲੂ ਵਰਤੋਂ ਦੀਆਂ ਚੀਜ਼ਾਂ ਖਾਸ ਤੌਰ 'ਤੇ ਖਾਧ ਪਦਾਰਥਾਂ ਦੀਆਂ ਨਿਰੰਤਰ ਵਧਦੀਆਂ ਕੀਮਤਾਂ ਨੇ ਆਮ ਲੋਕਾਂ ਦਾ ਜਿਵੇਂ ਲੱਕ ਹੀ ਤੋੜ ਕੇ ਰੱਖ ਦਿੱਤਾ ਹੈ।

ਦੇਸ਼ ਵਿਚ ਤਿਉਹਾਰਾਂ ਦਾ ਮੌਸਮ ਹੋਣ ਕਾਰਨ ਇਹ ਮਹਿੰਗਾਈ ਆਮ ਲੋਕਾਂ 'ਤੇ ਦੋਹਰੀ ਮਾਰ ਕਰ ਰਹੀ ਹੈ। ਸਥਿਤੀ ਇਹ ਹੈ ਕਿ ਖਾਣਾ ਪਕਾਉਣ ਵਾਲੀ ਗੈਸ ਦੇ ਵਪਾਰਕ ਤੇ ਘਰੇਲੂ ਗੈਸ ਦੇ ਭਾਅ 'ਚ ਭਾਰੀ ਵਾਧਾ ਹੋਇਆ ਹੈ। ਤਾਜ਼ਾ ਵਾਧੇ ਤੋਂ ਬਾਅਦ ਘਰੇਲੂ ਗੈਸ ਦੇ ਇਕ ਸਿਲੰਡਰ ਦੀ ਕੀਮਤ 900 ਰੁਪਏ ਤੋਂ ਉਪਰ ਪਹੁੰਚ ਗਈ ਹੈ, ਜੋ ਪਿਛਲੇ ਕੁਝ ਸਾਲਾਂ ਨਾਲੋਂ ਲਗਭਗ ਦੁੱਗਣੀ ਹੈ। ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ 'ਚ ਵੀ ਬੀਤੇ ਕੁਝ ਸਾਲਾਂ 'ਚ ਦੁੱਗਣਾ ਵਾਧਾ ਹੋਇਆ ਹੈ। ਮੁੰਬਈ ਦੇਸ਼ ਦਾ ਪਹਿਲਾ ਅਜਿਹਾ ਮਹਾਂਨਗਰ ਬਣਿਆ, ਜਿਥੇ ਡੀਜ਼ਲ ਦੀ ਕੀਮਤ 100 ਰੁਪਏ ਲੀਟਰ 'ਤੇ ਪਹੁੰਚ ਗਈ ਹੈ, ਜਦਕਿ ਪੈਟਰੋਲ ਪਹਿਲਾਂ ਹੀ ਮਹਾਂਨਗਰਾਂ 'ਚ 111 ਰੁਪਏ ਲੀਟਰ ਤੱਕ ਪਹੁੰਚ ਗਿਆ ਹੈ।



ਤੇਲ ਕੰਪਨੀਆਂ ਤੇ ਦੇਸ਼ ਦੀਆਂ ਸਰਕਾਰਾਂ ਬੀਤੇ ਕੁਝ ਸਾਲਾਂ ਤੋਂ ਲਾਗਤ 'ਚ ਵਾਧੇ ਅਤੇ ਆਪਣੇ ਮੁਨਾਫੇ ਦਾ ਸਾਰਾ ਭਾਰ ਉਪਭੋਗਤਾਵਾਂ 'ਤੇ ਪਾ ਰਹੀਆਂ ਹਨ। ਬੀਤੇ ਕਈ ਦਿਨਾਂ ਤੋਂ ਇਨ੍ਹਾਂ ਪਦਾਰਥਾਂ ਦੇ ਭਾਅ 'ਚ ਹੋਣ ਵਾਲੇ ਵਾਧੇ ਨੂੰ ਅੰਤਰਰਾਸ਼ਟਰੀ ਬਾਜ਼ਾਰ ਦੀ ਆੜ 'ਚ ਸਹੀ ਵੀ ਠਹਿਰਾਇਆ ਜਾ ਰਿਹਾ ਹੈ।

ਪੈਟਰੋਲ-ਡੀਜ਼ਲ ਦੇ ਭਾਅ ਨੂੰ ਅੰਤਰਰਾਸ਼ਟਰੀ ਤੇਲ ਬਾਜ਼ਾਰ ਨਾਲ ਜੋੜੇ ਜਾਣ ਤੋਂ ਬਾਅਦ ਅਕਸਰ ਦੇਸ਼ 'ਚ ਇਨ੍ਹਾਂ ਤੇਲ ਪਦਾਰਥਾਂ ਦੇ ਭਾਅ ਘਟਦੇ-ਵਧਦੇ ਰਹਿੰਦੇ ਹਨ, ਪਰ ਭਾਰਤ ਦੀਆਂ ਸਰਕਾਰਾਂ ਨੇ ਕੁਝ ਅਜਿਹਾ ਰਵੱਈਆ ਧਾਰਨ ਕਰ ਰੱਖਿਆ ਹੈ ਕਿ ਜਦੋਂ ਕਦੇ ਵੀ ਅੰਤਰਰਾਸ਼ਟਰੀ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ ਵਧੀਆਂ, ਤਾਂ ਦੇਸ਼ 'ਚ ਵੀ ਇਨ੍ਹਾਂ ਤੇਲ ਪਦਾਰਥਾਂ ਦੇ ਭਾਅ 'ਚ ਵਾਧਾ ਕਰ ਦਿੱਤਾ ਜਾਂਦਾ ਰਿਹਾ, ਪਰ ਵਿਦੇਸ਼ੀ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ ਘਟਣ ਦੇ ਬਾਵਜੂਦ ਭਾਰਤ ਵਿਚ ਇਨ੍ਹਾਂ ਦੀਆਂ ਕੀਮਤਾਂ ਨਹੀਂ ਘਟਾਈਆਂ ਗਈਆਂ। ਇਸ ਨਾਲ ਸਰਕਾਰਾਂ ਦੇ ਮਾਲੀਏ 'ਚ ਤਾਂ ਵੱਡੇ ਪੱਧਰ ਉਤੇ ਵਾਧਾ ਹੁੰਦਾ ਹੈ, ਪਰ ਆਮ ਲੋਕਾਂ ਦਾ ਘਰੇਲੂ ਬਜਟ ਪੂਰੀ ਤਰ੍ਹਾਂ ਵਿਗੜ ਜਾਂਦਾ ਹੈ।

ਦੇਸ਼ ਦੀ ਸਰਕਾਰ ਨੇ ਵਰਤਮਾਨ 'ਚ ਕੀਮਤਾਂ 'ਚ ਹੋਏ ਵਾਧੇ ਦਾ ਸਾਰਾ ਠੀਕਰਾ ਤੇਲ ਉਤਪਾਦਕ ਦੇਸ਼ਾਂ ਦੇ ਸੰਗਠਨ ਓਪੇਕ ਦੁਆਰਾ ਕੱਚੇ ਤੇਲ ਦੀ ਨਿਕਾਸੀ ਨੂੰ ਇਕ ਆਮ ਪੱਧਰ ਤੋਂ ਘੱਟ ਕਰਨ ਦੇ ਫੈਸਲੇ ਉਤੇ ਭੰਨਿਆ ਹੈ। ਇਸੇ ਕਾਰਨ ਦੇਸ਼ 'ਚ ਪੈਟਰੋਲ-ਡੀਜ਼ਲ ਦੀਆਂ ਕੀਮਤਾਂ 'ਚ ਰੋਜ਼ਾਨਾ ਵਾਧਾ ਕੀਤਾ ਜਾ ਰਿਹਾ ਹੈ। ਇਸ ਮਾਮਲੇ ਦਾ ਇਕ ਸਭ ਤੋਂ ਵੱਧ ਤ੍ਰਾਸਦੀ ਵਾਲਾ ਪੱਖ ਇਹ ਹੈ ਕਿ ਆਮ ਲੋਕ ਤਾਂ ਇਸ ਸਮੇਂ ਕਰੋਨਾ ਮਹਾਂਮਾਰੀ ਦੇ ਮਾੜੇ ਪ੍ਰਭਾਵਾਂ ਤੇ ਮਹਿੰਗਾਈ ਵਰਗੇ ਦੋ ਪੁੜਾਂ 'ਚ ਪਿਸਣ ਲਈ ਮਜਬੂਰ ਹਨ, ਪਰ ਰਾਜਨੀਤਕ ਦਲ ਆਪਣੀਆਂ-ਆਪਣੀਆਂ ਰੋਟੀਆਂ ਸੇਕਣ 'ਚ ਰੁੱਝੇ ਹੋਏ ਹਨ।

### ਮਹਿੰਗਾਈ ਦਰ 5.3 ਫੀਸਦ ਰਹਿਣ ਦਾ ਅੰਦਾਜ਼ਾ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਨੇ ਮਾਰਚ 2022 ਤੱਕ ਮਹਿੰਗਾਈ ਦਰ 5.3 ਫੀਸਦ ਰਹਿਣ ਦਾ ਅੰਦਾਜ਼ਾ ਲਾਇਆ ਹੈ। ਇਸ ਤੋਂ ਪਹਿਲਾਂ ਇਹ 5.7 ਫੀਸਦ ਰਹਿਣ ਦਾ ਅਨੁਮਾਨ ਲਾਇਆ ਗਿਆ ਸੀ। ਸ਼ਕਤੀਕਾਂਤ ਦਾਸ ਨੇ ਕਿਹਾ ਕਿ ਮੰਗ 'ਚ ਸੁਧਾਰ ਹੋ ਰਿਹਾ ਹੈ ਪਰ ਇਸ 'ਚ ਸੁਸਤੀ ਬਣੀ ਹੋਈ ਹੈ। ਉਤਪਾਦਨ ਅਜੇ ਵੀ ਮਹਾਮਾਰੀ ਤੋਂ ਪਹਿਲਾਂ ਦੇ ਪੱਧਰ ਤੋਂ ਘੱਟ ਹੈ। ਉਨ੍ਹਾਂ ਕਿਹਾ ਕਿ ਖੁਰਾਕੀ ਤੇਲਾਂ, ਪੈਟਰੋਲ ਅਤੇ ਡੀਜ਼ਲ, ਐਲ.ਪੀ.ਜੀ. ਅਤੇ ਦਵਾਈਆਂ ਜਿਹੀਆਂ ਚੋਣਵੀਆਂ ਵਸਤਾਂ ਮਹਿੰਗੀਆਂ ਹੋਣ ਕਾਰਨ ਮਹਿੰਗਾਈ ਦਰ 'ਤੇ ਅਸਰ ਪੈ ਰਿਹਾ ਹੈ।

### ਤਿਉਹਾਰ ਜਸ਼ਨ ਫਿੱਕੇ ਪਾਉਣ ਲਈ ਮੋਦੀ ਦਾ ਧੰਨਵਾਦ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਵਧਦੀ ਮਹਿੰਗਾਈ ਕਰਕੇ 'ਤਿਉਹਾਰਾਂ ਦੇ ਜਸ਼ਨ ਫਿੱਕੇ ਪੈ ਗਏ ਹਨ' ਤੇ ਇਸ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕਰਨਾ ਬਣਦਾ ਹੈ। ਸ੍ਰੀ ਗਾਂਧੀ ਨੇ ਟਵੀਟ ਵਿਚ ਇਕ ਖਬਰ ਦੇ ਹਵਾਲੇ ਨਾਲ ਕਿਹਾ ਕਿ ਅਸਮਾਨੀ ਪੁੱਜੀਆਂ ਕੀਮਤਾਂ ਨੇ ਆਮ ਆਦਮੀ ਨੂੰ ਵੱਡੀ ਸੱਟ ਮਾਰੀ ਹੈ। ਪਿਛਲੇ 11 ਦਿਨਾਂ ਵਿਚ ਪੈਟਰੋਲ 2.35 ਰੁਪਏ ਤੇ ਡੀਜ਼ਲ 3 ਰੁਪਏ ਤੱਕ ਵੱਧ ਗਿਆ ਹੈ।

## ਏਅਰ ਇੰਡੀਆ ਮੁੜ ਟਾਟਾ ਦੀ ਹੋਈ



**ਨਵੀਂ ਦਿੱਲੀ:** ਟਾਟਾ ਸੰਨਜ਼, 90 ਸਾਲ ਪਹਿਲਾਂ ਸਥਾਪਤ ਹੋਈ ਏਅਰ ਇੰਡੀਆ ਨੂੰ ਵਾਪਸ ਆਪਣੇ ਹੱਥ ਲੈ ਲਵੇਗੀ ਕਿਉਂਕਿ ਕਰਜ਼ੇ ਨਾਲ ਜੂਝ ਰਹੇ ਸਰਕਾਰੀ ਏਅਰਲਾਈਨ ਹਾਸਲ ਕਰਨ ਲਈ ਇਸ ਨੇ 18,000 ਕਰੋੜ ਰੁਪਏ ਦੀ ਸਭ ਤੋਂ ਵੱਧ ਬੋਲੀ ਲਾਈ ਸੀ।

ਨਿਵੇਸ਼ ਅਤੇ ਜਨਤਕ ਸੰਪਤੀ ਪ੍ਰਬੰਧਨ ਵਿਭਾਗ ਦੇ ਸਕੱਤਰ ਤੁਹਿਨ ਕਾਂਤਾ ਪਾਂਡੇ ਨੇ ਦੱਸਿਆ ਕਿ ਟੈਲੇਸ ਪ੍ਰਾਈਵੇਟ ਲਿਮਟਿਡ, ਜੋ ਸਾਲਟ-ਟੂ-ਸੌਫਟਵੇਅਰ ਸਮੂਹ ਦੀ ਹੋਲਡਿੰਗ ਕੰਪਨੀ ਦੀ ਇਕਾਈ ਹੈ, ਨੇ ਏਅਰ ਇੰਡੀਆ ਲਈ 2,700 ਕਰੋੜ ਰੁਪਏ ਨਕਦ ਅਤੇ 15,300 ਕਰੋੜ ਰੁਪਏ ਦੀ ਕਰਜ਼ੇ ਦੀ ਦੇਣਦਾਰੀ ਆਪਣੇ ਸਿਰ ਲੈ ਲਈ ਹੈ। ਪਾਂਡੇ ਨੇ ਦੱਸਿਆ ਕਿ ਟਾਟਾ ਨੇ ਸਪਾਈਸਜੈੱਟ ਦੇ ਪ੍ਰਮੋਟਰ ਅਜੇ ਸਿੰਘ ਨੂੰ ਮਾਤ ਦਿੱਤੀ ਹੈ ਜਿਸ ਨੇ 15 ਹਜ਼ਾਰ ਇਕ ਸੌ ਕਰੋੜ ਦੀ ਬੋਲੀ ਲਗਾਈ ਸੀ। ਹਾਲਾਂਕਿ ਸਰਕਾਰ ਨੇ ਘਾਟੇ ਵਿਚ ਚੱਲ ਰਹੀ ਇਸ ਕੰਪਨੀ ਲਈ 12,906 ਕਰੋੜ ਦੀ ਰਕਮ ਮਿੱਥੀ ਸੀ।

ਦਸੰਬਰ ਤੱਕ ਲੈਣ-ਦੇਣ ਦਾ ਟੀਚਾ ਮਿੱਥਿਆ ਗਿਆ ਹੈ। ਲੈਣ-ਦੇਣ ਦੇ ਨਿਯਮਾਂ ਮੁਤਾਬਕ ਟਾਟਾ ਇਕ ਸਾਲ ਤੱਕ ਕਿਸੇ ਮੁਲਾਜ਼ਮ ਦੀਆਂ ਸੇਵਾਵਾਂ ਖਤਮ ਨਹੀਂ ਕਰ ਸਕਦਾ ਪਰ ਉਨ੍ਹਾਂ ਨੂੰ ਵੀ.ਆਰ.ਐਸ. ਦੀ ਪੇਸ਼ਕਸ਼ ਕਰ ਸਕਦਾ ਹੈ। ਉਨ੍ਹਾਂ ਨੂੰ ਰਲੇਵੇਂ ਦੀ ਖੁੱਲ੍ਹ ਹੋਵੇਗੀ ਪਰ ਏਅਰ ਇੰਡੀਆ ਦਾ ਬਰਾਂਡ ਜਾਂ ਲੋਗੋ ਪੰਜ ਵਰ੍ਹਿਆਂ ਤੱਕ ਵੇਚਿਆ ਨਹੀਂ ਜਾ ਸਕਦਾ।

2003-04 ਤੋਂ ਬਾਅਦ ਇਹ ਪਹਿਲਾ ਨਿੱਜੀਕਰਨ ਹੋਵੇਗਾ। ਇਸੇ ਦੌਰਾਨ ਟਾਟਾ ਨੇ ਇਕ ਬਿਆਨ ਵਿਚ ਕਿਹਾ,' ਟਾਟਾ ਸਮੂਹ ਦਾ ਏਅਰ ਇੰਡੀਆ ਲਈ ਬੋਲੀ ਜਿੱਤਣਾ ਵੱਡੀ ਖਬਰ ਹੈ।' ਇਸੇ ਦੌਰਾਨ ਏਅਰ ਇੰਡੀਆ ਬੋਇੰਗ ਫਲੀਟ ਪਾਇਲਟਾਂ ਦੀ ਇਕਾਈ ਇੰਡੀਅਨ ਐਵੀਏਸ਼ਨ ਗਿਲਡ ਨੇ ਟਾਟਾ ਵੱਲੋਂ ਕੰਪਨੀ ਨੂੰ ਆਪਣੇ ਹੱਥਾਂ ਵਿਚ ਲੈਣ ਦੇ ਫੈਸਲੇ ਦਾ ਸਵਾਗਤ ਕੀਤਾ।

## ਭਾਰਤ-ਡੈਨਮਾਰਕ ਵਿਚਾਲੇ ਸਮਝੌਤਿਆਂ 'ਤੇ ਦਸਤਖਤ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਡੈਨਿਸ਼ ਹਮਰੁਤਬਾ ਮੈਟ ਫਰੈਡਰਿਕਸਨ ਨੇ ਸਿਹਤ, ਖੇਤੀਬਾੜੀ, ਜਲ ਪ੍ਰਬੰਧਨ, ਵਾਤਾਵਰਨ ਬਦਲਾਅ ਅਤੇ ਨਵਿਆਉਣਯੋਗ ਊਰਜਾ ਸਮੇਤ ਅਹਿਮ ਖੇਤਰਾਂ 'ਚ ਸਹਿਯੋਗ ਵਧਾਉਣ 'ਤੇ ਧਿਆਨ ਕੇਂਦਰਿਤ ਕਰਦਿਆਂ ਵਾਰਤਾ ਕੀਤੀ।

ਵਾਰਤਾ ਤੋਂ ਬਾਅਦ ਮੀਡੀਆ ਨੂੰ ਦਿੱਤੇ ਬਿਆਨ 'ਚ ਸ੍ਰੀ ਮੋਦੀ ਨੇ ਕਿਹਾ ਕਿ ਦੋਵੇਂ ਮੁਲਕਾਂ ਨੇ ਭਾਰਤ-ਡੈਨਮਾਰਕ ਹਰਿਤ ਰਣਨੀਤਕ ਭਾਈਵਾਲੀ ਤਹਿਤ ਕੀਤੀ ਪ੍ਰਗਤੀ ਦੀ ਨਜ਼ਰਸਾਨੀ ਕੀਤੀ ਅਤੇ ਹੋਰ ਸੈਕਟਰਾਂ 'ਚ ਸਹਿਯੋਗ ਵਧਾਉਣ ਬਾਰੇ ਚਰਚਾ ਕੀਤੀ। ਦੋਵੇਂ ਮੁਲਕਾਂ ਨੇ ਚਾਰ ਸਮਝੌਤੇ ਸਹੀਬੰਦ ਕੀਤੇ ਜੋ ਵਿਗਿਆਨ, ਤਕਨਾਲੋਜੀ, ਵਾਤਾਵਰਨ ਬਦਲਾਅ ਅਤੇ ਹੁਨਰ ਵਿਕਾਸ 'ਚ ਸਹਿਯੋਗ ਨੂੰ ਹੋਰ ਗੂੜ੍ਹਾ ਬਣਾਉਣਗੇ। ਡੈਨਮਾਰਕ ਦੀ ਪ੍ਰਧਾਨ ਮੰਤਰੀ ਨੇ ਹਰਿਤ ਤਕਨਾਲੋਜੀਆਂ 'ਤੇ ਧਿਆਨ ਕੇਂਦਰਿਤ ਕਰਨ ਲਈ ਸ੍ਰੀ ਮੋਦੀ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਪੂਰੀ ਦੁਨੀਆ ਲਈ ਪ੍ਰੇਰਨਾਸ੍ਰੋਤ ਦੱਸਿਆ।



ਹਰਿਤ ਭਾਈਵਾਲੀ ਤਹਿਤ ਦੋਵੇਂ ਮੁਲਕਾਂ ਦੇ ਪ੍ਰਧਾਨ ਮੰਤਰੀਆਂ ਵਿਚਕਾਰ ਵਰਚੁਅਲ ਸਿਖਰ ਸੰਮੇਲਨ ਨੂੰ ਅੰਤਿਮ ਰੂਪ ਦਿੱਤਾ ਗਿਆ। ਆਪਣੇ ਬਿਆਨ 'ਚ ਫਰੈਡਰਿਕਸਨ ਨੇ ਕਿਹਾ ਕਿ ਭਾਰਤ ਅਤੇ ਡੈਨਮਾਰਕ 'ਚ ਸਹਿਯੋਗ ਇਕ ਵੱਡੀ ਮਿਸਾਲ ਹੈ ਕਿ ਕਿਵੇਂ ਹਰਿਤ ਵਿਕਾਸ ਅਤੇ ਹਰਿਤ ਪਰਿਵਰਤਨ ਮਿਲ ਕੇ ਸਹਾਈ ਸਾਬਤ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਦੋਵੇਂ ਮੁਲਕਾਂ ਨੇ ਸਿਹਤ ਅਤੇ ਖੇਤੀਬਾੜੀ ਖੇਤਰਾਂ 'ਚ ਸਹਿਯੋਗ ਨੂੰ ਉਤਸ਼ਾਹਿਤ ਕਰਨ ਦਾ ਫੈਸਲਾ ਲਿਆ ਹੈ।

## ਕੇਂਦਰ ਵੱਲੋਂ ਰਾਜਾਂ ਨੂੰ 40 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ

**ਨਵੀਂ ਦਿੱਲੀ:** ਕੇਂਦਰ ਨੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਜੀ.ਐਸ.ਟੀ. ਦੇ ਮਾਲੀਏ 'ਚ ਕਮੀ ਦੀ ਭਰਪਾਈ ਲਈ 40 ਹਜ਼ਾਰ ਕਰੋੜ ਰੁਪਏ ਜਾਰੀ ਕੀਤੇ ਹਨ। ਹੁਣ ਤੱਕ 1.15 ਲੱਖ ਕਰੋੜ ਰੁਪਏ ਕਰਜ਼ੇ ਵਜੋਂ ਜਾਰੀ ਕੀਤੇ ਗਏ ਹਨ। ਇਕ ਅਧਿਕਾਰਤ ਬਿਆਨ ਅਨੁਸਾਰ, 'ਵਿੱਤ ਮੰਤਰਾਲੇ ਨੇ ਜੀ.ਐਸ.ਟੀ. ਮੁਆਵਜ਼ੇ 'ਚ ਕਮੀ ਨੂੰ ਪੂਰਾ ਕਰਨ ਲਈ ਕਰਜ਼ ਸਹੂਲਤ ਤਹਿਤ ਰਾਜਾਂ ਤੇ ਵਿਧਾਨ ਸਭਾ ਵਾਲੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ 40 ਹਜ਼ਾਰ ਕਰੋੜ ਰੁਪਏ ਜਾਰੀ ਕੀਤੇ ਹਨ।' ਬਿਆਨ 'ਚ ਕਿਹਾ ਗਿਆ, 'ਇਸ ਤੋਂ ਪਹਿਲਾਂ 15 ਜੁਲਾਈ 2021 ਨੂੰ ਰਾਜਾਂ ਤੇ ਵਿਧਾਨ ਸਭਾ ਵਾਲੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ 75 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਸੀ। ਮੌਜੂਦਾ ਰਾਸ਼ੀ ਦੇ ਨਾਲ ਚਾਲੂ ਵਿੱਤੀ ਵਰ੍ਹੇ 'ਚ ਜੀ.ਐਸ.ਟੀ. ਮੁਆਵਜ਼ੇ ਬਦਲੇ ਕਰਜ਼ ਦੇ ਰੂਪ 'ਚ ਜਾਰੀ ਕੀਤੀ ਗਈ ਕੁੱਲ ਰਾਸ਼ੀ 1.15 ਲੱਖ ਕਰੋੜ ਰੁਪਏ ਹੋ ਚੁੱਕੀ ਹੈ।'

## ਗ੍ਰੀਨ ਕਾਰਡ ਪ੍ਰਕਿਰਿਆ 'ਚ ਦੇਰੀ ਨੂੰ ਖਤਮ ਕਰਨਾ ਚਾਹੁੰਦੇ ਨੇ ਬਾਇਡਨ

**ਵਾਸ਼ਿੰਗਟਨ:** ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਗ੍ਰੀਨ ਕਾਰਡ ਜਾਰੀ ਕਰਨ ਵਿਚ ਦੇਰੀ ਖਤਮ ਕਰਨਾ ਚਾਹੁੰਦੇ ਹਨ। ਹਜ਼ਾਰਾਂ ਪ੍ਰਤਿਭਾਸ਼ਾਲੀ ਭਾਰਤੀ ਟੈਕਨਾਲੋਜੀ ਪੇਸ਼ੇਵਰਾਂ ਨੂੰ ਗ੍ਰੀਨ ਕਾਰਡ ਦੇਣ ਵਿਚ ਬੇਲੋੜੀ ਦੇਰੀ ਭਾਰਤੀ-ਅਮਰੀਕੀਆਂ ਅਤੇ ਇਥੇ ਰਹਿਣ ਵਾਲੇ ਉਨ੍ਹਾਂ ਦੇ ਬੱਚਿਆਂ ਲਈ ਚਿੰਤਾ ਦਾ ਵੱਡਾ ਕਾਰਨ ਹੈ। ਅਜਿਹੇ ਲੋਕਾਂ ਨੂੰ ਗ੍ਰੀਨ ਕਾਰਡ ਜਾਰੀ ਕਰਨ ਦੀ ਪ੍ਰਕਿਰਿਆ ਵਿਚ ਕਈ ਵਾਰ ਦਹਾਕੇ ਲੱਗ ਜਾਂਦੇ ਹਨ।

## ਰਿਜ਼ਰਵ ਬੈਂਕ ਦੀਆਂ ਵਿਆਜ ਦਰਾਂ ਜਿਉਂ ਦੀਆਂ ਤਿਉਂ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਆਸ ਮੁਤਾਬਕ ਮੁੱਖ ਨੀਤੀਗਤ ਦਰਾਂ 'ਚ ਕੋਈ ਬਦਲਾਅ ਨਹੀਂ ਕੀਤਾ ਹੈ। ਉਨ੍ਹਾਂ ਆਰਥਿਕ ਰਿਕਵਰੀ ਦਰਮਿਆਨ ਕੋਵਿਡ-19 ਮਹਾਮਾਰੀ ਦੌਰਾਨ ਉਠਾਏ ਗਏ ਰਾਹਤ ਕਦਮਾਂ ਨੂੰ ਵਾਪਸ ਲੈਣ ਦੇ ਸੰਕੇਤ ਵੀ ਦਿੱਤੇ ਹਨ।




ਛੇ ਮੈਂਬਰੀ ਮੁਦਰਾ ਨੀਤੀ ਕਮੇਟੀ ਨੇ ਰੈਪੋ ਅਤੇ ਰਿਵਰਸ ਰੈਪੋ ਦਰਾਂ ਨੂੰ ਲਗਾਤਾਰ ਅੱਠਵੀਂ ਵਾਰ ਕਾਇਮ ਰੱਖਿਆ ਹੈ। ਰੈਪੋ ਦਰ ਚਾਰ ਫੀਸਦ ਅਤੇ ਰਿਵਰਸ ਰੈਪੋ ਦਰ 3.35 ਫੀਸਦ 'ਤੇ ਕਾਇਮ ਰੱਖੀ ਗਈ ਹੈ। ਆਰ.ਬੀ.ਆਈ. ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਆਨਲਾਈਨ ਪ੍ਰਸਾਰਨ ਦੌਰਾਨ ਦੱਸਿਆ ਕਿ ਬੈਠਕ ਦੌਰਾਨ ਰੁਖ ਨੂੰ ਨਰਮ ਬਣਾਈ ਰੱਖਣ ਦਾ ਵੀ ਫੈਸਲਾ ਲਿਆ ਗਿਆ ਹੈ। ਕਮੇਟੀ ਦੇ ਪੰਜ ਮੈਂਬਰਾਂ ਨੇ ਪੱਖ 'ਚ ਜਦਕਿ ਇਕ ਮੈਂਬਰ ਨੇ ਵਿਰੋਧ 'ਚ ਵੋਟ ਦਿੱਤਾ। ਗਵਰਨਰ ਨੇ ਸੰਕੇਤ ਦਿੱਤਾ ਕਿ ਕੇਂਦਰੀ ਬੈਂਕ ਮੁਦਰਾ ਪ੍ਰਣਾਲੀ 'ਚ ਮੌਜੂਦ ਵਾਧੂ ਨਕਦੀ ਨੂੰ ਹੌਲੀ-ਹੌਲੀ ਅਡਜਸਟ ਕਰੇਗਾ ਜੋ ਅਜੇ 9 ਲੱਖ ਕਰੋੜ ਤੋਂ ਜ਼ਿਆਦਾ ਹੈ। ਅਹਿਮ ਤੱਥ ਇਹ ਹੈ ਕਿ ਕੇਂਦਰੀ ਬੈਂਕ ਨੇ ਸਰਕਾਰੀ ਸਕਿਉਰਿਟੀਜ਼ ਦੇ ਖਰੀਦ (ਜੀ.ਐਸ.ਏ.ਪੀ.) ਪ੍ਰੋਗਰਾਮ ਨੂੰ ਰੋਕਣ ਦਾ ਫੈਸਲਾ ਲਿਆ ਹੈ। ਇਸ ਕਦਮ ਨਾਲ ਪ੍ਰਣਾਲੀ 'ਚ ਹੋਰ ਤਰਲਤਾ ਦਾ ਪ੍ਰਵਾਹ ਰੁਕੇਗਾ। ਰਿਜ਼ਰਵ ਬੈਂਕ ਨੇ ਜੀ.ਐਸ.ਏ.ਪੀ. ਪ੍ਰੋਗਰਾਮ ਰਾਹੀਂ ਪਿਛਲੀਆਂ ਦੋ ਤਿਮਾਹੀਆਂ 'ਚ 2.2 ਲੱਖ ਕਰੋੜ ਰੁਪਏ ਦੇ ਬਾਂਡ ਖਰੀਦੇ ਹਨ। ਉਨ੍ਹਾਂ ਮੌਜੂਦਾ ਵਿੱਤੀ ਵਰ੍ਹੇ 2021-22 ਲਈ ਵਿਕਾਸ ਦਰ ਸਾਢੇ 9 ਫੀਸਦ ਰਹਿਣ ਦਾ ਅੰਦਾਜ਼ਾ ਕਾਇਮ ਰੱਖਿਆ ਹੈ।

## ਭਾਰਤੀ ਅਰਥਚਾਰੇ 'ਚ 8.3 ਫੀਸਦ ਵਾਧੇ ਦਾ ਅਨੁਮਾਨ: ਵਿਸ਼ਵ ਬੈਂਕ

**ਵਾਸ਼ਿੰਗਟਨ:** ਜਨਤਕ ਨਿਵੇਸ਼ ਵਿਚ ਵਾਧੇ ਅਤੇ ਉਤਪਾਦਨ ਨੂੰ ਬੜ੍ਹਾਵਾ ਦੇਣ ਨਾਲ ਭਾਰਤੀ ਅਰਥਚਾਰਾ ਵਿੱਤੀ ਵਰ੍ਹੇ 2021-22 ਵਿਚ 8.3 ਫੀਸਦ ਦੀ ਦਰ ਨਾਲ ਵਧਣ ਦੀ ਆਸ ਹੈ, ਜੋ ਇਸ ਸਾਲ ਦੀ ਸ਼ੁਰੂਆਤ ਵਿਚ ਕੋਵਿਡ-19 ਮਹਾਮਾਰੀ ਦੀ ਦੂਜੀ ਲਹਿਰ ਤੋਂ ਪਹਿਲਾਂ ਦੇ ਅਨੁਮਾਨ ਨਾਲੋਂ ਘੱਟ ਹੈ।

ਵਿਸ਼ਵ ਬੈਂਕ ਨੇ ਆਪਣੀ ਨਵੀਂ ਰਿਪੋਰਟ ਵਿਚ ਇਹ ਗੱਲ ਕਹੀ ਹੈ। ਦੱਖਣੀ ਏਸ਼ੀਆ ਖੇਤਰ ਲਈ ਵਿਸ਼ਵ ਬੈਂਕ ਦੇ ਮੁੱਖ ਅਰਥ ਸ਼ਾਸਤਰੀ ਹੈਂਸ ਟਿਮਰ ਨੇ ਕਿਹਾ, ''ਅਸੀਂ ਇਸ ਵਿੱਤੀ ਵਰ੍ਹੇ ਲਈ 8.3 ਫੀਸਦ (ਭਾਰਤੀ ਅਰਥਚਾਰੇ ਲਈ ਵਾਧੇ ਦੀ ਦਰ) ਦਾ ਅਨੁਮਾਨ ਲਗਾਉਂਦੇ ਹਾਂ ਜੋ ਕਿ ਕੋਵਿਡ ਦੀ ਦੂਜੀ ਲਹਿਰ ਕਾਰਨ ਹੋਏ ਸਿਹਤ ਸੰਕਟ ਤੋਂ ਪਹਿਲਾਂ ਦੇ ਅਨੁਮਾਨ ਦੇ ਮੁਕਾਬਲੇ ਘੱਟ ਹੈ।'' ਇਸ ਤੋਂ ਪਹਿਲਾਂ 31 ਮਾਰਚ 2021 ਨੂੰ ਵਿਸ਼ਵ ਬੈਂਕ ਨੇ ਇਕ ਰਿਪੋਰਟ ਵਿਚ ਕਿਹਾ ਸੀ ਕਿ ਵਿੱਤੀ ਵਰ੍ਹੇ 2021-22 ਲਈ ਭਾਰਤ ਦੀ ਅਸਲ ਵਿਕਾਸ ਦਰ 7.5 ਤੋਂ 12.5 ਫੀਸਦ ਵਿਚਾਲੇ ਰਹਿ ਸਕਦੀ ਹੈ।

# ਲੋਕਾਂ ਦੇ ਲੋਕਤੰਤਰੀ ਹੱਕ ਦੀ ਅਦਾਲਤਾਂ ਤੋਂ ਗਾਰੰਟੀ ਦਾ ਫੈਸਲਾ ਅਮਲਾਂ ਨਾਲ ਹੋਊਗਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬੀਤੀ ਤਿੰਨ ਅਕਤੂਬਰ ਤੋਂ ਅਗਲਾ ਦਿਨ, ਚਾਰ ਅਕਤੂਬਰ, ਮੇਰੇ ਇਸ ਵਿਸ਼ਵਾਸ ਨੂੰ ਇੱਕ ਵਾਰ ਹੋਰ ਸੱਟ ਮਾਰਨ ਵਾਲਾ ਸੀ ਕਿ ਨਿਆਂਪਾਲਿਕਾ ਲੋਕਾਂ ਨੂੰ ਨਿਆਂ ਦੇਣ ਲਈ ਹੁੰਦੀ ਹੈ। ਮੇਰੇ ਇਸ ਵਿਸ਼ਵਾਸ ਨੂੰ ਪਹਿਲਾਂ ਵੀ ਕਈ ਵਾਰ ਅਜਿਹੀ ਸੱਟ ਵੱਜ ਚੁਕੀ ਸੀ, ਇਸ ਵਾਰੀ ਇਹ ਸੱਟ ਲਖੀਮਪੁਰ ਖੀਰੀ ਵਿਚ ਹੋਈ ਖੂਨੀ ਘਟਨਾ ਦੇ ਅਗਲੇ ਦਿਨ ਭਾਰਤ ਦੀ ਸਭ ਤੋਂ ਵੱਡੀ ਅਦਾਲਤ, ਸੁਪਰੀਮ ਕੋਰਟ, ਦੇ ਜੱਜਾਂ ਦੀ ਸ਼ਬਦਾਵਲੀ ਨਾਲ ਵੱਜੀ ਸੀ। ਭਾਰਤ ਸਰਕਾਰ ਵੱਲੋਂ ਪਿਛਲੇ ਸਾਲ ਧੱਕੇ ਨਾਲ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰਦੇ ਕਿਸਾਨ ਆਪਣੀ ਫਸਲ ਅਤੇ ਅਗਲੀ ਨਸਲ ਦੇ ਲਈ ਪਿਛਲੇ ਸਾਢੇ ਬਾਰਾਂ ਮਹੀਨਿਆਂ ਤੋਂ ਪਹਿਲਾਂ ਪੰਜਾਬ ਵਿਚ ਸੜਕਾਂ ਉੱਤੇ ਡੇਰੇ ਲਾਈ ਬੈਠੇ ਸਨ, ਫਿਰ ਨਵੰਬਰ ਵਿਚ ਭਾਰਤ ਦੀ ਰਾਜਧਾਨੀ ਦਿੱਲੀ ਦੇ ਬਾਰਡਰਾਂ ਉੱਤੇ ਜਾ ਕੇ ਬਹਿਣਾ ਪੈ ਗਿਆ ਸੀ। ਇਸ ਮੁੱਦੇ ਨੂੰ ਲੈ ਕੇ ਸੁਪਰੀਮ ਕੋਰਟ ਦੇ ਜੱਜਾਂ ਨੇ ਇੱਕ ਬੀਬੀ ਅਤੇ ਇੱਕ ਆਪਣੇ ਆਪ ਨੂੰ ਕਿਸਾਨ ਆਗੂ ਬਣਾਈ ਫਿਰਦੇ, ਪਰ ਇਸ ਸੰਘਰਸ਼ ਤੋਂ ਬਾਹਰਲੇ ਵਿਅਕਤੀ ਦੀ ਅਰਜ਼ੀ ਉੱਤੇ ਸੁਣਵਾਈ ਛੋਹ ਰੱਖੀ ਸੀ। ਚਾਰ ਅਕਤੂਬਰ ਨੂੰ ਲਖੀਮਪੁਰ ਖੀਰੀ ਦੀ ਘਟਨਾ ਦੀ ਖਬਰ ਸਾਹਮਣੇ ਪਈ ਸੀ। ਇਸ ਦਾ ਜ਼ਿਕਰ ਕਰ ਕੇ ਸੁਪਰੀਮ ਕੋਰਟ ਦੇ ਜੱਜਾਂ ਨੇ ਇਹ ਗੁੱਸਾ ਝਾੜ ਦਿੱਤਾ ਕਿ ਏਦਾਂ ਕੋਈ ਘਟਨਾ ਵਾਪਰ ਜਾਵੇ ਤਾਂ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ ਤੇ ਸੜਕਾਂ ਰੋਕ ਕੇ ਪ੍ਰਦਰਸ਼ਨ ਕਰਨ ਦਾ ਹੱਕ ਸਾਰੇ ਮੰਗੀ ਜਾਂਦੇ ਹਨ। ਜੱਜਾਂ ਨੇ ਇਹ ਗੱਲ ਵੀ ਆਖੀ ਕਿ ਸਾਡੇ ਅੱਗੇ ਸਵਾਲ ਹੈ ਕਿ ਲੋਕਤੰਤਰ ਵਿਚ ਵਿਰੋਧ ਪ੍ਰਦਰਸ਼ਨ ਦਾ ਅਧਿਕਾਰ ਪੂਰਨ ਅਧਿਕਾਰ ਹੈ? ਇਹੀ ਨਹੀਂ, ਅਗਲੀ ਗੱਲ ਇਹ ਵੀ ਕਹੀ ਕਿ ਜਦੋਂ ਮੁੱਦਾ ਅਦਾਲਤ ਦੇ ਵਿਚਾਰ ਅਧੀਨ ਹੈ ਤਾਂ ਸੜਕਾਂ ਰੋਕ ਕੇ ਪ੍ਰਦਰਸ਼ਨ ਦਾ ਕੀ ਅਰਥ ਰਹਿ ਜਾਂਦਾ ਹੈ? ਭਾਰਤ ਦੇ ਬਚੇ-ਖੁਚੇ ਲੋਕਤੰਤਰ ਦੀ ਸਭ ਤੋਂ ਵੱਡੀ ਅਦਾਲਤ ਦੇ ਜੱਜਾਂ ਵੱਲੋਂ ਉਠਾਏ ਇਸ ਸਵਾਲ ਨੇ ਸਾਡੇ ਸਾਹਮਣੇ ਵੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ, ਜਿਨ੍ਹਾਂ ਦਾ ਜਵਾਬ ਸਾਨੂੰ ਲੋਕਤੰਤਰ ਤੋਂ ਚਾਹੀਦਾ ਹੈ।

ਪਹਿਲੀ ਗੱਲ ਤਾਂ ਇਹ ਕਿ ਕਿਸਾਨਾਂ ਨੇ ਦਿੱਲੀ ਦੀਆਂ ਸੜਕਾਂ ਨਹੀਂ ਰੋਕੀਆਂ, ਇਹ ਉਨ੍ਹਾਂ ਬਾਰੇ ਝੂਠੀ ਕਥਾ ਪ੍ਰਚਾਰੀ ਜਾਂਦੀ ਹੈ। ਉਹ ਸਿਰਫ ਦੋ ਦਿਨ ਆਪਣੇ ਦੇਸ਼ ਦੀ ਰਾਜਧਾਨੀ ਵਿਚ ਰੋਸ ਪ੍ਰਦਰਸ਼ਨ ਕਰਨ ਚੱਲੇ ਸਨ ਤੇ ਕਰੋੜਾਂ ਰੁਪਏ ਦੀ ਲਾਗਤ ਨਾਲ ਬਣਾਏ ਗਏ ਹਾਈਵੇਜ਼ ਨੂੰ ਰੋਕਣ ਦੀ ਕਰਤੂਤ ਦਿੱਲੀ ਦੀ ਪੁਲਿਸ ਨੇ ਕੇਂਦਰੀ ਹਾਕਮਾਂ ਦੇ ਕਹਿਣ ਉੱਤੇ ਕੀਤੀ ਸੀ, ਕਿਸਾਨਾਂ ਨੇ ਤਾਂ ਸੜਕਾਂ ਰੋਕੀਆਂ ਹੀ ਨਹੀਂ ਸਨ। ਕੋਈ ਬੀਬੀ ਜਾਂ ਕੋਈ ਇੱਕ ਬੰਦਾ ਖੜ੍ਹਾ ਕਰ ਕੇ ਉਸ ਕੋਲੋਂ ਅਦਾਲਤ ਵਿਚ ਅਰਜ਼ੀ ਪੇਸ਼ ਕਰਵਾ ਕੇ ਜੱਜਾਂ ਤੋਂ ਕਿਸਾਨਾਂ ਦੇ ਖਿਲਾਫ ਹੁਕਮ ਪਾਸ ਕਰਾਉਣ ਦੇ ਯਤਨਾਂ ਦਾ ਸਭ ਲੋਕਾਂ ਨੂੰ ਪਤਾ ਹੈ, ਪਰ ਜੇ ਜੱਜ ਸਾਹਿਬਾਨ ਨੂੰ ਇਸ ਦਾ ਪਤਾ ਨਹੀਂ ਲੱਗਦਾ ਤਾਂ ਕਿਸਾਨਾਂ ਦਾ ਕੋਈ ਕਸੂਰ ਨਹੀਂ। ਲੋਕਤੰਤਰ ਦੇ ਇਸ ਦੌਰ ਦੇ ਹਾਕਮਾਂ ਨੇ ਕਿਸਾਨਾਂ ਦਾ ਗਲ਼ ਘੁੱਟਣ ਵਾਲੇ ਤਿੰਨ ਕਾਨੂੰਨ ਪਾਸ ਕੀਤੇ ਤਾਂ ਕਿਸਾਨਾਂ ਨੂੰ ਉਨ੍ਹਾਂ ਵਿਰੁੱਧ ਅਤੇ ਆਪਣੇ ਦੇਸ਼ ਦੇ ਇਹੋ ਜਿਹੇ ਹਾਕਮਾਂ ਵਿਰੁੱਧ ਲੋਕਤੰਤਰੀ ਢੰਗ ਨਾਲ ਪ੍ਰਦਰਸ਼ਨ ਦਾ ਪੂਰਾ ਅਧਿਕਾਰ ਹੈ। ਇਹ ਕਾਨੂੰਨ ਅਦਾਲਤਾਂ ਦੇ ਬਣਾਏ ਹੋਏ ਨਹੀਂ, ਸਰਕਾਰ ਨੇ ਬਣਾਏ ਹਨ



ਅਤੇ ਲੜਾਈ ਵੀ ਸਰਕਾਰ ਤੇ ਕਿਸਾਨਾਂ ਵਿਚਾਲੇ ਦੀ ਹੈ, ਅਦਾਲਤ ਦਾ ਦਖਲ ਇਸ ਵਿਚ ਕੋਈ ਨਹੀਂ ਬਣਦਾ, ਲੋਕਤੰਤਰੀ ਸੰਘਰਸ਼ ਵਿਚ ਅਦਾਲਤ ਨੂੰ ਲਿਆਉਣਾ ਹੀ ਨਹੀਂ ਸੀ ਚਾਹੀਦਾ।

ਦੂਸਰੀ ਗੱਲ ਇਹ ਕਿ ਜਦੋਂ ਅਦਾਲਤ ਨੇ ਇਸ ਵਿਚ ਦਖਲ ਦੇਣ ਦੀ ਪਹਿਲ ਕੀਤੀ, ਉਹ ਕਿਸਾਨਾਂ ਦਾ ਮਨ ਖੱਟਾ ਕਰਨ ਵਾਲੀ ਸੀ। ਭਾਰਤ ਦੀ ਸੁਪਰੀਮ ਕੋਰਟ ਨੇ ਬੀਤੀ ਬਾਰਾਂ ਜਨਵਰੀ ਦੇ ਦਿਨ ਚਾਰ ਮੈਂਬਰਾਂ ਦੀ ਇੱਕ ਕਮੇਟੀ ਬਣਾ ਕੇ ਇਨ੍ਹਾਂ ਕਾਨੂੰਨਾਂ ਬਾਰੇ ਰਾਏ ਦੇਣ ਲਈ ਕਹਿ ਦਿੱਤਾ, ਪਰ ਜੱਜ ਸਾਹਿਬਾਨ ਨੇ ਕਮੇਟੀ ਵਿਚ ਸਾਰੇ ਚਾਰ ਜਣੇ ਉਹ ਹੀ ਸ਼ਾਮਲ ਕੀਤੇ, ਜਿਹੜੇ ਕਾਨੂੰਨ ਪਾਸ ਹੋਣ ਤੋਂ ਪਹਿਲਾਂ ਦੇ ਨਰਿੰਦਰ ਮੋਦੀ ਸਰਕਾਰ ਦੇ ਹੱਕ ਵਿਚ ਬੋਲਦੇ ਰਹੇ ਸਨ ਅਤੇ ਜਿਨ੍ਹਾਂ ਦੀ ਸਰਕਾਰ-ਪ੍ਰਸਤੀ ਕਾਰਨ ਉਨ੍ਹਾਂ ਨੂੰ ਕੋਈ ਕਿਸਾਨ ਮਾਨਤਾ ਨਹੀਂ ਦੇ ਸਕਦਾ। ਇਨ੍ਹਾਂ ਵਿਚੋਂ ਪੰਜਾਬ ਵਾਲਾ ਤਾਂ ਨਿਖੇਧੀ ਹੁੰਦੀ ਵੇਖ ਕੇ ਪਹਿਲੀ ਸ਼ਾਮ ਨੂੰ ਹੀ ਨਾਂ ਵਾਪਸ ਲੈ ਗਿਆ, ਬਾਕੀ ਤਿੰਨ ਜਣੇ ਕਦੇ ਕਿਸਾਨ ਸੰਗਠਨਾਂ ਨੇ ਮਾਹਰ ਨਹੀਂ ਮੰਨੇ ਤਾਂ ਸਾਫ ਹੈ ਕਿ ਅਦਾਲਤ ਨੇ ਕਮੇਟੀ ਬਣਾ ਕੇ ਠੀਕ ਨਹੀਂ ਸੀ ਕੀਤਾ। ਅਦਾਲਤ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ, ਪਰ ਸਤਿਕਾਰ ਕਹਿਣ ਨਾਲ ਨਹੀਂ ਹੋਇਆ ਕਰਦਾ, ਇਸ ਦੇ ਲਈ ਇਨਸਾਫ-ਪਸੰਦੀ ਨਜ਼ਰ ਆਉਣੀ ਚਾਹੀਦੀ ਹੈ।

ਤਾਜ਼ਾ ਮੁੱਦਾ ਲਖੀਮਪੁਰ ਖੀਰੀ ਦਾ ਸੀ, ਜਿਸ ਬਾਰੇ ਸੁਪਰੀਮ ਕੋਰਟ ਦੇ ਜੱਜ ਸਾਹਿਬਾਨ ਨੇ ਕਿਸਾਨ ਸੰਗਠਨਾਂ ਵੱਲੋਂ ਰੋਸ ਪ੍ਰਦਰਸ਼ਨ ਕਰਨ ਦੇ ਅਧਿਕਾਰ ਬਾਰੇ ਵੀ ਕਹਿ ਦਿੱਤਾ ਕਿ ਲੋਕਤੰਤਰ ਵਿਚ ਇਹ ਪੂਰਨ ਅਧਿਕਾਰ ਹੋਣਾ ਚਾਹੀਦਾ ਹੈ ਕਿ ਨਹੀਂ। ਉਨ੍ਹਾਂ ਨੇ ਮੀਡੀਏ ਵਿਚ ਆ ਚੁੱਕੀ ਇਹ ਸੱਚਾਈ ਗੌਲਣ ਦੀ ਲੋੜ ਨਹੀਂ ਸਮਝੀ ਕਿ ਸੱਤਾ ਦੇ ਨਸ਼ੇ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਪੁੱਤਰ ਨੇ ਗੱਲਾਂ ਕਰਦੇ ਲੋਕਾਂ ਦੀ ਪਿੱਠ ਵਿਚ ਜੀਪ ਮਾਰੀ ਤੇ ਉਨ੍ਹਾਂ ਨੂੰ ਕੁਚਲ ਕੇ ਨਿਕਲ ਗਿਆ ਸੀ। ਜਦੋਂ ਸਾਰਾ 'ਲੋਕਤੰਤਰੀ ਪ੍ਰਬੰਧ' ਆਪਣੇ ਕੇਂਦਰੀ ਮੰਤਰੀ ਦੇ ਕਾਤਲ ਪੁੱਤਰ ਨੂੰ ਬਚਾਉਣ ਰੁੱਝਾ ਸੀ ਤਾਂ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਦੇ ਜੱਜ ਸਾਹਿਬਾਨ ਨੇ ਅਪਰਾਧ ਦਾ ਨੋਟਿਸ ਲੈਣ ਦੀ ਥਾਂ ਕਿਸਾਨਾਂ ਨੂੰ ਰੋਸ ਪ੍ਰਦਰਸ਼ਨ ਦਾ ਅਧਿਕਾਰ ਹੋਣ ਜਾਂ ਨਾ ਹੋਣ ਦੀ ਬਹਿਸ ਛੇੜਨ ਦਾ ਯਤਨ ਕੀਤਾ ਹੈ। ਉਨ੍ਹਾਂ ਦੇ ਇਸ ਯਤਨ ਨੇ ਭਾਰਤ ਦੇ ਲੋਕਾਂ ਨੂੰ ਬਹੁਤ ਕੁਝ ਅਜਿਹਾ ਹੋਰ ਚੇਤੇ ਕਰਵਾ ਦਿੱਤਾ, ਜਿਹੜਾ ਕਈ ਵਾਰੀ ਚਰਚਾ ਵਿਚ ਆ ਚੁਕਾ ਸੀ ਅਤੇ ਅਸੀਂ ਮੁੜ-ਮੁੜ ਓਸ ਬਾਰੇ ਚਰਚਾ ਨਹੀਂ ਸੀ ਕਰਨੀ ਚਾਹੁੰਦੇ। ਮਾਣਯੋਗ ਜੱਜ ਸਾਹਿਬਾਨ ਦੇ ਮਾਣਯੋਗ ਵਿਹਾਰ ਦੀਆਂ ਕਈ ਕਹਾਣੀਆਂ ਲੋਕਾਂ ਸਾਹਮਣੇ ਇਸ ਲਈ ਆਉਣੀਆਂ ਚਾਹੀਦੀਆਂ ਹਨ ਕਿ ਉਨ੍ਹਾਂ ਨੂੰ ਲੋਕਤੰਤਰ ਦੇ ਅਦਾਲਤੀ ਪ੍ਰਬੰਧ ਦੀ ਤਸਵੀਰ ਵੀ ਪਤਾ ਲੱਗਦੀ ਰਹੇ।


ਅਸੀਂ ਇੱਕ ਸਵਾਲ ਦਾ ਜਵਾਬ ਅੱਜ ਤੱਕ ਨਹੀਂ ਲੱਭ ਸਕੇ ਕਿ ਇਸੇ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਨੇ ਇੱਕ ਵਾਰੀ ਆਪਣੇ ਚੀਫ ਜਸਟਿਸ ਦੇ ਖਿਲਾਫ ਖੁੱਲ੍ਹੀ ਪ੍ਰੈੱਸ ਕਾਨਫਰੰਸ ਕਰ ਕੇ ਉਸ ਉੱਤੇ ਪੱਖਪਾਤ ਦੇ ਦੋਸ਼ ਲਾਏ ਸਨ ਅਤੇ ਕਿਹਾ ਸੀ ਕਿ ਉਸ ਦੇ ਵਿਹਾਰ ਨਾਲ ਲੋਕਤੰਤਰ ਨੂੰ ਖਤਰਾ ਹੈ, ਉਨ੍ਹਾਂ ਦੋਸ਼ਾਂ ਦਾ ਫਿਰ ਕੀ ਬਣਿਆ? ਉਨ੍ਹਾਂ ਚਾਰ ਜੱਜਾਂ ਵਿਚੋਂ ਸਭ ਤੋਂ ਵੱਧ ਕੌੜਾ ਬੋਲਣ ਵਾਲੇ ਜੱਜ ਨੂੰ ਫਿਰ ਚੀਫ ਜਸਟਿਸ ਵਾਲੀ ਕੁਰਸੀ ਮਿਲ ਗਈ ਤਾਂ ਉਸ ਉੱਤੇ ਕਈ ਦੋਸ਼ ਲੱਗ ਗਏ, ਜਿਨ੍ਹਾਂ ਦੀ ਚਰਚਾ ਦੌਰਾਨ ਉਸ ਦਾ ਵਿਹਾਰ ਭਾਰਤੀ ਲੋਕਤੰਤਰ ਨੂੰ ਇਸ ਵਕਤ ਚਲਾ ਰਹੀ ਸਰਕਾਰ ਬਾਰੇ ਅਚਾਨਕ ਬਦਲ ਗਿਆ। ਇਸ ਦਾ ਕਾਰਨ ਕੀ ਸੀ, ਇਸ ਸਵਾਲ ਦਾ ਜਵਾਬ ਕਦੇ ਨਹੀਂ ਮਿਲਿਆ। ਜਦੋਂ ਚੀਫ ਜਸਟਿਸ ਵਜੋਂ ਉਹ ਸਾਹਿਬ ਰਿਟਾਇਰ ਹੋਏ ਤਾਂ ਉਨ੍ਹਾਂ ਨੂੰ ਜਿਸ ਤਰ੍ਹਾਂ ਰਾਜ ਸਭਾ ਮੈਂਬਰੀ ਤੋਹਫੇ ਵਜੋਂ ਪੇਸ਼ ਕੀਤੀ ਗਈ ਤੇ ਉਸ ਨੇ ਜਿੱਦਾਂ ਦੀ ਚਰਚਾ ਛੇੜੀ, ਉਸ ਨਾਲ ਪੈਦਾ ਹੋਏ ਸਵਾਲਾਂ ਦਾ ਜਵਾਬ ਵੀ ਕਦੀ ਨਹੀਂ ਮਿਲਿਆ। ਉਸ ਤੋਂ ਪਹਿਲੇ ਇੱਕ ਜੱਜ ਸਾਹਿਬਾਨ ਬਾਰੇ ਵੀ ਨਾਲ ਹੀ ਚਰਚਾ ਚੱਲ ਪਈ, ਜਿਨ੍ਹਾਂ ਵਿਚੋਂ ਇੱਕ ਜੱਜ ਭੋਪਾਲ ਗੈਸ ਕਾਂਡ ਦੇ ਹਜ਼ਾਰਾਂ ਲੋਕਾਂ ਦੀ ਮੌਤ ਨੂੰ ਟਰੱਕ ਹਾਦਸੇ ਦੇ ਬਰਾਬਰ ਤੋਲ ਕੇ ਉਸ ਕੰਪਨੀ ਨੂੰ ਖੁਸ਼ ਕਰਨ ਪਿੱਛੋਂ ਦੋਸ਼ੀ ਕੰਪਨੀ ਦੇ ਬਣਾਏ ਪੰਜ-ਤਾਰਾ ਹਸਪਤਾਲ ਦਾ ਮੁਖੀ ਜਾ ਬਣਿਆ ਤੇ ਸਾਰੀ ਉਮਰ ਲਈ ਸੁਪਰੀਮ ਕੋਰਟ ਦੇ ਜੱਜ ਜਿੰਨੀ ਤਨਖਾਹ ਮਿਲਣ ਲੱਗ ਪਈ ਸੀ। ਉਸ ਦੇ ਖਿਲਾਫ ਦੇਸ਼ ਵਿਚ ਬਦਨਾਮੀ ਦੀ ਲਹਿਰ ਚੱਲੀ ਤਾਂ ਉਸ 'ਮਾਣਯੋਗ ਜੱਜ' ਨੂੰ ਅਸਤੀਫਾ ਦੇਣਾ ਪੈ ਗਿਆ ਸੀ।

ਜਿਵੇਂ ਇਹ ਹਫਤਾ ਸੁਪਰੀਮ ਕੋਰਟ ਵਿਚ ਸਾਡੇ ਵਿਸ਼ਵਾਸ ਨੂੰ ਸੱਟ ਮਾਰਨ ਨਾਲ ਸ਼ੁਰੂ ਹੋਇਆ ਸੀ, ਸ਼ੁਕਰ ਹੈ ਕਿ ਹਫਤੇ ਦੇ ਅੰਤ ਵਿਚ ਸੁਪਰੀਮ ਕੋਰਟ ਦੇ ਮੌਜੂਦਾ ਚੀਫ ਜਸਟਿਸ ਨੇ ਜਿਵੇਂ ਲਖੀਮਪੁਰ ਖੀਰੀ ਦਾ ਕੇਸ ਆਪਣੇ ਹੱਥ ਲਿਆ ਤੇ ਦੋਸ਼ੀ ਧਿਰ ਦੇ ਨਾਲ ਕੇਂਦਰ ਦੀ ਸਰਕਾਰ ਨੂੰ ਖੂੰਜੇ ਲਾਇਆ, ਉਸ ਨੇ ਕੁਝ ਹੌਸਲਾ ਬੰਨ੍ਹਾਇਆ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਨੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਪੁੱਤਰ ਨੂੰ ਬਚਾਉਣ ਦੇ ਯਤਨਾਂ ਨੂੰ ਬਹੁਤ ਤਿੱਖੀ ਭਾਸ਼ਾ ਵਿਚ ਰੱਦ ਕਰ ਕੇ ਕਾਰਵਾਈ ਲਈ ਮਜਬੂਰ ਕੀਤਾ, ਜਿਸ ਨੂੰ ਲੋਕਾਂ ਨੇ ਚੰਗਾ ਸਮਝਿਆ। ਇਸ ਨਾਲ ਜਿਹੜਾ ਪ੍ਰਭਾਵ ਲੋਕਾਂ ਵਿਚ ਵੇਖਿਆ ਗਿਆ, ਉਹ ਸਥਾਈ ਨਹੀਂ ਸਮਝਣਾ ਚਾਹੀਦਾ, ਲੋਕਾਂ ਦਾ ਮਨ ਅਦਾਲਤਾਂ ਦੇ ਵਿਹਾਰ ਕਾਰਨ ਅਜੇ ਡਾਵਾਂਡੋਲ ਹੈ ਅਤੇ ਉਹ ਛੇਤੀ ਕੀਤੇ ਇਹ ਮੰਨਣ ਲਈ ਤਿਆਰ ਨਹੀਂ ਹੋ ਰਹੇ ਕਿ ਭਾਰਤ ਦੇ ਲੋਕਤੰਤਰ ਵਿਚ ਨਿਆਂ ਦਾ ਆਖਰੀ ਦਰਵਾਜ਼ਾ ਸਿਆਸਤ ਦੇ ਬੇਈਮਾਨ ਧੁਰੰਤਰਾਂ ਤੋਂ ਬਚਿਆ ਰਹਿ ਗਿਆ ਹੈ। ਬੀਤੇ ਸਮੇਂ ਵਿਚ ਕਈ ਕੇਸਾਂ ਵਿਚ ਲੋਕ-ਮਨਾਂ ਨੂੰ ਸੱਟ ਲੱਗਦੀ ਰਹੀ ਹੈ, ਇਸ ਵਾਰ ਲਖੀਮਪੁਰ ਖੀਰੀ ਦੇ ਖੂਨੀ ਕਾਂਡ ਦੇ ਅਗਲੇ ਦਿਨ ਜਿਵੇਂ ਜੱਜ ਸਾਹਿਬਾਨ ਨੇ ਕਾਤਲਾਂ ਵੱਲ ਸਰਕਾਰ ਦੀ ਲਿਹਾਜਦਾਰੀ ਨੂੰ ਨਿਸ਼ਾਨਾ ਬਣਾਉਣ ਦੀ ਥਾਂ ਪ੍ਰਦਰਸ਼ਨ ਦੇ ਹੱਕ ਨੂੰ ਮੁੱਦਾ ਬਣਾਉਣ ਦੀ ਗੱਲ ਛੋਹੀ ਹੈ, ਉਸ ਦੀ ਗਹਿਰੀ ਸੱਟ ਹੈ। ਸੁਪਰੀਮ ਕੋਰਟ ਦੇ ਮੌਜੂਦਾ ਚੀਫ ਜਸਟਿਸ ਸਾਹਿਬ ਤੋਂ ਲੋਕਾਂ ਨੂੰ ਲੋਕਤੰਤਰ ਵਿਚ ਲੋਕਾਂ ਦੇ ਹੱਕਾਂ ਦੀ ਰਖਵਾਲੀ ਦੀ ਆਸ ਹੈ ਅਤੇ ਇਹ ਆਸ ਉਹ ਕਿਸ ਪੜਾਅ ਤੱਕ ਪੁਚਾਉਂਦੇ ਹਨ, ਇਸ ਨਾਲ ਇਸ ਦੇਸ਼ ਦੇ ਲੋਕਾਂ ਦੀ ਅਦਾਲਤਾਂ ਵੱਲ ਆਸਥਾ ਤੈਅ ਹੋਣੀ ਹੈ। ਅਸੀਂ ਭਾਰਤ ਦੇ ਲੋਕ ਉਸ ਸੰਵਿਧਾਨ ਅਧੀਨ ਇਸ ਆਸ ਨਾਲ ਬੱਝੇ ਹੋਏ ਹਾਂ, ਜਿਹੜਾ 'ਅਸੀਂ ਭਾਰਤ ਦੇ ਲੋਕ' ਵਾਲੇ ਸ਼ਬਦਾਂ ਨਾਲ ਸ਼ੁਰੂ ਹੁੰਦਾ ਅਤੇ ਲੋਕਾਂ ਨੂੰ ਉਨ੍ਹਾਂ ਦੇ ਸਾਰੇ ਲੋਕਤੰਤਰੀ ਹੱਕਾਂ ਦੀ ਗਾਰੰਟੀ ਦਿੰਦਾ ਹੈ। ਲੋਕਾਂ ਨੂੰ ਅਦਾਲਤਾਂ ਤੋਂ ਲੋਕਤੰਤਰ ਬਾਰੇ ਚੁਣੌਤੀ ਦੀ ਨਹੀਂ, ਲੋਕਤੰਤਰੀ ਹੱਕਾਂ ਦੀ ਪਹਿਰੇਦਾਰੀ ਦੀ ਆਸ ਰਹਿੰਦੀ ਹੈ, ਪਰ ਆਸ ਪੂਰੀ ਹੋਈ ਜਾਂ ਨਹੀਂ, ਇਸ ਦਾ ਫੈਸਲਾ ਅਮਲਾਂ ਨੇ ਕਰਨਾ ਹੈ।

---

# ਹੰਕਾਰ ਦਾ ਸਿਰ ਨੀਵਾਂ



ਜਸਵੰਤ ਸਿੰਘ ਸੰਧੂ (ਘਰਿੰਡਾ)
ਯੂਨੀਅਨ ਸਿਟੀ (ਕੈਲੀਫੋਰਨੀਆ)
ਫੋਨ: 510-909-8204

1954 ਵਿਚ ਮੈਂ ਆਪਣੇ ਪਿੰਡ ਦੇ ਸਕੂਲ ਵਿਚੋਂ ਪੰਜਵੀਂ ਪਾਸ ਕਰਕੇ ਡੀ.ਬੀ. ਹਾਈ ਸਕੂਲ ਅਟਾਰੀ ਵਿਚ ਛੇਵੀਂ ਜਮਾਤ ਵਿਚ ਦਾਖਲ ਹੋਇਆ। ਅਟਾਰੀ ਸਕੂਲ ਸਾਡੇ ਪਿੰਡੋਂ ਪੂਰਾ ਪੰਜ ਮੀਲ ਸੀ। ਇਲਾਕੇ ਦੇ ਦਸ ਮੀਲ ਦੇ ਘੇਰੇ ਵਿਚ ਇਹੋ ਹਾਈ ਸਕੂਲ ਸੀ। ਉਸ ਵਕਤ ਸਾਰੇ ਵਿਦਿਆਰਥੀ ਤਕਰੀਬਨ ਤੁਰ ਕੇ ਹੀ ਸਕੂਲ ਆਉਂਦੇ ਸਨ ਕਿਉਂਕਿ ਲੋਕਾਂ ਦੀ ਆਰਥਕ ਦਸ਼ਾ ਸਾਈਕਲ ਖਰੀਦਣ ਯੋਗ ਵੀ ਨਹੀਂ ਸੀ। ਆਪਣੇ ਪਿੰਡ ਦੇ ਵਿਦਿਆਰਥੀਆਂ ਨਾਲ ਮੈਂ ਵੀ ਛੇਵੀਂ, ਸਤਵੀਂ ਤੇ ਅਠਵੀਂ ਜਮਾਤ ਵਿਚ ਤਿੰਨ ਸਾਲ ਦਸ ਮੀਲ ਪੈਂਡਾ ਮਾਰਦਾ ਰਿਹਾ।

ਛੇਵੀਂ ਜਮਾਤ ਵਿਚ ਬਹੁਗਿਣਤੀ ਵਿਦਿਆਰਥੀ ਫਾਂਟਾਂ ਵਾਲੇ ਪਜਾਮੇ ਵਾਲਿਆਂ ਦੀ ਸੀ ਜੋ ਆਮ ਸਾਧਾਰਨ ਘਰਾਂ ਵਿਚੋਂ ਸਨ। ਇਨ੍ਹਾਂ ਵਿਚ ਇਕ ਮੈਂ ਵੀ ਸਾਂ। ਜਮਾਤ ਵਿਚ ਕੇਵਲ ਇਕ ਮੁੰਡਾ ਸੀ ਜਿਸ ਨੇ ਪੈਂਟ-ਸ਼ਰਟ ਪਾਈ ਹੁੰਦੀ ਸੀ। ਦੋ ਤਿੰਨ ਮਹੀਨਿਆਂ ਵਿਚ ਹੀ ਪਤਾ ਲੱਗ ਗਿਆ ਕਿ ਉਹ ਆਪਣੇ ਆਪ ਨੂੰ ਦੂਜਿਆਂ ਨਾਲੋਂ ਵਧੀਆ ਤੇ ਦੂਸਰਿਆਂ ਨੂੰ ਘਟੀਆ ਸਮਝਦਾ ਹੈ। ਉਹ ਦੂਜਿਆਂ 'ਤੇ ਆਪਣੀ ਅਮੀਰੀ ਦਾ ਰੋਅਬ ਪਾਉਣ ਲੱਗ ਪਿਆ ਜਿਸ ਕਾਰਨ ਉਸ ਦੀ ਕਈਆਂ ਨਾਲ ਲੜਾਈ ਵੀ ਹੋ ਜਾਂਦੀ। ਇਕ ਦੋ ਵਾਰ ਮੇਰੇ ਨਾਲ ਵੀ ਉਸ ਦੀਆਂ ਝੜਪਾਂ ਹੋਈਆਂ। ਸਾਧਾਰਨ ਘਰਾਂ ਦੇ ਮੁੰਡੇ ਮਿਹਨਤ ਕਰਕੇ ਚੰਗੇ ਨੰਬਰ ਪ੍ਰਾਪਤ ਕਰਦੇ ਪਰ ਉਹ ਆਪਣੇ ਕੱਪੜਿਆਂ ਵਲ ਹੀ ਦੇਖਦਾ ਰਹਿੰਦਾ ਤੇ ਪੜ੍ਹਾਈ ਵੱਲ ਘਟ ਹੀ ਧਿਆਨ ਦਿੰਦਾ। ਇਸ ਤਰ੍ਹਾਂ ਜਮਾਤਾਂ ਪਾਸ ਕਰਦੇ ਮੁੰਡੇ ਦਸਵੀਂ ਵਿਚ ਹੋ ਗਏ। ਸਾਡੇ ਸਕੂਲ ਦੇ ਹੈਡਮਾਸਟਰ ਰਘੂਨਾਥ ਸਹਾਇ ਜੀ ਤੇ ਸੈਕੰਡ ਮਾਸਟਰ ਮੁਲਖਰਾਜ ਬੜੇ ਲਾਇਕ ਤੇ ਮਿਹਨਤੀ ਸਨ। ਹੈਡਮਾਸਟਰ ਜੀ ਨੂੰ ਤਾਂ ਹਿਸਾਬ, ਅਲਜਬਰਾ ਤੇ ਜਮੈਟਰੀ ਸਾਰਾ ਮੂੰਹ-ਜ਼ਬਾਨੀ ਯਾਦ ਸਨ। ਉਨ੍ਹਾਂ ਸਾਨੂੰ ਕਦੇ ਕਿਤਾਬ ਤੋਂ ਨਹੀਂ ਸੀ ਪੜ੍ਹਾਇਆ।

1958-59 ਵਿਚ ਦਸਵੀਂ ਦੇ 39 ਵਿਦਿਅਰਥੀਆਂ ਨੇ ਇਮਤਿਹਾਨ ਦਿੱਤਾ। ਨਤੀਜੇ ਆਏ ਤਾਂ 20 ਵਿਦਿਆਰਥੀਆਂ ਦੀ ਫਸਟ ਡਵੀਜ਼ਨ, 11 ਦੀ ਹਾਈ ਸੈਕੰਡ ਅਤੇ ਬਾਕੀ 6 ਦੀ ਥਰਡ ਡਵੀਜ਼ਨ ਆਈ। ਪੈਂਟ-ਸ਼ਰਟ ਵਾਲੇ ਹੈਂਕੜਬਾਜ਼ ਦੀ ਥਰਡ ਡਵੀਜ਼ਨ ਸਭ ਤੋਂ ਘੱਟ ਨੰਬਰਾਂ ਦੀ ਸੀ। ਮੈਂ ਜਦ ਹੈਡਮਾਸਟਰ ਜੀ ਦੇ ਘਰੋਂ ਗਜ਼ਟ ਤੋਂ ਨਤੀਜੇ ਦਾ ਪਤਾ ਕਰਨ ਗਿਆ ਤਾਂ ਮੇਰੇ ਵਧੀਆ ਪ੍ਰਾਪਤ ਕੀਤੇ ਨੰਬਰਾਂ ਵਲ ਦੇਖ ਕੇ ਕਹਿੰਦੇ, 'ਭਾਈ! ਤੂੰ ਤਾਂ ਬੜਾ ਗੁੱਝਾ ਰੁਸਤਮ ਨਿਕਲਿਆ।' 'ਭਾਈ' ਆਖਣਾ ਉਨ੍ਹਾਂ ਦਾ ਤਕੀਆ ਕਲਾਮ ਸੀ।

ਦਸਵੀਂ ਤੋਂ ਬਾਅਦ ਮੈਂ ਪੁਲਿਸ ਵਿਚ ਭਰਤੀ ਹੋ ਗਿਆ। ਫਿਰ ਢਾਈ ਸਾਲਾਂ ਬਾਅਦ ਅਸਤੀਫ਼ਾ ਦੇ ਕੇ ਜੇ.ਬੀ.ਟੀ. ਕਰਕੇ ਮਈ 1965 ਵਿਚ ਮਾਸਟਰ ਲੱਗ ਗਿਆ। ਇਤਫਾਕ ਇਹ ਕਿ ਸਕੂਲ ਉਸੇ ਹੰਕਾਰੀ ਵਿਦਿਆਰਥੀ ਦੇ ਪਿੰਡ ਵਾਲਾ ਮਿਲਿਆ।

ਸਕੂਲ ਮੈਂ ਰੋਜ਼ਾਨਾ ਸਾਈਕਲ 'ਤੇ ਜਾਂਦਾ ਸੀ। ਗਰਮੀਆਂ ਵਿਚ ਸਕੂਲ ਸਾਢੇ ਸੱਤ ਵਜੇ ਲਗਦਾ ਸੀ ਤੇ ਡੇਢ ਵਜੇ ਛੁੱਟੀ ਹੋ ਜਾਂਦੀ ਸੀ।

ਉਸ ਹੰਕਾਰੀ ਬੰਦੇ ਨੇ ਖੇਤੀਬਾੜੀ ਨਾਲ ਟਰੱਕ ਵੀ ਬਣਾ ਲਏ ਸਨ। ਪਿੰਡ ਵਿਚ ਕੋਠੀ ਵੀ ਪਾ ਲਈ। 'ਇਕ ਕਰੇਲਾ ਦੂਜਾ ਨੀਮ ਚੜ੍ਹਾ' ਦੀ ਕਹਾਵਤ ਮੁਤਾਬਕ ਧੌਣ ਵਿਚ ਹੰਕਾਰ ਦਾ ਕਿੱਲਾ ਹੋਰ ਵੀ ਵੱਡਾ ਹੋ ਗਿਆ। ਹਰ ਇਕ ਨੂੰ ਟਿੱਚਰਾਂ ਕਰਕੇ ਨੀਵਾਂ ਦਿਖਾਉਣਾ ਉਸ ਦੀ ਆਦਤ ਬਣ ਗਈ।

ਉਦੋਂ ਕਾਨਵੈਂਟ ਸਕੂਲਾਂ ਦੀ ਬਿਮਾਰੀ ਅੱਜਕੱਲ੍ਹ ਜਿੰਨੀ ਨਹੀਂ ਸੀ ਫੈਲੀ। ਇਸ ਲਈ ਉਸ ਦੇ ਬੱਚੇ ਸਾਡੇ ਪ੍ਰਾਇਮਰੀ ਸਕੂਲ ਪੜ੍ਹਦੇ ਸਨ। ਉਹ ਸਾਰੇ ਮਧਰੀਆਂ ਮਟੀਆਂ ਵਾਲੇ ਸਨ ਅਤੇ ਜ਼ਿਆਦਾ ਸੋਹਣੇ ਵੀ ਨਹੀਂ ਸਨ।

ਇਕ ਦਿਨ ਸਕੂਲੋਂ ਛੁੱਟੀ ਕਰਕੇ ਉਸ ਦੇ ਟਿਊਬਵੈੱਲ ਕੋਲੋਂ ਲੰਘ ਰਿਹਾ ਸਾਂ। ਉਸ ਨੇ ਮੈਨੂੰ ਟਿਊਬਵੈੱਲ ਦੇ ਦਰੱਖਤਾਂ ਦੀ ਛਾਵੇਂ ਕੁਝ ਚਿਰ ਆਰਾਮ ਕਰਨ ਦੀ ਸੁਲ੍ਹਾ ਮਾਰੀ। ਮੈਂ ਕਿਹਾ, 'ਨਹੀਂ! ਘਰ ਚਲ ਕੇ ਆਰਾਮ ਕਰਾਂਗਾ।' ਉਸ ਨੇ ਟਿਚਰ ਕੀਤੀ, 'ਆਹੋ! ਘਰ ਪੱਖੇ ਥੱਲੇ ਜੂ ਆਰਾਮ ਕਰਨਾ ਹੋਣਾ ਹੈ।' ਉਦੋਂ ਬਿਜਲੀ ਵਾਲਾ ਪੱਖਾ ਕਿਸੇ ਕਿਸੇ ਘਰ ਹੁੰਦਾ ਸੀ। ਮੈਨੂੰ ਉਸ ਦੀ ਇਹ ਟਿੱਚਰ ਬੜੀ ਚੁਭੀ (ਹਾਲਾਂਕਿ ਮੇਰੇ ਘਰ ਬਿਜਲੀ ਵਾਲਾ ਪੱਖਾ ਲੱਗਾ ਹੋਇਆ ਸੀ)।

ਉਸ ਦੀਆਂ ਧੀਆਂ ਜਵਾਨ ਹੋ ਚੁੱਕੀਆਂ ਸਨ। ਇਕ ਬਹੁਤ ਮਧਰੀ ਕੁੜੀ ਦੀ ਉਹ ਮੰਗਣੀ ਕਰਨੀ ਚਾਹੁੰਦਾ ਸੀ। ਮਾਇਆ ਦੇ ਪ੍ਰਭਾਵ ਨਾਲ ਕਰਨੀ ਵੀ ਕਿਸੇ ਤਕੜੇ ਘਰ ਚਾਹੁੰਦਾ ਸੀ ਪਰ ਮੁੰਡਾ ਨਹੀਂ ਸੀ ਲੱਭ ਰਿਹਾ। ਕਾਰ, ਚੇਨੀਆਂ, ਵੰਗਾਂ ਤੇ ਕੜਿਆਂ ਨਾਲ ਧੀ ਦੀ ਕਰੂਪਤਾ ਤੇ ਮਧਰਾਪਨ ਢਕਣਾ ਚਾਹੁੰਦਾ ਸੀ।

ਮੇਰੇ ਗਵਾਂਢ ਹੀ ਉਸ ਦੀ ਘਰਵਾਲੀ ਦੀ ਮਾਸੀ ਦੀ ਧੀ ਵਿਆਹੀ ਹੋਈ ਸੀ। ਉਹ ਹਰ ਸਾਲ ਪਤਨੀ ਸਮੇਤ ਉਸ ਨੂੰ ਮਿਲਣ ਆਉਂਦਾ ਸੀ ਪਰ ਮੈਨੂੰ ਕਦੀ ਮਿਲਣ ਨਹੀਂ ਸੀ ਆਇਆ। ਜਦੋਂ ਇਸ ਵਾਰ ਰਿਸ਼ਤੇਦਾਰਾਂ ਨੂੰ ਮਿਲਣ ਆਇਆ ਤਾਂ ਉਨ੍ਹਾਂ ਨੂੰ ਵੀ ਮੁੰਡੇ ਦੀ ਦੱਸ ਪਾਉਣ ਲਈ ਕਿਹਾ। ਉਨ੍ਹਾਂ ਨੇ ਮੇਰੇ ਮੁੰਡੇ ਦੀ ਦੱਸ ਪਾ ਦਿੱਤੀ ਜਿਸ ਨੇ ਬੀ.ਟੈੱਕ ਕੀਤੀ ਹੋਈ ਸੀ। ਉਹ ਆਪਣੀ ਹੈਂਕੜ ਦੇ ਉਲਟ ਮੈਨੂੰ ਮਿਲਣ ਆ ਗਿਆ ਤੇ ਕਿਸੇ ਮੁੰਡੇ ਦੀ ਦੱਸ ਪਾਉਣ ਲਈ ਕਿਹਾ (ਅਸਿੱਧੇ ਤੌਰ 'ਤੇ ਮੇਰੇ ਮੁੰਡੇ ਵੱਲ ਧਿਆਨ ਸੀ)। ਹੰਕਾਰ ਕਾਰਨ ਉਹਨੇ ਮੇਰੇ ਮੁੰਡੇ ਦੀ ਸਿੱਧੀ ਗੱਲ ਨਹੀਂ ਸੀ ਕੀਤੀ, ਉਹਨੂੰ ਲਗਦਾ ਸੀ ਕਿ ਉਹਦੀ ਅਮੀਰੀ ਦੇਖ ਕੇ ਮੈਂ ਆਪ ਹੀ ਉਹਨੂੰ ਕਹਿ ਦੇਵਾਂਗਾ- 'ਮੇਰਾ ਲੜਕਾ ਹੀ ਦੇਖ ਲਓ'।

ਮੈਂ ਕਿਹਾ ਕਿ ਤੁਹਾਡੇ 'ਮੇਚ' ਦਾ ਕੋਈ ਰਿਸ਼ਤਾ ਹੋਇਆ ਤਾਂ ਜ਼ਰੂਰ ਦੱਸਾਂਗਾ। 'ਜ਼ਰੂਰ', 'ਜ਼ਰੂਰ' ਕਹਿ ਕੇ ਉਹ ਚਲਾ ਗਿਆ।

ਮਹੀਨੇ ਕੁ ਬਾਅਦ ਮੈਂ ਉਨ੍ਹਾਂ ਦੇ ਪਿੰਡ ਭੋਗ 'ਤੇ ਗਿਆ। ਭੋਗ ਤੋਂ ਬਾਅਦ ਉਸ ਨੇ ਮੈਨੂੰ ਕਿਹਾ, 'ਸੁਣਾ ਜਸਵੰਤ ਸਿੰਹਾਂ, ਕਿਸੇ ਮੁੰਡੇ ਬਾਰੇ ਪਤਾ ਕੀਤਾ।' ਮੈਂ ਕਿਹਾ, 'ਭਾਜੀ ਤੁਹਾਡੇ 'ਮੇਚ' ਦਾ ਕੋਈ ਘਰ ਲੱਭੇਗਾ ਤਾਂ ਹੀ ਦੱਸ ਸਕਾਂਗਾ।"

ਕਹਿੰਦਾ- 'ਕਮਾਲ ਹੋ ਗਈ, ਸਾਡੇ ਮੇਚ ਦਾ ਕੋਈ ਬੰਦਾ ਹੀ ਨਹੀਂ ਮਿਲਦਾ।'

ਇਉਂ, ਜੋ ਉਹ ਚਾਹੁੰਦਾ ਸੀ, ਉਸ ਦੀ ਖਾਹਿਸ਼ ਪੂਰੀ ਨਾ ਹੋਈ ਪਰ ਮੈਨੂੰ ਪੁਰਾਣਾ ਵੇਲਾ ਸਭ ਯਾਦ ਸੀ।

... ਕੌਣ ਜਾਣੇ, ਕਿਸ ਮੋੜ ਤੋਂ ਜ਼ਿੰਦਗੀ ਕਿਸ ਪਾਸੇ ਬਦਲ ਜਾਣੀ ਹੈ। ਇਸ ਲਈ ਕਦੀ ਕਿਸੇ ਨੂੰ ਆਪਣੇ ਤੋਂ ਮਾੜਾ ਨਾ ਸਮਝੋ। ਕਿਸੇ ਨੇ ਠੀਕ ਹੀ ਕਿਹਾ ਹੈ-ਹੰਕਾਰ ਦਾ ਸਿਰ ਨੀਵਾਂ।

# ਪੰਜਾਬ ਦੀਆਂ ਖੇਤੀ ਸਮੱਸਿਆਵਾਂ ਅਤੇ ਸਾਡੇ ਅਫਲਾਤੂਨੀ ਖੇਤੀ ਮਾਹਰ

***ਬਲਰਾਜ ਦਿਓਲ ਆਪਣੇ ਲੇਖਾਂ ਵਿਚ ਸਦਾ ਤੱਥ-ਆਧਾਰਤ ਗੱਲ ਕਰਦੇ ਹਨ। ਇਸ ਲੇਖ ਵਿਚ ਉਨ੍ਹਾਂ ਡਾ. ਗਿਆਨ ਸਿੰਘ ਦੇ ਹਵਾਲੇ ਨਾਲ ਪੰਜਾਬ ਬਾਰੇ ਕੁਝ ਸਚਾਈਆਂ ਪੇਸ਼ ਕੀਤੀਆਂ ਹਨ ਅਤੇ ਨਾਲ ਹੀ ਕੁਝ ਵਿਦਵਾਨਾਂ ਵੱਲੋਂ ਆਪਣੇ ਹੀ ਹਿਸਾਬ ਨਾਲ ਲਗਾਤਾਰ ਕੀਤੀਆਂ ਜਾ ਰਹੀਆਂ ਟਿੱਪਣੀਆਂ ਬਾਰੇ ਟਿੱਪਣੀ ਕੀਤੀ ਹੈ। ਸੰਭਵ ਹੈ ਕਿ ਇਸ ਟਿੱਪਣੀ ਬਾਰੇ ਕਿਸੇ ਦੀ ਸਹਿਮਤੀ ਜਾਂ ਅਸਹਿਮਤੀ ਹੋਵੇ ਪਰ ਅਜਿਹੇ ਮਸਲਿਆਂ ਬਾਰੇ ਗੱਲ ਅਗਾਂਹ ਤੋਰਨ ਲਈ ਅਸੀਂ ਇਸ ਬਾਰੇ ਆਏ ਵਿਚਾਰਾਂ ਦਾ ਸਵਾਗਤ ਕਰਾਂਗੇ।***

ਪ੍ਰਸਿਧ ਅਰਥਸ਼ਾਸਤਰੀ ਡਾ: ਸਰਦਾਰਾ ਸਿੰਘ ਜੌਹਲ ਨੂੰ ਛੱਡ ਕੇ ਪੰਜਾਬ ਦੇ ਬਹੁਤੇ ਖੇਤੀ-ਸ਼ਾਸਤਰੀ ਅਤੇ ਕਥਿਤ ਮਾਹਰ 'ਬਲਦੀ ਉੱਤੇ ਤੇਲ' ਪਾਉਣ ਦਾ ਕੰਮ ਕਰ ਰਹੇ ਹਨ। ਕਥਿਤ ਕਿਸਾਨ ਅੰਨਦੋਲਨ ਦੌਰਾਨ ਤਾਂ ਕਈਆਂ ਨੇ ਇਸ ਪਹਿਲਾਂ ਹੀ ਕੁਰਾਹੇ ਪਏ ਅੰਨਦੋਲਨ ਦੀਆਂ ਗੁੰਜਲਾਂ ਹੋਰ ਵਧਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਹੋਇਆ ਹੈ। ਆਮ ਕਿਸਾਨ ਵੀ ਜਾਣਦਾ ਹੈ ਕਿ ਝੋਨੇ ਦੀ ਫਸਲ ਹੋਰ ਫਸਲਾਂ ਦੇ ਮੁਕਾਬਲੇ ਕਾਫੀ ਵੱਧ ਪਾਣੀ ਮੰਗਦੀ ਹੈ ਅਤੇ ਪੰਜਾਬ ਦਾ ਪਾਣੀ ਆਏ ਦਿਨ ਥੱਲੇ ਜਾ ਰਿਹਾ ਹੈ। ਪਰ ਪੰਜਾਬ ਵਿੱਚ ਕੁਝ ਅਜੇਹੇ ਮਾਹਰ ਵੀ ਬੈਠੇ ਹਨ ਜੋ ਰਪੋਰਟਾਂ ਲਿਖ ਕੇ ਦਾਅਵੇ ਕਰਦੇ ਹਨ ਕਿ ਝੋਨਾ ਲਗਾਉਣਾ ਨਾਲ ਪਾਣੀ ਦੀ ਖਪਤ ਵਿੱਚ ਬਹੁਤਾ ਵਾਧਾ ਨਹੀਂ ਹੁੰਦਾ।

ਜਿਸ ਤਰਾਂ ਦਹਿਸ਼ਤਗਰਦੀ ਦੇ ਦੌਰ ਵਿੱਚ ਮਰਹੂਮ ਲੇਖਿਕ ਜਸਵੰਤ ਸਿੰਘ ਕੰਵਲ 'ਬੱਲੇ ਮੁੰਡਿਓ ... ਬੱਲੇ ਸ਼ੇਰੋ' ਕਰਦਾ ਹੁੰਦਾ ਸੀ ਓਸੇ


**ਬਲਰਾਜ ਦਿਓਲ**
**ਫੋਨ: 905-793-5072**
**balrajdeol@rogers.com**


ਤਰਾਂ ਪੰਜਾਬ ਦੇ ਬਹੁਤੇ ਖੇਤੀ ਮਾਹਰ ਅੱਜ 'ਬੱਲੇ ਕਿਸਾਨੋ ... ਬੱਲੇ ਸ਼ੇਰੋ' ਦਾ ਰਾਗ ਅਲਾਪ ਰਹੇ ਹਨ। ਨਾ 'ਬੱਲੇ ਮੁੰਡਿਓ ... ਬੱਲੇ ਸ਼ੇਰੋ' ਵਿਚੋਂ ਕੁਝ ਸੁਖਦ ਨਿਕਲਿਆ ਸੀ ਅਤੇ ਨਾ 'ਬੱਲੇ ਕਿਸਾਨੋ ... ਬੱਲੇ ਸ਼ੇਰੋ' ਵਿੱਚੋਂ ਕੁਝ ਨਿਕਲਣ ਦੀ ਆਸ ਹੈ।

'ਬੱਲੇ ਕਿਸਾਨੋ ... ਬੱਲੇ ਸ਼ੇਰੋ' ਆਖਣ ਵਾਲੇ ਬਹੁਤੇ ਮਾਹਰ ਖੇਤੀ ਸੈਕਟਰ ਸਮੇਤ ਭਾਰਤ ਦੀ ਆਰਥਿਕਤਾ ਦਾ ਹੋਰ ਸਰਕਾਰੀਕਰਨ ਚਾਹੁੰਦੇ ਹਨ। ਕਈ ਤਾਂ ਚੀਨ ਦੀ ਤਰੱਕੀ ਦੀਆਂ ਉਦਾਹਰਣਾ ਦਿੰਦੇ ਨਹੀਂ ਥੱਕਦੇ ਪਰ ਇਹ ਨਹੀਂ ਦੱਸਦੇ ਕਿ ਚੀਨ ਵਿੱਚ ਕਿਸ ਕਿਸਮ ਦਾ ਨਿਜ਼ਾਮ ਹੈ? ਚੀਨ ਦੀ ਆਰਥਿਕਤਾ ਦਾ ਕਾਫੀ ਹੱਦ ਤੱਕ ਨਿੱਜੀਕਰਨ ਹੋ ਚੁੱਕਾ ਹੈ ਅਤੇ ਚੀਨ ਵਿੱਚ ਵੀ ਕਈ ਅਰਬਪਤੀ ਪੈਦਾ ਹੋ ਗਏ ਹਨ ਪਰ ਚੀਨ ਦੇ ਲੋਕ ਅਤੇ ਰਾਜਸੀ ਢਾਂਚਾ ਪੂਰੀ ਤਰਾਂ ਇੱਕ ਪਾਰਟੀ ਦੀ ਤਾਨਾਸ਼ਾਹੀ ਹੇਠ ਹੈ।

ਇਹ ਮਾਹਰ ਭਾਰਤ ਵਿੱਚ ਇਸ ਦੇ ਵਿਪਰੀਤ (ਓਲਟਾ) ਸਿਸਟਮ ਲੋਚਦੇ ਹਨ ਜਿਸ ਵਿੱਚ ਲਿਖਣ, ਬੋਲਣ, ਵਿਰੋਧ ਕਰਨ ਅਤੇ ਭੰਨਤੋੜ ਕਰਨ ਦੀ ਅਜ਼ਾਦੀ ਅਮਰੀਕਾ ਨਾਲੋਂ ਵੀ ਵੱਧ ਹੋਵੇ ਪਰ ਆਰਥਿਕ ਸਿਸਟਮ ਸਮਾਜਵਾਦੀ ਹੋਵੇ। ਪ੍ਰੋਡਕਸ਼ਨ, ਖਰੀਦ, ਸਟੋਰੇਜ, ਵਿਤਰਣ, ਰੁਜ਼ਗਾਰ, ਨਿਵੇਸ਼ ਅਤੇ ਹੋਰ ਸੇਵਾਵਾਂ ਆਦਿ ਦੇ ਸਾਰੇ ਸਾਧਨ ਸਰਕਾਰ ਹੇਠ ਹੋਣ। ਕੀਮਤਾਂ ਸਰਕਾਰ ਡੰਡੇ ਨਾਲ ਕਾਬੂ ਰੱਖੇ ਅਤੇ ਸਾਰੇ ਵਿਸ਼ੇਸ਼ ਵਰਗਾਂ ਨੂੰ ਸਰਕਾਰ ਉਹ ਕੁਝ ਦੇਵੇ ਜੋ ਕੁਝ ਉਹ ਮੰਗਣ। ਹਰ ਪਾਸੇ ਯੂਨੀਅਨਾਂ ਹੋਣ ਅਤੇ ਯੂਨੀਅਨਾਂ ਨੂੰ ਮੋਟੀਆਂ ਤਨਖਾਹਾਂ, ਸੱਭ ਸਹੂਲਤਾਂ ਤੇ ਮੋਟੀਆਂ ਪੈਨਸ਼ਨਾਂ ਮਿਲਣ। ਸੋਸ਼ਲ ਸਟੇਟਸ ਵੱਡਾ ਰੱਖਣ ਲਈ ਹਰ ਕਿਸੇ ਕੋਲ ਨੌਕਰ-ਚਾਕਰ ਹੋਣ ਪਰ ਦੇਸ਼ ਵਿੱਚ ਕੋਈ ਗਰੀਬ-ਗੁਰਬਾ ਨਾ ਹੋਵੇ ਅਤੇ ਸੱਭ ਬਰਾਬਰ ਹੋਣ। ਦੇਸ਼ ਵਿਚੋਂ ਕੁਰੱਪਸ਼ਨ ਦਾ ਪੂਰੀ ਤਰਾਂ ਖਾਤਮਾ ਹੋ ਜਾਵੇ ਪਰ ਸੋਸ਼ਲ ਸਟੇਟਸ ਵਿੱਚ ਤਨਖਾਹ ਤੋਂ ਇਲਾਵਾ 'ਉਪਰੋਂ ਵੱਡੀ ਰਕਮ' ਬਣਦੀ ਦੱਸਣ ਦਾ ਵੀ ਹੱਕ ਹੋਵੇ। ਸਰਕਾਰ ਪ੍ਰਦੂਸ਼ਣ ਪੂਰੀ ਤਰਾਂ ਖ਼ਤਮ ਕਰੇ ਪਰ ਕਿਸਾਨਾਂ ਨੂੰ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਤੋਂ ਨਾ ਰੋਕਿਆ ਜਾਵੇ। ਇੰਡਸਟਰੀ ਵਾਲੇ ਚਾਹੁੰਦੇ ਹਨ ਕਿ ਉਹਨਾਂ ਨੂੰ ਕੜੀ ਘੋਲਣ ਦਾ ਹੱਕ ਹੋਵੇ। ਪੁਰਾਣੇ ਉਦਯੋਗ, ਪੁਰਾਣੇ ਵਾਹਨ ਅਤੇ ਪੁਰਾਣੇ ਟਰੈਕਟਰ ਚੱਲਦੇ ਰਹਿਣ ਪਰ ਹਵਾ ਵਿੱਚੋਂ ਧੂੰਆਂ ਖਤਮ ਕਰ ਦਿੱਤਾ ਜਾਵੇ। ਪਬਲਿਕ ਵੰਡ ਪ੍ਰਨਾਲੀ ਰਾਹੀਂ ਸੱਭ ਨੂੰ ਮੁਫ਼ਤ ਵਾਂਗ ਸਸਤਾ ਅਨਾਜ, ਕੱਪੜਾ ਅਤੇ ਹੋਰ ਸਮਾਨ ਮਿਲੇ ਪਰ ਕਿਸਾਨਾਂ ਨੂੰ 23 ਫਸਲਾਂ ਦੀ ਕੀਮਤ ਅਤੇ ਖਰੀਦ ਗਰੰਟੀ ਦਿੱਤੀ ਜਾਵੇ। ਕਿਸਾਨ ਜੋ ਜੀ ਚਾਹੇ ਬੀਜਣ ਅਤੇ ਜੋ ਜੀ ਚਾਹੇ ਨਾ ਬੀਜਣ ਪਰ ਦੇਸ਼ ਵਿੱਚ ਕਿਸੇ ਚੀਜ਼ ਦੀ ਕੋਈ ਕਮੀ ਨਾ ਹੋਵੇ। ਸਰਕਾਰਾਂ ਬਿਜਲੀ, ਪਾਣੀ ਅਤੇ ਹੋਰ ਬਹੁਤ ਕੁਝ ਮੁਫ਼ਤ ਦੇਣ ਪਰ ਟੈਕਸ ਨਾ ਲਗਾਉਣ। ਅਜੇਹੇ ਮਾਹਰ ਇੱਕ ਇੱਕ ਮਿਆਨ ਵਿੱਚ ਦੋ ਦੋ ਤਲਵਾਰਾਂ ਵੀ ਚਾਹੁੰਦੇ ਹਨ ਅਤੇ ਇਹ ਸੁਰਤ ਵੀ ਲਗਾਉਂਦੇ ਹਨ ਕਿ ਮਿਆਨ ਪਾਟਣਾ ਨਹੀਂ ਚਾਹੀਦਾ।

ਪੰਜਾਬ ਵਿੱਚ ਖੇਤੀ ਸਮੱਸਿਆਵਾਂ ਅਤੇ ਇਹਨਾਂ ਦੇ ਹੱਲਾਂ ਬਾਰੇ ਘੜੂੱਸਾਂ ਛੱਡਣ ਵਾਲਾ ਇੱਕ ਅਜੇਹਾ ਮਾਹਰ ਡਾ: ਗਿਆਨ ਸਿੰਘ ਸਾਬਕਾ ਪ੍ਰੋਫੈਸਰ, ਅਰਥ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਹੈ। ਜਨਾਬ ਜੀ ਅਕਸਰ ਅਮਰੀਕਾ ਵਿੱਚ ਵੀ ਕਾਫ਼ੀ ਸਮਾਂ ਬਿਤਾਉਂਦੇ ਹਨ।

ਆਪਣਾ ਨੁਕਤਾ ਸਿੱਧ ਕਰਨ ਲਈ ਖੁੱਲੇ ਅਰਥਚਾਰੇ, ਸਮਾਜਵਾਦੀ ਅਰਥਚਾਰੇ ਅਤੇ ਵਿਚ-ਵਿਚਾਲੇ ਵਾਲੇ ਅਰਥਚਾਰਿਆਂ ਦੇ ਉੱਚੇ ਅਤੇ ਨੀਵੇਂ ਬਿੰਦੂਆਂ ਦੇ ਲੋੜ ਮੁਤਾਬਿਕ ਹਵਾਲੇ ਦੇਣਾ ਇਹਨਾਂ ਦੀ ਆਦਤ ਹੀ ਨਹੀਂ ਬਣ ਗਈ ਸਗੋਂ ਇਹ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਹਨ ਪਰ ਇਹ ਨਹੀਂ ਦੱਸਦੇ ਕਿ ਇਹਨਾਂ ਅਰਥਚਾਰਿਆਂ ਨੂੰ ਇਕੋ ਸਮੇਂ ਇੱਕ ਦੇਸ਼ ਵਿੱਚ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ? ਇਹਨਾਂ ਦੀਆਂ ਆਪਾ ਵਿਰੋਧਤਾਈਆਂ ਦਾ ਕੀ ਹੱਲ ਹੈ?

ਇੱਕ ਸਿਸਟਮ ਡੀਮਾਂਡ ਐਂਡ ਸਪਲਾਈ ਵਿੱਚ ਸਤੁੰਲਨ ਡੰਡੇ ਨਾਲ ਲਿਆਉਂਦਾ ਹੈ ਅਤੇ ਦੂਜਾ 'ਖੁੱਲੇ ਵਹਾਅ' ਨਾਲ। ਦੋਵਾਂ ਵਿੱਚ ਆਪਣੀ ਕਿਸਮ ਦੇ ਦੋਸ਼ ਹਨ ਅਤੇ ਆਪਣੀ ਕਿਸਮ ਦੇ ਗੁਣ ਹਨ ਪਰ ਸੱਭ ਦੇ ਦੋਵੇਂ ਹੱਥੀਂ ਲੱਡੂ ਦੇਣ ਵਾਲਾ ਸਿਸਟਮ ਕਿਹੜਾ ਹੈ?

ਪਿਛਲੇ ਦਿਨੀਂ ਇੱਕ ਖੋਜ ਪਰਚਾ "ਐਨਵਾਇਰਨਮੈਂਟ ਇੰਪੈਕਟਸ ਆਫ ਗਰਾਊਂਡਵਾਟਰ ਇਰੀਗੇਸ਼ਨ ਇਕੌਨਮੀ: ਏ ਕੇਸ ਸਟੱਡੀ ਆਫ ਇੰਡੀਅਨ ਪੰਜਾਬ" ਦੇ ਨਾਮ ਹੇਠ ਛਪਿਆ ਹੈ। ਇਸ ਦੇ ਲੇਖਿਕ ਕੀਰਤੀ ਜੈਨ ਅਤੇ ਸੁੱਚਾ ਸਿੰਘ ਗਿੱਲ ਹਨ। ਇਸ ਵਿੱਚ ਪੰਜਾਬ ਦੀ ਖੇਤੀ ਨੂੰ ਦਰਪੇਸ਼ ਕਈ ਮੁਸ਼ਕਲਾਂ, ਖਾਦਾਂ, ਦਵਾਈਆਂ ਤੇ ਖੇਤੀ ਵਿੱਚ ਮਸ਼ੀਨਰੀ ਦੀ ਵਧ ਰਹੀ ਵਰਤੋਂ ਦੇ ਲਾਭ-ਹਾਣ, ਖੇਤੀ ਉਪਜ ਦੀ ਘਟ ਰਹੀ ਗੁਣਵੱਤਾ, ਪਾਣੀ ਦੀ ਵਧ ਰਹੀ ਕਿੱਲਤ, ਵਾਤਾਵਰਣ ਅਤੇ ਜ਼ਮੀਨ ਦੀ ਸਿਹਤ ਉੱਤੇ ਪੈ ਰਹੇ ਬੁਰੇ ਅਸਰ ਆਦਿ ਦੇ ਮੁੱਦੇ ਵਿਚਾਰੇ ਗਏ ਹਨ। 25-30 ਸਫ਼ੇ ਦੀ ਇਸ ਰਪੋਰਟ ਦੇ ਅੰਤ 'ਚ ਉਪਰੋਕਤ ਸੱਭ ਬਾਰੇ ਜਾਗਰੂਕਤਾ ਅਤੇ ਐਜੂਕੇਸ਼ਨ ਦੀ ਗੱਲ ਕੀਤੀ ਗਈ ਹੈ।

ਡਾ: ਗਿਆਨ ਸਿੰਘ ਨੇ ਇਸ ਰਪੋਰਟ ਬਾਰੇ ਇੱਕ ਲੇਖ ਪੰਜਾਬੀ ਪਰਚੇ ਟ੍ਰਿਬਿਊਨ (ਚੰਡੀਗੜ੍ਹ) ਵਿੱਚ ਲਿਖਿਆ ਹੈ। ਇਸ ਲੇਖ ਵਿੱਚ ਡਾ: ਗਿਆਨ ਸਿੰਘ ਇਸ ਰਿਪੋਰਟ ਦੇ ਤਕਰੀਬਨ ਹਰ 'ਡਾਇਗਨੋਜ਼' ਨਾਲ ਵਿੰਗ-ਵਲ਼ ਪਾ ਕੇ ਸਹਿਮਤੀ ਦਿੰਦੇ ਹਨ ਪਰ ਅੰਤ ਵਿੱਚ ਜਾਗਰੂਕ ਕਰਨ ਅਤੇ ਸਿਖਲਾਈ ਦੇਣ ਦੀਆਂ ਨਸੀਅਤਾਂ ਨੂੰ ਬੇਅਰਥ ਦੱਸ ਕੇ ਨਕਾਰ ਦਿੰਦੇ ਹਨ।

ਰਪੋਰਟ ਵਿੱਚ ਮੁਸ਼ਕਲਾਂ ਦੀ ਕੀਤੀ ਗਈ ਨਿਸ਼ਾਨਦੇਹੀ (ਡਾਇਗਨੋਜ਼) ਨਾਲ ਸਹਿਮਤ ਹਨ ਪਰ ਹੱਲ ਦੇ ਸੁਝਾਵਾਂ ਨਾਲ ਨਹੀਂ। ਚਲੋ ਇਸ ਨੁਕਤੇ ਬਾਰੇ ਨਾ ਸਹਿਮਤ ਹੋਣ ਦਾ ਵੀ ਉਹਨਾਂ ਨੂੰ ਹੱਕ ਹੈ ਪਰ ਅਗਰ ਉਹ ਮੁਸ਼ਕਲਾਂ ਬਾਰੇ ਸਹਿਮਤ ਹਨ ਤਾਂ ਇਹਨਾਂ ਦੇ ਹੱਲ ਬਾਰੇ ਤਾਂ ਕੁਝ ਦੱਸਣਾ ਬਣਦਾ ਸੀ। ਜਨਾਬ ਡਾ: ਗਿਆਨ ਸਿੰਘ ਤੋੜਾ ਏਥੇ ਸੁੱਟਦੇ ਹਨ ਕਿ ਸਾਰੀਆਂ ਸਮੱਸਿਆਵਾਂ ਦਾ ਹੱਲ ਸਰਕਾਰਾਂ, ਖਾਸ ਕਰਕੇ ਕੇਂਦਰ ਸਰਕਾਰ ਕਰੇ। ਕਿਵੇਂ ਕਰੇ ਇਸ ਬਾਰੇ ਵੀ ਇੱਕ ਅੱਖਰ ਨਹੀਂ ਲਿਖਿਆ। ਇਹ ਤਾਂ ਧੂੜ ਵਿੱਚ ਟੱਟੂ ਭਜਾਉਣ ਵਾਲੀ ਗੱਲ ਹੈ।

ਕੀਰਤੀ ਜੈਨ ਅਤੇ ਸੁੱਚਾ ਸਿੰਘ ਗਿੱਲ ਦੀ ਇਸ ਰਪੋਰਟ ਵਿੱਚ ਵਿਚਾਰੇ ਗਏ ਕੁਝ ਨੁਕਤੇ ਇੰਝ ਹਨ। ਇਹ ਨੁਕਤੇ ਇਸ ਤਰਤੀਬ ਵਿੱਚ ਨਹੀਂ ਹਨ ਜਿਸ ਵਿੱਚ ਹੇਠ ਦਿੱਤੇ ਜਾ ਰਹੇ ਹਨ। ਸਾਰੀ ਰਪੋਰਟ ਅੰਗਰੇਜ਼ੀ ਵਿੱਚ ਹੈ ਅਤੇ ਹੇਠ ਪੰਜਾਬੀ ਵਿੱਚ ਦਿੱਤੇ ਨੁਕਤੇ ਹੁਅਬਹੂ ਤਰਜਮਾ ਨਹੀਂ ਹਨ ਸਗੋਂ ਨੁਕਤਿਆਂ ਦੀ ਭਾਵਨਾ ਦੀ ਤਰਜਮਾਨੀ ਕਰਦੇ ਹਨ।

1) ਇਸ ਸਟੱਡੀ ਵਿੱਚ ਸਰਕਾਰੀ ਸਰੋਤਾਂ ਅਤੇ ਅਦਾਰਿਆਂ ਦੀਆਂ ਰਪੋਰਟਾਂ ਦਾ ਡੈਟਾ ਵੀ ਵਰਤਿਆ ਗਿਆ ਹੈ ਜਿਸ ਨੂੰ ਰਪੋਰਟ ਵਿੱਚ ਸੈਕੰਡਰੀ ਡੈਟਾ ਦਾ ਨਾਮ ਦਿੱਤਾ ਗਿਆ। ਸੈਕੰਡਰੀ ਡੈਟਾ ਦੀ ਵਰਤੋਂ ਖਾਦਾਂ, ਪੈਸਟੇਸਾਈਡਜ਼ ਅਤੇ ਫਾਰਮ ਮਸ਼ੀਨਰੀ ਦੇ ਪੈਟਰਨ ਦੀ ਟੋਹ ਲਗਾਉਣ ਲਈ ਕੀਤਾ ਗਿਆ।

ਸਿੱਧੀ ਜਾਣਕਾਰੀ ਹਾਸਲ ਕਰਨ ਲਈ ਪੰਜਾਬ ਦੇ 4 ਜ਼ਿਲਿਆਂ ਵਿੱਚ 320 ਕਿਸਾਨਾਂ ਨਾਲ ਗੱਲਬਾਤ ਕੀਤੀ ਗਈ ਹੈ ਅਤੇ ਸਟੱਡੀ ਵਿੱਚ ਇਸ ਨੂੰ ਪ੍ਰਾਈਮਰੀ ਡੈਟਾ ਦਾ ਨਾਮ ਦਿੱਤਾ ਗਿਆ ਹੈ। ਪ੍ਰਾਈਮਰੀ ਡੈਟਾ ਦੀ ਵਰਤੋਂ ਪ੍ਰਤੀ ਏਕੜ ਖਾਦਾਂ ਅਤੇ ਕੈਮੀਕਲ ਦਵਾਈਆਂ ਦੀ ਉਪਯੋਗਤਾ ਤੇ ਖਰਚੇ ਦਾ ਕਿਆਸ ਲਾਉਣ ਲਈ ਕੀਤੀ ਗਈ ਹੈ।

2) ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਨਾਲ 71% ਸਿੰਚਾਈ ਹੁੰਦੀ ਹੈ। 1.4 ਮਿਲੀਅਨ ਟਿਊਬਵੈੱਲ ਲੱਗ ਹੋਏ ਹਨ ਅਤੇ 91% ਟਿਊਬਵੈੱਲ


ਡਾ. ਗਿਆਨ ਸਿੰਘ


ਡਾ. ਸੁੱਚਾ ਸਿੰਘ ਗਿੱਲ

ਬਿਜਲੀ ਸਬਸਿਡੀ ਨਾਲ ਚੱਲਦੇ ਹਨ।

3) ਸੂਬੇ ਦੇ ਖੇਤੀ ਹੇਠਲੇ ਰਕਬੇ ਦਾ 84% ਹਿੱਸਾ ਕਣਕ-ਝੋਨੇ ਦੇ ਫਸਲੀ ਚੱਕਰ ਹੇਠ ਹੈ।

4) ਕਣਕ ਅਤੇ ਝੋਨੇ ਦਾ ਫਸਲੀ ਚੱਕਰ ਸੂਬੇ ਵਿੱਚ ਖਾਦਾਂ ਅਤੇ ਫਸਲੀ ਦਵਾਈਆਂ ਦੀ ਵਰਤੋਂ ਦਾ 81% ਹਿੱਸਾ ਖਾਂਦਾ ਹੈ।

5) ਕਣਕ ਅਤੇ ਝੋਨੇ ਦੇ ਫਸਲੀ ਚੱਕਰ ਕਾਰਨ ਜ਼ਮੀਨ ਦੀ ਗੁਣਵੱਤਾ ਘੱਟ ਰਹੀ ਹੈ। ਆਰਗੈਨਿਕ ਕਾਰਬਨ ਤੇ ਹੋਰ ਤੱਤ ਘਟ ਰਹੇ ਹਨ ਅਤੇ ਜ਼ਮੀਨ ਦਾ ਪੀਐੱਚ ਲੈਵਲ ਬਦਲ ਰਿਹਾ ਹੈ। ਜ਼ਮੀਨ ਦੀ ਗੁਣਵੱਤਾ ਘੱਟਣ ਨਾਲ ਖਾਦਾਂ ਦੀ ਉਪਯੋਗਤਾ ਘਟ ਰਹੀ ਹੈ ਜਿਸ ਦਾ ਉਪਜ (ਝਾੜ) ਉੱਤੇ ਬੁਰਾ ਅਸਰ ਪੈ ਰਿਹਾ ਹੈ।

6) ਨਾਈਟਰੋਜਨ ਅਧਾਰਿਤ ਖਾਦਾਂ ਅਤੇ ਪੈਟੇਸਾਈਡਜ਼ (ਰਸਾਇਣਕ ਦਵਾਈਆਂ) ਦੀ ਵਰਤੋਂ ਵਧਣ ਨਾਲ ਉਪਜ ਦੀ ਗੁਣਵੱਤਾ ਘਟ ਰਹੀ ਹੈ ਅਤੇ ਗਰਾਂਉਡ ਵਾਟਰ ਵਿੱਚ ਜ਼ਹਿਰੀਲਾ ਮਾਦਾ (ਟੌਕਸੇਸਿਟੀ) ਵਧਣ ਨਾਲ ਮਾਰੂ ਬੀਮਾਰੀਆਂ ਜਿਵੇਂ ਭਰੂਣ-ਰੋਗ, ਕੈਂਸਰ, ਕਿਡਨੀ ਫੇਹਲ ਹੋਣਾ, ਗੁਭਪਾਤ ਹੋਣਾ ਅਤੇ ਸ਼ੁਕਰਰੋਗ (ਡਾਇਬਿਟੀਜ਼) ਵਗੈਰਾ ਵਿੱਚ ਵਾਧਾ ਹੋ ਰਿਹਾ ਹੈ।

7) ਰਪੋਰਟ ਮੁਤਾਬਿਕ ਸਾਲ 2017 ਵਿੱਚ ਗਰਾਊਂਡ ਵਾਟਰ ਇਰੀਗੇਸ਼ਨ ਲਈ ਵਰਤੇ ਜਾਂਦੇ ਪਾਣੀ ਦਾ ਸਾਲਾਨਾ ਡੈਫੇਸਟ (ਘਾਟਾ) 14 ਬਿਲੀਅਨ ਕਿਊਬਿਕ ਮੀਟਰ ਸੀ। 1997 ਵਿੱਚ ਟਿਊਵੈਲਾਂ ਲਈ ਮੁਫ਼ਤ ਬਿਜਲੀ ਦਿੱਤੇ ਜਾਣ ਨਾਲ ਗਰਾਊਂਡ-ਵਾਟਰ ਦੀ ਵਰਤੋਂ ਹੋਰ ਵਧ ਗਈ ਹੈ। 1975 ਤੋਂ 2017 ਤੱਕ ਗਰਾਊਂਡ ਵਾਟਰ ਟੇਬਲ ਦੋਗੁਣ ਤੋਂ ਵੀ ਹੇਠ ਚਲੇ ਗਿਆ ਹੈ। ਪੰਜਾਬ ਦੇ ਜਿਹਨਾਂ ਬਲਾਕਾਂ ਵਿੱਚ ਝੋਨਾ ਵੱਧ ਲਗਾਇਆ ਜਾਂਦਾ ਹੈ ਉਹਨਾਂ ਵਿੱਚ ਵਾਟਰ ਟੇਬਲ ਹੋਰ ਵੀ ਹੇਠ ਗਿਆ ਹੈ। ਗਰਾਊਂਡ-ਵਾਟਰ ਦੀ ਹੋ ਵਰਤੋਂ ਸਸਟੇਨੇਬਲ ਨਹੀਂ ਹੈ ਭਾਵ ਪਾਣੀ ਘਟਦਾ ਜਾ ਰਿਹਾ ਹੈ ਜਿਸ ਦਾ ਖੇਤੀ ਉੱਤੇ ਬੁਰਾ ਅਸਰ ਪਵੇਗਾ। ਇਸ ਮਾਤਰਾ ਵਿੱਚ ਵਰਤੋਂ ਲਗਾਤਾਰ ਜਾਰੀ ਨਹੀਂ ਰਹਿ ਸਕਦੀ ਕਿਉਂਕਿ ਪਾਣੀ ਘਟਦਾ ਜਾ ਰਿਹਾ ਹੈ।

8) 1960 ਵਿੱਚ ਪੰਜਾਬ ਵਿੱਚ ਖਾਦਾਂ ਦੀ ਖਪਤ 5 ਹਜ਼ਾਰ ਟੰਨ ਸੀ ਜੋ 2017 ਵਿੱਚ 2 ਮਿਲੀਅਨ ਟੰਨ ਹੋ ਗਈ। 1975 ਵਿੱਚ ਭਾਰਤ ਦੀ ਕੁੱਲ ਪੈਸਟੇਸਾਈਡਜ਼ ਦੀ 8% ਵਰਤੋਂ ਪੰਜਾਬ ਵਿੱਚ ਹੁੰਦੀ ਸੀ ਜੋ ਸਾਲ 2000 ਵਿੱਚ 16% ਹੋ ਗਈ ਅਤੇ ਹੁਣ ਕੁਝ ਘੱਟ ਰਹੀ ਹੈ।

9) ਇਸ ਰਪੋਰਟ ਮੁਤਾਬਿਕ ਖਾਦਾਂ ਅਤੇ ਪੈਸਟੇਸਾਈਡਜ਼ ਦੀ ਵਰਤੋਂ ਫਸਲ ਦੀ ਉਪਜ ਉੱਤੇ ਬੁਰੇ ਅਸਰ ਤੋਂ ਬਿਨਾਂ ਵੀ ਘਟਾਈ ਜਾ ਸਕਦੀ ਹੈ। ਝੋਨੇ ਲਈ ਖਾਦਾਂ ਦੀ ਵਰਤੋਂ 18% ਅਤੇ ਪੈਸਟੇਸਾਈਡਜ਼ ਦੀ ਵਰਤੋਂ 24% ਘਟਾਈ ਜਾ ਸਕਦੀ ਹੈ। ਬਾਕੀ ਸਾਰੇ ਪੈਮਾਨੇ ਓਸੇ ਤਰਾਂ ਰਹਿਣ ਤਾਂ ਝੋਨੇ ਲਈ ਪ੍ਰਤੀ ਏਕੜ 28 ਕਿਲੋ ਖਾਦ ਦੀ ਬਚਤ ਅਤੇ 380 ਰੁਪਏ ਪ੍ਰਤੀ ਏਕੜ ਕੈਮੀਕਲ ਦਵਾਈਆਂ ਦੀ ਖਪਤ ਘਟਾਈ ਜਾ ਸਕਦੀ ਹੈ। ਏਸੇ ਤਰਾਂ ਕਣਕ ਲਈ ਖਾਦਾਂ ਦੀ ਵਰਤੋਂ 20% ਅਤੇ ਕੈਮੀਕਲ ਦਵਾਈਆਂ ਦੀ ਖਪਤ 32% ਘਟਾਈ ਜਾ ਸਕਦੀ ਹੈ। ਰਪੋਰਟ ਮੁਤਾਬਿਕ ਇਸ ਨਾਲ ਝਾੜ ਉੱਤੇ ਬੁਰਾ ਅਸਰ ਨਹੀਂ ਪਵੇਗਾ ਪਰ ਇਸ ਨਾਲ ਕਿਸਾਨ ਦਾ ਖਰਚਾ ਘਟੇਗਾ ਅਤੇ ਵਾਤਾਵਰਣ (ਸਮੇਤ ਜ਼ਮੀਨ) ਉੱਤੇ ਮਾਰੂ ਅਸਰ ਵੀ ਘਟੇਗਾ।

10) ਇਸ ਰਪੋਰਟ ਮੁਤਾਬਿਕ ਸਾਲ 2017-18 ਦੌਰਾਨ ਪੰਜਾਬ ਵਿੱਚ ਮਿੱਟੀ ਦੇ ਜੋ ਸੈਂਪਲ ਟੈਸਟ ਕੀਤੇ ਗਏ ਸਨ ਉਹਨਾਂ ਮੁਤਾਬਿਕ ਆਰਗੈਨਿਕ ਕਾਰਬਨਜ਼ ਦੀ ਕਮੀ 90% ਪਾਈ ਗਈ ਸੀ ਜਦਕਿ ਨਾਈਟਰੋਜਨ ਦੀ ਕਮੀ ਸਿਰਫ਼ 4% ਸੀ। ਆਰਗੈਨਿਕ ਕਾਰਬਨਜ਼ ਨਾਲ ਮਿੱਟੀ ਦੀ ਨਾਈਟਰੋਜਨ ਸਪਲਾਈ ਯੋਗਤਾ (ਕਪੈਸਟੀ) ਵਧਦੀ ਹੈ। ਪੰਜਾਬ ਵਿੱਚ ਨਾਈਟਰੋਜਨ ਖਾਦਾਂ (ਯੂਰੀਆ) ਦੀ ਖਪਤ ਵਧ ਰਹੀ ਹੈ ਪਰ ਮਿੱਟੀ ਵਿੱਚ 'ਨਾਈਟਰੋਜਨ ਸਪਲਾਈ ਕਪੈਸਿਟੀ' ਬਹੁਤ ਘਟ ਗਈ ਹੈ ਕਿਉਂਕਿ ਆਰਗੈਨਿਕ ਕਾਰਬਨਜ਼ ਨੂੰ ਵਧਾਉਣ ਦਾ ਕੋਈ ਚਾਰਾ ਨਹੀਂ ਕੀਤਾ ਜਾ ਰਿਹਾ। ਆਰਗੈਨਿਕ ਢੇਰ ਦੀ ਵਰਤੋਂ ਵਧਾਉਣ ਅਤੇ ਫਸਲੀ ਰਹਿੰਦ-ਖੂੰਹਦ ਨੂੰ ਜ਼ਮੀਨ ਵਿੱਚ ਵਾਹੁਣ ਨਾਲ ਆਰਗੈਨਿਕ ਕਾਰਬਨਜ਼ ਵਿੱਚ ਵਾਧਾ ਹੁੰਦਾ ਹੈ। ਇਸ ਦੇ ਓਲਟ ਫਸਲੀ ਰਹਿੰਦ-ਖੂੰਹਦ (ਨਾੜ, ਪਰਾਲੀ ਵਗੈਰਾ) ਨੂੰ ਸਾੜਨ ਨਾਲ ਆਰਗੈਨਿਕ ਕਾਰਬਨਜ਼ ਦਾ ਘਾਟਾ ਪੈਂਦਾ ਹੈ, ਜ਼ਮੀਨ ਨੂੰ ਉਪਜਾਊ ਬਣਾਉਣ ਵਾਲੇ ਬੈਕਟੀਰੀਅਜ਼ ਤੇ ਜੀਵ ਵੀ ਮਰਦੇ ਹਨ ਅਤੇ ਵਾਤਾਵਰਣ ਪਲੀਤ ਹੁੰਦਾ ਹੈ। ਖਾਦਾਂ ਦੀ ਵਰਤੋਂ ਵਧਾਉਣ ਦੇ ਬਾਵਜੂਦ ਇਹਨਾਂ ਦੀ ਉਪਯੋਗਤਾ ਘਟ ਰਹੀ ਹੈ ਭਾਵ ਫਸਲੀ ਝਾੜ ਵਿੱਚ ਮੁਕਬਲਤਨ ਵਾਧਾ ਨਹੀਂ ਹੋ ਰਿਹਾ। ਪੰਜਾਬ ਦੀ ਜ਼ਮੀਨ ਵਿੱਚ ਕਈ ਮਾਈਕਰੋ-ਤੱਤ ਵੀ ਘਟਦੇ ਜਾ ਰਹੇ ਹਨ ਜਿਸ ਨਾਲ ਉਪਜ ਦੀ ਗੁਣਵੱਤਾ ਘਟ ਰਹੀ ਹੈ।

11) ਇੱਕ ਟੰਨ ਪਰਾਲੀ ਸਾੜਨ ਨਾਲ ਪੰਜ ਕਿਲੋ ਤੋਂ ਵਧ ਨਾਈਟਰੋਜਨ, 2 ਕਿਲੋ ਫਾਸਫੋਰਸ, ਇੱਕ ਕਿਲੋ ਸਲਫਰ, ਵੱਡੀ ਮਾਤਰਾ ਵਿੱਚ ਆਗੈਨਿਕ ਕਾਰਬਨਜ਼ ਅਤੇ ਹੋਰ ਤੱਤ ਸੜ ਦਿੱਤੇ ਜਾਂਦੇ ਹਨ। ਪੰਜਾਬ ਵਿੱਚ ਹਰ ਸਾਲ 20 ਮਿਲੀਅਨ ਟੰਨ ਪਰਾਲੀ ਸਾੜੀ ਜਾਂਦੀ ਹੈ ਜਿਸ ਤੋਂ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ ਹੈ।

12) ਇਸ ਰਪੋਰਟ ਨੇ ਇਕ ਹੋਰ ਅਹਿਮ ਨੁਕਤਾ ਇਹ ਦੱਸਿਆ ਹੈ। ਜਦ ਕਿਸਾਨਾਂ ਤੋਂ ਪੁੱਛਿਆ ਗਿਆ ਕਿ ਉਹ ਮਾਹਰਾਂ ਵਲੋਂ ਦਰਸਾਈ ਜਾਂ ਸਿਫਾਰਸ਼ ਕੀਤੀ ਮਾਤਰਾ ਵਿੱਚ ਖਾਦਾਂ ਅਤੇ ਦਵਾਈਆਂ ਕਿਉਂ ਨਹੀਂ ਵਰਤਦੇ ਤਾਂ 58% ਨੇ ਕਿਹਾ ਕਿ ਉਹ ਮਹਿਸੂਸ ਕਰਦੇ ਹਨ ਕਿ ਸਿਫਾਰਸ਼ ਕੀਤੀ ਗਈ ਮਾਤਰਾ ਕਾਫ਼ੀ ਨਹੀਂ ਹੈ। ਜਦਕਿ 42% ਨੇ ਕਿਹਾ ਕਿ ਉਹਨਾਂ ਨੂੰ ਸਿਫਾਰਸ਼ ਕੀਤੀ ਮਾਤਰਾ ਸਮਝਣ ਵਿੱਚ ਦਿੱਕਤ ਆਉਂਦੀ ਹੈ। ਪੰਜਾਬ ਦੇ 60% ਕਿਸਾਨ ਫਸਲੀ ਰਹਿੰਦ-ਖੂੰਹਦ ਸਾੜਦੇ ਹਨ ਅਤੇ ਇਸ ਦੇ ਕਈ ਵੱਖ ਵੱਖ ਕਾਰਨ ਦੱਸਦੇ ਹਨ। ਪੰਜਾਬ ਵਿੱਚ ਟਰੈਕਟਰਾਂ ਦੀ ਗਿਣਤੀ ਲੋੜ ਤੋਂ ਕਾਫ਼ੀ ਵੱਧ ਦੱਸੀ ਗਈ ਹੈ ਜਿਸ ਨਾਲ ਕਿਸਾਨ ਦੀ ਲਾਗਤ ਵਧ ਜਾਂਦੀ ਹੈ ਅਤੇ ਮਸ਼ੀਨਰੀ ਦੀ ਉਪਯੋਗਤਾ ਘਟ ਜਾਂਦੀ ਹੈ।

ਜਾਹਰ ਹੈ ਕਿ ਕਿਸਾਨ ਪੂਰੀ ਤਰਾਂ ਜਾਗਰੂਕ ਨਹੀਂ ਹਨ। ਉਹਨਾਂ ਦੀਆਂ ਕੁਝ ਮਜਬੂਰੀਆਂ ਵੀ ਹੋ ਸਕਦੀਆਂ ਹਨ ਅਤੇ ਜਾਗਰੂਕਤਾ ਦੀ ਘਾਟ ਵੀ ਹੋ ਸਕਦੀ ਹੈ। ਅਜੇਹੇ ਸਾਰੇ ਨੁਕਤਿਆਂ ਨੂੰ ਧਿਆਨ ਵਿੱਚ ਰੱਖ ਕੇ ਇਸ ਰਪੋਰਟ ਦੇ ਅੰਤ ਵਿੱਚ ਸਿਖਲਾਈ ਤੇ ਜਾਗਰੂਕਤਾ ਦੀ ਗੱਲ ਕੀਤੀ ਗਈ ਹੈ।

ਆਪਣੇ ਲੇਖ ਵਿੱਚ ਡਾ: ਗਿਆਨ ਸਿੰਘ ਰਪੋਰਟ ਵਿਚਲੇ ਨੁਕਤਿਆਂ ਨਾਲ ਬਹੁਤ ਹੱਦ ਤੱਕ ਸਹਿਮਤ ਹੈ ਪਰ ਮੁਸ਼ਕਲਾਂ ਦਾ ਭਾਂਡਾ ਸਰਕਾਰ ਸਿਰ ਭੰਨਦਾ ਹੈ। ਡਾ: ਗਿਆਨ ਸਿੰਘ ਇੰਝ ਨੁਕਤਿਆਂ ਦੀ ਸਹਿਮਤੀ ਬਿਆਨ ਕਰਦਾ ਹੈ।

1) ਇਸ ਦੇ ਨਤੀਜੇ ਇਹ ਦੱਸਣ ਦੀ ਕੋਸ਼ਿਸ਼ ਹਨ ਕਿ ਪੰਜਾਬ ਵਿਚ ਖੇਤੀਬਾੜੀ ਵਿਧੀਆਂ ਨਾਲ ਵਾਤਾਵਰਨ ਨੂੰ ਦਰੁਸਤ ਨਹੀਂ ਰੱਖਿਆ ਜਾ ਸਕਿਆ। ਉੱਚੀ ਫ਼ਸਲ ਘਣਤਾ ਅਤੇ ਖੇਤੀ ਇਨਪੁਟਸ ਦੀ ਵਰਤੋਂ ਨਾਲ ਭਰਪੂਰ ਖੇਤੀਬਾੜੀ ਢਾਂਚੇ ਦੁਆਰਾ ਧਰਤੀ, ਹਵਾ, ਪਾਣੀ ਅਤੇ ਮਨੁੱਖਾਂ ਵਿਚ ਵਿਗਾੜ ਆਏ ਹਨ।

2) ਇਨ੍ਹਾਂ ਸਮੱਸਿਆਵਾਂ ਉੱਤੇ ਕਾਬੂ ਪਾਉਣ ਲਈ ਖੋਜ ਅਧਿਐਨ ਵਿਚ ਇਹ ਸਮਝਾਉਣ ਦੀ ਕੋਸ਼ਿਸ਼ ਹੈ ਕਿ ਕਿਸਾਨਾਂ ਵਿਚ ਮਿੱਟੀ ਦੀ ਪਰਖ ਕਰਵਾਉਣ ਦੇ ਫ਼ਾਇਦੇ ਅਤੇ ਜੈਵਿਕ ਖਾਦਾਂ ਅਤੇ ਜੈਵਿਕ-ਕੀਟਨਾਸ਼ਕਾਂ ਦੀ ਵਰਤੋਂ ਸੰਬੰਧੀ ਜਾਗਰੂਕਤਾ ਫੈਲਾਉਣ ਦੀ ਸਖ਼ਤ ਜ਼ਰੂਰਤ ਹੈ।

3) ਇਸ ਵਿਚ ਭੋਰਾ ਵੀ ਸ਼ੱਕ ਨਹੀਂ ਕਿ ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬ ਦੀ ਧਰਤੀ, ਹਵਾ, ਪਾਣੀ ਅਤੇ ਆਰਥਿਕਤਾ ਵਿਚ ਵੱਡੇ ਪੱਧਰ ਉੱਪਰ ਵਿਗਾੜ ਆਏ ਹਨ ਜਿਨ੍ਹਾਂ ਦਾ ਜੀਵਾਂ ਦੀ ਜ਼ਿੰਦਗੀ ਉੱਪਰ ਮਾਰੂ ਅਸਰ ਪੈ ਰਿਹਾ ਹੈ।

4) ਕੇਂਦਰ ਸਰਕਾਰ ਨੇ ਪੰਜਾਬ ਦੁਆਰਾ ਕੇਂਦਰੀ ਅਨਾਜ ਭੰਡਾਰ ਵਿਚ ਪਾਏ ਸ਼ਾਨਦਾਰ ਯੋਗਦਾਨ ਨੂੰ ਧਿਆਨ ਵਿਚ ਰੱਖਦੇ ਹੋਏ 1973 ਤੋਂ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਝੋਨੇ ਦੀ ਫ਼ਸਲ ਪੰਜਾਬ ਦੇ ਸਿਰ ਮੜ੍ਹ ਦਿੱਤੀ। ਝੋਨੇ ਦੀ ਫ਼ਸਲ ਪੰਜਾਬ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਢੁਕਵੀਂ ਫ਼ਸਲ ਨਹੀਂ ਸੀ। ਉਸ ਸਮੇਂ ਸਾਉਣੀ ਦੌਰਾਨ ਮੁੱਖ ਤੌਰ ਉੱਤੇ ਕਪਾਹ-ਨਰਮਾ ਤੇ ਮੱਕੀ ਦੀਆਂ ਫ਼ਸਲਾਂ ਸਨ ਅਤੇ ਕੁਝ ਇਕ ਸ਼ਿਵਾਲਕ ਨੀਮ ਪਹਾੜੀ ਖੇਤਰਾਂ ਵਿਚ ਬਾਸਮਤੀ ਝੋਨੇ ਦੀ ਲਵਾਈ ਹੁੰਦੀ ਸੀ।

5) ਰਸਾਇਣਾਂ, ਝੋਨੇ ਲਈ 'ਛੱਪੜ ਸਿੰਜਾਈ' ਅਤੇ ਮਜਬੂਰੀਵੱਸ ਝੋਨੇ ਦੀ ਪਰਾਲੀ ਤੇ ਕਣਕ ਦੀ ਨਾੜ ਨੂੰ ਅੱਗ ਲਗਾਉਣਾ ਇੱਥੋਂ ਦੇ ਵਾਤਾਵਰਨ ਨੂੰ ਲਗਾਤਾਰ ਗੰਧਲਾ ਕਰ ਰਹੇ ਹਨ। ਅੱਜਕੱਲ੍ਹ ਪੰਜਾਬ ਦਾ ਰੋਮ ਰੋਮ ਜ਼ਹਿਰੀਲਾ ਹੋ ਚੁੱਕਿਆ ਹੈ ਜਿਸ ਕਾਰਨ ਇੱਥੇ ਰਹਿਣ ਵਾਲੇ ਜੀਵ ਅਕਸਰ ਅਣਗਿਣਤ ਖ਼ਤਰਨਾਕ ਅਤੇ ਜਾਨਲੇਵਾ ਬਿਮਾਰੀਆਂ ਦੀ ਲਪੇਟ ਵਿਚ ਆਏ ਰਹਿੰਦੇ ਹਨ।

6) ਖੋਜ ਅਧਿਐਨ 'ਗਰਾਊਂਡਵਾਟਰ ਡਿਵੈਲਪਮੈਂਟ ਇਨ ਪੰਜਾਬ' ਤੋਂ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਜਿਨ੍ਹਾਂ ਖੇਤਰਾਂ ਵਿਚ ਕਣਕ-ਝੋਨੇ ਦੀਆਂ ਫ਼ਸਲਾਂ ਬੀਜੀਆਂ/ਲਾਈਆਂ ਜਾਂਦੀਆਂ ਹਨ, ਉੱਥੇ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤੱਕ ਹੇਠਾਂ ਗਿਆ ਹੈ। ਇਹ ਖੇਤਰ ਤਿੰਨ-ਚੌਥਾਈ ਤੋਂ ਵੱਧ ਹਨ। 1960-61 ਵਿਚ ਪੰਜਾਬ ਵਿਚ ਸਿਰਫ਼ 7445 ਟਿਊਬਵੈੱਲ ਸਨ ਅਤੇ ਝੋਨੇ ਦੀ ਲਵਾਈ ਕਾਰਨ ਇਨ੍ਹਾਂ ਦੀ ਗਿਣਤੀ ਹੁਣ 15 ਲੱਖ ਦੇ ਕਰੀਬ ਹੋ ਗਈ ਹੈ।

ਉਪਰੋਕਤ ਨੁਕਤੇ ਇਸ ਰਪੋਰਟ ਦਾ ਵੀ ਲੱਗਭੱਗ ਹਿੱਸਾ ਹਨ। ਪਰ ਡਾ: ਗਿਆਨ ਸਿੰਘ ਦਾ ਮੰਨਣਾ ਹੈ, "ਕਿਸਾਨਾਂ ਨੇ ਕੇਂਦਰ ਸਰਕਾਰ ਦਾ ਅਨਾਜ ਭੜੋਲਾ ਤਾਂ ਨੱਕੋ-ਨੱਕ ਭਰਿਆ ਪਰ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਨੇ ਪੰਜਾਬ ਦੀ ਧਰਤੀ, ਹਵਾ, ਪਾਣੀ ਅਤੇ ਆਰਥਿਕਤਾ ਵਿਚ ਵੱਡੇ ਵਿਗਾੜ ਪੈਦਾ ਕਰ ਦਿੱਤੇ।" ਭਾਵ ਸਾਰੇ ਵਿਗਾੜਾਂ ਲਈ ਕੇਂਦਰ ਦੀਆਂ ਨੀਤੀਆਂ ਜ਼ਿੰਮੇਵਾਰ ਹਨ। ਅਤੇ ਕਿਹਾ ਕਿ ਰਪੋਰਟ ਵਿੱਚ ਪੰਜਾਬ ਦੇ ਵਿਗੜਦੇ ਵਾਤਾਵਰਨ ਲਈ ਕਿਸਾਨਾਂ ਦੀ ਅਗਿਆਨਤਾ ਨੂੰ ਕੇਂਦਰ ਬਿੰਦੂ ਬਣਾਉਣ ਦਾ ਯਤਨ ਕੀਤਾ ਗਿਆ ਹੈ।

ਆਪਣੇ ਲੇਖ ਦੇ ਅੰਤ ਵਿੱਚ ਡਾ: ਗਿਆਨ ਸਿੰਘ ਨੇ ਠੋਸ ਨੁਕਤੇ, ਸੁਝਾਓ ਜਾਂ ਹੱਲ ਪੇਸ਼ ਕਰਨ ਦੀ ਥਾਂ ਕੀਤੀ ਕਰਾਈ ਉੱਤੇ ਪਾਣੀ ਇੰਝ ਲਿਖਕੇ ਫੇਰਿਆ ਹੈ, "ਉੱਪਰਲੇ ਤੱਥਾਂ, ਉਨ੍ਹਾਂ ਦੇ ਵਿਸ਼ਲੇਸ਼ਣ ਅਤੇ ਕਿਸਾਨ ਸੰਘਰਸ਼ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਪੰਜਾਬ ਦੇ ਕਿਸਾਨ ਅਤੇ ਖੇਤੀਬਾੜੀ ਨਾਲ ਸੰਬੰਧਿਤ ਹੋਰ ਵਰਗ ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਂਦੇ ਇਨਪੁੱਟਸ ਬਾਰੇ ਬਹੁਤ ਚੰਗੀ ਤਰ੍ਹਾਂ ਜਾਣੂ ਹਨ, ਇਸ ਲਈ ਉਨ੍ਹਾਂ ਨੂੰ ਜਾਗਰੂਕ ਕਰਨ ਅਤੇ ਸਿਖਲਾਈ ਦੇਣ ਬਾਰੇ ਨਸੀਹਤਾਂ ਕੋਈ ਵੀ ਅਰਥ ਨਹੀਂ ਰੱਖਦੀਆਂ ਹਨ। ਪੰਜਾਬ ਦੀ ਧਰਤੀ, ਹਵਾ, ਪਾਣੀ ਅਤੇ ਆਰਥਿਕਤਾ ਦੇ ਵਿਗਾੜਾਂ ਉੱਪਰ ਕਾਬੂ ਪਾਉਣ ਲਈ ਜ਼ਰੂਰੀ ਹੈ ਕਿ ਸਰਕਾਰਾਂ, ਖ਼ਾਸ ਕਰਕੇ ਕੇਂਦਰ ਸਰਕਾਰ, ਆਪਣਾ ਫ਼ਰਜ਼ ਨਿਭਾਉਣ ਤਾਂ ਕਿ ਮੁਲਕ ਦੀ ਅਨਾਜ ਸੁਰੱਖਿਆ ਖ਼ਤਰੇ ਵਿਚ ਨਾ ਪਵੇ।"

ਗਿਆਨ ਸਿੰਘ ਨਾਲੋਂ ਵੀ ਵੱਧ ਸਵੈ-ਭਰੋਸੇ ਨਾਲ ਯਕਤ ਮਾਰਨ ਵਾਲਾ ਇਕ ਹੋਰ ਦਾਰਸ਼ਨਿਕ ਖੇਤੀ ਸ਼ਾਸਤ੍ਰੀ ਅਮਰਜੀਤ ਗਰੇਵਾਲ ਹੈ, ਜਿਸ ਦੀ ਅਫਲਾਤੂਨੀ ਤਜਵੀਜ਼ਾਂ ਦੀ ਪੁਨ-ਛਾਣ ਵਖਰੇ ਤੌਰ 'ਤੇ ਕੀਤੀ ਜਾਵੇਗੀ।

## ਸੰਪਾਦਕ ਦੀ ਡਾਕ

# ਸੰਧੂ ਦਾ ਕਤਲ, ਸ. ਗੁਰਤੇਜ ਸਿੰਘ ਦੀ ਚੀਖ ਤੇ ਗੁਸੈਲ ਚਿੰਤਕ

***'ਪੰਜਾਬ ਟਾਈਮਜ਼' ਦੇ ਪਿਛਲੇ ਅੰਕ (44) ਵਿਚ ਹਰਚਰਨ ਸਿੰਘ ਪਰਹਾਰ ਦਾ ਲੇਖ 'ਹਰਮਿੰਦਰ ਸਿੰਘ ਸੰਧੂ ਦਾ ਕਤਲ, ਸਿੱਖ ਸੰਘਰਸ਼ ਅਤੇ ਪੰਜਾਬ ਦੀਆਂ ਭਵਿਖੀ ਚੁਣੌਤੀਆਂ' ਛਾਪਿਆ ਗਿਆ ਸੀ ਜਿਸ ਵਿਚ ਸ. ਪਰਹਾਰ ਨੇ ਖਾੜਕੂਵਾਦ ਦੇ ਇਕ ਖਾਸ ਦੌਰ ਬਾਰੇ ਕੁਝ ਨੁਕਤੇ ਸਾਂਝੇ ਕੀਤੇ ਸਨ ਅਤੇ ਕੁਝ ਵਿਦਵਾਨਾਂ ਵੱਲੋਂ ਉਠਾਏ ਨੁਕਤਿਆਂ ਬਾਰੇ ਸਵਾਲ ਕੀਤੇ ਸਨ। ਇਸੇ ਪ੍ਰਸੰਗ ਵਿਚ ਹੀ ਸ. ਬਲਕਾਰ ਸਿੰਘ ਦਾ ਲੇਖ ਹਾਸਲ ਹੋਇਆ ਹੈ। ਇਸ ਲੇਖ ਵਿਚ ਉਨ੍ਹਾਂ ਨੁਕਤਿਆਂ ਨੂੰ ਤਾਂ ਵਿਚਾਰਿਆ ਹੀ ਗਿਆ ਹੈ, ਅੱਜ ਦੇ ਮਾਹੌਲ ਵਿਚ ਉਭਰ ਰਹੀ ਸਿਆਸਤ ਬਾਰੇ ਤੌਖਲੇ ਵੀ ਜ਼ਾਹਿਰ ਕੀਤੇ ਗਏ ਹਨ।***

'ਪੰਜਾਬ ਟਾਈਮਜ਼' ਸ਼ਿਕਾਗੋ ਦੀ ਮੀਡੀਆ ਭੂਮਿਕਾ ਸਬੰਧੀ ਮਰਹੂਮ ਅਮੋਲਕ ਸਿੰਘ ਦੀ ਅਗਵਾਈ ਵਿਚ ਅਹਿਮ ਯੋਗਦਾਨ ਰਿਹਾ ਹੈ; ਸਿੱਖ-ਧਰਮ ਅਤੇ ਸਿੱਖ-ਸਿਆਸਤ ਨਾਲ ਜੁੜੇ ਹੋਏ ਮੁੱਦਿਆਂ ਤੇ ਖੁਲ੍ਹਾ ਸੰਵਾਦ ਰਚਾਉਣ ਦੀ ਕੋਸ਼ਿਸ਼ ਹੁੰਦੀ ਰਹੀ ਹੈ। ਮੇਰੇ ਲਈ ਤਸੱਲੀ ਵਾਲੀ ਗੱਲ ਇਹ ਹੈ ਕਿ ਪਰਚੇ ਦੀ ਉਹ ਵਾਲੀ ਰਵਾਇਤ ਅਮੋਲਕ ਦੇ ਤੁਰ ਜਾਣ ਤੋਂ ਬਾਅਦ ਵੀ ਬਣੀ ਹੋਈ ਹੈ। ਇਸ ਪ੍ਰਥਾਇ 'ਪੰਜਾਬ ਟਾਈਮਜ਼' ਦੇ 9 ਅਕਤੂਬਰ 2021 ਵਾਲੇ ਅੰਕ ਵਿਚ ਹਰਚਰਨ ਸਿੰਘ ਪਰਹਾਰ ਦਾ 'ਹਰਮਿੰਦਰ ਸਿੰਘ ਸੰਧੂ ਦਾ ਕਤਲ ਤੇ ਪੰਜਾਬ ਦੀਆਂ ਭਵਿੱਖੀ ਚੁਣੌਤੀਆਂ' ਹੇਠਲਾ ਲੇਖ ਵਿਚਾਰਨਯੋਗ ਹੈ। ਇਸ ਵਿਚ ਪਰਹਾਰ ਨੇ ਜਿਸ ਸੁਹਿਰਦਤਾ ਅਤੇ ਸੌਂਡ ਨਾਲ ਖਾਲਿਸਤਾਨੀ ਚਿੰਤਕਾਂ ਬਾਰੇ ਪ੍ਰਸ਼ਨ ਖੜੇ ਕੀਤੇ ਹਨ, ਉਹ ਧੰਨ ਹੈ।

ਅਜਿਹੇ ਦਾਨਸ਼ਵਰਾਂ ਨੇ ਮੁੱਢ ਤੋਂ ਹੀ ਜਿੰਨਾ ਜ਼ੋਰ ਦੁਸ਼ਮਣ ਧਿਰਾਂ ਦੀ ਨਿਸ਼ਾਨਦੇਹੀ ਕਰਨ 'ਤੇ ਲਾਇਆ ਹੈ, ਓਨੀਂ ਕੋਸ਼ਿਸ਼ ਇਸ ਮੁੱਦੇ ਬਾਰੇ ਗੁਰਮਤਿ ਦੀ ਰੌਸ਼ਨੀ ਵਿਚ ਸੰਵਾਦ ਰਚਾਉਣ ਵਾਸਤੇ ਨਹੀਂ ਕੀਤੀ। ਹੁਣ ਹਾਲਤ ਇਹ ਹੋ ਗਈ ਹੈ ਕਿ ਅਜਿਹੇ ਚਿੰਤਕਾਂ ਨੂੰ ਇਹ ਤਾਂ ਪਤਾ ਹੈ ਕਿ ਵਿਰੋਧ ਵਿਚ ਉਠ ਰਹੀਆਂ ਜਾਂ ਉਠ ਸਕਣ ਵਾਲੀਆਂ ਸੁਰਾਂ ਦੀ ਘੰਡੀ ਕਿਵੇਂ ਦੱਬਣੀ ਹੈ, ਪਰ ਇਹ ਨਹੀਂ ਪਤਾ ਕਿ ਜਿਨ੍ਹਾਂ ਵਾਸਤੇ ਇਹ ਸਿਆਸੀ ਤਾਂਡਵ ਕੀਤਾ ਜਾ ਰਿਹਾ ਹੈ, ਉਨ੍ਹਾਂ ਦੀ ਸਮਝ ਵਿਚ ਜੇ ਖਾਲਿਸਤਾਨ ਬਾਰੇ ਸਪਸ਼ਟ ਨਹੀਂ ਕਰਾਂਗੇ ਤਾਂ ਨਤੀਜੇ, ਭੂਤਕਾਲ ਦੇ ਪ੍ਰਸੰਗ ਵਿਚ 84 ਦੀ ਭਿਆਨਕ ਤ੍ਰਾਸਦੀ ਵਰਗੇ ਨਿਕਲ ਸਕਦੇ ਹਨ ਅਤੇ ਵਰਤਮਾਨ ਪ੍ਰਸੰਗ ਵਿਚ ਕਿਸਾਨਾਂ ਪ੍ਰਤੀ ਮੋਦੀ-ਸ਼ੈਲੀ ਵਰਗੇ ਨਿਕਲ ਸਕਦੇ ਹਨ। ਮੋਦੀ-ਸ਼ੈਲੀ ਇਹ ਹੈ ਕਿ ਤਿੰਨੇ ਕਾਲੇ ਕਾਨੂੰਨ ਕਿਸਾਨੀ ਦੇ ਹਿਤ ਵਿਚ ਹਨ, ਪਰ ਕਿਸਾਨੀ ਦੀ ਸਮਝ ਵਿਚ ਨਹੀਂ ਆ ਰਹੇ। ਬਿਲਕੁਲ ਓਸੇ ਤਰ੍ਹਾਂ ਜਿਵੇਂ ਸਾਡੇ ਨਾਮਨਿਹਾਦ ਖਾਲਿਸਤਾਨੀ ਦਾਨਸ਼ਵਰ ਇਹ ਦੱਸੇ ਬਿਨਾਂ ਕਿ ਖਾਲਿਸਤਾਨ ਕਿਥੇ, ਕਿਵੇਂ ਅਤੇ ਕਿਉਂ ਬਣਨਾ ਹੈ, ਕਹਿ ਰਹੇ ਹਨ ਕਿ ਖਾਲਿਸਤਾਨ, ਸਿੱਖਾਂ ਦੇ ਹੱਕ ਵਿਚ ਹੈ, ਪਰ ਸਿੱਖਾਂ ਨੂੰ ਸਮਝ ਨਹੀਂ ਆ ਰਿਹਾ? ਇਸ ਨਾਲ ਜਿਸ ਤਰ੍ਹਾਂ ਦਾ ਉਲਾਰ ਸਾਹਮਣੇ ਆ ਰਿਹਾ ਹੈ, ਉਸ ਨੂੰ ਗੁਰਮਤਿ ਵਿਚ ਟਿਕਾਉਣਾ ਬਿਲਕੁਲ ਹੀ ਸੰਭਵ ਨਹੀਂ ਹੈ। ਪਰਹਾਰ ਨੇ ਮਿਹਨਤ ਕਰਕੇ ਜਿਸ ਤਰ੍ਹਾਂ ਅਜਿਹੇ ਦਾਨਸ਼ਵਰਾਂ ਦੀਆਂ ਲਿਖਤਾਂ ਅਤੇ ਬਿਜਲਈ ਮੀਡੀਆ ਵਿਚ ਯੂ-ਟਿਊਬ ਦੇ ਹਵਾਲੇ ਸੰਵਾਦ ਲਈ ਵੰਗਾਰਿਆ ਹੈ, ਉਸ ਦੀ ਉਡੀਕ ਕੀਤੇ ਬਿਨਾਂ ਸਿੱਖ ਧਰਮ ਦੇ ਵਿਦਿਆਰਥੀ ਵਾਂਗ ਏਸੇ ਮੁੱਦੇ ਬਾਰੇ ਆਪਣੀ ਸਮਝ ਮੁਤਾਬਿਕ ਗੁਰਮਤਿ ਪ੍ਰਸੰਗ ਸਾਂਝਾ ਕਰਨਾ ਚਾਹੁੰਦਾ ਹਾਂ।

ਗੁਰੂ-ਸੋਚ ਅਰਥਾਤ ਗੁਰਮਤਿ ਇਸ ਵੇਲੇ ਆਪਣੇ ਖਿੱਤਾ ਮੂਲਕ ਇਤਿਹਾਸਕ ਪਰਿਪੇਖ ਵਿਚੋਂ ਨਿਕਲ ਕੇ, ਬਹੁ-ਸਭਿਆਚਾਰਕ ਪ੍ਰਸੰਗ ਵਿਚ ਆਲਮੀ ਸਰੋਕਾਰਾਂ ਵਿਚ ਪਰਵੇਸ਼ ਕਰ ਗਈ ਹੈ। ਇਸ ਨਾਲ ਪੰਜਾਬ ਹੀ ਕਈ ਪੰਜਾਬਾਂ ਦੇ ਰੂਪ ਵਿਚ ਸਾਹਮਣੇ ਆ ਗਿਆ ਹੈ। ਭਾਰਤ ਵਿਚ ਹੀ ਪਾਕਿਸਤਾਨੀ ਪੰਜਾਬ ਦੇ ਨਾਲ ਨਾਲ ਭਾਰਤ ਦੇ ਤਰਾਈ ਖੇਤਰ ਅਤੇ ਦਿੱਲੀ ਸਮੇਤ ਹੋਰ ਸੂਬਿਆਂ ਵਿਚ ਵੱਸੇ ਪੰਜਾਬ ਨੂੰ ਪੰਜਾਬੀ ਸੂਬਾ ਕੇਂਦਰਿਤ ਪੰਜਾਬ ਵਾਂਗ ਨਹੀਂ ਵੇਖਿਆ ਜਾ ਸਕਦਾ। ਸਿੱਖ ਆਪੋ-ਆਪਣੀ ਥਾਈਂ ਮਾਣਮੱਤੇ ਪਾਤਸ਼ਾਹ ਬਣੇ ਬੈਠੇ ਹਨ। ਇਹ ਸਥਿਤੀ ਪੰਜਾਬ ਵਿਚਲੇ ਪਰਵਾਸੀ ਮਜ਼ਦੂਰਾਂ ਨਾਲੋਂ ਭਾਵੇਂ ਬਿਲਕੁਲ ਵੱਖਰੀ ਹੈ, ਪਰ ਅਜੋਕੇ ਮੋੜ 'ਤੇ ਕੁਝ ਤੱਤ-ਪੜੱਤੀਆਂ ਧਿਰਾਂ ਦਾ ਕੋਈ ਵੀ ਬੇਲੋੜਾ ਦਖਲ ਇਸ ਨੂੰ ਉਨ੍ਹਾਂ ਨਾਲੋਂ ਵੀ ਮਾੜੀ ਬਣਾ ਸਕਦਾ ਹੈ। ਇਸ ਬਾਰੇ 3 ਅਕਤੂਬਰ 2021 ਨੂੰ ਜੋ ਕੁਝ ਯੂ.ਪੀ ਦੇ ਲਖੀਮਪੁਰ ਇਲਾਕੇ ਵਿਚ ਵਾਪਰਿਆ ਹੈ, ਉਸ ਨੂੰ ਲੈ ਕੇ ਜਿਹੋ ਜਿਹੇ ਸਵਾਲ ਕੁਝ ਅਜਿਹੇ ਸੱਜਣਾਂ ਵੱਲੋਂ ਉਠਾਏ ਜਾ ਰਹੇ ਹਨ, ਉਹ ਪਹਿਲਾਂ ਹੀ ਪੀੜਤ ਪਰਿਵਾਰਾਂ ਦੇ ਹੱਕ ਵਿਚ ਬਿਲਕੁਲ ਨਹੀਂ ਭੁਗਤ ਸਕਦੇ, ਕਿਉਂਕਿ ਲਖੀਮਪੁਰ ਵਾਲੇ ਕਿਸਾਨਾਂ ਦੀ ਖੁਸ਼ਹਾਲੀ ਭਾਰਤੀ ਪ੍ਰਸੰਗ ਵਿਚ ਹੀ ਹੈ। ਕਿਸਾਨੀ ਲਹੂ ਵਿਚ ਸਿੱਖ ਰੰਗ ਦੇ ਹਵਾਲੇ ਨਾਲ ਇਹ ਜ਼ਰੂਰ ਸਾਹਮਣੇ ਆ ਗਿਆ ਹੈ ਕਿ ਲੋੜ ਪੈਣ 'ਤੇ ਜੂਝ ਮਰਨ ਦਾ ਸਿੱਖ-ਜਜ਼ਬਾ ਬਿਲਕੁਲ ਮਰਿਆ ਨਹੀਂ ਹੈ। ਏਨਾ ਹੋ ਜਾਣ ਦੇ ਬਾਵਜੂਦ ਲਖੀਮਪੁਰ ਦੀ ਕਿਸਾਨੀ ਬਜ਼ੁਰਗੀ ਖਾਲਿਸਤਾਨੀ ਦਖਲ ਨੂੰ ਚਿਮਟੇ ਨਾਲ ਚੁੱਕਣ ਵਾਸਤੇ ਵੀ ਤਿਆਰ ਨਹੀਂ ਹੈ। ਜੇ ਇਸ ਵਾਸਤਵਿਕ ਵਿਵਸਥਾ ਨੂੰ ਸੌੜੀ ਸਿਆਸਤ ਵਿਚ ਜਕੜ ਕੇ ਵੇਖਾਂਗੇ ਤਾਂ ਇਹ ਧਾਰਮਿਕ ਪਛਾਣ ਤੇ ਆਧਾਰਤ ਵੰਡੀਆਂ ਦੀ ਸਿਆਸਤ ਵਾਂਗ ਨਜ਼ਰ ਆਏਗਾ। ਇਸ ਦੀ ਕੀਮਤ ਪਹਿਲਾਂ 1947 ਦੀ ਵੰਡ ਅਤੇ 84 ਵੇਲੇ ਦਿੱਤੀ ਜਾ ਚੁਕੀ ਹੈ ਅਤੇ ਇਸ ਪਾਸੇ ਕਿਸੇ ਵੀ ਸਿਆਸੀ ਰੰਗ ਵਿਚ ਵਧਦੇ ਕਦਮ ਮਾਨਸਿਕ ਆਤੰਕਣ ਪੈਦਾ ਕਰਦੇ ਹਨ। ਬਹੁਤ ਡਰ ਲਗਦਾ ਹੈ। ਇਹ ਵਾਸਤਾ ਮੈਂ ਇਸ ਲਈ ਪਾ ਰਿਹਾ ਹਾਂ ਕਿ ਮੀਡੀਆ ਰਿਪੋਰਟਾਂ ਅਨੁਸਾਰ ਭਾਜਪਾ ਦੇ ਮੋਦੀ/ਅਮਿਤ ਸ਼ਾਹ ਅਤੇ ਪਾਰਟੀ ਦੀ ਯੂ ਪੀ ਇਕਾਈ ਵਿਚ ਚੋਣਾਂ ਤੋਂ ਪਹਿਲਾਂ ਜਿਹੜੀ ਆਪਸੀ ਖਾਨਾਜੰਗੀ ਚਲ ਰਹੀ ਹੈ, ਉਹ ਬਲੀ ਦਾ ਬਕਰਾ ਭਾਲਦੇ ਹਨ। ਅਸੀਂ ਖੁਦ ਆਪਣੇ ਵਲੋਂ ਤਰਾਈ ਦੇ ਸਿੱਖਾਂ ਨੂੰ ਬਲੀ ਦਾ ਬਕਰਾ ਬਣਾਉਣ ਲਈ ਉਨ੍ਹਾਂ ਨੂੰ ਕੋਈ ਬਹਾਨਾ ਨਾ ਦਈਏ। ਪਛਾਣ ਦੀ ਸਿਆਸਤ ਇਸ ਵੇਲੇ ਸਿਧਾਂਤਕੀ ਤੋਂ ਖਿਸਕ ਕੇ ਉਲਾਰ ਸਿਆਸਤ ਵਿਚ ਪਰਵੇਸ਼ ਕਰ ਗਈ ਹੈ। ਇਸ ਵੇਲੇ ਉਲਾਰ-ਖੱਬੂ ਅਤੇ ਉਲਾਰ ਸੱਜੂ ਵਰਗੇ ਸਿਆਸੀ ਪੈਂਤੜਿਆਂ ਦੀ ਅਕਾਦਮਿਕ ਪਹੁੰਚ (ਜੇ ਕਿਧਰੇ ਹੈ), ਸਿਆਸੀ ਮਜ਼ੌਰੀਕਰਣ ਦੀ ਅੰਨ੍ਹੀ ਦੌੜ ਹੁੰਦੀ ਜਾ ਰਹੀ ਹੈ। ਇਸ ਸਿਆਸੀ ਫੱਟਾਬਾਜ਼ੀ ਨੇ ਜਗੀਰਦਾਰੀ ਪਹੁੰਚ ਨੂੰ ਚੇਤਿਆਂ ਵਿਚ ਜਗਾ ਦਿਤਾ ਹੈ ਅਤੇ ਵਿਅਕਤੀਆਂ ਨੂੰ ਕੌਮੀਅਤ ਦੇ ਕਾਲਪਨਿਕ ਆਗੂ ਹੋ ਜਾਣ ਦੇ ਭਰਮ ਦਾ ਸ਼ਿਕਾਰ ਬਣਾ ਦਿੱਤਾ ਹੈ। ਕੌਣ ਕਿਸ ਨੂੰ ਦੱਸੇ ਕਿ ਇਸ ਪ੍ਰਸੰਗ ਵਿਚ ਸਿੱਖਾਂ ਲਈ ਸਿਆਸੀ ਕੁਤਕੇ ਵਾਂਗ ਵਰਤੀ ਜਾ ਰਹੀ ਹੈ। ਖਾਲਿਸਤਾਨੀ ਡੱਬਾਬੰਦੀ ਦੀ ਸਿਆਸਤ ਕਿਸੇ ਦੇ ਵੀ ਹੱਕ ਵਿਚ ਭੁਗਤਦੀ ਨਜ਼ਰ ਨਹੀਂ ਆਉਂਦੀ। ਮੈਨੂੰ ਲੱਗਦਾ ਹੈ ਕਿ ਇਸ ਵੇਲੇ ਖਾਲਿਸਤਾਨੀ ਸਿਆਸਤ ਨਾਲ ਰੋਜ਼ੀ-ਰੋਟੀ ਵਾਂਗ ਜੁੜੇ ਹੋਇਆਂ ਦੀ ਗਿਣਤੀ ਆਟੇ 'ਚ ਲੂਣ ਤੋਂ ਵੱਧ ਨਹੀਂ ਹੈ। ਇਸ ਨੂੰ ਵਧਾ-ਚੜ੍ਹਾ ਕੇ ਇਸ ਦੇ ਹਮਾਇਤੀ ਨਹੀਂ, ਵਿਰੋਧੀ ਪੇਸ਼ ਕਰ ਰਹੇ ਹਨ। ਇਸ ਨਿਗੂਣੀ ਗਿਣਤੀ ਵਿਚੋਂ ਬਹੁਤਿਆਂ ਨੂੰ ਕਿਸੇ ਦੂਜੇ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ ਅਤੇ ਉਹ ਸੋਸ਼ਲ ਮੀਡੀਆ ਦੇ ਆਸਰੇ ਪਨੂੰਨੁਮਾ ਨਿਸ਼ਾਨੇ ਫੁੰਡੀ ਜਾ ਰਹੇ ਹਨ। ਕੁਝ ਅਜਿਹੇ ਵੀ ਹਨ, ਜਿਨ੍ਹਾਂ ਕੋਲ ਗਿਣਤੀ ਦੇ ਅੰਧ ਭਗਤ ਹਨ ਅਤੇ ਉਹ ਅਜਮੇਰਨੁਮਾ ਇਤਿਹਾਸਕ ਹਸਤਾਖਰ ਹੋ ਜਾਣ ਦੇ ਭਰਮਜਾਲ ਵਿਚ ਫਸੇ ਹੋਏ ਹਨ। ਉਹ ਤਾਂ ਕਦੇ "ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ/167॥" ਵਰਗੀ ਹਲੀਮ ਬਚਨਬਧਤਾ ਤੋਂ ਵੀ ਮਹਿਰੂਮ ਜਾਪਦੇ ਹਨ। ਸਤਿਗੁਰੂ ਜੀ ਜੇ ਸੁਮਤਿ ਨਾ ਬਖਸ਼ਣ ਜਾਂ ਆਪਣੇ ਕਰਤੱਬੀਂ ਸਿੱਖ ਗੁਰਮਤਿ ਦੇ ਸਨਮੁਖ ਨ ਰਹੇ ਤਾਂ ਹਾਲਾਤ ਇਹੋ ਜਿਹੇ ਪੈਦਾ ਹੋ ਸਕਦੇ ਹਨ:

ਅੰਧੇ ਕਾ ਨਾਉ ਪਾਰਖੂ ਏਵੈ ਕਰੇ ਕੁਆਉ॥
ਇਲਤ ਕਾ ਨਾਉ ਚੌਧਰੀ ਕੂੜੀ ਪੂਰੇ ਥਾਉ॥1288

ਇਹ ਨਹੀਂ ਭੁਲਣਾ ਚਾਹੀਦਾ ਕਿ ਇਹੋ ਜਿਹੀ ਅਵਸਥਾ ਪੈਦਾ ਹੁੰਦੀ ਵੀ ਰਹੀ ਹੈ ਅਤੇ ਹੁੰਦੀ ਵੀ ਰਹਿਣੀ ਹੈ, ਕਿਉਂਕਿ ਬਾਣੀ ਸਾਰਿਆਂ ਸਮਿਆਂ ਦੇ ਸੱਚ ਨਾਲ ਉਣੀ ਹੋਈ ਹੈ। ਇਸ ਹਾਲਤ ਵਿਚ ਜਿਹੜੀ ਕੋਸ਼ਿਸ਼ ਪਰਹਾਰ ਨੇ ਕੀਤੀ ਹੈ, ਉਹ ਮੈਨੂੰ ਸਬੰਧਤਾਂ ਵਿਚਕਾਰ ਪੈਰ ਰੋਕ ਕੇ ਸੰਵਾਦ ਰਚਾਉਣ ਦੀ ਅਕਾਦਮਿਕ ਰੀਝ ਲੱਗਦੀ ਹੈ। ਅੰਨ੍ਹੇ ਬੋਲਿਆਂ ਦੇ ਘੜਮੱਸ ਵਿਚ ਫਸਿਆ ਪਰਹਾਰ, ਮੈਨੂੰ ਕਸੂਤਾ ਫਸਿਆ ਹੋਇਆ ਲਗਦਾ ਹੈ, ਕਿਉਂਕਿ ਜਿਨ੍ਹਾਂ ਨਾਲ ਸੰਵਾਦ ਰਚਾਉਣ ਦੀ ਰੀਝ ਨਾਲ ਉਸ ਨੇ ਮਿਹਨਤ ਕਰਕੇ ਖਾਲਿਸਤਾਨੀ ਦਾਨਸ਼ਵਰਾਂ ਦੀਆਂ ਲਿਖਤਾਂ ਦੇ ਹਵਾਲੇ ਨਾਲ ਇਹ ਲੇਖ ਲਿਖਿਆ ਹੈ, ਉਸ ਦਾ ਹੁੰਗਾਰਾ ਤਾਂ ਕਿਸੇ ਨੇ ਕੀ ਭਰਨਾ ਹੈ, ਬਿਨਾ ਪੜ੍ਹੇ ਅਣਗੌਲਿਆ ਵੀ ਕੀਤਾ ਜਾ ਸਕਦਾ ਹੈ। ਅਜਿਹਾ ਇਸ ਲਈ ਹੋਣਾ ਹੈ ਕਿਉਂਕਿ ਜੋ ਉਨ੍ਹਾਂ ਦੇ ਹੱਕ ਵਿਚ ਨਹੀਂ ਭੁਗਤਦਾ, ਉਹ ਉਨ੍ਹਾਂ ਵਾਸਤੇ ਨਾ ਹੋਇਆਂ ਵਰਗਾ ਹੈ। ਰਾਏ ਦੇ ਵਿਰੋਧ ਨੂੰ ਦੁਸ਼ਮਨੀ ਵਾਂਗ ਲੈਣ ਦੀ ਵਧੀਕੀ ਖਾਲਿਸਤਾਨੀ ਮਾਨਸਿਕਤਾ ਦੀ ਚੂਲ ਹੋ ਗਈ ਹੈ। ਇਸ ਮਸੀਹੀ ਸੁਰ ਵਿਚ ਜੋ ਉਨ੍ਹਾਂ ਦੀ ਸੁਰ ਵਿਚ ਸੁਰ ਨਹੀਂ ਮਿਲਾਉਂਦਾ, ਉਹ ਉਨ੍ਹਾਂ ਨੂੰ ਗੱਦਾਰੀ ਵਰਗਾ ਦਖਲ ਸਮਝ ਕੇ ਲਗਾਤਾਰ ਰੱਦ ਕਰਦੇ ਆ ਰਹੇ ਹਨ। ਕੌਣ ਉਨ੍ਹਾਂ ਨੂੰ ਸਮਝਾਏ ਕਿ ਬਹੁ-ਸਭਿਆਚਾਰਕ ਪ੍ਰਸੰਗ ਵਿਚ ਜੇ ਕਿਸੇ ਨੂੰ ਡੋਬਾਂਗੇ ਤਾਂ ਆਪ ਵੀ ਡੁੱਬਣ ਵਾਸਤੇ ਤਿਆਰ ਰਹਿਣਾ ਪਵੇਗਾ। ਇਸ ਵੇਲੇ ਸਰਬਤ ਦੇ ਭਲੇ ਵਾਲਿਆਂ ਦੇ ਸਿਦਕ ਅਤੇ ਸੰਤੋਖ ਦਾ ਇਮਤਿਹਾਨ ਹੈ। ਇਸ ਤੋਂ ਭੱਜ ਕੇ ਨਹੀਂ ਬਚਿਆ ਜਾ ਸਕਦਾ।


ਗੁਰਤੇਜ ਸਿੰਘ


ਹਰਮਿੰਦਰ ਸਿੰਘ ਸੰਧੂ


ਪ੍ਰੋ. ਪੂਰਨ ਸਿੰਘ

ਹਰਚਰਨ ਪਰਹਾਰ ਦੇ ਇਸ ਲੇਖ ਦੀ ਚਰਚਾ ਕਰਦਿਆਂ ਮੈਨੂੰ ਅਜਮੇਰ ਸਿੰਘ ਦੇ ਪੁਰਾਣੇ ਸਾਥੀ ਗੁਰਬਚਨ ਦੇ 'ਅਜਮੇਰ ਸਿੰਘ ਦਾ ਵਿਚਾਰਧਾਰਕ ਭੰਬਲਭੂਸਾ' ਨਾਂ ਦੇ ਕਿਤਾਬਚੇ ਦੀ ਯਾਦ ਆ ਗਈ ਹੈ, ਜੋ ਮੈਨੂੰ ਕੁਝ ਦਿਨ ਪਹਿਲਾਂ ਹੀ ਈਮੇਲ ਰਾਹੀਂ ਮਿਲਿਆ ਸੀ। ਗੁਰਬਚਨ ਨੇ ਸਿੱਖ ਨੁਕਤੇ ਤੋਂ ਇਸ ਸਿੱਖ ਚਿੰਤਕ ਦੀ ਕਰੜੀ ਜਵਾਬ-ਤਲਬੀ ਕਰਦਿਆਂ ਲਿਖਿਆ ਹੈ ਕਿ ਇਸ ਨੇ ਸਿੱਖਾਂ ਨੂੰ ਹਿੰਦੂਆਂ ਨਾਲੋਂ ਸਦਾ ਸਦਾ ਲਈ ਨਿਖੇੜਨ ਦੇ ਏਜੰਡੇ ਤਹਿਤ ਸਿੱਖ ਨੌਜਵਾਨਾਂ ਦੇ ਮਨਾਂ ਅੰਦਰ ਸਮੁਚੇ ਹਿੰਦੂ ਸਮਾਜ ਪ੍ਰਤੀ ਅੰਨੀ ਨਫਰਤ ਫੈਲਾਉਣ ਦਾ ਕਾਰਜ ਮਿਥਿਆ ਹੋਇਆ ਹੈ ਅਤੇ ਉਸ ਦਾ ਇਹ ਤਰਕ ਜਿਧਰ ਉਸ ਨੂੰ ਲਈ ਜਾਂਦਾ ਹੈ, ਉਧਰ ਹੀ ਸੰਨਤੋੜ ਭੱਜਾ ਜਾਂਦਾ ਹੈ, ਬਿਨਾ ਦਿਮਾਗ ਉਪਰ ਜੋਰ ਪਾਇਆਂ ਕਿ ਸਿੱਖ ਫਲਸਫਾ ਇਸ ਬਾਰੇ ਕਹਿੰਦਾ ਕੀ ਹੈ ਜਾਂ ਗੁਰਬਾਣੀ ਦੀ ਲੋਅ ਵਿਚ ਖਾਲਸੇ ਦੀ ਜਿੰਮੇਵਾਰੀ ਕੀ ਬਣਦੀ ਹੈ। ਇਸੇ ਕਿਤਾਬ ਵਿਚ ਗੁਰਬਚਨ, ਅਜਮੇਰ ਸਿੰਘ ਨੂੰ ਬਾਰ ਬਾਰ ਦੱਸਦਾ ਹੈ ਕਿ ਸਿੱਖ ਫਲਸਫਾ ਸਿੱਖ ਪੰਥ ਨੂੰ ਸਿਰਫ ਸਿੱਖਾਂ ਤਕ ਸੀਮਤ ਹੋਣ ਦੀ ਆਗਿਆ ਨਹੀਂ ਦਿੰਦਾ, ਬਲਕਿ ਸਰਬਤ ਦੇ ਭਲੇ ਲਈ ਸਮੁਚੇ ਪੰਜਾਬ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦੇਣ ਦੀ ਮੰਗ ਕਰਦਾ ਹੈ।

ਅਜਮੇਰ ਸਿੰਘ ਯੂ-ਟਿਊਬ 'ਤੇ ਪਏ ਆਪਣੇ ਢੇਰਾਂ ਪ੍ਰਵਚਨਾਂ ਵਿਚ ਗੁਰਬਾਣੀ ਦੇ ਹਵਾਲੇ ਨਾਲ ਸਿੱਖਾਂ ਨੂੰ ਅੰਤਰ-ਹਉਮੈ ਦੀ ਜ਼ਹਿਰ ਮਾਰਨ ਅਤੇ ਦੂਸਰੇ ਦੇ ਵਖਰੇਪਣ ਨੂੰ ਸਤਿਕਾਰਨ ਦੀਆਂ ਨਸੀਹਤਾਂ ਦਿੰਦਾ ਹੈ, ਜਦੋਂਕਿ ਖੁਦ ਉਹ ਹਉਮੈ ਦੀ ਜ਼ਹਿਰ ਨਾਲ ਭਰਿਆ ਪਿਆ ਹੈ; ਜ਼ਹਿਰ ਨਾਲ ਹੀ ਲਿਖਦਾ ਹੈ ਅਤੇ ਲਗਾਤਾਰ 'ਦੂਸਰਿਆਂ ਪ੍ਰਤੀ' ਜ਼ਹਿਰ ਹੀ ਉਚਰੀ ਜਾਂਦਾ ਹੈ। ਅਜਮੇਰ ਸਿੰਘ ਨੌਜਵਾਨਾਂ ਨੂੰ ਸਿੱਖ ਸਪਿਰਿਟ ਦੇ ਡੂੰਘੇ ਮਰਹਮ ਨੂੰ ਸਮਝਣ ਲਈ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਪੜ੍ਹਨ ਦੀ ਸਿਫਾਰਸ਼ ਤਾਂ ਕਰਦਾ ਹੈ, ਪਰ ਖੁਦ ਉਸ ਨੂੰ ਉਨ੍ਹਾਂ ਲਿਖਤਾਂ ਚੋਂ ਵੀ ਕਦੀ ਕਿਧਰੇ ਕੋਈ ਅਜਿਹੀ ਸੁਰ ਨਜ਼ਰੀਂ ਆਈ ਹੈ? ਕੀ ਉਸ ਨੂੰ ਤਾਂ ਇਨਾ ਵੀ ਪਤਾ ਨਹੀਂ ਲਗਦਾ ਕਿ ਸ. ਗੁਰਤੇਜ ਸਿੰਘ ਵਰਗੇ ਸ਼ਾਇਸਤਾ ਸੱਜਣ ਨੂੰ ਸੰਧੂ ਦੇ ਕਤਲ ਬਾਰੇ ਉਸ ਦੇ ਪ੍ਰਵਚਨ ਨੂੰ ਸੁਣ ਕੇ ਸਰੇਬਾਜ਼ਾਰ ਚੀਖ ਜੇ ਮਾਰਨੀ ਪਈ ਤਾਂ ਉਸ ਦਾ ਦਿਲ ਕਿੰਨਾ ਦੁਖਿਆ ਹੋਵੇਗਾ। ਇਸ ਗੁਸੈਲ ਚਿੰਤਕ ਨੂੰ ਗੁਰਬਚਨ ਦੀ ਕਿਤਾਬ ਵਿਚ ਦਰਜ ਪੂਰਨ ਸਿੰਘ ਦੀਆਂ ਇਹ ਸਤਰਾਂ ਧਿਆਨ ਨਾਲ ਪੜ੍ਹਨੀਆਂ ਚਾਹੀਦੀਆਂ ਹਨ:

'ਗੁਰੂ ਨਾਨਕ ਦੇਵ ਜੀ ਨੇ ਆਪਣੇ ਦੁਆਰਾ ਸਥਾਪਤ ਸਿੱਖ ਸੰਗਤ ਨੂੰ ਪੰਥ ਜਾਂ ਮਾਰਗ ਦੀ ਹੀ ਸੰਗਿਆ ਦਿਤੀ ਹੈ। ਇਸ ਨੂੰ ਕਿਸੇ ਫਿਰਕੇ ਨਾਲ ਨਹੀਂ ਜੋੜਿਆ। ਪੂਰਨਤਾ ਤਕ ਪਹੁੰਚਣ ਵਾਸਤੇ (ਇਕੱਲੇ ਸਿੱਖਾਂ ਲਈ ਨਹੀਂ), ਪੂਰੀ ਮਨੁਖੱਤਾ ਲਈ ਇਹ ਗਾਡੀ ਰਾਹ ਹੈ।'

***-ਬਲਕਾਰ ਸਿੰਘ***

---

# ਮੈਂ ਕੀ ਕਰਾਂ?

**ਮੀਨੂੰ ਬਾਲਾ**
**ਫੋਨ: 91-70091-04153**

ਮੈਂ ਇੱਕ ਅਧਿਆਪਕਾ ਹਾਂ। ਬੱਚਿਆਂ ਦੇ ਭਵਿੱਖ ਨੂੰ ਸੰਵਾਰਨਾ ਮੇਰਾ ਕੰਮ ਹੈ, ਪਰ ਸੱਚ ਪੁੱਛੋ ਤਾਂ ਮੈਂ ਖੁਦ ਆਪਣੇ ਆਪ ਨੂੰ ਬੇੜੀਆਂ ਵਿਚ ਜਕੜਿਆ ਹੋਇਆ ਮਹਿਸੂਸ ਕਰਦੀ ਹਾਂ। ਮੈਂ ਬਹੁਤ ਸਕਾਰਾਤਮਕ ਸੋਚ ਵਾਲੀ ਅਧਿਆਪਕਾ ਹਾਂ। ਆਪਣੇ ਕਿੱਤੇ ਨੂੰ ਅਤੇ ਆਪਣੇ ਬੱਚਿਆਂ ਨੂੰ ਬੇਹੱਦ ਪਸੰਦ ਕਰਦੀ ਹਾਂ। ਹਰ ਵਕਤ ਬੱਚਿਆਂ ਦੇ ਨਾਲ ਰਹਿਣਾ ਮੇਰੀ ਰੂਹ ਨੂੰ ਸਕੂਨ ਦਿੰਦਾ ਹੈ, ਪਰ ਜ਼ਿੰਦਗੀ ਦੀਆਂ ਕੌੜੀਆਂ ਸੱਚਾਈਆਂ ਤੋਂ ਮੂੰਹ ਵੀ ਪਾਸੇ ਨਹੀਂ ਕਰ ਸਕਦੀ। ਮੈਨੂੰ ਲੱਗਭਗ 20 ਸਾਲ ਦਾ ਪੜ੍ਹਾਉਣ ਦਾ ਤਜ਼ੁਰਬਾ ਹੈ। ਇੱਕ ਅਧਿਆਪਕ ਹੋਣ ਦੇ ਨਾਤੇ ਦੇਖਦੀ ਹਾਂ ਕਿ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿਚ ਵੱਡੇ ਬਦਲਾਅ ਬੜੀ ਤੇਜ਼ ਗਤੀ ਨਾਲ ਲਿਆਂਦੇ ਜਾ ਰਹੇ ਹਨ, ਜੋ ਮੈਨੂੰ ਮੇਰੇ ਵਿਦਿਆਰਥੀਆਂ ਲਈ ਬੇਹੱਦ ਨੁਕਸਾਨ ਪਹੁੰਚਾਉਣ ਵਾਲੇ ਲੱਗਦੇ ਹਨ। ਮਿਸਾਲ ਦੇ ਤੌਰ 'ਤੇ ਪਹਿਲਾਂ ਇੱਕ ਸਾਲ ਵਿਚ ਦੋ ਜਾਂ ਤਿੰਨ ਵਾਰੀ ਹੀ ਪੇਪਰ ਲਏ ਜਾਂਦੇ ਸਨ। ਛਮਾਹੀ ਤੇ ਸਾਲਾਨਾ ਪੇਪਰਾਂ ਦੀ ਤਾਂ ਖੂਬ ਤਿਆਰੀ ਕੀਤੀ ਜਾਂਦੀ ਸੀ। ਨਵੰਬਰ ਮਹੀਨੇ ਤੱਕ ਤਾਂ ਅਧਿਆਪਕ ਆਪਣਾ ਸਾਰਾ ਸਿਲੇਬਸ ਹੀ ਖਤਮ ਕਰਵਾ ਦਿੰਦਾ ਸੀ। ਦਸੰਬਰ, ਜਨਵਰੀ, ਫਰਵਰੀ ਵਿਚ ਦੁਹਰਾਈ ਹੁੰਦੀ ਸੀ। ਮਾਰਚ ਵਿਚ ਪੇਪਰ ਹੁੰਦੇ ਸਨ ਅਤੇ ਪੇਪਰਾਂ ਤੋਂ ਬਾਅਦ ਦਸ ਕੁ ਛੁੱਟੀਆਂ ਹੁੰਦੀਆਂ। ਦਸੰਬਰ ਤੋਂ ਫਰਵਰੀ ਤੱਕ ਹਰ ਬੱਚਾ ਆਪਣੇ ਸਾਲਾਨਾ ਪੇਪਰਾਂ ਦੀ ਤਿਆਰੀ ਵਿਚ ਜੁਟਿਆ ਹੁੰਦਾ ਸੀ। ਮਾਪੇ ਵੀ ਬੱਚਿਆਂ ਦੀ ਪੜ੍ਹਾਈ ਦੀ ਪੂਰੀ ਗੌਰ ਕਰਦੇ ਸਨ। ਪੇਪਰਾਂ ਦੇ ਖਤਮ ਹੋਣ ਦਾ ਪੂਰਾ ਚਾਅ ਹੁੰਦਾ ਸੀ। ਛੁੱਟੀਆਂ ਵਿਚ ਬੱਚੇ ਨਾਨਕੇ ਜਾਂ ਦਾਦਕੇ ਤੁਰ ਜਾਂਦੇ। ਬੱਚੇ ਆਪਣੇ ਮਾਮੇ-ਮਾਸੀਆਂ, ਚਾਚੇ-ਤਾਏ, ਭੂਆ ਦੇ ਜੁਆਕਾਂ ਨਾਲ ਖੇਡਦੇ ਤੇ ਮਿਲਵਰਤਣ ਨਾਲ ਰਹਿਣਾ ਵੀ ਸਿੱਖਦੇ ਸਨ। ਬੱਚਿਆਂ ਦੀਆਂ ਮਾਂਵਾਂ ਨੂੰ ਵੀ ਆਪਣੇ ਭੈਣ-ਭਰਾਵਾਂ ਨਾਲ ਦੁੱਖ-ਸੁੱਖ ਕਰਨ ਦਾ ਸਮਾਂ ਮਿਲ ਜਾਂਦਾ। ਮਾਰਚ ਵਿਚ ਹੋਏ ਪੇਪਰਾਂ ਦੇ ਨਤੀਜਿਆਂ ਦਾ ਬੇਸਬਰੀ ਨਾਲ ਇੰਤਜ਼ਾਰ ਹੁੰਦਾ ਅਤੇ ਅਪਰੈਲ ਮਹੀਨੇ ਤੋਂ ਹੀ ਅਗਲੀ ਕਲਾਸ ਲਈ ਖਿੱਚ ਕੇ ਤਿਆਰੀ ਸ਼ੁਰੂ ਹੋ ਜਾਂਦੀ ਸੀ।

ਪਰ ਹੁਣ ਬਹੁਤ ਕੁਝ ਬਦਲ ਗਿਆ ਹੈ, ਹਰ ਮਹੀਨੇ ਹੀ ਪੇਪਰ ਹੋਈ ਜਾਂਦੇ ਹਨ। ਇਸ ਲਈ ਬੱਚਿਆਂ ਵਿਚ ਪੇਪਰਾਂ ਦਾ ਹੁਣ ਕੋਈ ਖੌਫ ਨਹੀਂ ਦਿਖਦਾ ਤੇ ਨਾ ਹੀ ਪੇਪਰਾਂ ਦੀ ਤਿਆਰੀ ਲਈ ਕੋਈ ਜੋਸ਼ ਦਿਖਾਈ ਦਿੰਦਾ ਹੈ। ਨਤੀਜਿਆਂ ਲਈ ਕੋਈ ਉਤਸੁਕਤਾ ਵੀ ਨਜ਼ਰ ਨਹੀਂ ਆਉਂਦੀ। ਮਾਪੇ, ਅਧਿਆਪਕ ਅਤੇ ਬੱਚੇ ਸਾਰਾ ਸਾਲ ਹੀ ਉਲਝੇ ਦਿਖਾਈ ਦਿੰਦੇ ਨੇ ਤੇ ਪੱਲੇ ਵੀ ਕੁਝ ਪੈਂਦਾ ਦਿਖਾਈ ਨਹੀਂ ਦਿੰਦਾ। ਮੈਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਸਮੇਂ ਦੀਆਂ ਸਰਕਾਰਾਂ ਨੇ ਬੱਚਿਆਂ ਤੋਂ, ਉਨ੍ਹਾਂ ਦੇ ਮਾਪਿਆਂ ਤੋਂ ਤੇ ਅਧਿਆਪਕਾਂ ਤੋਂ ਬਹੁਤ ਕੁਝ ਕੀਮਤੀ ਖੋਹ ਲਿਆ ਹੈ।

ਸਕੂਲਾਂ ਵਿਚ ਆਨਲਾਈਨ ਪੜ੍ਹਾਈ ਮੇਰੇ ਸੋਚ ਮੁਤਾਬਕ ਤੁਰੰਤ ਬੰਦ ਹੋਣੀ ਚਾਹੀਦੀ ਹੈ। ਕੋਝਾ ਮਜ਼ਾਕ ਹੈ ਬੱਚਿਆਂ ਨਾਲ। ਮੇਰੇ ਬਹੁਤ ਵਿਦਿਆਰਥੀਆਂ ਨੂੰ ਬਰਬਾਦ ਕਰ ਰਹੀ ਹੈ ਇਹ। ਨਿੱਕੇ ਨਿੱਕੇ ਜੁਆਕ ਆਸ਼ਿਕ ਬਣਾ ਦਿੱਤੇ ਨੇ ਮੋਬਾਈਲਾਂ ਨੇ। ਵ੍ਹੱਟਸਐਪ ਗਰੁੱਪਾਂ ਤੇ ਹਰ ਰੋਜ਼ ਮੁੰਡੇ-ਕੁੜੀਆਂ ਆਪਸ ਵਿਚ ਗੱਲਾਂ ਕਰਦੇ ਹਨ। ਆਪਣੇ ਮਾਪਿਆਂ ਨੂੰ ਰੱਜ ਕੇ ਬੇਵਕੂਫ ਬਣਾਉਂਦੇ ਹਨ। ਅਧਿਆਪਕ ਨੂੰ ਤਾਂ ਮੂਕ ਦਰਸ਼ਕ ਬਣਾ ਕੇ ਰੱਖ ਦਿੱਤਾ ਹੈ। ਤਮਾਸ਼ਾ ਦੇਖ ਸਕਦਾ ਹੈ, ਪਰ ਕਰ ਕੁਝ ਨਹੀਂ ਸਕਦਾ। ਪਿਆਰ ਨਾਲ ਅੱਜ ਕਲ੍ਹ ਦੇ ਬੱਚੇ ਸਮਝਦੇ ਨਹੀਂ। ਡੰਡਾ ਚੱਕੂਗਾ ਤਾਂ ਕੋਈ ਵੀਡੀਓ ਬਣਾ ਕੇ ਵਾਇਰਲ ਕਰ ਦੇਵੇਗਾ। ਨੌਕਰੀ ਤਾਂ ਜਾਊਗੀ ਹੀ, ਨਾਲ ਹੀ ਇੱਜ਼ਤ ਵੀ ਜਾਊ। ਅੱਜ ਕਲ੍ਹ ਦਾ ਅਧਿਆਪਕ ਤਾਂ ਘਰੋਂ ਸਹੁੰ ਖਾ ਕੇ ਨਿਕਲਦਾ ਹੈ ਕਿ ਉਹ ਸਕੂਲ ਵਿਚ ਕਿਸੇ ਬੱਚੇ ਨੂੰ ਕੁਝ ਨਹੀਂ ਕਹੇਗਾ, ਕਿਉਂਕਿ ਇਨ੍ਹਾਂ ਨੂੰ ਨਾ ਤਾਂ ਫੇਲ੍ਹ ਹੋਣ ਦਾ ਡਰ ਹੈ ਤੇ ਨਾ ਹੀ ਲੰਬੀ ਗੈਰਹਾਜ਼ਰੀ ਦਾ। ਕਈ ਤਾਂ ਬਿਨਾਂ ਕਿਤਾਬਾਂ-ਕਾਪੀਆਂ ਤੇ ਪੈਨਾਂ ਤੋਂ ਹੀ ਸਕੂਲ ਆ ਜਾਂਦੇ ਹਨ। ਕਈ ਹਰ ਰੋਜ਼ ਹੀ ਦੇਰੀ ਨਾਲ ਸਕੂਲ ਵੜਦੇ ਹਨ। ਕਈ ਬਿਨਾਂ ਗੱਲੋਂ ਹੀ ਸਕੂਲ ਦੀ ਵਰਦੀ ਨਹੀਂ ਪਾ ਕੇ ਆਉਂਦੇ। ਬਿਨਾਂ ਪੜ੍ਹੇ ਹੀ ਤਾਂ ਇਨ੍ਹਾਂ ਨੂੰ ਸਰਕਾਰ ਵਜ਼ੀਫੇ ਦੇਈ ਜਾਂਦੀ ਹੈ, ਫਿਰ ਪੜ੍ਹਨ ਦੀ ਲੋੜ ਵੀ ਕਿੱਥੇ ਰਹਿ ਜਾਂਦੀ ਹੈ? ਬਹੁਤ ਕੋਸ਼ਿਸ਼ ਕਰਦੀ ਹਾਂ ਕਿ ਜਮਾਤ ਵਿਚ ਪੂਰਾ ਅਨੁਸ਼ਾਸਨ ਬਣਾ ਕੇ ਰੱਖਾਂ, ਪਰ ਕਿਵੇਂ? ਹੱਥ ਪੱਲੇ ਤਾਂ ਮੇਰੇ ਕੁਝ ਹੈ ਨਹੀਂ। ਗੌਰ ਕਰੋ, ਜੇ ਅਧਿਆਪਕ ਨੂੰ ਕੋਈ ਅਧਿਕਾਰ ਹੀ ਨਹੀਂ ਦਿੱਤੇ ਜਾਣਗੇ, ਫਿਰ ਉਹ ਆਪਣੇ ਫਰਜ਼ਾਂ ਦੀ ਪੂਰਤੀ ਵੀ ਕਿੰਝ ਕਰੇਗਾ? ਇੱਕ ਅਧਿਆਪਕ ਦੀ ਆਪਣੇ ਵਿਦਿਆਰਥੀ ਨਾਲ ਕੋਈ ਦੁਸ਼ਮਣੀ ਨਹੀਂ ਹੁੰਦੀ ਕਿ ਉਹ ਬਿਨਾਂ ਗੱਲੋਂ ਹੀ ਉਸ ਨੂੰ ਕੁੱਟੀ ਜਾਵੇਗਾ। ਮੰਨ ਲਓ, ਮਾਰਨਾ ਵੀ ਗਲਤ ਹੀ ਹੁੰਦਾ ਹੈ, ਪਰ ਉਸ ਨੂੰ ਬਿਨਾਂ ਸਕੂਲ ਆਏ ਤੇ ਬਿਨਾਂ ਪੜ੍ਹੇ ਹੀ ਪਾਸ ਕਰ ਦੇਣਾ ਇਹ ਕੀ ਹੈ? ਮੇਰੇ ਨਜ਼ਰੀਏ ਨਾਲ ਤਾਂ ਬੱਚੇ ਦੀ ਜ਼ਿੰਦਗੀ ਨਾਲ ਖਿਲਵਾੜ ਹੀ ਹੈ।

ਮੇਰੀ ਗੁਜ਼ਾਰਿਸ਼ ਹੈ ਕਿ ਇੱਕ ਅੱਧੀ ਸ਼ਰਤ ਤਾਂ ਬੱਚੇ ਲਈ ਵੀ ਰੱਖ ਦਿਓ। ਘੱਟੋ ਘੱਟ ਬੱਚੇ ਦੀ ਹਾਜ਼ਰੀ ਹੀ ਜ਼ਰੂਰੀ ਕਰ ਦਿਓ, ਉਸ ਦੇ ਪਾਸ ਹੋਣ ਲਈ। ਸੋਚਣ ਵਾਲੀ ਗੱਲ ਹੈ ਕਿ ਜੋ ਬੱਚੇ ਸਾਡੇ ਕੋਲੋਂ ਪੜ੍ਹ ਕੇ ਜਾਂਦੇ ਹਨ, ਉਹੀ ਇਸ ਸਮਾਜ ਦਾ ਵੀ ਹਿੱਸਾ ਬਣਦੇ ਹਨ, ਜਿਸ ਵਿਚ ਆਪਾਂ ਸਾਰਿਆਂ ਨੇ ਹੀ ਵਿਚਰਨਾ ਹੈ। ਸਮਾਜ ਦੀ ਤਰੱਕੀ ਲਈ ਇਨ੍ਹਾਂ ਦੀ ਤਰੱਕੀ ਵੀ ਬੇਹੱਦ ਜ਼ਰੂਰੀ ਹੈ। ਨਾਲੇ ਇੱਕ ਅਧਿਆਪਕ ਦੇ ਕੰਮ 'ਤੇ ਉਂਗਲੀ ਚੁੱਕਣ ਤੋਂ ਪਹਿਲਾਂ ਉਸ ਦੀਆਂ ਮੁਸ਼ਕਿਲਾਂ ਨੂੰ ਵੀ ਜਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਸ ਉੱਪਰ ਵਿਸ਼ਵਾਸ ਬਣਾ ਕੇ ਹੀ ਚੱਲਣਾ ਚਾਹੀਦਾ ਹੈ। ਜੇ ਅਸੀਂ ਸੱਚ ਨੂੰ ਦੇਖਣ ਦੀ ਕੋਸ਼ਿਸ਼ ਕਰਾਂਗੇ, ਸਾਨੂੰ ਸੱਚ ਫਿਰ ਹੀ ਦਿਖੇਗਾ। ਭਾਵੇਂ ਮੈਂ ਐਨਾ ਕੁਝ ਲਿਖ ਦਿੱਤਾ ਹੈ, ਫੇਰ ਵੀ ਮੇਰੀ ਹਰ ਤਰ੍ਹਾਂ ਦੇ ਹਾਲਾਤਾਂ ਵਿਚ ਤਨਦੇਹੀ ਨਾਲ ਕੰਮ ਕਰਨ ਦੀ ਕੋਸ਼ਿਸ਼ ਰਹਿੰਦੀ ਹੈ। ਮੇਰੇ ਕੋਲ ਕਈ ਅਜਿਹੇ ਵਿਦਿਆਰਥੀ ਵੀ ਹਨ, ਜੋ ਮੇਰੇ ਕੋਲੋਂ ਬਹੁਤ ਕੁਝ ਸਿੱਖਣਾ ਚਾਹੁੰਦੇ ਹਨ ਤੇ ਇਨ੍ਹਾਂ ਦੇ ਸਿਰ 'ਤੇ ਹੀ ਹਰ ਰੋਜ਼ ਪੂਰੇ ਉਤਸ਼ਾਹ ਨਾਲ ਹੀ ਸਕੂਲ ਜਾਂਦੀ ਹਾਂ। ਮੈਂ ਤਾਂ ਸਿਰਫ ਆਪਣੇ ਕੰਮ ਨੂੰ ਬਿਹਤਰ ਤੋਂ ਬਿਹਤਰੀਨ ਕਰਨਾ ਚਾਹੁੰਦੀ ਹਾਂ। ਬਸ ਏਸੇ ਲਈ ਹੀ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕਰਦੀ ਹਾਂ। ਰੱਬ ਮੇਰੇ ਹੌਂਸਲੇ ਨੂੰ ਕਦੇ ਡਿੱਗਣ ਨਾ ਦੇਵੇ।

# ਕਿਸਾਨਾਂ ਦਾ ਦਰਦ ਅਤੇ ਸੁਪਰੀਮ ਕੋਰਟ

**ਰੇਖਾ ਸ਼ਰਮਾ**

ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਉਤੇ ਇਕ ਵਾਰ ਫਿਰ ਨਜ਼ਲਾ ਝਾੜਿਆ ਗਿਆ ਹੈ। ਇਸ ਵਾਰ ਕਿਸਾਨਾਂ ਨੂੰ ਸੁਪਰੀਮ ਕੋਰਟ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ ਹੈ। ਕਿਸੇ ਔਰਤ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਨੂੰ ਨੋਇਡਾ ਜਾਣ ਲਈ ਦੋ ਘੰਟੇ ਦਾ ਸਫਰ ਕਰਨਾ ਪਿਆ ਸੀ ਜਿਸ ਲਈ ਆਮ ਤੌਰ ਤੇ 20 ਮਿੰਟ ਲਗਦੇ ਹਨ। ਉਸ ਦੀ ਪਟੀਸ਼ਨ ਤੇ ਸੁਣਵਾਈ ਕਰਦਿਆਂ 30 ਸਤੰਬਰ ਨੂੰ ਸੁਪਰੀਮ ਕੋਰਟ ਨੇ ਆਖਿਆ ਕਿ ਜਨਤਕ ਸੜਕਾਂ ਅਤੇ ਰਾਜਮਾਰਗਾਂ ਨੂੰ ਲੰਮੇ ਸਮੇਂ ਤੱਕ ਰੋਕਿਆ ਨਹੀਂ ਜਾ ਸਕਦਾ। ਇਸ ਤੋਂ ਅਗਲੇ ਦਿਨ ਸੁਪਰੀਮ ਕੋਰਟ ਦੇ ਇਕ ਹੋਰ ਬੈਂਚ ਨੇ ਕਿਸਾਨਾਂ ਖਿਲਾਫ ਹੋਰ ਵੀ ਜ਼ਿਆਦਾ ਤਿੱਖੀਆਂ ਟਿੱਪਣੀਆਂ ਕੀਤੀਆਂ। ਇਸ ਬੈਂਚ ਸਾਹਮਣੇ ਪੇਸ਼ ਹੋਣ ਵਾਲੀ ਪਟੀਸ਼ਨਰ ਕਥਿਤ 'ਕਿਸਾਨ ਮਹਾਪੰਚਾਇਤ' ਨੇ ਮੰਗ ਕੀਤੀ ਸੀ ਕਿ ਉਸ ਨੂੰ ਜੰਤਰ ਮੰਤਰ ਤੇ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਸਮਾਚਾਰ ਰਿਪੋਰਟਾਂ ਮੁਤਾਬਿਕ ਬੈਂਚ ਨੇ ਆਖਿਆ, "ਜਦੋਂ ਤੁਸੀਂ ਅਦਾਲਤ ਕੋਲ ਆਉਂਦੇ ਹੋ ਤਾਂ ਪ੍ਰਦਰਸ਼ਨ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਤੁਸੀਂ ਪਹਿਲਾਂ ਹੀ ਸਮੁੱਚੇ ਸ਼ਹਿਰ ਦੀ ਸੰਘੀ ਨੱਪ ਰੱਖੀ ਹੈ ਅਤੇ ਹੁਣ ਤੁਸੀਂ ਸ਼ਹਿਰ ਅੰਦਰ ਦਾਖਲ ਹੋ ਕੇ ਪ੍ਰਦਰਸ਼ਨ ਕਰਨਾ ਚਾਹੁੰਦੇ ਹੋ।" ਦੋਵੇਂ ਬੈਂਚਾਂ ਦੇ ਜੱਜਾਂ ਦਾ ਪੂਰਾ ਮਾਣ ਸਤਿਕਾਰ ਕਰਦੇ ਹਾਂ ਪਰ ਕਿਸਾਨਾਂ ਪ੍ਰਤੀ ਉਨ੍ਹਾਂ ਦੇ ਇਹੋ ਜਿਹੇ ਮਨੋਭਾਵ ਅਦਾਲਤ ਦੀ ਸੋਭਾ ਨਹੀਂ ਵਧਾਉਂਦੇ।

ਸੁਪਰੀਮ ਕੋਰਟ ਦੀਆਂ ਇਹ ਹਾਲੀਆ ਟਿੱਪਣੀਆਂ 17 ਦਸੰਬਰ 2020 ਨੂੰ ਉਸ ਵੇਲੇ ਦੇ ਚੀਫ ਜਸਟਿਸ ਐਸ.ਏ. ਬੋਬੜੇ ਦੀ ਅਗਵਾਈ ਵਾਲੇ ਬੈਂਚ ਦੇ ਫੈਸਲੇ ਨਾਲ ਮੇਲ ਨਹੀਂ ਖਾਂਦੀਆਂ ਜਿਸ ਵਿਚ ਕਿਹਾ ਗਿਆ ਸੀ ਕਿ ਕਿਸਾਨਾਂ ਨੂੰ ਓਨੀ ਦੇਰ ਤੱਕ ਆਪਣੇ ਪ੍ਰਦਰਸ਼ਨ ਕਰਨ ਦਾ ਸੰਵਿਧਾਨਕ ਹੱਕ ਹੈ ਜਿੰਨੀ ਦੇਰ ਤੱਕ ਉਨ੍ਹਾਂ ਦੀ ਅਸਹਿਮਤੀ ਹਿੰਸਾ ਵਿਚ ਤਬਦੀਲ ਨਹੀਂ ਹੋ ਜਾਂਦੀ। ਇਸ ਤੋਂ ਅੱਗੇ ਇਹ ਵੀ ਕਿਹਾ ਗਿਆ, "ਅਸੀਂ ਸਪੱਸ਼ਟ ਕਰਦੇ ਹਾਂ ਕਿ ਅਦਾਲਤ ਇਨ੍ਹਾਂ ਰੋਸ ਪ੍ਰਦਰਸ਼ਨਾਂ ਵਿਚ ਕੋਈ ਦਖਲ ਨਹੀਂ ਦੇਵੇਗੀ। ਦਰਅਸਲ, ਪ੍ਰਦਰਸ਼ਨ ਕਰਨ ਦਾ ਅਧਿਕਾਰ ਮੂਲ ਅਧਿਕਾਰਾਂ ਦਾ ਅੰਗ ਹੈ ਤੇ ਜਨਤਕ ਵਿਵਸਥਾ ਨੂੰ ਬਰਕਰਾਰ ਰੱਖਦਿਆਂ ਇਸ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ।" ਕੀ ਸੁਪਰੀਮ ਕੋਰਟ ਦੀ ਬੋਲੀ ਵਿਚ ਇੰਨਾ ਜ਼ਿਆਦਾ ਅੰਤਰ ਸਹਿਜ ਗੱਲ ਹੈ?

ਕਿਸੇ ਨੇ ਵੀ ਇਹ ਦੋਸ਼ ਨਹੀਂ ਲਾਇਆ ਕਿ ਕਿਸਾਨ ਜਨਤਕ ਵਿਵਸਥਾ ਲਈ ਖਤਰਾ ਬਣ ਗਏ ਹਨ। ਪਹਿਲੀ ਵਾਰ ਹਰਿਆਣਾ ਸਰਕਾਰ ਨੇ ਹਰਿਆਣਾ-ਦਿੱਲੀ ਹੱਦ ਉਪਰ ਬੈਰੀਕੇਡ ਲਾ ਕੇ, ਰਾਜਮਾਰਗਾਂ ਤੇ ਟੋਏ ਪੁੱਟ ਕੇ ਅਤੇ ਉਨ੍ਹਾਂ ਨੂੰ ਦਿੱਲੀ ਵਿਚ ਦਾਖਲ ਹੋਣ ਤੋਂ ਰੋਕਣ ਲਈ ਹੰਝੂ ਗੈਸ ਅਤੇ ਜਲ ਤੋਪਾਂ ਦਾ ਇਸਤੇਮਾਲ ਕਰ ਕੇ ਕਿਸਾਨਾਂ ਨੂੰ ਨਿਸ਼ਾਨਾ ਬਣਾਇਆ ਸੀ। ਸੰਯੁਕਤ ਕਿਸਾਨ ਮੋਰਚਾ ਦਾਅਵਾ ਕਰਦਾ ਹੈ ਕਿ ਪ੍ਰਦਰਸ਼ਨ ਦੇ 87 ਦਿਨਾਂ ਅੰਦਰ ਹੀ 248 ਪ੍ਰਦਰਸ਼ਨਕਾਰੀ ਕਿਸਾਨਾਂ ਦੀ ਮੌਤ ਹੋ ਚੁੱਕੀ ਸੀ। ਕੁਝ ਅਪੁਸ਼ਟ ਰਿਪੋਰਟਾਂ ਮੁਤਾਬਿਕ ਮਾਰੇ ਗਏ ਕਿਸਾਨਾਂ ਦੀ ਗਿਣਤੀ 600 ਤੋਂ ਜ਼ਿਆਦਾ ਹੋ ਗਈ ਹੈ। ਪ੍ਰਦਰਸ਼ਨ ਕਰਨ ਵਾਲੇ ਕਿਸਾਨਾਂ ਹੱਥੋਂ ਕਿੰਨੇ ਪੁਲੀਸ ਕਰਮੀਆਂ ਦੀ ਮੌਤ ਹੋਈ ਹੈ? ਚੰਗੇ ਭਾਗੀਂ ਇਕ ਦੀ ਵੀ ਨਹੀਂ। ਇਸ ਤੋਂ ਹੀ ਪਤਾ ਲੱਗ ਜਾਂਦਾ ਕਿ ਕਿਸਾਨਾਂ ਦਾ ਅੰਦੋਲਨ ਕਿੰਨਾ ਜ਼ਿਆਦਾ ਸ਼ਾਂਤਮਈ ਹੈ।

ਸਾਡੇ ਮੁਲਕ ਦਾ ਆਜ਼ਾਦੀ ਸੰਗਰਾਮ ਸ਼ੁਰੂ ਹੋਣ ਤੋਂ ਲੈ ਕੇ ਇਤਿਹਾਸ ਜਨਤਕ ਥਾਵਾਂ ਤੇ ਅੰਦੋਲਨਾਂ ਤੇ ਧਰਨੇ ਮੁਜ਼ਾਹਰਿਆਂ ਨਾਲ ਭਰਿਆ ਪਿਆ ਹੈ। ਹਾਲ ਹੀ ਵਿਚ ਅੰਨਾ ਹਜ਼ਾਰੇ ਦੀ ਅਗਵਾਈ ਹੇਠ ਜੰਤਰ ਮੰਤਰ ਉਪਰ ਭ੍ਰਿਸ਼ਟਾਚਾਰ ਖਿਲਾਫ ਵੱਡਾ ਅੰਦੋਲਨ ਕੀਤਾ ਗਿਆ ਸੀ ਤੇ ਰਾਮਦੇਵ ਨੂੰ ਰਾਮਲੀਲ੍ਹਾ ਮੈਦਾਨ ਵਿਚ ਧਰਨੇ ਦੀ ਇਜਾਜ਼ਤ ਦਿੱਤੀ ਗਈ ਸੀ ਪਰ ਕਿਸਾਨਾਂ ਨੂੰ ਅੱਜ ਤੱਕ ਰਾਮਲੀਲ੍ਹਾ ਮੈਦਾਨ ਜਾਂ ਜੰਤਰ ਮੰਤਰ ਤੇ ਇਕੱਤਰ ਹੋ ਕੇ ਪ੍ਰਦਰਸ਼ਨ ਕਰਨ ਦੀ ਆਗਿਆ ਨਹੀਂ ਦਿੱਤੀ ਗਈ। ਆਖਰ ਕਿਸਾਨਾਂ ਨਾਲ ਇਹ ਸਲੂਕ ਕਿਉਂ ਕੀਤਾ ਜਾ ਰਿਹਾ ਹੈ? ਕੀ ਉਹ ਆਪਣਾ ਪ੍ਰਦਰਸ਼ਨ ਤੇ ਰੋਸ ਮਾਰਚ ਹਵਾ ਚ ਕਰਨ?

ਜਿੱਥੋਂ ਤੱਕ ਸੜਕਾਂ ਬੰਦ ਹੋਣ ਦਾ ਸਵਾਲ ਹੈ ਤਾਂ ਕਿਸਾਨਾਂ ਨੇ ਵਾਰ ਵਾਰ ਆਖਿਆ ਹੈ ਕਿ ਉਹ ਲੋਕਾਂ ਲਈ ਅਸੁਵਿਧਾ ਪੈਦਾ ਕਰਨੀ ਨਹੀਂ ਚਾਹੁੰਦੇ। ਉਨ੍ਹਾਂ ਦੋਸ਼ ਲਾਇਆ ਹੈ ਕਿ ਇਹ ਪੁਲੀਸ



ਹੈ ਜਿਸ ਨੇ ਕੁਝ ਸੜਕਾਂ ਤੇ ਆਉਣ ਜਾਣ ਦੇ ਲਾਂਘੇ ਬੰਦ ਕੀਤੇ ਹੋਏ ਹਨ ਤਾਂ ਕਿ ਕਿਸਾਨ ਅੰਦੋਲਨ ਨੂੰ ਬਦਨਾਮ ਕੀਤਾ ਜਾ ਸਕੇ। ਕੀ ਸੁਪਰੀਮ ਕੋਰਟ ਨੇ ਕਿਸਾਨਾਂ ਨੂੰ ਕਸੂਰਵਾਰ ਠਹਿਰਾਉਣ ਤੋਂ ਪਹਿਲਾਂ ਇਸ ਦੀ ਛਾਣਬੀਣ ਕੀਤੀ ਸੀ? ਅਦਾਲਤ ਨੇ ਆਉਣ ਜਾਣ ਵਾਲੇ ਲੋਕਾਂ ਦੀ ਅਸੁਵਿਧਾ ਤੇ ਸਰੋਕਾਰ ਜਤਾਇਆ ਹੈ ਪਰ ਕੀ ਕਿਸਾਨਾਂ ਨੂੰ ਕੋਈ ਅਸੁਵਿਧਾ ਨਹੀਂ ਹੋ ਰਹੀ? ਜਿਹੜੇ ਕਰੀਬ ਇਕ ਸਾਲ ਤੋਂ ਲੋਕ ਗਰਮੀ ਸਰਦੀ, ਮੀਂਹ, ਹਨੇਰੀ ਦਾ ਸਾਹਮਣਾ ਕਰ ਰਹੇ ਹਨ, ਕੀ ਉਨ੍ਹਾਂ ਪ੍ਰਤੀ ਕੋਈ ਹਮਦਰਦੀ ਨਹੀਂ ਹੈ?

ਸਰਕਾਰ ਨੇ ਵੀ ਕਿਸਾਨਾਂ ਨਾਲ ਗੱਲਬਾਤ ਮੁੜ ਸ਼ੁਰੂ ਕਰਨ ਦੀ ਕੋਈ ਇੱਛਾ ਨਹੀਂ ਦਿਖਾਈ। ਇਸ ਪ੍ਰਸੰਗ ਵਿਚ ਮਾਰਟਿਨ ਲੂਥਰ ਕਿੰਗ ਦੇ ਸ਼ਬਦ ਦਿਮਾਗ ਵਿਚ ਘੁੰਮਦੇ ਹਨ ਜੋ ਉਨ੍ਹਾਂ ਬਰਮਿੰਘਮ ਜੇਲ੍ਹ ਤੋਂ ਆਪਣੇ ਇਕ ਸਾਥੀ ਪਾਦਰੀ ਨੂੰ ਲਿਖੇ ਸਨ ਜਿਸ ਨੇ ਬਰਮਿੰਘਮ ਵਿਚ ਜਨਤਕ ਥਾਵਾਂ ਤੇ ਰੋਸ ਮੁਜ਼ਾਹਰੇ ਕਰਨ ਤੇ ਉਜ਼ਰ ਕੀਤਾ ਸੀ। ਕਿੰਗ ਨੇ ਲਿਖਿਆ ਸੀ, "ਧਰਨੇ, ਮਾਰਚ ਜਿਹੇ ਪ੍ਰਦਰਸ਼ਨ ਕੀਤੇ ਕਿਉਂ ਜਾਂਦੇ ਹਨ? ਕੀ ਗੱਲਬਾਤ ਬਿਹਤਰ ਰਾਹ ਨਹੀਂ ਹੈ? ਤੁਹਾਡੇ ਵਲੋਂ ਗੱਲਬਾਤ ਦੀ ਪੈਰਵੀ ਕਰਨਾ ਬਿਲਕੁਲ ਸਹੀ ਹੈ। ਦਰਅਸਲ ਸਿੱਧੀ ਕਾਰਵਾਈ ਦਾ ਮੰਤਵ ਇਹੀ ਹੈ। ਅਹਿੰਸਕ ਸਿੱਧੀ ਕਾਰਵਾਈ ਅਜਿਹੇ ਭਾਈਚਾਰੇ ਲਈ ਅਜਿਹਾ ਸੰਕਟ ਜਾਂ ਤਣਾਅ ਦੀ ਸਥਿਤੀ ਪੈਦਾ ਕਰਨਾ ਲੋਚਦੀ ਹੈ ਜੋ ਗੱਲਬਾਤ ਤੋਂ ਲਗਾਤਾਰ ਟਾਲ਼ਾ ਵੱਟਣ ਦੀ ਕੋਸ਼ਿਸ਼ ਕਰਦੀ ਆ ਰਹੀ ਹੈ। ਇਹ ਮੁੱਦੇ ਨੂੰ ਨਾਟਕੀ ਰੂਪ ਦੇਣਾ ਚਾਹੁੰਦੀ ਹੈ ਤਾਂ ਕਿ ਇਸ ਨੂੰ ਹੋਰ ਜ਼ਿਆਦਾ ਨਜ਼ਰਅੰਦਾਜ਼ ਨਾ ਕੀਤਾ ਜਾ ਸਕੇ।"

ਸੁਪਰੀਮ ਕੋਰਟ ਨੇ ਆਖਿਆ ਹੈ ਕਿ ਜਦੋਂ ਕਿਸਾਨ ਅਦਾਲਤ ਕੋਲ ਆ ਜਾਂਦੇ ਹਨ ਤਾਂ ਰੋਸ ਪ੍ਰਦਰਸ਼ਨਾਂ ਦਾ ਕੋਈ ਸਵਾਲ ਹੀ ਨਹੀਂ ਬਣਦਾ। ਤੱਥ ਇਹ ਹੈ ਕਿ ਕਿਸਾਨ ਨਵੰਬਰ 2020 ਤੋਂ ਅੰਦੋਲਨ ਕਰ ਰਹੇ ਹਨ ਅਤੇ ਇਸ ਵੱਲ ਸਮੁੱਚੇ ਮੁਲਕ ਅਤੇ ਕੌਮਾਂਤਰੀ ਭਾਈਚਾਰੇ ਦਾ ਧਿਆਨ ਖਿੱਚਿਆ ਗਿਆ ਹੈ। ਕੀ ਅਦਾਲਤ ਨੇ ਤਿੰਨ ਖੇਤੀ ਕਾਨੂੰਨਾਂ ਦੀ ਸੰਵਿਧਾਨਕ ਵਾਜਬੀਅਤ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ ਤੇ ਸੁਣਵਾਈ ਸ਼ੁਰੂ ਕਰਨ ਦਾ ਕੋਈ ਤਰੱਦਦ ਕੀਤਾ ਹੈ? ਸਮਝਿਆ ਜਾਂਦਾ ਹੈ ਕਿ ਸੁਪਰੀਮ ਕੋਰਟ ਦੀ ਬਣਾਈ ਕਮੇਟੀ ਨੇ ਮਾਰਚ 2021 ਵਿਚ ਆਪਣੀ ਸੀਲਬੰਦ ਰਿਪੋਰਟ ਦਾਖਲ ਕਰਵਾ ਦਿੱਤੀ ਸੀ। ਸੁਪਰੀਮ ਕੋਰਟ ਨੇ ਇਸ ਰਿਪੋਰਟ ਤੇ ਹੁਣ ਤੱਕ ਕੋਈ ਕਾਰਵਾਈ ਕਿਉਂ ਨਹੀਂ ਕੀਤੀ। ਇਸ ਦੀਆਂ ਲੱਭਤਾਂ ਦਾ ਲੋਕਾਂ ਸਾਹਮਣੇ ਖੁਲਾਸਾ ਕਦੋਂ ਕੀਤਾ ਜਾਵੇਗਾ?

ਇੱਥੇ ਚੇਤਾ ਕਰਾਇਆ ਜਾ ਸਕਦਾ ਹੈ ਕਿ ਜਦੋਂ ਰੰਜਨ ਗੋਗੋਈ ਭਾਰਤ ਦੇ ਚੀਫ ਜਸਟਿਸ ਸਨ ਤਾਂ ਇਕ ਮਹਿਲਾ ਕਰਮੀ ਨੇ ਉਨ੍ਹਾਂ ਖਿਲਾਫ ਜਿਨਸੀ ਸ਼ੋਸ਼ਣ ਦਾ ਦੋਸ਼ ਲਾਇਆ ਸੀ ਜਿਸ ਦੇ ਜਵਾਬ ਵਿਚ ਉਨ੍ਹਾਂ ਕਿਹਾ ਸੀ ਕਿ ਭਾਰਤ ਦੇ ਚੀਫ ਜਸਟਿਸ ਦੇ ਅਹੁਦੇ ਨੂੰ ਬਦਨਾਮ ਕਰਨ ਦੀ ਵੱਡੀ ਸਾਜ਼ਿਸ਼ ਤਹਿਤ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਨ੍ਹਾਂ ਦੋਸ਼ਾਂ ਦਾ ਆਪਣੇ ਤੌਰ ਤੇ ਹੀ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੇ ਕਥਿਤ ਸਾਜ਼ਿਸ਼ ਦੇ ਕੋਣ ਦੀ ਜਾਂਚ ਕਰਾਉਣ ਵਾਸਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਏਕੇ ਗਾਂਗੁਲੀ ਤੇ ਆਧਾਰਿਤ ਕਮੇਟੀ ਬਣਾਈ ਸੀ। ਜਸਟਿਸ ਗਾਂਗੁਲੀ ਕਮੇਟੀ ਨੇ ਆਪਣੀ ਰਿਪੋਰਟ ਦਾਖਲ ਕਰਵਾ ਦਿੱਤੀ ਜਿਸ ਨੂੰ ਸੁਪਰੀਮ ਕੋਰਟ ਨੇ 18 ਫਰਵਰੀ 2021 ਨੂੰ ਝਟਪਟ ਪ੍ਰਵਾਨ ਕਰ ਲਿਆ ਤੇ ਫਿਰ ਕੇਸ ਬੰਦ ਕਰ ਦਿੱਤਾ। ਉਸ ਰਿਪੋਰਟ ਨੂੰ ਜਨਤਕ ਕਿਉਂ ਨਹੀਂ ਕੀਤਾ ਗਿਆ, ਇਸ ਦੇ ਕਾਰਨ ਸੁਪਰੀਮ ਕੋਰਟ ਹੀ ਜਾਣਦੀ ਹੈ। ਇਸ ਦੀ ਬਜਾਇ ਸੁਪਰੀਮ ਕੋਰਟ ਨੇ ਉਹ ਰਿਪੋਰਟ ਵੀ ਠੰਢੇ ਬਸਤੇ ਵਿਚ ਪਾ ਕੇ ਰੱਖ ਦਿੱਤੀ। ਕਿਸੇ ਮਜ਼ਬੂਤ ਨਿਆਇਕ ਪ੍ਰਣਾਲੀ ਦੀ ਪਛਾਣ ਇਹ ਹੁੰਦੀ ਹੈ ਕਿ ਉਹ ਸਿਰਫ ਕੌਮੀ ਸੁਰੱਖਿਆ ਦੇ ਕੁਝ ਕੁ ਮਾਮਲਿਆਂ ਨੂੰ ਛੱਡ ਕੇ ਕਿੰਨੀ ਕੁ ਪਾਰਦਰਸ਼ਤਾ ਤੇ ਖੁੱਲ੍ਹੇਪਣ ਨਾਲ ਕੰਮ ਕਰਦੀ ਹੈ। ਆਸ ਕੀਤੀ ਜਾਂਦੀ ਹੈ ਕਿ ਸੁਪਰੀਮ ਕੋਰਟ ਨਾ ਕੇਵਲ ਖੇਤੀਬਾੜੀ ਕਾਨੂੰਨਾਂ ਦੀ ਸੰਵਿਧਾਨਕ ਵਾਜਬੀਅਤ ਨੂੰ ਚੁਣੌਤੀ ਦੇਣ ਵਾਲੇ ਮਾਮਲੇ ਤੇ ਫੌਰੀ ਤੌਰ ਤੇ ਸੁਣਵਾਈ ਕਰੇਗੀ ਸਗੋਂ ਕਮੇਟੀ ਦੀ ਰਿਪੋਰਟ ਵੀ ਜਨਤਕ ਕਰੇਗੀ ਅਤੇ ਜਦੋਂ ਇਕ ਵਾਰ ਇਹ ਰਿਪੋਰਟ ਖੋਲ੍ਹੇਗੀ ਤਾਂ ਇਸ ਨੂੰ ਦੁਬਾਰਾ ਠੰਢੇ ਬਸਤੇ ਵਿਚ ਨਹੀਂ ਪਾਵੇਗੀ।

ਮੁੱਕਦੀ ਗੱਲ ਇਹ ਹੈ ਕਿ ਆਓ ਆਪਾਂ ਕਿਸਾਨਾਂ ਨੂੰ ਮਾਣ ਇੱਜ਼ਤ ਦੇਈਏ ਅਤੇ ਸਾਨੂੰ ਅੰਨ ਪੈਦਾ ਕਰ ਕੇ ਦੇਣ ਵਾਲੇ ਹੱਥਾਂ ਤੇ ਹੀ ਕੁਹਾੜੀ ਨਾ ਚਲਾਈਏ।

# ਜੈਵਿਕ ਖੇਤੀ ਅਤੇ ਕੱਲ੍ਹ ਦੀ ਦੁਨੀਆ

**ਦਵਿੰਦਰ ਸ਼ਰਮਾ**

ਸ੍ਰੀਲੰਕਾ ਵੱਲੋਂ ਖੇਤੀ ਤੇ ਪੈਦਾਵਾਰ ਲਈ ਜੈਵਿਕ (ਆਰਗੈਨਿਕ) ਢੰਗ-ਤਰੀਕੇ ਅਪਣਾਉਣ ਦੇ ਲਾਸਾਨੀ ਅਤੇ ਨਿਵੇਕਲੇ ਫੈਸਲੇ ਖਿਲਾਫ ਜੋ ਹੰਗਾਮਾ ਹੋ ਰਿਹਾ ਹੈ, ਉਹ ਉਮੀਦ ਮੁਤਾਬਕ ਹੀ ਹੈ। ਅਜਿਹਾ ਤਰਕ, ਅਜਿਹਾ ਡਰ ਵਾਲਾ ਮਨੋਵਿਕਾਰ ਅਤੇ ਨਾਲ ਹੀ ਵਿਚਾਰਧਾਰਕ ਸੋਚ ਵਾਲੀ ਉਹੀ ਦਲਦਲ ਜਿਹੜੀ ਦੁਨੀਆ ਨੂੰ ਪਿਛਾਂਹ ਖਿੱਚਦੀ ਹੈ, ਉਤੇ ਹੁਣ ਬਿਲਕੁਲ ਵੀ ਹੈਰਾਨ ਨਹੀਂ ਹੋਣਾ ਚਾਹੀਦਾ। ਵਿਸ਼ਾਲ ਦਿਓ-ਕੱਦ ਖੇਤੀ ਕਾਰੋਬਾਰੀ ਕਾਰਪੋਰੇਟਾਂ ਦੇ ਗਲਬੇ ਵਾਲੇ ਤਾਕਤ ਦੇ ਬਣੇ ਹੋਏ ਤਵਾਜ਼ਨ ਵਿਚ ਜਦੋਂ ਵੀ ਕੋਈ ਖਲਲ ਪਵੇਗਾ, ਤਾਂ ਇਨ੍ਹਾਂ ਵੱਲੋਂ ਅਜਿਹੀ ਕਿਸੇ ਵੀ ਕੋਸ਼ਿਸ਼ ਖਿਲਾਫ ਅਜਿਹਾ ਬੇਸੁਰਾ ਰਾਗ ਅਲਾਪਿਆ ਜਾਣਾ ਹੀ ਹੁੰਦਾ ਹੈ।

ਸੰਯੁਕਤ ਰਾਸ਼ਟਰ ਦੇ ਖੁਰਾਕੀ ਪ੍ਰਣਾਲੀਆਂ ਬਾਰੇ ਸਿਖਰ ਸੰਮੇਲਨ ਵੱਲੋਂ ਵੱਧ ਸਿਹਤਮੰਦ, ਵਧੇਰੇ ਟਿਕਾਊ ਅਤੇ ਵਧੇਰੇ ਨਿਆਂਸੰਗਤ ਖੁਰਾਕੀ ਪ੍ਰਣਾਲੀਆਂ ਦੇ ਰਾਹ ਪੈਣ ਦੀ ਲੋੜ ਨੂੰ ਮਹਿਸੂਸ ਕੀਤੇ ਜਾਣ ਤੋਂ ਵੀ ਕਿਤੇ ਪਹਿਲਾਂ ਸ੍ਰੀਲੰਕਾ ਨੇ ਕੁਝ ਮਹੀਨੇ ਅਗੇਤਰਾ ਇਹ ਦਲੇਰਾਨਾ ਅਹਿਦ ਕੀਤਾ ਜਿਸ ਤਹਿਤ ਖੇਤੀ ਦੀ ਵਾਤਾਵਰਨ ਮੁਖੀ ਤਬਦੀਲੀ ਦੇ ਸਿਧਾਂਤ ਨੂੰ ਅਮਲੀ ਰੂਪ ਦੇਣ ਦਾ ਫੈਸਲਾ ਕੀਤਾ ਗਿਆ। ਇਸ ਫੈਸਲੇ ਤਹਿਤ ਮੁਲਕ ਵਿਚ ਰਸਾਇਣਕ ਖਾਦਾਂ ਅਤੇ ਕੀੜੇਮਾਰ ਜ਼ਹਿਰਾਂ ਦੀ ਦਰਾਮਦ ਉਤੇ 6 ਮਈ ਨੂੰ ਜਾਰੀ ਨੋਟੀਫਿਕੇਸ਼ਨ ਤਹਿਤ ਮੁਕੰਮਲ ਪਾਬੰਦੀ ਲਾ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਸ੍ਰੀਲੰਕਾ ਹਕੂਮਤ ਨਾ ਸਿਰਫ ਪਾਮ ਆਇਲ ਦੀਆਂ ਮੁਲਕ ਵਿਚ ਬਰਾਮਦਾਂ ਉਤੇ ਪਾਬੰਦੀ ਲਾ ਚੁੱਕੀ ਹੈ ਸਗੋਂ ਇਸ ਨੇ ਪਾਮ (ਤਾੜ) ਦੇ ਕਾਸ਼ਤਕਾਰਾਂ ਨੂੰ ਵੀ ਪੜਾਅਵਾਰ ਆਪਣੇ ਲਾਏ ਹੋਏ ਤਾੜ ਦੇ ਰੁੱਖ ਪੁੱਟਣ ਦੀਆਂ ਸੇਧਾਂ ਜਾਰੀ ਕੀਤੀਆਂ ਹਨ। ਇਉਂ ਸ੍ਰੀਲੰਕਾ ਨੇ ਖੇਤੀਬਾੜੀ ਦੇ ਸਿਹਤਮੰਦ ਅਤੇ ਟਿਕਾਊ ਭਵਿੱਖ ਵੱਲ ਮੋੜਾ ਕੱਟਣ ਦੇ ਪੱਖ ਤੋਂ ਬਹੁਤ ਹੀ ਸ਼ਾਨਦਾਰ ਦ੍ਰਿੜ੍ਹਤਾ ਤੇ ਠੋਸ ਇਰਾਦੇ ਦਾ ਮੁਜ਼ਾਹਰਾ ਕੀਤਾ ਹੈ।

ਸ੍ਰੀਲੰਕਾ ਦੇ ਸਦਰ ਗੋਟਾਬਾਯਾ ਰਾਜਪਕਸੇ ਨੇ 22 ਸਤੰਬਰ ਨੂੰ ਨਿਊ ਯਾਰਕ ਵਿਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਕਿਹਾ: "ਹੰਢਣਸਾਰਤਾ ਸ੍ਰੀਲੰਕਾ ਦੇ ਕੌਮੀ ਨੀਤੀ ਢਾਂਚੇ ਦੀ ਬੁਨਿਆਦ ਹੈ। ਜ਼ਮੀਨ ਦੇ ਉਪਜਾਊਪਣ, ਜੈਵਿਕ ਵੰਨ-ਸਵੰਨਤਾ, ਜਲਧਾਰਾਵਾਂ ਅਤੇ ਸਿਹਤ ਉਤੇ ਪੈਣ ਵਾਲੇ ਮਾੜੇ ਅਸਰਾਂ ਨੂੰ ਦੇਖਦਿਆਂ ਮੇਰੀ ਸਰਕਾਰ ਨੇ ਰਸਾਇਣਕ ਖਾਦਾਂ, ਕੀੜੇਮਾਰ ਜ਼ਹਿਰਾਂ ਅਤੇ ਨਦੀਨਨਾਸ਼ਕਾਂ ਉਤੇ ਕੁਝ ਮਹੀਨੇ ਪਹਿਲਾਂ ਮੁਕੰਮਲ ਪਾਬੰਦੀ ਲਾ ਦਿੱਤੀ ਹੈ।" ਨਾਲ ਹੀ ਉਨ੍ਹਾਂ ਕਿਹਾ, "ਇਸ ਦੇ ਮੱਦੇਨਜ਼ਰ ਆਰਗੈਨਿਕ ਖਾਦਾਂ ਦੀ ਪੈਦਾਵਾਰ ਕਰਨ, ਇਨ੍ਹਾਂ ਨੂੰ ਅਪਣਾਉਣ ਅਤੇ ਨਾਲ ਹੀ ਆਰਗੈਨਿਕ ਖੇਤੀ ਵਿਚ ਨਿਵੇਸ਼ ਨੂੰ ਜ਼ੋਰਦਾਰ ਹੁਲਾਰਾ ਦਿੱਤਾ ਜਾ ਰਿਹਾ ਹੈ।"

ਸ੍ਰੀਲੰਕਾ ਮਣਾਂਮੂੰਹੀਂ ਵਿਦੇਸ਼ੀ ਕਰਜ਼ੇ ਹੇਠ ਦਬਿਆ ਹੋਇਆ ਹੈ ਅਤੇ ਇਸ ਦੇ ਇਕੱਤਰ ਹੋਣ ਵਾਲੇ ਮਾਲੀਏ ਦਾ ਕਰੀਬ 80 ਫੀਸਦੀ ਹਿੱਸਾ ਵਿਦੇਸ਼ੀ ਕਰਜ਼ਿਆਂ ਦੀ ਅਦਾਇਗੀ ਵਿਚ ਚਲਾ ਜਾਂਦਾ ਹੈ ਅਤੇ ਨਾਲ ਹੀ ਇਸ ਛੋਟੇ ਜਿਹੇ ਟਾਪੂ ਮੁਲਕ ਨੂੰ ਖੁਰਾਕ ਦੀ ਭਾਰੀ ਕਮੀ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਇਸ ਦੇ ਬਾਵਜੂਦ ਇਸ ਫੈਸਲੇ ਕਾਰਨ ਅਨਾਜ ਦੀ ਪੈਦਾਵਾਰ ਵਿਚ ਹੋਣ ਵਾਲੀ ਕਮੀ ਦੇ ਸਿੱਟੇ ਵਜੋਂ ਖੁਰਾਕੀ ਅਸੁਰੱਖਿਆ ਵਧਣ ਦੇ ਖਦਸ਼ੇ ਦੇ ਨਾਂ ਉਤੇ ਪੈਦਾ ਕੀਤੀ ਜਾ ਰਹੀ ਦਹਿਸ਼ਤ ਖਿਲਾਫ ਸ੍ਰੀਲੰਕਾ ਦੇ ਰਾਸ਼ਟਰਪਤੀ ਅਜੇ ਤੱਕ ਦ੍ਰਿੜਤਾ ਨਾਲ ਖਲੋਤੇ ਦਿਖਾਈ ਦੇ ਰਹੇ ਹਨ। ਇਸ ਤੋਂ ਮੈਨੂੰ ਇੰਡੋਨੇਸ਼ੀਆ ਦੀ ਯਾਦ ਆ ਰਹੀ ਹੈ, ਜਦੋਂ 1980ਵਿਆਂ ਦੌਰਾਨ ਉਥੋਂ ਦੇ ਰਾਸ਼ਟਰਪਤੀ ਸੁਹਾਰਤੋ ਨੇ ਝੋਨੇ ਵਿਚ ਵਰਤੀਆਂ ਜਾਂਦੀਆਂ 57 ਕੀੜੇਮਾਰ ਜ਼ਹਿਰਾਂ ਉਤੇ ਇਕਦਮ ਰਾਸ਼ਟਰਪਤੀ ਦੇ ਫਰਮਾਨ ਰਾਹੀਂ ਪਾਬੰਦੀ ਲਾ ਦਿੱਤੀ ਸੀ। ਉਦੋਂ ਵੀ ਕੁਝ ਕੁ ਦਿਨਾਂ ਦੇ ਅੰਦਰ ਹੀ ਇਸੇ ਤਰ੍ਹਾਂ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਇੰਡੋਨੇਸ਼ੀਆ ਵਿਚ ਕੀੜੇਮਾਰ ਜ਼ਹਿਰਾਂ ਉਤੇ ਪਾਬੰਦੀ ਦੀ ਇਹ ਕਾਰਵਾਈ ਝੋਨੇ ਤੇ ਅਚਾਨਕ ਭੂਰੇ ਟਿੱਡੇ ਦੇ ਹੋਏ ਹਮਲੇ ਦੇ ਮੱਦੇਨਜ਼ਰ ਕੀਤੀ ਗਈ ਸੀ। ਇਸ ਦੇ ਨਾਲ ਹੀ ਸੁਹਾਰਤੋ ਨੇ ਕੌਮਾਂਤਰੀ ਚੌਲ ਖੋਜ ਸੰਸਥਾ ਅਤੇ ਸੰਯੁਕਤ ਰਾਸ਼ਟਰ ਖੁਰਾਕ ਤੇ ਖੇਤੀਬਾੜੀ ਸੰਸਥਾ (ਐਫ.ਏ.ਓ.) ਦੀ ਸਲਾਹ ਉਤੇ ਉਦੋਂ ਮੁਲਕ ਵਿਚ ਝੋਨੇ ਵਿਚ ਸੰਗਠਿਤ ਨਦੀਨ ਪ੍ਰਬੰਧਨ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਸੀ।

ਹੁਣ ਸ੍ਰੀਲੰਕਾ ਵਿਚ ਇਹ ਪ੍ਰਭਾਵ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸ੍ਰੀਲੰਕਾ ਦਾ ਖੁਰਾਕ ਸੰਕਟ ਅਸਲ ਵਿਚ ਮੁਲਕ ਵੱਲੋਂ ਆਰਗੈਨਿਕ ਖੇਤੀ ਵੱਲ ਮੋੜਾ ਕੱਟੇ ਜਾਣ ਦਾ ਸਿੱਟਾ ਹੈ ਪਰ ਇਹ ਮਹਿਜ਼ ਝੂਠਾ ਪ੍ਰਚਾਰ ਹੈ ਜਿਸ ਨੂੰ ਕੈਮੀਕਲ ਸਨਅਤ ਵੱਲੋਂ ਹਵਾ ਦਿੱਤੀ ਜਾ ਰਹੀ ਹੈ। ਹਕੀਕਤ ਇਹ ਹੈ ਕਿ ਸ੍ਰੀਲੰਕਾ ਵਿਚ ਕੈਮੀਕਲ ਖਾਦਾਂ ਤੇ ਕੀੜੇਮਾਰ ਜ਼ਹਿਰਾਂ ਉਤੇ ਪਾਬੰਦੀ ਮਈ ਦੇ ਸ਼ੁਰੂ ਵਿਚ ਲਾਈ ਗਈ ਅਤੇ ਉਸ ਤੋਂ ਬਾਅਦ ਮੁਲਕ ਵਿਚ ਵਾਢੀ ਦਾ ਅਜੇ ਇੱਕੋ ਸੀਜ਼ਨ ਆਇਆ ਹੈ ਜਿਸ ਨੂੰ 'ਯਾਲਾ' ਆਖਿਆ ਜਾਂਦਾ ਹੈ। ਇਸ ਤਹਿਤ ਮਈ ਵਿਚ ਫਸਲ ਬੀਜੀ ਅਤੇ ਅਗਸਤ ਵਿਚ ਵੱਢੀ ਜਾਂਦੀ ਹੈ ਪਰ ਇਸ ਸੀਜ਼ਨ ਦੀਆਂ ਖੇਤੀ ਜਿਣਸਾਂ ਦੇ ਮੰਡੀਆਂ ਵਿਚ ਪੁੱਜਣ ਤੋਂ ਪਹਿਲਾਂ ਹੀ ਫਸਲਾਂ ਦੇ ਘਟ ਰਹੇ ਝਾੜ ਦਾ ਡਰ ਬਹੁਤ ਜ਼ਿਆਦਾ ਫੈਲਿਆ ਹੋਇਆ ਸੀ। ਗੌਰਤਲਬ ਹੈ ਕਿ ਆਮ ਕਰ ਕੇ ਫਸਲਾਂ ਵਿਚ ਰਸਾਇਣਾਂ ਦੀ ਵਰਤੋਂ ਬੰਦ ਕਰਨ ਤੋਂ ਬਾਅਦ ਦੂਜੇ ਤੇ ਤੀਜੇ ਸਾਲ ਦੌਰਾਨ ਹੀ ਅਸੀਂ ਦੇਖ ਸਕਦੇ ਹਾਂ ਕਿ ਫਸਲਾਂ ਦਾ ਝਾੜ ਸਥਿਰ ਹੋਣ ਤੋਂ ਪਹਿਲਾਂ ਘਟਦਾ ਹੈ ਤੇ ਫਿਰ ਹੌਲੀ ਹੌਲੀ ਵਧਣਾ ਸ਼ੁਰੂ ਹੋ ਜਾਂਦਾ ਹੈ। ਜੋ ਵੀ ਹੋਵੇ, ਵਿਆਪਕ ਖੇਤੀ ਪ੍ਰਬੰਧ ( ) ਵੱਲੋਂ ਜਿਹੜੀ ਲਾਗਤ ਪਿੱਛੇ ਛੱਡੀ ਜਾਂਦੀ ਹੈ, ਉਸ ਨੂੰ ਆਮ ਕਰ ਕੇ ਉਸ ਮੁੱਲ ਦੇ ਰੂਪ ਵਿਚ ਲਿਆ ਜਾਂਦਾ ਹੈ ਜਿਹੜਾ ਸਮਾਜ ਨੂੰ ਲਾਜ਼ਮੀ ਤੌਰ 'ਤੇ ਤਾਰਨਾ ਪੈਂਦਾ ਹੈ। ਮਿਸਾਲ ਵਜੋਂ, ਉੱਤਰ ਦੀ ਚੌਲ ਪੱਟੀ ਵਿਚ ਗ਼ਰੀਬ ਪੇਂਡੂ ਲੋਕਾਂ ਵਿਚ ਗੁਰਦੇ ਫੇਲ੍ਹ ਹੋਣ ਦੀ ਭਾਰੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਬਹੁਤੇ ਮਾਹਿਰਾਂ ਦਾ ਖਿਆਲ ਹੈ ਕਿ ਇਸ ਦਾ ਸਬੰਧ ਰਸਾਇਣਕ ਖਾਦਾਂ ਤੇ ਕੀੜੇਮਾਰ ਜ਼ਹਿਰਾਂ ਦੀ ਅੰਨ੍ਹੇਵਾਹ ਵਰਤੋਂ ਨਾਲ ਹੈ ਪਰ ਕੁਝ ਹੋਰ ਮਾਹਿਰ ਅਜਿਹੇ ਕਿਸੇ ਸਬੰਧ ਨੂੰ ਸਹੀ ਨਹੀਂ ਮੰਨਦੇ।

ਅਖਬਾਰ 'ਦਿ ਇੰਡੀਪੈਂਡੈਂਟ' ਵਿਚ ਛਪੀ ਰਿਪੋਰਟ ਮੁਤਾਬਕ ਗੁਰਦਿਆਂ ਦੀਆਂ ਗੰਭੀਰ ਬਿਮਾਰੀਆਂ ਕਾਰਨ ਬੀਤੇ 20 ਸਾਲਾਂ ਦੌਰਾਨ 20 ਹਜ਼ਾਰ ਤੋਂ ਵੱਧ ਲੋਕਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ ਅਤੇ 4 ਲੱਖ ਲੋਕ ਬਿਮਾਰ ਹੋਏ ਹਨ। ਇਸੇ ਤਰ੍ਹਾਂ ਚਾਹ ਜੋ ਬਰਾਮਦ ਕੀਤਾ ਜਾਣ ਵਾਲਾ ਦੂਜਾ ਵੱਡਾ ਉਤਪਾਦ ਹੈ, ਦੇ ਮਾਮਲੇ ਵਿਚ ਵੀ ਬੇਲੋੜਾ ਖੌਫ ਪੈਦਾ ਕੀਤਾ ਜਾ ਰਿਹਾ ਹੈ। ਚਾਹ ਦਾ ਝਾੜ ਪਹਿਲਾਂ ਹੀ ਬਹੁਤ ਘੱਟ ਹੈ ਅਤੇ ਐਫਏਓ ਦਾ ਅੰਦਾਜ਼ਾ ਹੈ ਕਿ ਬੀਤੇ ਦਹਾਕੇ ਭਰ ਤੋਂ ਹੀ ਝਾੜ ਲਗਾਤਾਰ ਘਟ ਰਿਹਾ ਹੈ। ਇਹ ਘਟ ਕੇ ਵੱਡੇ ਖੇਤਰਾਂ ਵਿਚ 350 ਤੋਂ 400 ਕਿਲੋ ਫੀ ਏਕੜ ਰਹਿ ਗਿਆ ਹੈ ਅਤੇ ਕੁਝ ਮਾਮਲਿਆਂ ਵਿਚ ਤਾਂ ਇਹ 150 ਕਿਲੋ ਪ੍ਰਤੀ ਏਕੜ ਤੱਕ ਡਿੱਗ ਗਿਆ ਹੈ। ਚਾਹ ਦੇ ਕਿਉਂਕਿ ਕਰੀਬ 75 ਫੀਸਦੀ ਛੋਟੇ ਕਾਸ਼ਤਕਾਰ ਹਨ, ਇਸ ਲਈ ਜ਼ਮੀਨ ਦੀ ਵਿਗੜ ਰਹੀ ਸਿਹਤ, ਭਾਵ ਉਪਜਾਊ ਸ਼ਕਤੀ ਘਟਣ ਨੂੰ ਹੀ ਝਾੜ ਘਟਣ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਪੂਰੀ ਤਰ੍ਹਾਂ ਆਰਗੈਨਿਕ ਖੇਤੀ ਅਪਣਾਉਣ ਦਾ ਫਾਇਦਾ ਇਹ ਹੋਵੇਗਾ ਕਿ ਆਗਾਮੀ ਸਾਲਾਂ ਦੌਰਾਨ ਖੇਤੀਬਾੜੀ ਦੇ ਤਰੀਕਿਆਂ ਵਿਚ ਢੁਕਵੀਂ ਖੇਤੀ-ਵਾਤਾਵਰਨਮੁਖੀ ਪਹੁੰਚ ਅਪਣਾ ਕੇ ਸ੍ਰੀਲੰਕਾ ਆਪਣੀ ਜ਼ਮੀਨ ਦੀ ਸਿਹਤ ਸੁਧਾਰ ਸਕਦਾ ਹੈ ਅਤੇ ਇਸ ਤਰ੍ਹਾਂ ਚਾਹ ਦੇ ਬਾਗਾਨਾਂ ਦੀ ਵੀ ਕਾਇਆ ਕਲਪ ਹੋ ਜਾਵੇਗੀ। ਇਸ ਤੋਂ ਬਾਅਦ ਇਸ ਦੇ ਖੇਤੀ ਉਤਪਾਦਾਂ ਉਤੇ ਆਰਗੈਨਿਕ ਠੱਪਾ ਲੱਗਾ ਹੋਣ ਸਦਕਾ ਉਨ੍ਹਾਂ ਨੂੰ ਕੌਮਾਂਤਰੀ ਬਾਜ਼ਾਰ ਵਿਚ ਵਧੀਆ ਥਾਂ ਮਿਲੇਗੀ। ਆਲਮੀ ਪੱਧਰ 'ਤੇ ਆਰਗੈਨਿਕ ਖੁਰਾਕੀ ਵਸਤਾਂ ਦੀ ਵਧ ਰਹੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਸ੍ਰੀਲੰਕਾ ਲਈ ਇਹ ਹਰ ਹਾਲ ਲਾਹੇਵੰਦਾ ਸੌਦਾ ਰਹੇਗਾ, ਬਸ਼ਰਤੇ ਜਿਸ ਤਰ੍ਹਾਂ ਇਸ ਨੇ ਇਹ ਦਲੇਰਾਨਾ ਸ਼ੁਰੂਆਤ ਕੀਤੀ ਹੈ, ਉਸੇ ਤਰ੍ਹਾਂ ਅਗਾਂਹ ਵੀ ਸਹੀ ਕਦਮ ਚੁੱਕਦਾ ਰਹੇ।

ਸ੍ਰੀਲੰਕਾ ਸਾਹਮਣੇ ਹੁਣ ਆਪਣੀਆਂ ਖੋਜ, ਵਿਕਾਸ ਅਤੇ ਪੈਦਾਵਾਰ ਪਹੁੰਚਾਂ ਨੂੰ ਨਵਾਂ ਰੂਪ ਦੇਣ ਦੀ ਚੁਣੌਤੀ ਹੈ। ਮੁਲਕ ਨੂੰ ਇਸ ਦੀ ਸ਼ੁਰੂਆਤ ਆਪਣੇ ਖੇਤੀ ਖੋਜ ਪ੍ਰੋਗਰਾਮਾਂ ਨੂੰ ਨਵਾਂ ਰੂਪ ਦੇਣ ਅਤੇ ਇਨ੍ਹਾਂ ਨੂੰ ਵਿੱਦਿਅਕ ਪਾਠਕ੍ਰਮ ਨਾਲ ਲੈਅਬੱਧ ਕਰ ਕੇ ਜੋੜਨ ਤੋਂ ਕਰਨੀ ਪਵੇਗੀ।


ਕੁਝ ਲੋਕ ਸ਼ੱਕ ਕਰਦੇ ਹਨ ਕਿ ਵਾਤਾਵਰਨ-ਮੁਖੀ ਖੇਤੀ ਜਿਸ ਵਿਚ ਅਰਗੈਨਿਕ, ਕੁਦਰਤੀ ਅਤੇ ਬਾਇਓਡਾਇਨਾਮਿਕ ਖੇਤੀ ਆਦਿ ਢਾਂਚੇ ਵੀ ਸ਼ਾਮਲ ਹਨ, ਨਾਲ ਕੀ ਸਾਰੀ ਦੁਨੀਆ ਦਾ ਢਿੱਡ ਭਰ ਸਕਦੀ ਹੈ? ਜੇ ਹਾਂ, ਤਾਂ ਖੁਰਾਕੀ ਪ੍ਰਣਾਲੀ ਦੀ ਇਹ ਤਬਦੀਲੀ ਕਿਵੇਂ ਹਾਸਲ ਕੀਤੀ ਜਾ ਸਕਦੀ ਹੈ? ਉਨ੍ਹਾਂ ਲਈ ਐੱਫਏਓ ਦੇ ਖੁਰਾਕੀ ਸੁਰੱਖਿਆ ਅਤੇ ਪੋਸ਼ਣ ਬਾਰੇ ਮਾਹਿਰਨਾ ਉੱਚ ਪੱਧਰੀ ਪੈਨਲ ਦੀ 2019 ਦੀ ਰਿਪੋਰਟ ਵਧੀਆ ਰਾਹ ਦਿਖਾਉਣ ਵਾਲੀ ਹੈ। ਇਸ ਵਿਚ ਰੈਫੇਲ ਡੀਅੰਨਾਓਲਫੋ ਅਤੇ ਹੋਰਾਂ ਵੱਲੋਂ 2017 ਵਿਚ ਕੀਤੇ ਵਿਸ਼ਲੇਸ਼ਣ ਦਾ ਵੀ ਹਵਾਲਾ ਦਿੱਤਾ ਗਿਆ ਹੈ ਜਿਸ ਨੇ ਵਾਤਾਵਰਨ-ਮੁਖੀ ਖੇਤੀ ਢਾਂਚੇ ਤੋਂ ਹੋਣ ਵਾਲੇ ਆਰਥਿਕ ਲਾਭਾਂ ਨੂੰ ਫੈਸਲਾਕੁਨ ਢੰਗ ਨਾਲ ਉਭਾਰ ਕੇ ਸਾਹਮਣੇ ਲਿਆਂਦਾ ਹੈ। ਇਸ ਮੁਤਾਬਕ, ਜਿਹੜੇ ਮਾਮਲਿਆਂ ਦਾ ਵਿਸ਼ਲੇਣ ਕੀਤਾ ਗਿਆ, ਉਨ੍ਹਾਂ ਵਿਚੋਂ 61 ਫੀਸਦੀ ਵਿਚ ਝਾੜ ਵਧਿਆ ਅਤੇ 20 ਫੀਸਦੀ ਵਿਚ ਘਟਿਆ, ਜਦੋਂਕਿ 66 ਫੀਸਦੀ ਮਾਮਲਿਆਂ ਵਿਚ ਖੇਤੀ ਮੁਨਾਫੇ ਵਿਚ ਇਜ਼ਾਫਾ ਹੋਇਆ।

ਇਕੱਲਿਆਂ ਡਟ ਕੇ ਖਲੋਣ ਲਈ ਬੜੇ ਹੌਸਲੇ ਦੀ ਲੋੜ ਹੁੰਦੀ ਹੈ। ਇਹ ਉਦੋਂ ਹੀ ਹੁੰਦਾ ਹੈ, ਜਦੋਂ ਤੁਹਾਡਾ ਭਰੋਸਾ ਅਡਿੱਗ ਹੋਵੇ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਸ੍ਰੀਲੰਕਾ ਦੇ ਸਦਰ ਰਾਜਪਕਸੇ ਨੇ ਆਰਗੈਨਿਕ ਖੇਤੀ ਵੱਲ ਜਿਹੜਾ ਮੋੜ ਕੱਟਿਆ ਹੈ, ਇਹ ਕੁੱਲ ਆਲਮ ਦੀ ਖੇਤੀ ਨੂੰ ਭਵਿੱਖ ਦਾ ਰਾਹ ਦਿਖਾਵੇਗਾ।

# ਪੰਜਵਾਂ ਅਫਰੀਕੀ

ਕਲਾ ਪਰਿਕਰਮਾ

***ਐਤਕੀਂ ਸਾਹਿਤ ਦਾ ਨੋਬੇਲ ਇਨਾਮ ਅਬਦੁਲ ਰਜ਼ਾਕ ਗੁਰਨਾਹ ਨੂੰ ਮਿਲਿਆ ਹੈ ਜਿਨ੍ਹਾਂ ਆਪਣੀਆਂ ਰਚਨਾਵਾਂ ਵਿਚ ਸ਼ਰਨਾਰਥੀਆਂ ਦੇ ਮਸਲਿਆਂ ਦੇ ਨਾਲ-ਨਾਲ ਬਸਤੀਵਾਦ ਬਾਰੇ ਬਹੁਤ ਸ਼ਿੱਦਤ ਨਾਲ ਹਾਜ਼ਰੀ ਲੁਆਈ ਹੈ।***




ਅਬਦੁਲ ਰਜ਼ਾਕ ਗੁਰਨਾਹ ਅਲ-ਕਿੰਦੀ ਜਦੋਂ ਜਾਂਜੀਬਾਰ (ਤਨਜ਼ਾਨੀਆ) ਵਿਚ ਰਹਿੰਦੇ ਸਨ ਤਾਂ ਉਨ੍ਹਾਂ ਨੇ ਲੇਖਕ ਬਣਨ ਦੀ ਕਦੇ ਕਲਪਨਾ ਵੀ ਨਹੀਂ ਸੀ ਕੀਤੀ ਪਰ ਜਦੋਂ ਉਹ ਇੰਗਲੈਂਡ ਵਿਚ ਇਕ ਸ਼ਰਨਾਰਥੀ ਦੇ ਤੌਰ 'ਤੇ ਰਹਿਣ ਲੱਗੇ ਤਾਂ ਉਨ੍ਹਾਂ ਨੂੰ ਉਸ ਜ਼ਿੰਦਗੀ ਦੀ ਯਾਦ ਸਤਾਉਣ ਲੱਗੀ ਜੋ ਉਹ ਪਿੱਛੇ ਛੱਡ ਆਏ ਸਨ। ਉਨ੍ਹਾਂ ਯਾਦਾਂ ਨੂੰ

**ਸ਼ਾਹਿਦ ਏ ਚੌਧਰੀ**


ਸ਼ਬਦਾਂ ਵਿਚ ਬਿਆਨ ਕਰਨ ਲਈ ਉਨ੍ਹਾਂ ਨੇ ਕਲਮ ਚੁੱਕ ਲਈ। ਜਾਂਜੀਬਾਰ ਵਿਚ ਕ੍ਰਾਂਤੀ ਤੋਂ ਬਾਅਦ ਅਰਬ ਮੂਲ ਦੇ ਨਾਗਰਿਕਾਂ ਦਾ ਦਮਨ ਕੀਤਾ ਜਾ ਰਿਹਾ ਸੀ ਅਤੇ ਉਨ੍ਹਾਂ 'ਤੇ ਮੁਕੱਦਮੇ ਦਰਜ ਕੀਤੇ ਜਾ ਰਹੇ ਸਨ। ਇਸ ਸਭ ਕਾਸੇ ਤੋਂ ਬਚਣ ਲਈ ਗੁਰਨਾਹ ਨੇ 1968 ਵਿਚ ਇੰਗਲੈਂਡ ਵਿਚ ਸ਼ਰਨ ਲੈ ਲਈ ਸੀ। ਉਨ੍ਹਾਂ ਦੀ ਮਾਂ-ਬੋਲੀ ਸਵਾਹਿਲੀ ਹੈ ਪਰ ਉਨ੍ਹਾਂ ਨੇ ਆਪਣੇ ਵਿਚਾਰ ਬਿਆਨ ਕਰਨ ਲਈ ਅੰਗਰੇਜ਼ੀ ਨੂੰ ਚੁਣਿਆ। ਉਨ੍ਹਾਂ ਦੇ ਨਾਵਲ ਅਤੇ ਕਹਾਣੀਆਂ ਕਿਉਂਕਿ ਉਨ੍ਹਾਂ ਦੇ ਆਪਣੇ ਜੀਵਨ ਦੇ ਤਜਰਬੇ ਤੋਂ ਪ੍ਰੇਰਿਤ ਹਨ, ਇਸ ਲਈ ਉਹ ਉਜਾੜੇ ਅਤੇ ਉਸ ਦੇ ਦਰਦ ਦੇ ਇਰਦ-ਗਿਰਦ ਘੁੰਮਦੀਆਂ ਹਨ।

2004 ਦੇ ਆਪਣੇ ਇਕ ਲੇਖ ਵਿਚ ਗੁਰਨਾਹ ਨੇ ਲਿਖਿਆ ਕਿ ਲੇਖਕ ਲਈ ਦੂਰੀ ਇਸ ਤਰ੍ਹਾਂ ਮਦਦਗਾਰ ਹੋ ਸਕਦੀ ਹੈ ਕਿ ਉਹ ਆਪਣੀ ਕਲਪਨਾ ਬੰਦ ਸੰਸਾਰ ਦੇ ਤੌਰ 'ਤੇ ਕਰੇ ਅਤੇ ਦੂਜਾ ਸੁਝਾਅ ਇਹ ਹੈ ਕਿ ਉਜਾੜਾ ਉਸ ਲਈ ਜ਼ਰੂਰੀ ਹੋਵੇ। ਲੇਖਕ ਇਕਾਂਤ ਵਿਚ ਚੰਗੀ ਰਚਨਾ ਇਸ ਲਈ ਕਰ ਸਕਦੇ ਹਨ ਕਿਉਂਕਿ ਉਦੋਂ ਉਹ ਉਨ੍ਹਾਂ ਜ਼ਿੰਮੇਵਾਰੀਆਂ ਤੇ ਸੰਬੰਧਾਂ ਤੋਂ ਮੁਕਤ ਹੁੰਦੇ ਹਨ ਜੋ ਸੱਚ ਨੂੰ ਖਾਮੋਸ਼ ਜਾਂ ਕਮਜ਼ੋਰ ਕਰ ਦਿੰਦੇ ਹਨ। ਇਹ ਹੈਰਾਨੀਜਨਕ ਨਹੀਂ ਹੈ ਕਿ ਗੁਰਨਾਹ ਦੀ ਲੇਖਣੀ ਵਿਚ ਬਸਤੀਵਾਦ ਦੇ ਪ੍ਰਭਾਵਾਂ ਅਤੇ ਸਭਿਆਚਾਰਾਂ ਤੇ ਮਹਾਂਦੀਪਾਂ ਦੀ ਖੇਡ ਵਿਚ ਸ਼ਰਨਾਰਥੀ ਦੀ ਹਾਲਤ ਦਾ ਸਿੱਧਾ ਤੇ ਦਿਆਪੂਰਨ ਚਿਤਰਨ ਮਿਲਦਾ ਹੈ, ਜਿਵੇਂ ਸਵੀਡਿਸ਼ ਅਕਾਦਮੀ ਨੇ 7 ਅਕਤੂਬਰ ਨੂੰ 2021 ਲਈ ਗੁਰਨਾਹ ਨੂੰ ਸਾਹਿਤ ਦਾ ਨੋਬੇਲ ਪੁਰਸਕਾਰ ਦੇਣ ਦਾ ਐਲਾਨ ਕਰਦਿਆਂ ਕਿਹਾ ਹੈ।


ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਗੁਰਨਾਹ ਦੇ ਕੰਮ ਵਿਚ ਬਸਤੀਵਾਦ ਅਤੇ ਸ਼ਰਨਾਰਥੀ ਅਨੁਭਵ ਦੀ ਤ੍ਰਾਸਦੀ ਮੁੱਖ ਤੌਰ 'ਤੇ ਹੈ ਪਰ ਉਨ੍ਹਾਂ ਦੇ ਨਾਵਲਾਂ ਵਿਚ ਸ਼ਰਨਾਰਥੀਆਂ ਦੀ ਆਮ ਤੇ ਪ੍ਰਚੱਲਿਤ ਧਾਰਨਾ ਦੀ ਵਿਆਖਿਆ ਨਹੀਂ ਹੈ ਸਗੋਂ ਉਹ ਸਾਨੂੰ ਉਸ ਪੂਰਬੀ ਅਫਰੀਕਾ ਵਿਚ ਲੈ ਜਾਂਦੇ ਹਨ ਜੋ ਸਭਿਆਚਾਰਕ ਨਜ਼ਰੀਏ ਤੋਂ ਵੱਖਰਾ ਹੈ ਅਤੇ ਜਿਸ ਤੋਂ ਬਾਕੀ ਸੰਸਾਰ ਜਾਣੂ ਨਹੀਂ ਹੈ। ਗੁਰਨਾਹ ਦੇ ਹੁਣ ਤੱਕ 10 ਨਾਵਲ ਅਤੇ ਕਈ ਕਹਾਣੀਆਂ ਪ੍ਰਕਾਸ਼ਿਤ ਹੋਈਆਂ ਹਨ। ਉਹ ਲੀਕ ਤੋਂ ਹਟ ਕੇ ਲਿਖੇ ਆਪਣੇ ਨਾਵਲ 'ਪੈਰਾਡਾਈਜ਼' (1994) ਲਈ ਜ਼ਿਆਦਾ ਪ੍ਰਸਿੱਧ ਹਨ ਜਿਸ ਨੂੰ ਦੋਵਾਂ ਬੁੱਕਰ (ਫਿਕਸ਼ਨ) ਅਤੇ ਵ੍ਹਿਟਬ੍ਰੇਡ ਪ੍ਰਾਈਜ਼ ਦੇ ਲਈ 'ਸ਼ਾਰਟ ਲਿਸਟ' ਕੀਤਾ




***ਅਬਦੁਲ ਰਜ਼ਾਕ ਗੁਰਨਾਹ ਦਾ ਪਲੇਠਾ ਨਾਵਲ 'ਮੈਮਰੀ ਆਫ ਡਿਪਾਰਚਰ'।***




***ਸਾਲ 2020 ਵਿਚ ਛਪਿਆ ਅਬਦੁਲ ਰਜ਼ਾਕ ਗੁਰਨਾਹ ਦਾ ਨਾਵਲ 'ਆਫਟਰਲਾਈਵਜ਼'।***




***ਗੁਰਨਾਹ ਦਾ ਚਰਚਿਤ ਨਾਵਲ 'ਪੈਰਾਡਾਈਜ਼'।***

ਗਿਆ ਸੀ। ਇਸ ਨਾਵਲ ਵਿਚ ਉਨ੍ਹਾਂ ਪਹਿਲੀ ਵਿਸ਼ਵ ਜੰਗ ਦੌਰਾਨ ਗੁਲਾਮ ਪੂਰਬੀ ਅਫਰੀਕਾ ਦੇ ਹਾਲਾਤ ਬਿਆਨ ਕੀਤੇ ਹਨ। ਉਨ੍ਹਾਂ ਦੇ ਨਾਵਲ 'ਬਾਈ ਦਿ ਸੀ' (2001) ਨੂੰ ਬੁੱਕਰ ਪ੍ਰਾਈਜ਼ ਲਈ 'ਲਾਂਗ ਲਿਸਟ' ਅਤੇ ਲਾਸ ਏਂਜਲਸ ਟਾਈਮਜ਼ ਬੁੱਕ ਪ੍ਰਾਈਜ਼ ਲਈ 'ਸ਼ਾਰਟ ਲਿਸਟ' ਕੀਤਾ ਗਿਆ ਸੀ। ਇਸ ਨਾਵਲ ਲਈ ਉਨ੍ਹਾਂ ਨੂੰ 2007 ਵਿਚ ਫਰਾਂਸ ਵਿਚ 'ਆਰ.ਐਫ.ਆਈ. ਵਿਟਨੈੱਸ ਆਫ ਦਿ ਵਰਲਡ ਐਵਾਰਡ' ਮਿਲਿਆ ਸੀ। ਗੁਰਨਾਹ ਨੇ 'ਅਸੇਜ਼ ਆਨ ਅਫਰੀਕਨ ਰਾਈਟਿੰਗ' ਦੇ ਦੋ ਭਾਗਾਂ ਦਾ ਸੰਪਾਦਨ ਕੀਤਾ ਹੈ। ਉਹ 'ਏ ਕੰਪੈਨੀਅਨ ਟੂ ਸਲਮਾਨ ਰੂਸ਼ਦੀ' (2007) ਦੇ ਸੰਪਾਦਕ ਹਨ। 1987 ਤੋਂ ਉਹ 'ਵਾਸਾਫਿਰਿ' ਦੇ ਕੰਟਰੀਬਿਊਟਿੰਗ ਐਡੀਟਰ ਹਨ। ਉਹ ਕਈ ਪੁਰਸਕਾਰਾਂ ਦੇ ਜੱਜ ਵੀ ਰਹੇ ਹਨ ਜਿਨ੍ਹਾਂ ਵਿਚ ਕੇਨ ਪ੍ਰਾਈਜ਼ ਫਾਰ ਅਫਰੀਕਨ ਰਾਈਟਿੰਗ ਅਤੇ ਬੁੱਕਰ ਪ੍ਰਾਈਜ਼ ਵੀ ਸ਼ਾਮਿਲ ਹਨ। ਗੁਰਨਾਹ ਨੂੰ 2006 ਵਿਚ ਰਾਇਲ ਸੁਸਾਇਟੀ ਆਫ ਲਿਟਰੇਚਰ ਦਾ ਫੈਲੋ ਚੁਣਿਆ ਗਿਆ ਸੀ।

ਗੁਰਨਾਹ ਦਾ ਜਨਮ 20 ਦਸੰਬਰ, 1948 ਨੂੰ ਜਾਂਜੀਬਾਰ ਸਲਤਨਤ ਵਿਚ ਹੋਇਆ ਸੀ ਜੋ ਹੁਣ ਤਨਜ਼ਾਨੀਆ ਦਾ ਹਿੱਸਾ ਹੈ। ਜਾਂਜੀਬਾਰ ਕ੍ਰਾਂਤੀ ਵਿਚ ਜਦੋਂ ਅਰਬ ਮੂਲ ਦੇ ਨਾਗਰਿਕਾਂ ਦਾ ਦਮਨ ਹੋਣ ਲੱਗਾ ਤਾਂ ਉਹ 1968 'ਚ ਸ਼ਰਨਾਰਥੀ ਦੇ ਵਜੋਂ ਇੰਗਲੈਂਡ ਆ ਗਏ। ਇਸ ਬਾਰੇ ਉਨ੍ਹਾਂ ਨੇ ਲਿਖਿਆ ਸੀ: ਮੈਂ ਇੰਗਲੈਂਡ ਉਸ ਸਮੇਂ ਆਇਆ ਸੀ, ਜਦੋਂ ਸ਼ਰਨਾਰਥੀ ਵਰਗੇ ਸ਼ਬਦਾਂ ਦਾ ਅਰਥ ਅੱਜ ਵਰਗਾ ਨਹੀਂ ਸੀ। ਅੱਜ ਅਤਿਵਾਦ ਤੋਂ ਪ੍ਰਭਾਵਿਤ ਮੁਲਕਾਂ ਤੋਂ ਜ਼ਿਆਦਾ ਲੋਕ ਭੱਜ ਰਹੇ ਹਨ ਅਤੇ ਸੰਘਰਸ਼ ਕਰ ਰਹੇ ਹਨ। ਗੁਰਨਾਹ ਨੇ ਪਹਿਲਾਂ ਕ੍ਰਾਈਸਟ ਚਰਚ ਕਾਲਜ, ਕੈਂਟਰਬਰੀ ਵਿਚ ਸਿੱਖਿਆ ਪ੍ਰਾਪਤ ਕੀਤੀ ਜਿਸ ਦੀ ਡਿਗਰੀ ਉਸ ਸਮੇਂ ਯੂਨੀਵਰਸਿਟੀ ਆਫ ਲੰਡਨ ਦਿੰਦੀ ਸੀ। ਫਿਰ ਉਹ ਯੂਨੀਵਰਸਿਟੀ ਆਫ ਕੈਂਟ ਚਲੇ ਗਏ ਜਿੱਥੇ 1982 ਵਿਚ ਉਨ੍ਹਾਂ ਨੇ 'ਕ੍ਰਾਈਟੇਰੀਆ ਇਨ ਦਾ ਕ੍ਰਿਟਿਸਿਜ਼ਮ ਆਫ ਵੈਸਟ ਅਫਰੀਕਨ ਫਿਕਸ਼ਨ' ਵਿਚ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ। 1980 ਤੋਂ 1983 ਤੱਕ ਉਹ ਨਾਈਜੀਰੀਆ ਦੀ ਬਾਯੇਰੋ ਯੂਨੀਵਰਸਿਟੀ ਕਾਨੋ ਵਿਚ ਲੈਕਚਰਾਰ ਰਹੇ। ਇਸ ਤੋਂ ਬਾਅਦ ਉਹ ਯੂਨੀਵਰਸਿਟੀ ਆਫ ਕੈਂਟ ਦੇ ਅੰਗਰੇਜ਼ੀ ਵਿਭਾਗ ਵਿਚ ਆਪਣੀ ਸੇਵਾ-ਮੁਕਤੀ ਤੱਕ ਪ੍ਰੋਫੈਸਰ ਰਹੇ।

ਫਿਲਹਾਲ, ਪਿਛਲੇ ਲਗਭਗ ਦੋ ਦਹਾਕਿਆਂ ਦੌਰਾਨ ਸਾਹਿਤ ਦਾ ਨੋਬੇਲ ਪੁਰਸਕਾਰ ਜਿੱਤਣ ਵਾਲੇ ਗੁਰਨਾਹ ਪਹਿਲੇ ਅਫਰੀਕੀ ਹਨ ਉਨ੍ਹਾਂ ਤੋਂ ਪਹਿਲਾਂ ਅਫਰੀਕਾ ਦੇ ਵੋਲੇ ਸ਼ੋਯਿੰਕਾ (ਨਾਈਜੀਰੀਆ, 1986), ਨਗੀਬ ਮਹਿਫੂਜ਼ (ਮਿਸਰ, 1988), ਨਡੀਨ ਗੋਰਡਿਮਰ (ਦੱਖਣੀ ਅਫਰੀਕਾ, 1991) ਅਤੇ ਜਾਨ ਮੈਕਸਵੈੱਲ ਕੋਏਤਜੀ (ਦੱਖਣੀ ਅਫਰੀਕਾ, 2003) ਇਹ ਸਨਮਾਨ ਹਾਸਲ ਕਰ ਚੁੱਕੇ ਹਨ। ਸਾਹਿਤ ਦਾ ਨੋਬੇਲ ਪੁਰਸਕਾਰ ਪਾਉਣ ਵਾਲੇ ਗੁਰਨਾਹ ਪੰਜਵੇਂ ਅਫਰੀਕੀ ਹਨ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਅਕਤੂਬਰ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-504



***ਕਦੇ ਮਿੱਤਰਾਂ ਦਾ ਟਾਂਗਾ ਜਾਂਦਾ ਸੀਗਾ ਸ਼ਹਿਰ ਕੁਰਾਲੀ।***
***ਕੀ ਹੋਇਆ ਜੇ ਨਵੇਂ ਯੁੱਗ ਨੇ ਸਾਥੋਂ ਪਿੱਠ ਘੁਮਾ ਲਈ।***
***ਮਰਸਡੀ ਵਾਂਗ ਸ਼ਿੰਗਾਰ ਕੇ ਰੱਖਿਆ ਟਾਂਗਾ ਨਾਲੇ ਘੋੜਾ।***
***ਭਾਵੇਂ ਸਾਡੇ ਨਾਲ ਕਰ ਗਿਆ ਵਕਤ ਚੰਦਰਾ ਲੋਹੜਾ।***

### ਕੈਪਸ਼ਨ ਮੁਕਾਬਲਾ-502



ਖੇਤਾਂ ਦਾ ਗੁੱਸਾ 'ਕੱਠਾ ਹੋ ਕੇ
ਕਿਸਾਨੀ ਨੂੰ ਏਕੇ ਵਿਚ ਪਰੋ ਕੇ
ਬੈਠ ਗਿਆ ਹੈ ਦਿੱਲੀ ਜਾ ਕੇ
ਪਹੁੰਚੇ ਸਭ ਬਸੰਤੀ ਪਾ ਕੇ
ਸਿਦਕ-ਸੰਜਮ ਨੇ ਰੰਗ ਵਿਖਾਇਆ।
ਲੋਕ ਘੋਲ ਜਿੱਤ ਦੇ ਨੇੜੇ ਆਇਆ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ।***
***ਫੋਨ: 91-94176-49275***

---

ਗੁਰੂ ਦਾ ਪਿਆਰਾ ਸਿੰਘ
ਧਰਨੇ 'ਤੇ ਬਹਿ ਗਿਆ,
ਕਾਨੂੰਨ ਕਰਵਾਉਣੇ ਰੱਦ
ਬੱਚਿਆਂ ਨੂੰ ਕਹਿ ਗਿਆ।
ਪਸ਼ੂ-ਢਾਂਡਾ ਸਭ ਸਾਂਭਣੈ
ਤੇ ਖੇਤੀ ਵੀ ਨਹੀਂ ਰੋਕਣੀ,
ਸਰਕਾਰ ਦੀ ਇਹ ਮੰਜੀ
ਅਸੀਂ ਏਕੇ ਨਾਲ ਠੋਕਣੀ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਛੱਡ ਘਰਾਂ ਨੂੰ ਤੁਰ ਆਏ ਹਾਂ
ਵਿਚ ਟਰਾਲੀਆਂ ਡੇਰੇ ਲਾਏ।
ਜ਼ਿੰਦਗੀ ਬੜੀ ਹੰਢਾ ਚੁਕੇ ਹਾਂ
ਐਵੇਂ ਨਹੀਂ ਇਹ ਚਿੱਟੇ ਆਏ।
ਸਰਕਾਰੀ ਧੌਣ 'ਤੇ ਗੋਡਾ ਸਾਡਾ
ਛੱਡਦੇ ਨ੍ਹੀਂ ਹੁਣ ਬਿਨਾ ਮਨਾਏ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਕਿਸਾਨੀ ਦੇ ਦਰਦ ਸਾਫ ਦੱਸਦੀ ਹੈ ਤਸਵੀਰ
ਕਿੰਨੇ ਝੱਖੜ ਤੂਫਾਨ ਲਿਖੇ ਨੇ ਵਿਚ ਤਕਦੀਰ।
ਆਖਦੇ ਨੇ ਖੇਤਾਂ ਦਾ ਰਾਜਾ ਮੈਨੂੰ ਜਾਪੇ ਫਕੀਰ,
ਜੱਗ ਆਖੇ ਅੰਨਦਾਤਾ ਪਰ ਮੈਂ ਤਾਂ ਕਹਾਂ ਪੀਰ।
***-ਸੇਵਾ ਸਿੰਘ ਨੂਰਪੁਰੀ***

---

ਘਟ ਘਟ 'ਚ ਵਸੀ ਰਿਸ਼ਵਤਖੋਰੀ
ਅੰਨ੍ਹੇਵਾਹ ਕਰਜ਼ੇ ਲਏ
ਖਰਚ ਕੀਤੇ ਕਿਤੇ ਹੋਰ।
ਇਮਾਨਦਾਰ ਬੈਠੇ ਸ਼ਾਂਤਮਈ ਸੰਘਰਸ਼ਾਂ 'ਤੇ
ਝੂਠਿਆਂ ਅੰਦਰ ਬੈਠਾ ਚੋਰ।
ਗੁਲਸ਼ੱਰੇ ਉੜਾ ਲਏ ਪੈਸਿਆਂ ਦੇ
ਫਿਰ ਕਹਿਣ ਸਾਡਾ ਕੀ ਕਸੂਰ?
ਸਿਆਸੀ ਲੋਕਾਂ ਨੂੰ ਡਰ ਮਾਰੀ ਜਾਵੇ
ਰੁੱਸੀਆਂ ਵੋਟਾਂ ਨੇ ਤਖਤਾ ਪਲਟਣਾ ਜਰੂਰ।
***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਐ ਜਾਲਮ ਸਰਕਾਰੇ ਨਿਕੰਮੀਏ
ਖੋਲ੍ਹ ਅੱਖਾਂ, ਦੇਖ ਥੱਲੇ ਨੂੰ
ਕਿਸਾਨ ਜੋ ਜੰਗਲਾਂ 'ਚ ਮੰਗਲ ਲਾਉਣ ਵਾਲੇ
ਹੱਕਾਂ ਤੋਂ ਵਾਂਝੇ ਕੀਤੇ ਜਾ ਰਹੇ
ਕੰਡਿਆਂ ਦੀ ਸੇਜ 'ਤੇ ਸੌਂ ਕੇ
ਰੜੇ ਮੈਦਾਨ, ਜਿੱਥੇ ਵੀ ਜਗ੍ਹਾ ਮਿਲੀ
ਹਰ ਆਈ ਮੁਸੀਬਤ ਨਾਲ ਜੂਝ ਰਹੇ
ਪਹੁੰਚ ਗਏ ਹਨ ਇਸ ਸਿੱਟੇ 'ਤੇ
ਹੱਕ ਪਲੇਟ 'ਚ ਪਰੋਸਿਆਂ ਨਹੀਂ ਮਿਲਦੇ
ਘਾਲਣਾ ਕਰਨੀ ਹੀ ਪੈਂਦੀ ਹੈ।
***-ਦਰਸ਼ਨਪਾਲ ਦੋਸਾਂਝ***

### ਕੈਪਸ਼ਨ ਮੁਕਾਬਲਾ-501

ਅੱਖਾਂ ਦੀਆਂ ਗਹਿਰਾਈਆਂ ਨੂੰ
ਸਮਝ ਨਹੀਂ ਸਕਦੇ,
ਹੋਠਾਂ ਤੋਂ ਕੁਝ ਕਹਿ ਨਹੀਂ ਸਕਦੇ
ਕਿੱਦਾਂ ਬਿਆਨ ਕਰਾਂ
ਇਹ ਦਿਲ ਦਾ ਜੋ ਹਾਲ
ਇਹ ਹੈ ਮੇਰੀ ਜਿੰਦਜਾਨ
ਇਨ੍ਹਾਂ ਤੋਂ ਬਗੈਰ ਰਹਿ ਨਹੀਂ ਸਕਦੀ।
***-ਬੱਲਾ ਲਬਾਣਾ***
***ਫੋਨ: 848-235-8344***

# ਹਰਕਤ ਹੀ ਹੋਂਦ ਹੈ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਜਿਹੀ ਖੁਸ਼ਕੀ ਨਹੀਂ, ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸੁਪਨਿਆਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਸੀ, "ਜ਼ਿੰਦਗੀ ਵਿਚ ਕਦੇ ਵੀ ਆਪਣੇ ਸੁਪਨੇ ਨੂੰ ਮਰਨ ਨਾ ਦਿਓ। ਸੁਪਨੇ ਵਿਚੋਂ ਹੀ ਹੋਰ ਬਹੁਤ ਸਾਰੇ ਸੁਪਨੇ ਉਗਦੇ, ਕਿਉਂਕਿ ਸੁਪਨਸਾਜ਼ੀ ਮਨੁੱਖ ਦਾ ਉਹ ਮੀਰੀ ਗੁਣ ਹੈ, ਜੋ ਮਨੁੱਖੀ ਵਿਕਾਸ ਅਤੇ ਵਿਸਥਾਰ ਨੂੰ ਜਨਮ ਦਿੰਦਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਨਸੀਹਤ ਕੀਤੀ ਹੈ ਕਿ ਬੰਦੇ ਨੂੰ ਹਰਕਤ ਵਿਚ ਰਹਿਣਾ ਚਾਹੀਦਾ ਹੈ, ਕਿਉਂਕਿ ਹਰਕਤ ਵਿਚੋਂ ਹੀ ਹਮਜੋਲਤਾ, ਹਮਰਾਜ਼ਤਾ, ਹੱਸਮੁੱਖਤਾ ਅਤੇ ਹੈਰਾਨੀਜਨਕ ਹਾਸਲਾਂ ਨੇ ਮਨੁੱਖੀ ਮਨ ਦੀ ਦਸਤਕ ਬਣਨਾ ਹੁੰਦਾ। ਇਹ ਦਸਤਕ, ਜਿਸ ਨੇ ਸਾਹਾਂ ਨੂੰ ਸਦੀਵਤਾ ਅਤੇ ਸੰਗੀਤਕਤਾ ਬਖਸ਼ਣੀ ਏ।" ਉਹ ਆਖਦੇ ਹਨ, "ਬੰਦੇ ਦੇ ਮਨ ਵਿਚ ਸਿੱਖਣ ਦਾ ਚਾਅ ਪੈਦਾ ਹੁੰਦਾ ਤਾਂ ਤੀਬਰਤਾ ਖੌਰੂ ਪਾਉਂਦੀ ਤੇ ਬੰਦਾ ਆਪਣੀ ਸੰਪੂਰਨਤਾ ਦਾ ਸਫਰ ਜਾਰੀ ਰੱਖਦਾ।... ਸ਼ਬਦ ਅਹੁੜਦੇ ਰਹਿਣ ਤਾਂ ਇਨ੍ਹਾਂ ਵਿਚ ਅਰਥਾਂ ਦੇ ਦੀਵੇ ਜਗਦੇ। ਸਿਰਫ ਉਹ ਹੀ ਸ਼ਬਦ ਸਦਾ ਜਿਉਂਦੇ, ਜਿਨ੍ਹਾਂ ਵਿਚ ਸਕਾਰਾਤਮਿਕਤਾ ਡਲਕਦੀ।"***

## ਸ਼ਬਦ ਜੋਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਹਰਕਤ, ਜਿਉਂਦੇ ਹੋਣ ਦੀ ਨਿਸ਼ਾਨੀ, ਧੜਕਦੀ ਜ਼ਿੰਦਗੀ ਦਾ ਰਾਗ, ਜਾਗਦੇ ਲੋਕਾਂ ਦਾ ਕਾਫਲਾ ਅਤੇ ਚੱਲਦੇ ਸਾਹਾਂ ਵਿਚਲੀ ਸਾਹ-ਸੰਗੀਤ ਦੀ ਨਿਰੰਤਰਤਾ।

ਹਰਕਤ ਦੀ ਪਹਿਲੀ ਨਿਸ਼ਾਨੀ, ਬੱਚੇ ਦੀ ਪਹਿਲੀ ਚੀਕ ਜੋ ਇਸ ਜਹਾਨ 'ਤੇ ਆਉਣ ਦੀ ਸੂਚਨਾ। ਜਿਉਂਦੇ ਜੀਵ ਦਾ ਧਰਤੀ 'ਤੇ ਆਉਣਾ, ਸੁੰਨੇ ਵਿਹੜੇ ਨੂੰ ਭਾਗ ਲਾਉਣਾ ਅਤੇ ਰੁਆਂਸੇ ਜਿਹੇ ਘਰ ਵਿਚ ਚਾਵਾਂ ਦੀਆਂ ਝੜੀਆਂ ਲਾਉਣਾ।

ਪਾਣੀ ਵਿਚਲੀ ਹੱਲਚੱਲ, ਇਸ ਦੀ ਖੜੋਤ ਤੋੜਦੀ। ਖੜ੍ਹੇ ਪਾਣੀ ਬੋਅ ਮਾਰਨ ਲੱਗਦੇ, ਜਦ ਕਿ ਵੱਗਦੇ ਪਾਣੀਆਂ ਵਿਚ ਪੈਦਾ ਹੁੰਦੀਆਂ ਲਹਿਰਾਂ, ਜੋ ਦਿਲਦਾਰ ਨੂੰ ਨਦੀ ਪਾਰ ਕਰਵਾ, ਸੱਜਣ ਨੂੰ ਮਿਲਾਉਂਦੀਆਂ। ਵਗਦੇ ਦਰਿਆਵਾਂ 'ਚੋਂ ਹੀ ਮੌਲਦੀ ਹੈ ਜ਼ਿੰਦਗੀ ਅਤੇ ਇਨ੍ਹਾਂ ਦੇ ਕੰਢਿਆਂ ਤੇ ਗੂੰਜਦਾ ਏ ਜ਼ਿੰਦਗੀ ਦਾ ਨਾਦ। ਤਾਂ ਹੀ ਝੀਲਾਂ, ਟੋਭਿਆਂ ਜਾਂ ਛੱਪੜਾਂ ਦੇ ਪਾਣੀਆਂ ਵਿਚ ਪੈ ਜਾਂਦੇ ਨੇ ਜਾਲੇ, ਜਦ ਕਿ ਵਗਦੇ ਪਾਣੀਆਂ ਦੇ ਪੱਤਣਾਂ 'ਤੇ ਲੱਗਦੇ ਨੇ ਮੇਲੇ।

ਬੋਲ ਚੁੱਪ ਹੋ ਜਾਣ ਤਾਂ ਹੋਠਾਂ 'ਤੇ ਪਸਰਦੀ ਹੈ ਮਰਨਹਾਰੀ ਚੁੱਪ ਅਤੇ ਸਿਸਕਣੀ ਤਰੌਂਕੀ ਜਾਂਦੀ ਹੈ ਗੁਫਤਗੂ ਦੇ ਵਿਹੜੇ। ਬੋਲ ਗੂੰਜਦੇ ਰਹਿਣ, ਗੱਲਬਾਤ ਚੱਲਦੀ ਰਹੇ ਅਤੇ ਹਾਕ ਨੂੰ ਹੁੰਗਾਰਾ ਮਿਲਦਾ ਰਹੇ ਤਾਂ ਜ਼ਿੰਦਗੀ ਸਰਗਰਮ ਰਹਿੰਦੀ।


ਹਵਾ ਠਹਿਰ ਜਾਵੇ ਤੇ ਫਿਜ਼ਾ ਵਿਚ ਗੁੰਮਸੁੰਮਤਾ ਹਾਜ਼ਰ-ਨਾਜ਼ਰ ਹੋਵੇ ਤਾਂ ਤੂਫਾਨ ਬਹੁਤ ਦੂਰ ਨਹੀਂ ਹੁੰਦਾ। ਧਰਤੀ 'ਤੇ ਉਤਰਦੀ ਹੈ ਕਿਆਮਤ। ਹਵਾ ਦੀ ਰੁਮਕਣੀ ਹੀ ਪੱਤਿਆਂ ਵਿਚ ਸੰਗੀਤ ਪੈਦਾ ਕਰਦੀ। ਪੱਛੋਂ ਦੀ ਪੌਣ ਜਾਂ ਪੁਰਾ ਵੱਗੇ ਤਾਂ ਬੀਤੇ ਵਕਤਾਂ ਦੀਆਂ ਹੁਸੀਨ ਯਾਦਾਂ ਮਨ 'ਤੇ ਦਸਤਕ ਦਿੰਦੀਆਂ। ਪੱਛੋਂ ਦੀਆਂ ਕਣੀਆਂ ਦੀ ਨਿੱਕੀ ਨਿੱਕੀ ਭੂਰ ਵਿਚ ਮਨ ਮਚਲਦਾ। ਹੁੰਮਸ ਤੋਂ ਰਾਹਤ ਤੇ ਖੁਸ਼ਗਵਾਰ ਮੌਸਮ ਦੀ ਤਸਦੀਕ। ਹਵਾ ਚੱਲਦੀ ਰਹੇ, ਪਰ ਕਦੇ ਵੀ ਤੂਫਾਨ ਜਾਂ ਹਨੇਰੀ ਨਾ ਬਣੇ, ਕਿਉਂਕਿ ਹਨੇਰੀਆਂ ਵਿਚ ਉਜੜ ਜਾਂਦੇ ਨੇ ਆਲ੍ਹਣੇ, ਲੁੜਕ ਜਾਂਦੇ ਨੇ ਬੋਟ ਅਤੇ ਟੁੱਟ ਜਾਂਦੇ ਨੇ ਪਰਿੰਦਿਆਂ ਦੇ ਆਂਡੇ। ਹਵਾ ਵੱਗਦੀ ਤਾਂ ਬੱਦਲ ਕਾਲੀਆਂ ਘਟਾਵਾਂ ਬਣ ਕੇ ਅੰਬਰ 'ਤੇ ਛਾਉਂਦੇ ਅਤੇ ਮੇਘ ਬਰਸਾਉਂਦੇ।

ਸੋਚ ਵਿਚ ਹੱਲਚੱਲ ਹੁੰਦੀ ਰਹੇ ਤਾਂ ਨਵੀਆਂ ਸੰਭਾਵਨਾਵਾਂ ਤੇ ਸੁਪਨੇ ਉਗਦੇ, ਜਿਨ੍ਹਾਂ ਵਿਚੋਂ ਨਵੀਆਂ ਸਫਲਤਾਵਾਂ ਮਿਲਦੀਆਂ। ਇਸ ਸੋਚ ਦਾ ਹੀ ਸਫਰ ਹੈ ਕਿ ਨਿੱਤ ਨਵੀਆਂ ਕਾਢਾਂ, ਤਕਨੀਕਾਂ ਅਤੇ ਤਰਕੀਬਾਂ ਨੇ ਮਨੁੱਖ ਨੂੰ ਸੁੱਖ-ਸਹੂਲਤਾਂ ਨਾਲ ਲਬਰੇਜ਼ ਕੀਤਾ ਏ, ਭਾਵੇਂ ਇਹ ਸਹੂਲਤਾਂ ਹੀ ਮਨੁੱਖ ਲਈ ਮੌਤ ਦਾ ਸਮਾਨ ਬਣ ਚੁਕੀਆਂ ਨੇ। ਸੋਚ ਸੁੰਨ ਹੋ ਜਾਵੇ ਤਾਂ ਬੰਜਰ ਹੋ ਜਾਂਦੀ ਹੈ ਇਸ ਦੀ ਕੁੱਖ।

ਬੰਦੇ ਦੇ ਮਨ ਵਿਚ ਸਿੱਖਣ ਦਾ ਚਾਅ ਪੈਦਾ ਹੁੰਦਾ ਤਾਂ ਤੀਬਰਤਾ ਖੌਰੂ ਪਾਉਂਦੀ ਤੇ ਬੰਦਾ ਆਪਣੀ ਸੰਪੂਰਨਤਾ ਦਾ ਸਫਰ ਜਾਰੀ ਰੱਖਦਾ। ਵਰਨਾ ਸਿੱਖਣਾ ਬੰਦ ਹੋਣ ਤੇ ਮਨੁੱਖ ਜਮਾਨੇ ਨਾਲੋਂ ਬਹੁਤ ਪਛੜ ਜਾਂਦਾ ਅਤੇ ਪੱਛੜੇ ਹੋਏ ਲੋਕਾਂ ਦਾ ਸਮੇਂ ਦੀ ਰਫਤਾਰ ਨੂੰ ਕੋਸਣਾ, ਉਨ੍ਹਾਂ ਦਾ ਸਭ ਤੋਂ ਵੱਡਾ ਗੁਨਾਹ। ਨਵੀਂ ਟੈਕਨਾਲੋਜੀ ਤੋਂ ਪਿੱਠ ਮੋੜਨਾ ਦਰਅਸਲ ਬੰਦੇ ਦੀ ਆਪਣੇ ਆਪ ਤੋਂ ਮੁੰਨਕਰੀ; ਤੇ ਪਿੱਛਲਖੁਰੀ ਚਾਲ ਨਾਲ ਬੰਦਾ ਸਿਰਫ ਟੋਏ ਵਿਚ ਹੀ ਡਿੱਗਦਾ। ਸਿੱਖਣਾ, ਇਕ ਨਿਰੰਤਰ ਵਰਤਾਰਾ। ਹਰ ਮੋੜ, ਹਰ ਪਲ, ਹਰ ਵਰਤਾਰੇ ਤੇ ਵਿਗਾਰ ਵਿਚੋਂ ਜੇ ਸਿੱਖਣ ਦੀ ਆਦਤ ਪਾ ਲਵੇ ਤਾਂ ਬੰਦੇ ਨੂੰ ਖੁਦ 'ਤੇ ਬਹੁਤ ਵਿਸ਼ਵਾਸ ਹੁੰਦਾ। ਉਸ ਲਈ ਮੁਸ਼ਕਿਲਾਂ ਨਾਲ ਆਢਾ ਲਾਉਣਾ ਅਤੇ ਪੈਰਾਂ ਵਿਚ ਸੁਪਨ-ਸਫਰ ਉਗਾਉਣਾ ਬਹੁਤ ਅਸਾਨ ਹੁੰਦਾ।

ਸ਼ਬਦ ਅਹੁੜਦੇ ਰਹਿਣ ਤਾਂ ਇਨ੍ਹਾਂ ਵਿਚ ਅਰਥਾਂ ਦੇ ਦੀਵੇ ਜਗਦੇ। ਖਿਆਲਾਂ ਦੀਆਂ ਮੋਮਬੱਤੀਆਂ ਬਲਦੀਆਂ ਅਤੇ ਨਵੀਂ ਕਿਰਤ ਜਨਮ ਲੈਂਦੀ। ਸ਼ਬਦ ਹੀ ਸਿਸਕੀ ਬਣ ਜਾਣ ਜਾਂ ਮਰਨਹਾਰੀ ਰੁੱਤ ਦਾ ਸ਼ਿਕਾਰ ਹੋ ਜਾਣ ਤਾਂ ਇਨ੍ਹਾਂ ਵਿਚੋਂ ਉਗਦਾ ਸਿਵਿਆਂ ਦਾ ਸੇਕ। ਬਿਨ-ਸ਼ਬਦੇ ਵਰਕਿਆਂ ਵਿਚੋਂ ਕਿਹੜੀ ਕਿਰਤ ਨੂੰ ਕਿਆਸੋਗੇ? ਖਾਲੀ ਵਰਕਿਆਂ ਵਿਚੋਂ ਕਿਹੜੀ ਕਿਤਾਬ ਜ਼ਿੰਦਗੀ ਦੇ ਅਰਥਾਂ ਦੀ ਤਸਦੀਕ ਕਰੇਗੀ? ਸ਼ਬਦ ਸੌਂ ਜਾਣ ਤਾਂ ਇਹ ਅਛੋਪਲੇ ਜਿਹੇ ਉਧਾਲੇ ਜਾਂਦੇ। ਅਗਵਾ ਹੋਏ ਸ਼ਬਦਾਂ 'ਤੇ ਕਾਹਦਾ ਜੋਰ? ਇਨ੍ਹਾਂ ਦੇ ਅਰਥਾਂ ਵਿਚੋਂ ਜਦ ਬੋਲਦਾ ਹੈ ਕੋਈ ਹੋਰ ਤਾਂ ਜਾਗਦਾ ਹੈ ਇਨ੍ਹਾਂ 'ਚ ਛਹਿ ਕੇ ਬੈਠਾ ਚੋਰ। ਸ਼ਬਦਾਂ ਦੀ ਡਾਰ, ਟੁਣਕਾਰ, ਲਲਕਾਰ, ਰਫਤਾਰ ਅਤੇ ਗੁਫਤਾਰ ਬਹੁਤ ਜਰੂਰੀ ਹੈ ਸ਼ਬਦਾਂ ਦੀ ਦੁਨੀਆਂ ਨੂੰ ਜੀਵੰਤ ਰੱਖਣ ਅਤੇ ਇਨ੍ਹਾਂ 'ਚੋਂ ਪ੍ਰਾਪਤ ਸੇਧ ਨੂੰ ਸਮਰਪਿਤ ਰਹਿਣ ਲਈ। ਸ਼ਬਦ ਹੀ ਹੁੰਦਾ, ਜਿਸ ਵਿਚ ਸੂਰਜ ਵੀ ਉਗਦੇ ਤੇ ਸਿਵੇ ਵੀ, ਸੱਚ ਵੀ ਤੇ ਕੂੜ-ਕਬਾੜ ਵੀ, ਉਦਾਸੀ ਵੀ ਤੇ ਹੱਲਾਸ਼ੇਰੀ ਵੀ, ਨਿਰਾਸ਼ਾ ਵੀ ਤੇ ਹੁਲਾਸ ਵੀ। ਸਿਰਫ ਉਹ ਹੀ ਸ਼ਬਦ ਸਦਾ ਜਿਉਂਦੇ, ਜਿਨ੍ਹਾਂ ਵਿਚ ਸਕਾਰਾਤਮਿਕਤਾ ਡਲਕਦੀ।

ਪੈਰਾਂ ਵਿਚ ਸਫਰ ਦੀ ਹਰਕਤ ਹੁੰਦੀ ਹੈ ਤਾਂ ਪੈੜਾਂ, ਪਗਡੰਡੀਆਂ ਅਤੇ ਪਹੇ ਉਗਦੇ। ਜ਼ਿੰਦਗੀ ਦਾ ਵਿਸਥਾਰ ਤੇ ਵਿਕਾਸ ਬਰਕਰਾਰ ਰਹਿੰਦਾ।



ਪੈਰਾਂ ਵਿਚ ਸਫਰ ਹੀ ਨਾ ਹੋਵੇ ਤਾਂ ਬੰਦਾ ਅਹਿਲ ਹੋ ਜਾਂਦਾ, ਇਕ ਬੁੱਤ; ਤੇ ਬੁੱਤ ਸਦੀਆਂ ਤੀਕ ਵੀ ਉਸੇ ਹੀ ਚੌਰਾਹੇ 'ਤੇ ਖੜ੍ਹੇ ਮਿਲਣਗੇ। ਬਾਬੇ ਨਾਨਕ ਨੇ ਤਾਂ ਤੁਰ ਕੇ ਅੱਧੀ ਦੁਨੀਆਂ ਗਾਹ ਲਈ ਸੀ ਅਤੇ ਅਸੀਂ ਹਵਾਈ ਜਹਾਜ਼ਾਂ ਦੇ ਯੁੱਗ ਵਿਚ ਵੀ ਖੂਹ ਦੇ ਡੱਡੂ ਬਣੇ ਹਾਂ।

ਸੁਪਨੇ ਦਾ ਨਾ ਆਉਣਾ, ਬੰਦੇ ਦੀ ਅਦਿੱਖ ਮੌਤ। ਉਸ ਦੇ ਅਸਮਾਨ ਦੇ ਸੁੰਘੜਨ ਅਤੇ ਪਰਵਾਜ਼ ਤੇ ਪਹਿਰੇ ਲੱਗਣ ਦੀ ਨਿਸ਼ਾਨੀ। ਅੰਦਾਜ਼ 'ਤੇ ਪਾਬੰਦੀ ਅਤੇ ਉਸ ਦੀ ਮਾਨਸਿਕ ਅਪਾਹਜਤਾ ਦਾ ਪ੍ਰਮਾਣ। ਸੁਪਨੇ ਤਾਂ ਗਤੀਸ਼ੀਲਤਾ ਦਾ ਗੀਤ, ਹੱਲਚੱਲ ਦੀ ਹੋਂਦ ਅਤੇ ਹਰਕਤ ਦਾ ਹਾਸਲ। ਸੁਪਨਿਆਂ ਵਿਚ ਖਲਬਲੀ ਪੈਦਾ ਹੋਣਾ ਹੀ ਕੁਝ ਨਵਾਂ, ਵਿਲੱਖਣ ਅਤੇ ਨਰੋਇਆ ਕਰਨ ਦੀ ਤਾਂਘ ਤੇ ਤਮੰਨਾ। ਨਵੇਂ ਦਿਸਹੱਦੇ ਮਨ ਦੀਆਂ ਬਰੂਹਾਂ ਮੱਲਦੇ। ਸੁਪਨਹੀਣ ਲੋਕ ਸਿਰਫ ਮੌਤ ਦਾ ਹੀ ਇੰਤਜ਼ਾਰ ਕਰਦੇ। ਸਿਵਿਆਂ ਦਾ ਰਾਹ ਮੱਲਣ ਲਈ ਕਾਹਲੇ। ਯਾਦ ਰੱਖਣਾ ਕਿ ਸੁਪਨੇ ਲੈਣ ਦੀ ਕੋਈ ਉਮਰ ਨਹੀਂ ਹੁੰਦੀ। ਕਿਸੇ ਵੀ ਉਮਰੇ, ਕੁਝ ਵੀ ਸੁਪਨਾ ਲਿਆ ਜਾ ਸਕਦਾ ਤੇ ਇਸ ਨੂੰ ਪੂਰਾ ਕੀਤਾ ਜਾ ਸਕਦਾ, ਬਸ਼ਰਤੇ ਸਾਡੇ ਮਨ ਵਿਚ ਸੁਪਨਿਆਂ ਲਈ ਉਤਸ਼ਾਹ, ਉਮਾਹ, ਚਾਅ ਤੇ ਚਾਹਨਾ ਹੋਵੇ ਅਤੇ ਬੰਦਾ ਸੁਪਨਿਆਂ ਦੇ ਸੱਚ ਨੂੰ ਪ੍ਰਣਾਇਆ ਹੋਵੇ।

ਹਰਕਤ ਤੇ ਹੱਲਚੱਲ ਵਿਚੋਂ ਹੋਂਦ ਤੇ ਹਾਸਲ ਪੈਦਾ ਹੁੰਦਾ ਰਹੇ ਤਾਂ ਜ਼ਿੰਦਗੀ ਨੂੰ ਨਿੱਤ ਨਵੇਂ ਸਰੋਕਾਰਾਂ, ਸਾਰਥਿਕਤਾਵਾਂ ਅਤੇ ਸੁਖਨਤਾਵਾਂ ਦੀ ਸੋਝੀ ਹੁੰਦੀ। ਜ਼ਿੰਦਗੀ ਨੂੰ ਵੱਖਰੇ ਕੋਣ ਅਤੇ ਪਹਿਲੂ ਤੋਂ ਦੇਖ ਤੇ ਵਿਚਾਰ ਕੇ, ਵੱਖਰੇ ਨਜ਼ਰੀਏ ਤੋਂ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਜ਼ਿੰਦਗੀ ਦੀ ਉਹ ਖੂਬਸੂਰਤੀ ਵੀ ਦ੍ਰਿਸ਼ਟਮਾਨ ਹੋਵੇਗੀ, ਜਿਸ ਤੋਂ ਕਈ ਵਾਰ ਵਿਅਕਤੀ ਅਣਜਾਣ ਹੁੰਦਾ।

ਕਮਰੇ ਵਿਚ ਪਸਰੀ ਹੋਈ ਚੁੱਪ ਬਹੁਤ ਮਾਰੂ। ਕਈ ਵਾਰ ਤਾਂ ਮਾਤਮ ਦਾ ਭਾਰ ਢੋਣ ਲਈ ਲਾਚਾਰ। ਕਮਰੇ ਵਿਚ ਗੁਫਤਗੂ ਹੁੰਦੀ ਰਹੇ ਤਾਂ ਕਮਰਾ ਟਹਿਕਦਾ। ਘਰ ਨੂੰ ਭਾਗ ਲੱਗਦੇ। ਚੁੱਪ ਦੀ ਕੁੱਖ 'ਚੋਂ ਉਗੇ ਹੋਏ ਬੋਲ, ਹੋਠਾਂ ਲਈ ਹਸਮੁੱਖਤਾ ਅਤੇ ਜੀਵਨ-ਨਾਦ ਦਾ ਸੁਰ ਤੇ ਸੁੱਚਮ ਬਣਦੇ।

ਰਿਸ਼ਤਿਆਂ ਵਿਚ ਮਿਲਣ ਅਤੇ ਮਿਲਾਉਣ ਵਾਲੀ ਰੀਤ ਬਣੀ ਰਹੇ ਤਾਂ ਰਿਸ਼ਤੇ ਧੜਕਦੇ, ਜਿਉਂਦੇ, ਜਾਗਦੇ, ਹਾਕ ਮਾਰਦੇ, ਹੁੰਗਾਰਾ ਭਰਦੇ ਅਤੇ ਹੁੰਗਾਰਾ ਲੋਚਦੇ ਵੀ। ਜੇ ਚੁੱਪ ਹੋ ਜਾਈਏ ਤਾਂ ਰਿਸ਼ਤਿਆਂ ਵਿਚੋਂ ਸਿਰਫ ਸਬੰਧਾਂ ਦੀ ਚਿਤਾ ਹੀ ਬਲੇਗੀ। ਬਹੁਤੇ ਰਿਸ਼ਤੇ ਇਸ ਕਰਕੇ ਹੀ ਸੋਗ-ਸੰਤਾਪ ਦਾ ਸਿਰਨਾਵਾਂ ਬਣਦੇ, ਕਿਉਂਕਿ ਅਸੀਂ ਰਿਸ਼ਤਿਆਂ ਨੂੰ ਹਲੂਣਾ ਦੇਣਾ ਅਤੇ ਇਨ੍ਹਾਂ ਵਿਚ ਸੁੱਖਨਤਾ ਤੇ ਸੁਚੇਤਨਾ ਪੈਦਾ ਕਰਨ ਦਾ ਹੀਆ ਹੀ ਨਹੀਂ ਕਰਦੇ। ਰਿਸ਼ਤਿਆਂ ਦੀ ਸਾਜ਼ਗਾਰੀ ਲਈ ਜਰੂਰੀ ਹੈ ਕਿ ਮਿੱਤਰ-ਪਿਆਰਿਆਂ ਤੇ ਰਿਸ਼ਤੇਦਾਰਾਂ ਨੂੰ ਗਾਹੇ-ਬਗਾਹੇ ਫੋਨ ਕਰਦੇ ਰਹੀਏ। ਕਦੇ ਕਦਾਈਂ ਈ-ਮੇਲ ਕਰੀਏ। ਸਮਾਂ ਮਿਲੇ ਤਾਂ ਚਿੱਠੀ ਲਿਖੋ। ਵਕਤ ਮਿਲੇ ਤਾਂ ਬਿਨਾ ਦੱਸੇ ਉਨ੍ਹਾਂ ਨੂੰ ਮਿਲਣ ਲਈ ਉਨ੍ਹਾਂ ਦਾ ਦਰ ਖੜਕਾਓ। ਦੇਖਣਾ! ਮੁਰਝਾਏ ਹੋਏ ਰਿਸ਼ਤੇ ਫਿਰ ਤੋਂ ਮੌਲਣ ਲੱਗ ਪੈਣਗੇ। ਜ਼ਿੰਦਗੀ ਬਹੁਤ ਛੋਟੀ ਹੈ। ਕਾਹਤੋਂ ਐਵੇਂ ਰੋਸਿਆਂ, ਸ਼ਿਕਵਿਆਂ ਅਤੇ ਗਿਲਿਆਂ ਕਾਰਨ ਇਨ੍ਹਾਂ ਵਿਚ ਖਾਮੋਸ਼ੀ ਦੀ ਚਾਦਰ ਤਾਣੀ ਰੱਖੀਏ। ਬਹੁਤ ਹੀ ਜਰੂਰੀ ਹੁੰਦਾ ਏ ਰਿਸ਼ਤਿਆਂ ਵਿਚ ਰਾਬਤਾ।

ਦਿਲ ਧੜਕਦਾ ਰਹੇ ਤਾਂ ਬੰਦਾ ਜਿਉਂਦਾ। ਸਰੀਰ ਵਿਚ ਰਕਤ ਦਾ ਪ੍ਰਵਾਹ। ਸਮੁੱਚੇ ਅੰਗਾਂ ਵਿਚ ਹਰਕਤ ਅਤੇ ਜਿਉਣੇ ਹੋਣ ਦਾ ਅਹਿਸਾਸ। ਦਿਲ ਰੁਕ ਜਾਵੇ, ਬੰਦਾ ਜਿਉਂਦਾ ਨਹੀਂ ਰਹਿ ਸਕਦਾ। ਭਾਵੇਂ ਵੈਂਟੀਲੇਟਰ ਨਾਲ ਮਸਨੂਈ ਤਰੀਕੇ ਨਾਲ ਕੁਝ ਸਮੇਂ ਲਈ ਤਾਂ ਦਿਲ ਨੂੰ ਧੜਕਾ ਕੇ, ਜਿਉਂਦੇ ਹੋਣ ਦਾ ਭਰਮ ਪਾਲਿਆ ਜਾ ਸਕਦਾ, ਪਰ ਸੱਚੀਂ-ਮੁੱਚੀਂ ਬੰਦਾ ਉਸ ਵਕਤ ਹੀ ਮਰ ਜਾਂਦਾ, ਜਦ ਬੰਦ ਹੋ ਜਾਂਦੀ ਏ ਦਿਲ ਦੀ ਧੜਕਣ।

ਅੱਖਾਂ ਚਾਰ ਚੁਫੇਰੇ ਦੇਖਦੀਆਂ ਰਹਿਣ ਤਾਂ ਨਜ਼ਰ ਵਿਚੋਂ ਨਜ਼ਰੀਆ ਪੈਦਾ ਹੁੰਦਾ। ਕੁਝ ਚਿਰ ਲਈ ਅੱਖਾਂ ਬੰਦ ਹੋਣ ਤਾਂ ਬੰਦਾ ਸੌਂਦਾ। ਜਦ ਅੱਖਾਂ ਸਦਾ ਲਈ ਬੰਦ ਹੋ ਜਾਣ ਤਾਂ ਪੂਣੀ ਵਰਗੀਆਂ ਪੁਤਲੀਆਂ ਵਿਚੋਂ ਸਿਰਫ ਮੌਤ ਦਾ ਸਾਇਆ ਹੀ ਨਜ਼ਰ ਆਉਂਦਾ। ਅਹਿਲ ਪੁਤਲੀਆਂ ਨੂੰ ਹੱਥੀਂ ਬੰਦ ਕਰਕੇ, ਮੌਤ ਦਾ ਮਾਤਮ ਮਨਾਉਣਾ ਪੈਂਦਾ।

ਟਾਹਣੀਆਂ ਤੇ ਕਰੂੰਬਲਾਂ ਫੁੱਟਦੀਆਂ ਰਹਿਣ, ਕਲੀਆਂ ਲਗਰਾਂ ਨੂੰ ਹਵਾ ਛੂੰਹਦੀ ਰਹੇ, ਫੁੱਲ ਖਿੜਦੇ ਰਹਿਣ, ਕਲੀਆਂ ਮਹਿਕਦੀਆਂ ਰਹਿਣ, ਤਿੱਤਲੀਆਂ ਤੇ ਭੌਰਿਆਂ ਦੇ ਝੁੰਡ ਹਰ ਪਾਸੇ ਨਜ਼ਰ ਆਉਂਦੇ ਰਹਿਣ ਤਾਂ ਚਮਨ, ਬਹਾਰਾਂ ਦਾ ਨਿਉਂਦਾ। ਫੈਲਦਾ, ਮਹਿਕਾਉਂਦਾ, ਖਿੜਾਉਂਦਾ, ਲਾਡ ਲਡਾਉਂਦਾ ਅਤੇ ਜ਼ਿੰਦਗੀ ਦੇ ਨਾਦ ਵਿਚ ਗੜੂੰਦ, ਰੰਗਾਂ ਅਤੇ ਮਹਿਕਾਂ ਬੁੱਕੇ-ਬੁੱਕ ਵੰਡਦਾ। ਬਿਰਖ ਰੁੰਡ-ਮਰੁੰਡ ਹੋ ਜਾਣ, ਸੁੱਕੀਆਂ ਟਾਹਣੀਆਂ ਵਿਚੋਂ ਹਵਾ ਕੀਰਨੇ ਪੈਦਾ ਕਰੇ ਅਤੇ ਆਲ੍ਹਣੇ ਦੇ ਤੀਲਿਆਂ ਨੂੰ ਧਰਤੀ ਵੀ ਵਿਹਲ ਨਾ ਦੇਵੇ ਤਾਂ ਚਮਨ ਆਪਣੀ ਲਾਸ਼ ਨੂੰ ਮੋਢੇ 'ਤੇ ਢੋਂਦਾ। ਉਜਾੜਾਂ, ਮਾਰੂਥਲਾਂ ਅਤੇ ਬੀਆਬਾਨ ਦੀ ਨਿਸ਼ਾਨੀ। ਇਹ ਜੀਵਨੀ ਹਰਕਤ ਹੀ ਹੁੰਦੀ, ਜੋ ਬੀਆਬਾਨ ਨੂੰ ਬਾਗ, ਬਰਕਤਾਂ ਅਤੇ ਬਹਿਸ਼ਤਾਂ ਬਣਾਉਂਦੀ ਅਤੇ ਇਸ ਦੀ ਗੈਰ-ਹਾਜਰੀ ਬਾਗ ਨੂੰ ਬੇਗਾਨਗੀ, ਬੰਜਰਤਾ ਅਤੇ ਬਦਸੂਰਤੀ ਦਾ ਨਾਮ ਦਿੰਦੀ।

ਪਰਾਂ ਵਿਚ ਹਰਕਤ ਹੁੰਦੀ ਰਹੇ ਤਾਂ ਅੰਬਰ ਵੰਨੀਂ ਉਡਾਣ ਜਾਰੀ ਰਹਿੰਦੀ। ਹਰਕਤ ਦਾ ਬੰਦ ਹੋਣਾ ਹੀ ਪਟਕਾ ਮਾਰਦਾ ਏ ਉਡਦੇ ਬਾਜਾਂ ਨੂੰ ਵੀ ਧਰਤੀ 'ਤੇ।

ਹਰਕਤ, ਹੰਭਲਾ, ਹੋਂਦ ਤੇ ਹਾਸਲ, ਜਿੰਦ ਦਾ ਰੰਗ। ਇਸ ਸਦਕਾ ਘਰਾਂ ਨੂੰ ਲੱਗਦੇ ਭਾਗ। ਹਰਕਤ ਵਿਚੋਂ ਹਾਸੇ ਉਗਦੇ ਤੇ ਹੰਝੂਆਂ ਦੀ ਅੱਖ ਰੋਵੇ। ਜੇ ਜ਼ਮੀਰ ਦੀ ਹਰਕਤ ਜਿਉਂਦੀ ਤਾਂ ਕੌਣ ਬੰਦੇ ਨੂੰ ਕੋਹਵੇ। ਕਿਰਤ ਦੀ ਹਰਕਤ ਰਹੇ ਵਸੇਂਦੀ ਤਾਂ ਰਹਿੰਦੇ ਭਰੇ ਭੰਡਾਰ ਤੇ ਬੇਕਿਰਤੇ ਲੋਕਾਂ ਨੂੰ ਪੈਂਦੀ ਕਰਮਾਂ ਸੰਦੜੀ ਮਾਰ। ਹਰਕਤ ਵਿਚੋਂ ਨਜ਼ਰੀਂ ਆਵੇ ਅੰਬਰ ਦਾ ਸਿਰਨਾਵਾਂ ਅਤੇ ਪਰਾਂ ਵਿਚ ਉਗ ਪੈਂਦੀਆਂ ਨੇ ਅਣਦਿਸੀਆਂ ਦਿਸ਼ਾਵਾਂ। ਹਰਕਤ ਹਮੇਸ਼ਾ ਸੁਖਨ ਬੀਜੇ ਤੇ ਹੱਲਚੱਲ ਸੁੰਦਰ ਸਰੂਪ। ਕਈ ਵਾਰ ਇਹ ਲਹਿਜ਼ਾ ਹੋਵੇ ਅਤੇ ਕਦੇ ਬਣਦੀ ਕਦੇ ਕਰੂਪ।

ਜਦ ਕੋਈ ਵਿਚਾਰ ਮਨ ਵਿਚ ਅਜਿਹੀ ਹੱਲਚੱਲ ਪੈਦਾ ਕਰੇ ਜੋ ਸੰਜੀਵਨੀ ਵਰਗਾ, ਸਹਿਜ ਜੀਵਨੀ ਵਰਗਾ, ਮਨ 'ਚ ਉਗੀ ਸੰਵੇਦਨਾ ਤੇ ਸ਼ੁਭ-ਕਰਮਨ ਦਾ ਅਹਿਸਾਸ ਜਿਹਾ ਹੋਵੇ ਤਾਂ ਇਸ ਨੂੰ ਜੀਵਨ-ਜਾਚ ਬਣਾਉਣ ਨੂੰ ਜੀਅ ਕਰਦਾ। ਇਹ ਵਿਚਾਰ ਹੀ ਹੁੰਦੇ, ਜੋ ਵਿਚਾਰ-ਪ੍ਰਵਾਹ ਬਣ ਕੇ ਜ਼ਿੰਦਗੀ ਦੀਆਂ ਤਰਕੀਬਾਂ ਤੇ ਤਰਜ਼ੀਹਾਂ ਵਿਚ ਸਦਾ ਲਈ ਸਮਾ ਜਾਂਦੇ। ਮਨ ਵਿਚ ਉਸਾਰੂ ਹੱਲਚੱਲ ਕਰਨ ਤੋਂ ਅਸਮਰਥ ਵਿਚਾਰ ਥੋਥੇ, ਤਰਕਹੀਣ, ਬੇਲੋੜੇ ਬੋਝ ਅਤੇ ਬੇਹੂਦਾ, ਜੋ ਜ਼ਿੰਦਗੀ ਨਾਲੋਂ ਟੁੱਟੇ ਮਨੁੱਖ ਨੂੰ ਮਨੁੱਖ ਨਾਲੋਂ ਤੋੜਨ ਵਿਚ ਮਸਰੂਫ। ਦੁੱਖ ਕਿ ਅੱਜ ਕੱਲ੍ਹ ਜ਼ਿਆਦਾ ਵਿਚਾਰ ਮਨੁੱਖ ਨੂੰ ਮਨੁੱਖ ਨਾਲੋਂ ਤੋੜ, ਖਿਆਲੀ ਸੰਸਾਰ ਨੂੰ ਸਿਰਜਣ ਲਈ ਕਾਹਲੇ, ਜਿਸ ਦਾ ਕੋਈ ਤਰਕ, ਆਧਾਰ, ਸਬੂਤ ਜਾਂ ਸਾਰਥਿਕਤਾ ਹੀ ਨਹੀਂ। ਬੇਹੋ ਤੇ ਬੇਹਿੱਸ ਵਿਚਾਰਾਂ ਕਾਰਨ ਹੀ ਉਗ ਰਹੇ ਨੇ ਥਾਂ ਥਾਂ 'ਤੇ ਬਾਬਿਆਂ ਦੇ ਡੇਰੇ।

ਨਿੱਤ ਨਵੇਂ ਉਸਰ ਰਹੇ ਸਬੰਧ, ਗ੍ਰਹਿਣ ਕੀਤਾ ਜਾ ਰਿਹਾ ਨਵਾਂ ਗਿਆਨ, ਨਵੀਆਂ ਸੂਝ-ਸਿਆਣਪਾਂ ਅਤੇ ਸੱਚਾਈ ਦੇ ਰੂਬਰੂ ਹੋਣਾ, ਹਰ ਰੋਜ਼ ਨਵੀਆਂ ਮੁਸ਼ਕਿਲਾਂ ਤੇ ਮੁਹਿੰਮਾਂ ਰਾਹੀਂ ਨਵੇਂ ਮੁਕਾਮ ਹਾਸਲ ਕਰਨਾ, ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਅਤੇ ਨਵੇਂ ਕਸ਼ਟਾਂ ਤੇ ਔਕੜਾਂ ਦੇ ਰੂਬਰੂ ਹੋ ਕੇ ਨਿੱਤ ਨਵੀਆਂ ਸੁਪਨ-ਸਵੇਰਾਂ ਲੈ ਕੇ ਹਰ ਦਿਨ ਨੂੰ ਜੀ ਆਇਆਂ ਕਹਿਣਾ ਹੀ ਜ਼ਿੰਦਗੀ। ਇਕਸਾਰ ਜਿਹੀ ਜ਼ਿੰਦਗੀ ਝੁੱਸਝੁਸੀ, ਬੇਸੁਆਦੀ ਤੇ ਬਕਬਕੀ, ਜਿਸ ਨੂੰ ਜੀਵਨ ਨਹੀਂ ਕਿਹਾ ਜਾ ਸਕਦਾ। ਜ਼ਿੰਦਗੀ ਤਾਂ ਹਰ ਦਿਨ ਨਵੀਂ ਚੁਣੌਤੀ ਵਿਚੋਂ ਉਭਰਨਾ, ਨਿੱਤ ਨਵੇਂ ਦਿਸਹੱਦਿਆਂ ਨੂੰ ਛੂਹਣਾ, ਰੋਜ਼ ਨਵੀਆਂ ਪ੍ਰਾਪਤੀਆਂ ਨੂੰ ਕਿਆਸਣਾ ਅਤੇ ਇਨ੍ਹਾਂ ਲਈ ਖੁਦ ਨੂੰ ਤਤਪਰ ਰਹਿ, ਤੀਬਰਤਾ ਨਾਲ ਤਕਦੀਰ ਬਣਾਉਣਾ ਹੁੰਦਾ।

ਸੁੱਖ-ਅਰਾਮ ਤੇ ਸੀਮਤ ਦਾਇਰੇ ਵਿਚ ਖੁਦ ਨੂੰ ਸੀਮਿਤ ਕਰਨ ਵਾਲੇ ਘੁਰਨਿਆਂ ਦੇ ਵਾਸੀ। ਦੁਨੀਆਂ ਨੂੰ ਸਮਝਣ ਅਤੇ ਆਪਣੀ ਵੱਖਰੀ ਅਤੇ ਵਿਲੱਖਣ ਥਾਂ ਨਿਸ਼ਚਿਤ ਕਰਨ ਲਈ ਜਰੂਰੀ ਹੈ ਕਿ ਦੁਨਿਆਵੀ ਸਮੁੰਦਰ ਵਿਚ ਠਿੱਲੋ। ਇਸ 'ਚ ਹਰਕਤ ਪੈਦਾ ਕਰੋ ਅਤੇ ਇਸ ਵਿਚੋਂ ਅਜਿਹੇ ਸੁੱਚੇ ਮੋਤੀ ਪ੍ਰਾਪਤ ਕਰੋ, ਜਿਸ 'ਤੇ ਸਮੁੱਚੇ ਸਮਾਜ ਅਤੇ ਸੰਸਾਰ ਨੂੰ ਨਾਜ਼ ਹੋਵੇ।

ਕਾਇਨਾਤ ਵਿਚ ਕੁਝ ਵੀ ਥਿਰ ਨਹੀਂ। ਹਰਦਮ ਹੱਲਚੱਲ। ਨਿੱਤ ਨਵੀਂ ਤਬਦੀਲੀ ਅਤੇ ਰੋਜ਼ਾਨਾ ਨਵੇਂ ਸਰੋਕਾਰ ਜਿਨ੍ਹਾਂ ਨੇ ਮਨੁੱਖੀ ਜ਼ਿੰਦਗੀ ਨੂੰ ਬਦਲਣਾ ਹੁੰਦਾ। ਇਸ ਲਈ ਜਰੂਰੀ ਹੈ ਮਨੁੱਖ ਦਾ ਬਦਲਦੀਆਂ ਹਾਲਤਾਂ ਮੁਤਾਬਕ ਖੁਦ ਨੂੰ ਬਦਲਣਾ। ਪੁਰਾਣੀ ਕੁੰਜੀਆਂ ਨਾਲ ਨਵੇਂ ਦਰਵਾਜ਼ੇ ਨਹੀਂ ਖੋਲ੍ਹੇ ਜਾ ਸਕਦੇ।

ਅੰਤਰੀਵ ਵਿਚ ਹੱਲਚੱਲ ਹੋਵੇ ਤਾਂ ਬੰਦਾ ਕਿਸੇ ਦੇ ਦਰਦ ਵਿਚ ਪਸੀਜਦਾ, ਕਿਸੇ ਦੀ ਹਾਕ ਦਾ ਹੁੰਗਾਰਾ ਭਰਦਾ, ਮਦਦਗਾਰ ਬਣਦਾ, ਕਿਸੇ ਲਈ ਡੰਗੋਰੀ ਬਣਦਾ ਅਤੇ ਅੱਖਰਹੀਣ ਲਈ ਅੱਖਰ-ਦੀਪ ਜਗਾਵੇ। ਅੰਦਰ ਮਰ ਜਾਣ 'ਤੇ ਬੰਦੇ ਦੇ ਮਰ ਜਾਣ ਨਾਲ ਕੋਈ ਫਰਕ ਨਹੀਂ ਪੈਂਦਾ।

ਜ਼ੁਲਮ, ਅਨਿਆਂ, ਕਪਟ, ਝੂਠ, ਅਧਰਮ, ਬੇਇਨਸਾਫੀ ਜਾਂ ਬੇਈਮਾਨੀ ਕਾਰਨ ਜਦ ਕਿਸੇ ਵਿਅਕਤੀ ਦੀ ਜ਼ਮੀਰ ਵਿਚ ਹਰਕਤ ਪੈਦਾ ਹੁੰਦੀ ਅਤੇ ਇਸ ਵਿਰੁੱਧ ਡੱਟਦਾ ਤਾਂ ਬੰਦਾ, ਜਿਉਂਦੇ ਹੋਣ ਦਾ ਫਰਜ਼ ਅਦਾ ਕਰਦਾ। ਮਰੀਆਂ ਤੇ ਗਹਿਣੇ ਪਈਆਂ ਜ਼ਮੀਰਾਂ ਵਾਲੇ ਤਾਂ ਮਰਦੇ ਦੇ ਮੂੰਹ ਵਿਚ ਪਾਣੀ ਨਹੀਂ ਪਾਉਂਦੇ। ਸਗੋਂ ਕਿਸੇ ਦੀ ਪੀੜਾ ਦਾ ਮਖੌਲ ਉਡਾਉਂਦੇ।

ਬੰਦੇ ਨੂੰ ਹਰਕਤ ਵਿਚ ਰਹਿਣਾ ਚਾਹੀਦਾ, ਕਿਉਂਕਿ ਹਰਕਤ ਵਿਚੋਂ ਹੀ ਹਮਜੋਲਤਾ, ਹਮਰਾਜ਼ਤਾ, ਹੱਸਮੁੱਖਤਾ ਅਤੇ ਹੈਰਾਨੀਜਨਕ ਹਾਸਲਾਂ ਨੇ ਮਨੁੱਖੀ ਮਨ ਦੀ ਦਸਤਕ ਬਣਨਾ ਹੁੰਦਾ। ਇਹ ਦਸਤਕ, ਜਿਸ ਨੇ ਸਾਹਾਂ ਨੂੰ ਸਦੀਵਤਾ ਅਤੇ ਸੰਗੀਤਕਤਾ ਬਖਸ਼ਣੀ ਏ।

## ਨਾਂ ਵਾਲੀ ਤਖਤੀ

ਮੈਂ ਕਈ ਸਾਲਾਂ ਬਾਅਦ ਪਿੰਡ ਗਿਆ ਸਾਂ। ਘਰ ਦੇ ਬੂਹੇ ਮੂਹਰੇ ਰੂੜੀ ਵਾਲੇ ਪਲਾਟ ਵਿਚ ਮੈਂ ਤਿੰਨ ਮੰਜਲੀ ਕੋਠੀ ਪਾ ਲਈ ਸੀ। ਪੁਰਾਣੇ ਘਰ ਵਾਲੀ ਥਾਂ ਹੁਣ ਰੂੜੀ ਲਾ ਲਈ ਹੈ। ਕੋਠੀ ਵਿਚ ਇਕ ਨੇਪਾਲੀ ਜੋੜਾ ਰਹਿੰਦਾ ਹੈ, ਜੋ ਪੈਸੇ ਲੈ ਕੇ ਕੋਠੀ ਦੀ ਦੇਖ-ਰੇਖ ਕਰਦਾ ਹੈ। ਮੈਂ ਮੱਥੇ 'ਤੇ ਖੱਬੇ ਹੱਥ ਦਾ ਛੱਜਾ ਬਣਾ ਕੇ ਸੋਚਦਾ ਹਾਂ ਕਿ ਬਾਪੂ ਵਾਲਾ ਦਸ ਖਣ ਦਾ ਘਰ ਪੰਦਰਾਂ ਜੀਅ ਸਾਂਭੀ ਬੈਠਾ ਸੀ, ਉਹ ਘਰ ਕਿੰਨਾ ਅਮੀਰ ਸੀ ਤੇ ਮੇਰੀ ਕਰੋੜ ਰੁਪਏ ਵਾਲੀ ਕੋਠੀ ਕਿੰਨੀ ਗਰੀਬ ਲੱਗਦੀ ਹੈ, ਜੋ ਟੱਬਰ ਦਾ ਇਕ ਵੀ ਜੀਅ ਨਹੀਂ ਸਾਂਭ ਸਕੀ।

ਮੈਂ ਕੋਠੀ ਕਿਉਂ ਪਾਈ? ਮੇਰੇ ਅੰਦਰੋਂ ਆਵਾਜ਼ ਆਈ। ਬਾਪੂ ਦਾ ਘਰ ਨੀਂਵਾਂ ਦਿਖਾਉਣ ਲਈ! ਜਾਂ ਲੋਕਾਂ ਨੂੰ ਦਿਖਾਉਣ ਲਈ? ਬਸ ਅਮਰੀਕਾ ਤੀਹ ਸਾਲ ਇਸੇ ਕਰ ਕੇ ਗਾਲੇ ਕਿ ਰੂੜੀ ਵਾਲੀ ਥਾਂ ਬਦਲ ਸਕਾਂ। ਕੁਦਰਤ ਵੀ ਬਹੁਤ ਕੁਝ ਕਰਵਾ ਦਿੰਦੀ ਹੈ। ਉਦੋਂ ਸੌਣ ਲਈ ਥਾਂ ਨਹੀਂ ਸੀ ਲੱਭਦੀ, ਅੱਜ ਸੌਣ ਵਾਲਾ ਨਹੀਂ ਲੱਭਦਾ। ਬੱਸ ਬੂਹੇ 'ਤੇ ਲੱਗੀ ਨਾਂ ਵਾਲੀ ਤਖਤੀ (ਨੇਮ ਪਲੇਟ) ਕਰੋੜ ਵਿਚ ਪੈ ਗਈ।

*-ਮੇਜਰ ਕੁਲਾਰ ਬੋਪਾਰਾਏ ਕਲਾਂ*

# ਸੁਪਨਿਆਂ ਵਿਚ ਲਟਕਦੇ ਅੰਬਾਂ ਦੇ ਬਾਗ !

ਇਹ ਉਨ੍ਹਾਂ ਵੇਲਿਆਂ ਦੀਆਂ ਗੱਲਾਂ ਹਨ, ਜਦੋਂ ਮੇਰਾ ਪਿੰਡ ਗੁਲਪੁਰ ਹੁਸ਼ਿਆਰਪੁਰ ਜਿਲੇ ਵਿਚ ਪੈਂਦਾ ਸੀ। 1960-70 ਦਰਮਿਆਨ ਮੇਰੇ ਪਿੰਡ ਦੇ ਆਲੇ-ਦੁਆਲੇ ਅੰਬਾਂ ਦੇ ਰੁੱਖ ਪ੍ਰਧਾਨ ਹੁੰਦੇ ਸਨ। ਉਦੋਂ ਇਸ ਇਲਾਕੇ ਦਾ 75% ਹਿੱਸਾ ਬਰਾਨੀ ਹੁੰਦਾ ਸੀ। ਸਿੰਚਾਈ ਹਲਟਾਂ ਨਾਲ ਹੁੰਦੀ ਸੀ। ਪਿੰਡ ਦੇ ਚੜ੍ਹਦੇ ਪਾਸੇ ਅੰਬਾਂ ਦੇ ਬਾਗ ਸਨ। ਹਰ ਬਾਗ ਵਿਚ ਦੋ ਚਾਰ ਬੂਟੇ ਜਾਮਣਾਂ ਦੇ ਵੀ ਹੁੰਦੇ ਸਨ। ਉਦੋਂ ਸਿਰਫ ਸਾਡਾ ਪਿੰਡ ਹੀ ਨਹੀਂ, ਸਾਰਾ ਦੁਆਬਾ ਹੀ ਅੰਬਾਂ ਦਾ ਦੇਸ਼ ਹੁੰਦਾ ਸੀ। ਇਸ ਤੋਂ ਇਲਾਵਾ ਰੋਪੜ ਤੋਂ ਅੰਬਾਲੇ ਤੱਕ ਵੀ ਅੰਬਾਂ ਦੇ ਰੁੱਖਾਂ ਦੀ ਭਰਮਾਰ ਹੁੰਦੀ ਸੀ। ਚੰਡੀਗੜ੍ਹ ਤੋਂ ਹੁਸ਼ਿਆਰਪੁਰ-ਮੁਕੇਰੀਆਂ ਵਾਲੀ ਮੁੱਖ ਸੜਕ

**ਹਰਜਿੰਦਰ ਸਿੰਘ ਗੁਲਪੁਰ**
ਮੈਲਬੌਰਨ (ਆਸਟ੍ਰੇਲੀਆ)
ਫੋਨ: +0061411218801

ਦੇ ਦੋਹੀਂ ਪਾਸੀਂ ਅੰਬਾਂ ਦੇ ਵੱਡੇ ਵੱਡੇ ਰੁੱਖ ਹੁੰਦੇ ਸਨ, ਜਿਨ੍ਹਾਂ ਦੀ ਕਟਾਈ ਸਾਡੀਆਂ ਅੱਖਾਂ ਦੇ ਸਾਹਮਣੇ ਹੋਈ ਹੈ। ਅਜੇ ਵੀ ਇਸ ਸੜਕ ਦੇ ਦੋਹੀਂ ਪਾਸੀਂ ਵਿਰਲਾ ਟਾਵਾਂ ਰੁੱਖ ਦਿਖਾਈ ਦੇ ਦਿੰਦਾ ਹੈ।

ਅੰਗਰੇਜ਼ ਸਰਕਾਰ ਤੋਂ ਲੈ ਕੇ ਲਗਭਗ ਸੰਨ 2000 ਤੱਕ ਅੰਬਾਂ ਦੀ ਸਰਕਾਰੀ ਬੋਲੀ ਲੱਗਦੀ ਰਹੀ ਹੈ। ਅਸੀਂ ਇਤਿਹਾਸ ਪੜ੍ਹਨ ਤੋਂ ਇਲਾਵਾ ਆਪਣੇ ਬਜ਼ੁਰਗਾਂ ਤੋਂ ਸੁਣਿਆ ਹੈ ਕਿ 1922-23 ਦੌਰਾਨ ਅੰਗਰੇਜ਼ ਸਰਕਾਰ ਵਿਰੁੱਧ ਉੱਠੀ ਹਥਿਆਰਬੰਦ ਬੱਬਰ ਅਕਾਲੀ ਲਹਿਰ ਦੇ ਆਗੂਆਂ ਵਲੋਂ ਇੱਕ ਐਲਾਨਨਾਮੇ ਰਾਹੀਂ ਮੁਹਾਲੀ ਤੋਂ ਲੈ ਕੇ ਮੁਕੇਰੀਆਂ ਤੱਕ ਜਾਂਦੀ ਸੜਕ ਦੇ ਦੋਹੀਂ ਪਾਸੀਂ ਲੱਗੇ ਅੰਬਾਂ ਦੀ ਬੋਲੀ ਰੋਕ ਦਿੱਤੀ ਗਈ ਸੀ। ਇਤਿਹਾਸਕ ਤੱਥ ਹੈ ਕਿ ਉਦੋਂ 3 ਸਾਲ ਤੱਕ ਉਪਰੋਕਤ ਸੜਕ 'ਤੇ ਲੱਗੇ ਅੰਬਾਂ ਦੀ ਨਿਲਾਮੀ ਨਹੀਂ ਸੀ ਹੋਈ, ਜਿਸ ਦਾ ਜ਼ਿਕਰ ਬਰਤਾਨੀਆ ਦੀ ਸੰਸਦ ਵਿਚ ਵੀ ਹੋਇਆ ਸੀ। ਇਨ੍ਹਾਂ ਬਾਗਾਂ ਦਾ ਸਾਰਾ ਹਿਸਾਬ-ਕਿਤਾਬ ਲਾਉਣ ਤੋਂ ਬਾਅਦ ਮਾਲੂਮ ਹੁੰਦਾ ਹੈ ਕਿ ਸਾਡੇ ਪਿੰਡ ਦੇ ਬਾਗ ਸਾਡੇ ਬਾਬਿਆਂ ਦੇ ਬਾਬਿਆਂ ਨੇ ਲਾਏ ਹੋਣਗੇ। ਸਾਡੇ ਬਾਬੇ ਦੱਸਦੇ ਹੁੰਦੇ ਸੀ ਕਿ ਅਸੀਂ ਆਪਣੇ ਬਾਬਿਆਂ ਨੂੰ ਮੋਢਿਆਂ ਉੱਤੇ ਪਾਣੀ ਦੇ ਘੜੇ ਚੁੱਕ ਕੇ ਅੰਬਾਂ ਨੂੰ ਪਾਣੀ ਪਾਉਂਦੇ ਦੇਖਿਆ ਹੈ। ਇਸ ਹਿਸਾਬ ਨਾਲ ਸਾਡੇ ਬਜ਼ੁਰਗਾਂ ਨੇ ਤਕਰੀਬਨ ਦੋ ਕੁ ਸੌ ਸਾਲ ਪਹਿਲਾਂ ਅੰਬਾਂ ਦੇ ਇਹ ਰੁੱਖ ਲਾਏ ਹੋਣਗੇ। ਇੱਕ ਸਵਾਲ ਕਈ ਵਾਰ ਜ਼ਿਹਨ ਵਿਚ ਆਉਂਦਾ ਹੈ ਕਿ ਅਨਪੜ੍ਹਤਾ ਦੇ ਉਸ ਦੌਰ ਵਿਚ ਕਿਸ ਨੇ ਉਨ੍ਹਾਂ ਨੂੰ ਦੱਸਿਆ ਹੋਵੇਗਾ ਕਿ ਇਹ ਧਰਤੀ ਬਰਾਨੀ



ਹੋਣ ਦੇ ਬਾਵਜੂਦ ਅੰਬਾਂ ਦੇ ਬਾਗਾਂ ਲਈ ਢੁਕਵੀਂ ਹੈ, ਜਦੋਂ ਕਿ ਉਦੋਂ ਦੇਸ਼ ਗੁਲਾਮ ਸੀ। ਸਾਡੇ ਪਿੰਡ ਦੇ ਬਾਗ ਪਾਣੀ ਦੇ ਛੱਪੜ ਤੋਂ ਬਹੁਤ ਦੂਰ ਸਨ। ਫੇਰ ਵੀ ਸਾਡੇ ਬਜ਼ੁਰਗਾਂ ਨੇ ਇਨ੍ਹਾਂ ਬਾਗਾਂ ਦੀ ਸਾਂਭ-ਸੰਭਾਲ ਕੀਤੀ ਸੀ। ਇਸ ਸਮੇਂ ਅਨੇਕਾਂ ਖੇਤੀ ਵਿਸ਼ਵ ਵਿਦਿਆਲੇ ਵੀ ਹਨ, ਪਰ ਕਿਸਾਨਾਂ ਨੂੰ ਫੇਰ ਵੀ ਸਹੀ ਸੇਧ ਨਹੀਂ ਮਿਲ ਰਹੀ। ਅੰਬ ਜਾਤੀ ਦੀਆਂ ਫਸਲਾਂ ਵਿਕਸਿਤ ਕਰਨ ਦੀ ਥਾਂ ਸਾਡੇ ਮਾਹਰਾਂ ਨੇ ਇਸ ਜਰਖੇਜ਼ ਧਰਤੀ ਨੂੰ ਝੋਨੇ ਵਰਗੀਆਂ ਬੇਗਾਨੀਆਂ ਫਸਲਾਂ ਦੇ ਸਪੁਰਦ ਕਰ ਦਿੱਤਾ। ਹਾਲਾਂ ਕਿ ਇਸ ਧਰਤੀ ਵਿਚ ਬੇਰੀਆਂ, ਔਲੇ, ਐਲਾਬੀਰਾ ਆਦਿ ਸਖਤ ਜਾਨ ਫਸਲਾਂ ਪੈਦਾ ਕਰਨ ਦੀ ਕੁਦਰਤੀ ਕੁੱਬਤ ਸੀ/ਹੈ।

ਗਰਮੀਆਂ ਦੇ ਸ਼ੁਰੂ ਹੁੰਦਿਆਂ ਅੰਬਾਂ ਨੂੰ ਕੋਹਰ ਨਿਕਲਣਾ ਸ਼ੁਰੂ ਹੋ ਜਾਂਦਾ ਸੀ। ਚਾਰ-ਚੁਫੇਰਾ ਸ਼ਿਆਇਆ ਜਾਂਦਾ ਸੀ। ਕੋਇਲਾਂ ਲੰਬਾ ਸਫਰ ਤੈਅ ਕਰ ਕੇ 'ਸਾਡੇ ਬਾਗਾਂ' ਵਿਚ ਡੇਰੇ ਲਾ ਦਿੰਦੀਆਂ ਸਨ। ਸਾਡੇ ਪਿੰਡਾਂ ਦੀਆਂ ਜੂਹਾਂ ਵਿਚ ਸਾਰਾ ਸਾਲ ਮੋਰ ਬੋਲਦੇ ਰਹਿੰਦੇ ਸਨ। ਮੋਰਾਂ ਦੇ ਬੋਲਣ ਨੂੰ ਅਤੇ ਡੱਡੂਆਂ ਦੀ ਗੜੈਂ-ਗੜੈਂ ਨੂੰ ਬਰਸਾਤ ਦੀ ਆਮਦ ਨਾਲ ਜੋੜ ਕੇ ਦੇਖਿਆ ਜਾਂਦਾ ਸੀ। ਮੋਰਾਂ ਦੀ ਸਾਡੇ ਨਾਲ ਐਨੀ ਜਾਣ-ਪਛਾਣ ਸੀ ਕਿ ਇੱਕ ਵਾਰ 'ਆਓ... ਆਓ...' ਕਹਿਣ 'ਤੇ ਚੋਗਾ ਚੁਗਣ



ਸਾਡੀਆਂ ਕੱਚੀਆਂ ਛੱਤਾਂ ਉੱਤੇ ਆ ਜਾਂਦੇ ਸਨ।

ਇਸੇ ਕੁਦਰਤੀ ਨਜ਼ਾਰੇ ਨੂੰ ਮਕਬੂਲ ਕਵੀ ਸੁਰਜੀਤ ਪਾਤਰ ਨੇ ਪੇਸ਼ ਕਰਦਿਆਂ ਲਿਖਿਆ ਹੈ, "ਪਿਆ ਅੰਬੀਆਂ ਨੂੰ ਬੂਰ ਤੇ ਕੋਇਲ ਕੂਕ ਪਈ...।"

ਉਦੋਂ ਹਰ ਸਾਲ ਅੰਬਾਂ ਨੂੰ ਪਏ ਕੋਹਰ ਦੇ ਹਿਸਾਬ ਨਾਲ ਠੇਕੇਦਾਰ ਬਾਗਾਂ ਦਾ ਸੌਦਾ ਕਰਦੇ ਸਨ। ਬਾਗ ਦੇ ਮਾਲਕ ਵਲੋਂ ਸੌਦਾ ਕਰਨ ਦੇ ਨਾਲ ਨਾਲ ਠੇਕੇਦਾਰ ਨਾਲ ਕੱਚੇ-ਪੱਕੇ ਅੰਬ ਲੈਣ ਦਾ ਇਕਰਾਰ ਵੀ ਕੀਤਾ ਜਾਂਦਾ ਸੀ। ਇਸ ਇਕਰਾਰ ਨੂੰ ਸਾਡੀ ਭਾਸ਼ਾ ਵਿਚ ਜਿਣਸ ਕਿਹਾ ਜਾਂਦਾ ਸੀ, ਜੋ ਆਮ ਤੌਰ 'ਤੇ ਕੁਇੰਟਲਾਂ ਵਿਚ ਹੁੰਦੀ ਸੀ। ਸਾਡਾ ਪਿੰਡ ਤਾਂ ਕੀ, ਸਾਰੇ ਪਿੰਡ ਉਦੋਂ ਬਾਹਰਲੇ ਸੰਸਾਰ ਨਾਲ ਕੱਚੇ ਰਸਤਿਆਂ ਰਾਹੀਂ ਜੁੜੇ ਹੁੰਦੇ ਸਨ। ਸਾਡੇ ਪਿੰਡ ਦੇ ਬਾਗਾਂ ਦੀ ਪੈਦਾਵਾਰ ਪਹਿਲਾਂ ਰਾਹੋਂ ਅਤੇ ਫੇਰ ਨਵਾਂਸ਼ਹਿਰ ਦੀ ਮੰਡੀ ਵਿਚ ਜਾਂਦੀ ਸੀ। ਬਜ਼ੁਰਗਾਂ ਤੋਂ ਸੁਣਿਆ ਹੈ ਕਿ ਜਦੋਂ ਰਾਹੋਂ ਮੰਡੀ ਲਗਦੀ ਸੀ ਤਾਂ ਗੁਲਪੁਰ ਦੇ ਅੰਬਾਂ ਦਾ ਹੋਕਾ ਦਿੱਤਾ ਜਾਂਦਾ ਸੀ; ਖਾਸ ਕਰਕੇ ਰੁਲੀਏ ਦੇ ਬਾਗ ਦਾ ਨਾਂ ਲੈ ਕੇ। ਪੈਲ ਵਾਲੇ ਅੰਬ ਹੋਰ ਹੁੰਦੇ ਸਨ, ਟਪਕਾ ਅੰਬ ਹੋਰ ਅਤੇ ਪੱਕੇ ਹੋਏ ਅੰਬ ਹੋਰ ਹੁੰਦੇ ਸਨ। ਇਹ ਸਾਰੀਆਂ ਕਿਸਮਾਂ ਬਲਦ-ਰੇੜ੍ਹੀਆਂ 'ਤੇ ਨਵਾਂਸ਼ਹਿਰ ਜਾਂਦੀਆਂ ਅਸੀਂ ਖੁਦ ਦੇਖੀਆਂ ਹਨ। ਇਸ ਤੋਂ ਪਹਿਲਾਂ ਗੱਡਿਆਂ ਅਤੇ ਊਠਾਂ ਉੱਤੇ ਰਾਹੋਂ ਦੀ ਮੰਡੀ ਵਿਚ ਜਾਂਦੀਆਂ ਹੁੰਦੀਆਂ ਸਨ। ਬਲਦ-ਰੇੜ੍ਹੀਆਂ ਦਾ ਇਹ ਕਾਫਲਾ ਗਈ ਰਾਤ ਚੱਲਦਾ ਹੁੰਦਾ ਸੀ। ਕਈ ਵਾਰ ਭੂਤਰੇ ਸਾਨ੍ਹ ਬਲਦਾਂ ਨੂੰ ਮਾਰਨ ਲਈ ਰੇੜ੍ਹੀਆਂ ਦੇ ਅੱਗੇ ਖੜ੍ਹ ਜਾਂਦੇ ਸਨ। ਰੇੜ੍ਹੀਆਂ ਦੇ ਅਗਲੇ ਪਾਸੇ ਲਾਲਟੈਨ ਲਮਕਦੀ ਹੁੰਦੀ ਸੀ ਅਤੇ ਕਾਫਲਾ ਪੂਰੀ ਤਰ੍ਹਾਂ ਰਵਾਇਤੀ ਹਥਿਆਰਾਂ ਨਾਲ ਲੈਸ ਹੁੰਦਾ ਸੀ। ਬਹੁਤਾ ਡਰ ਭੂਸਰੇ ਸਾਨ੍ਹਾਂ ਤੋਂ ਹੁੰਦਾ ਸੀ ਕਿ ਉਹ ਬਲਦਾਂ ਦੇ ਸੱਟ-ਫੇਟ ਨਾ ਮਾਰ ਦੇਣ।

ਜਦੋਂ ਅੰਬਾਂ ਦਾ ਮੌਸਮ ਆਉਂਦਾ ਸੀ ਤਾਂ ਸਾਡੀਆਂ ਖੁਸ਼ੀਆਂ ਨੂੰ ਖੰਭ ਲੱਗ ਜਾਂਦੇ ਸਨ। ਉਨ੍ਹੀਂ ਦਿਨੀਂ ਸਾਡੇ ਨਜ਼ਦੀਕੀ ਰਿਸ਼ਤੇਦਾਰ ਪਿੰਡ ਦਾ ਗੇੜਾ ਜ਼ਰੂਰ ਲਾਉਂਦੇ ਸਨ। ਅਸੀਂ ਆਪਣੇ ਵੱਡਿਆਂ ਨਾਲ ਉਨ੍ਹਾਂ ਨੂੰ ਸਿੱਧੇ ਆਪਣੇ ਬਾਗ ਵਿਚ ਲੈ ਜਾਂਦੇ ਸਾਂ। ਠੇਕੇਦਾਰ ਅਤੇ ਉਸ ਦੇ ਕਾਰਿੰਦੇ ਬਹੁਤ ਸਤਿਕਾਰ ਕਰਦੇ। ਉੱਥੇ ਰੱਜ ਕੇ ਅੰਬ ਚੂਪੇ ਜਾਂਦੇ ਅਤੇ ਉਨ੍ਹਾਂ ਦੀ ਕਟੌਤੀ ਸਾਡੀ ਜਿਣਸ ਵਿਚੋਂ ਕਰ ਲਈ ਜਾਂਦੀ। ਅੰਬ ਚੂਪਣ ਵਾਲੇ ਨੂੰ ਵੀ ਅਤੇ ਸਾਨੂੰ ਵੀ ਅਹਿਸਾਸ ਹੋ ਜਾਂਦਾ ਕਿ ਇਹ ਬਾਗ ਸਾਡਾ ਹੀ ਹੈ। ਅੰਬ ਤਾਂ ਸਾਰੇ ਇਲਾਕਿਆਂ ਵਿਚ ਪਾਏ ਜਾਂਦੇ ਹਨ, ਪਰ 'ਅੰਬੀਆਂ ਨੂੰ ਤਰਸੇਂਗੀ, ਛੱਡ ਕੇ ਦੇਸ ਦੁਆਬਾ' ਬੋਲੀ ਦੁਆਬੇ ਦੇ ਨਾਂ ਹੀ ਰਜਿਸਟਰ ਹੋਈ ਹੈ। ਪ੍ਰੋ. ਮੋਹਨ ਸਿੰਘ ਦੀ ਨਾਟਕੀ ਕਵਿਤਾ 'ਅੰਬੀ ਦਾ ਬੂਟਾ' (ਬੈਲਡ) ਨੂੰ ਕਿਸ ਨੇ ਨਹੀਂ ਪੜ੍ਹਿਆ?

ਅਫਸੋਸ ਕਿ 1980 ਤੱਕ ਪਹੁੰਚਦਿਆਂ ਅੰਬਾਂ ਦੇ ਇਹ ਬਾਗ ਸਾਡੇ ਲਈ ਬੇਲੋੜਾ ਭਾਰ ਬਣ ਗਏ ਸਨ। ਸਬਮਰਸੀਬਲ ਪੰਪਾਂ ਦੀ ਬਦੌਲਤ ਤਕਰੀਬਨ 100% ਰਕਬਾ ਸਿੰਜਾਈ ਹੇਠ ਆ ਗਿਆ ਸੀ। ਹਰੀ ਕ੍ਰਾਂਤੀ ਨੇ ਪੰਜਾਬ ਅੰਦਰ ਆਪਣੇ ਪੈਰ ਪੂਰੀ ਤਰ੍ਹਾਂ ਪਸਾਰ ਲਏ ਸਨ। ਨਵੇਂ ਬੀਜ ਅਤੇ ਰਸਾਇਣਕ ਖਾਦਾਂ ਦੇ ਆਉਣ ਸਦਕਾ ਕਣਕ ਅਤੇ ਝੋਨੇ ਦੀਆਂ ਫਸਲਾਂ ਦੇ ਝਾੜ ਵਧ ਗਏ ਸਨ। ਅੰਬਾਂ ਦੀਆਂ ਵਧੀਆ ਤੋਂ ਵਧੀਆ ਕਿਸਮਾਂ ਸਾਹਮਣੇ ਸਾਡੇ ਦੇਸੀ ਅੰਬਾਂ ਦੀ ਕੋਈ ਵੁੱਕਤ ਨਹੀਂ ਰਹੀ ਸੀ। ਨਵੀਂ ਪੀੜ੍ਹੀ ਮਾਪਿਆਂ ਉੱਤੇ ਦਬਾਅ ਬਣਾ ਰਹੀ ਸੀ ਕਿ ਇਹ ਦਰਖਤ ਵੇਚ ਦਿੱਤੇ ਜਾਣ ਅਤੇ ਇਨ੍ਹਾਂ ਦੀ ਥਾਂ ਕਣਕ ਝੋਨੇ ਵਰਗੀਆਂ ਲਾਹੇਵੰਦ ਫਸਲਾਂ ਬੀਜੀਆਂ ਜਾਣ। ਇਨ੍ਹੀਂ ਦਿਨੀਂ ਵਿਦੇਸ਼ ਜਾਣ ਦਾ ਜਾਦੂ ਵੀ ਨੌਜਵਾਨਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ। ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹੋ ਚੁਕੇ ਸਨ। ਲੋਕਾਂ ਦੀ ਆਰਥਿਕ ਹਾਲਤ ਵੀ ਚੰਗੀ ਨਹੀਂ ਸੀ। ਸਾਡੇ ਘਰ ਵਿਚ ਵੀ ਬਾਗ ਵੇਚਣ ਨੂੰ ਲੈ ਕੇ ਘੁਸਰ-ਮੁਸਰ ਹੋਣ ਲੱਗ ਪਈ। ਜਦੋਂ ਗੱਲ ਮੇਰੇ ਬਾਬੇ ਤੱਕ ਪਹੁੰਚੀ ਤਾਂ ਉਹਨੇ ਇਹ ਕਹਿ ਕੇ ਬਾਗ ਪੁੱਟਣ ਦੀ ਇਜਾਜ਼ਤ ਦੇ ਦਿੱਤੀ ਕਿ ਮੇਰੇ ਮਰਨ ਤੋਂ ਬਾਅਦ ਪੁਟਵਾ ਦਿਓ। ਸਾਡੇ ਬਾਪ ਅਤੇ ਉਸ ਦੇ ਚਾਚੇ-ਤਾਏ ਦੇ ਮੁੰਡਿਆਂ ਨੇ ਵੀ ਬਾਬੇ ਦੇ ਮਰਨ ਤੋਂ ਬਾਅਦ 1988 ਵਿਚ ਲੋਕਾਂ ਦੀ ਦੇਖਾ-ਦੇਖੀ ਤਕਰੀਬਨ 3-4 ਏਕੜ ਵਿਚ ਲੱਗਾ ਬਾਗ ਵੇਚ ਦਿੱਤਾ। ਪਿੰਡ ਦਾ ਚੜ੍ਹਦਾ ਪਾਸਾ ਸਫਾ ਚੱਟ ਹੋ ਗਿਆ ਸੀ। 200 ਸਾਲ ਪੁਰਾਣੀ ਵਿਰਾਸਤ ਉੱਜੜ ਗਈ ਸੀ। ਇਹ ਵਰਤਾਰਾ ਸਾਡੇ ਪਿੰਡ ਹੀ ਨਹੀਂ ਸੀ ਵਾਪਰਿਆ, ਪੂਰੇ ਉਸ ਇਲਾਕੇ ਵਿਚ ਵਾਪਰਿਆ ਸੀ, ਜਿੱਥੇ ਜਿੱਥੇ ਅੰਬਾਂ ਦੇ ਰੁੱਖ ਸਨ। ਇੰਜ ਲਗਦਾ ਹੈ ਕਿ ਇਹ ਦੇਸੀ ਅੰਬਾਂ ਅਤੇ ਦੇਸੀ ਫਸਲਾਂ ਖਿਲਾਫ ਰਚੀ ਗਈ ਕੋਈ ਸਾਜਿਸ਼ ਸੀ।

# ਫਿਲਮੀ ਖੇਤਰ ਲਈ ਬਹੁਪੱਖੀ ਆਸ ਤੇ ਧਰਵਾਸ ਕਰਨਵੀਰ ਸਿੰਘ ਸਿਬੀਆ

ਫਿਲਮ ਇੰਡਸਟਰੀ ਹਮੇਸ਼ਾ ਮਨੋਰੰਜਨ ਤੇ ਮੁਨਾਫੇ ਦਾ ਖੇਤਰ ਰਿਹਾ ਹੈ। ਫਿਲਮੀ ਖੇਤਰ ਵਿਚ ਕੰਮ ਕਰਨ ਵਾਲੇ ਤੋਂ ਲੈ ਕੇ ਪੈਸੇ ਲਾਉਣ ਵਾਲਿਆਂ ਤੱਕ ਹਰ ਕੋਈ ਮੁਨਾਫੇ ਲਈ ਆਉਂਦਾ ਹੈ, ਪਰ ਇਸ ਖੇਤਰ ਵਿਚ ਇਕ ਨਾਮ ਸ. ਕਰਨਵੀਰ ਸਿੰਘ ਸਿਬੀਆ ਹੈ, ਜੋ ਬਿਨਾ ਕਿਸੇ ਮੁਨਾਫੇ ਤੋਂ ਇਸ ਵਿਚ ਕੰਮ ਕਰ ਰਹੇ ਹਨ। ਉਨ੍ਹਾਂ ਦਾ ਮੁੱਖ ਮੰਤਵ ਸਮਾਜ ਦੀ ਭਲਾਈ ਲਈ ਕੁਝ ਨਵਾਂ ਤੇ ਅਰਥ-ਭਰਪੂਰ ਕੰਮ ਕਰਨਾ ਹੈ। ਇਸ ਕਾਰਜ ਵਿਚ ਉਹ ਲਗਭਗ ਡੇਢ



**ਜੋਤੀ ਹੀਰ, ਜਲੰਧਰ**
ਫੋਨ: 91-86997-75563

ਦਹਾਕੇ ਤੋਂ ਨਿਰਮਾਤਾ, ਨਿਰਦੇਸ਼ਕ, ਲੇਖਕ ਤੇ ਸਮਾਜ ਸੇਵੀ ਵਜੋਂ ਨਿਰੰਤਰ ਕਾਰਜਸ਼ੀਲ ਹਨ।

ਉਨ੍ਹਾਂ ਦਾ ਜਨਮ 10 ਅਕਤੂਬਰ 1954 ਨੂੰ ਪਿਤਾ ਸ. ਗੁਰਬਖਸ਼ ਸਿੰਘ ਸਿਬੀਆ ਅਤੇ ਮਾਤਾ ਬੇਅੰਤ ਕੌਰ ਦੇ ਘਰ ਸੰਗਰੂਰ ਵਿਖੇ ਹੋਇਆ। ਆਪਣੇ ਪਿਤਾ ਜੀ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਉਨ੍ਹਾਂ ਨੇ ਸਮਾਜ ਸੇਵੀ ਕੰਮਾਂ ਨੂੰ ਜਾਰੀ ਰੱਖਿਆ ਹੈ। ਇਨ੍ਹਾਂ ਦੇ ਪਿਤਾ ਜੀ ਸੰਤ ਅਤਰ ਸਿੰਘ ਜੀ (ਮਸਤੂਆਣਾ ਸਾਹਿਬ) ਤੋਂ ਬਹੁਤ ਪ੍ਰੇਰਿਤ ਸਨ।

ਇਸ ਸਮੇਂ ਸ. ਕਰਨਵੀਰ ਸਿਬੀਆ ਸੰਗਰੂਰ ਵਿਰਾਸਤ ਸੰਭਾਲ ਸੁਸਾਇਟੀ ਅਤੇ ਸੰਗਰੂਰ ਹੈਰੀਟੇਜ ਅਤੇ ਲਿਟਰੇਰੀ ਫੈਸਟੀਵਲ ਦੇ ਚੈਅਰਮੈਨ ਹਨ। ਉਹ ਪਟਿਆਲਾ ਦੇ ਗੂੰਗੇ, ਬੋਲੇ ਅਤੇ ਨੇਤਰਹੀਣ ਸਕੂਲ ਦੇ ਉਪ-ਪ੍ਰਧਾਨ ਹਨ। ਨੰਨ੍ਹੀ ਜਾਨ ਸੰਸਥਾ ਦੇ ਫਾਊਂਡਰ (ਬਾਨੀ) ਮੈਂਬਰ, ਜਨਰਲ ਗੁਰਨਾਮ ਸਿੰਘ ਪਬਲਿਕ ਸਕੂਲ ਸੰਗਰੂਰ/ਅਕਾਲ ਡਿਗਰੀ ਕਾਲਜ ਫਾਰ ਵੂਮਨ ਦੇ ਟਰੱਸਟੀ ਅਤੇ ਵਿਸ਼ੇਸ਼ ਜਰੂਰਤ-ਮੰਦ ਬੱਚਿਆਂ ਲਈ ਵੱਖਰੇ ਪ੍ਰੋਗਰਾਮ ਅਤੇ ਸੰਸਥਾਵਾਂ ਵਿਚ ਸੇਵਾ ਨਿਭਾਅ ਰਹੇ ਹਨ। ਆਪਣੇ ਪਿਤਾ ਸ. ਗੁਰਬਖਸ਼ ਸਿੰਘ ਸਿਬੀਆ (ਸਾਬਕਾ ਬਿਜਲੀ ਅਤੇ ਸਿੰਚਾਈ ਮੰਤਰੀ, ਪੰਜਾਬ ਸਰਕਾਰ) ਦੀ ਸ਼ਾਨਦਾਰ ਅਤੇ ਪਰਉਪਕਾਰੀ ਜ਼ਿੰਦਗੀ ਦਾ ਜਸ਼ਨ ਮਨਾਉਣ ਲਈ, ਜਿਨ੍ਹਾਂ ਦੀ ਸਾਰੀ ਹੋਂਦ ਦੂਜਿਆਂ ਲਈ ਸੀ, ਸ. ਕਰਨਵੀਰ ਸਿੰਘ ਸਿਬੀਆ ਨੇ ਆਪਣੇ ਪਿਤਾ ਜੀ ਦੀ ਜੀਵਨੀ "ਏ ਲਾਈਫ ਵੈੱਲ ਲਿਵਡ" ਲਿਖੀ। ਸਦਭਾਵਨਾ, ਸਦਾਚਾਰ ਤੇ ਹੌਸਲਾ ਉਨ੍ਹਾਂ ਦੇ ਕਿਰਦਾਰ ਦਾ ਹਿੱਸਾ ਹਨ। ਬੇਟੀਆਂ ਦੀ ਮਦਦ ਲਈ ਉਹ ਹਮੇਸ਼ਾ ਹੀ ਅੱਗੇ ਰਹੇ ਹਨ।

ਜਦੋਂ ਪਿਤਾ ਦੀਆਂ ਜ਼ਿੰਮੇਵਾਰੀਆਂ ਸ. ਸਿਬੀਆ ਦੇ ਸਿਰ ਪਈਆਂ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਸੰਤ ਅਤਰ ਸਿੰਘ ਜੀ ਬਾਰੇ ਅਧਿਐਨ ਕਰਨਾ ਸ਼ੁਰੂ ਕੀਤਾ। ਉਨ੍ਹਾਂ ਬਾਰੇ ਪੜ੍ਹਨ ਤੇ ਲੋਕਾਂ ਤੋਂ ਜਾਣਕਾਰੀ ਇਕੱਠੀ ਕਰਨ 'ਤੇ ਪਤਾ ਲੱਗਾ ਕੇ ਸੰਤ ਜੀ ਦਾ ਸਿੱਖਿਆ ਪ੍ਰਤੀ ਯੋਗਦਾਨ ਖਾਸ ਕਰ ਕੇ ਬੇਟੀਆਂ ਦੀ ਸਿੱਖਿਆ ਲਈ ਰਿਹਾ ਹੈ। ਬਨਾਰਸ ਹਿੰਦੂ ਯੂਨੀਵਰਸਿਟੀ ਦਾ ਨੀਂਹ ਪੱਥਰ ਵੀ ਸੰਤ ਅਤਰ ਸਿੰਘ ਜੀ ਹੱਥੋਂ ਹੀ ਰਖਾਇਆ ਗਿਆ ਹੈ। ਇਸ ਤਰ੍ਹਾਂ ਉਨ੍ਹਾਂ ਨੇ ਸੰਤ ਅਤਰ ਜੀ ਦੇ ਜੀਵਨ ਉੱਪਰ ਸਭ ਤੋਂ ਪਹਿਲਾਂ ਇਕ ਡਾਕੂਮੈਂਟਰੀ ਫਿਲਮ ਬਣਾਈ, ਜਿਸ ਦਾ ਨਾਮ 'ਗਿਆਨ ਜੋਤ' ਹੈ। ਇਸ ਫਿਲਮ ਦੀ ਸ਼ੂਟਿੰਗ ਗੁਰੂ ਕੀ ਕਾਸ਼ੀ ਤਲਵੰਡੀ ਸਾਬੋ, ਬੜੂ ਸਾਹਿਬ ਆਦਿ ਸਥਾਨਾਂ 'ਤੇ ਕੀਤੀ। ਫਿਲਮ ਨੂੰ ਵੱਖ-ਵੱਖ ਵਿਦਿਅਕ ਆਦਾਰਿਆਂ ਵਿਚ ਦਿਖਾਇਆ ਜਾ ਰਿਹਾ ਹੈ। ਸ. ਸਿਬੀਆ ਦਾ ਕਹਿਣਾ ਹੈ ਕਿ ਅੱਜ ਵੀ ਉਨ੍ਹਾਂ ਦਾ ਉਦੇਸ਼ ਸੰਤ ਅਤਰ ਸਿੰਘ ਜੀ ਦੀਆਂ ਸਿੱਖਿਆਵਾਂ ਨੂੰ ਹੀ ਅੱਗੇ ਲੈ ਕੇ ਆਉਣਾ ਹੈ ਤੇ ਉਨ੍ਹਾਂ ਦੀਆਂ ਪ੍ਰੇਰਨਾਵਾਂ ਨੂੰ ਅੱਗੇ ਤੋਰਨਾ ਹੈ।

ਇਸ ਤੋਂ ਬਿਨਾ ਉਨ੍ਹਾਂ ਨੇ ਕੁਝ ਲਘੂ ਫਿਲਮਾਂ ਤੇ ਅਰਥਪੂਰਨ ਗੀਤਾਂ ਦਾ ਨਿਰਮਾਣ ਵੀ ਕਰਵਾਇਆ। 'ਵਿਰਾਸਤ-ਏ-ਸੰਗਰੂਰ' ਨਾਲ ਸਬੰਧਿਤ ਗੀਤ ਵੀ ਤਿਆਰ ਕਰਵਾਇਆ। 'ਨਿੱਕੀਆਂ ਪੈੜਾਂ' ਸਿਰਲੇਖ ਹੇਠ ਉਨ੍ਹਾਂ ਨੇ ਆਪਣੇ ਜੀ. ਜੀ. ਐਸ. ਪਬਲਿਕ ਸਕੂਲ ਦੀ ਇਕ ਹੋਣਹਾਰ ਹਾਕੀ ਖਿਡਾਰਨ ਜਸਪ੍ਰੀਤ ਕੌਰ ਚੀਮਾ 'ਤੇ ਇਕ ਲਘੂ ਫਿਲਮ ਬਣਾ ਕੇ ਉਸ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਉਸ ਦੀ ਮੌਤ ਦਿਲ ਦੀ ਬਿਮਾਰੀ ਕਾਰਨ ਦੋ ਸਾਲ (2019 ਵਿਚ) ਪਹਿਲਾਂ ਹੋਈ ਸੀ। ਜਸਪ੍ਰੀਤ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੱਕ ਖੇਡ ਚੁੱਕੀ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਜਸਪ੍ਰੀਤ ਦੇ ਨਾਮ 'ਤੇ ਸਕੂਲ ਵਿਚ ਇਕ ਮੈਮੋਰੀਅਲ ਵੀ ਬਣਾਇਆ ਹੈ। ਸ. ਸਿਬੀਆ ਦਾ ਉਦੇਸ਼ ਇਹੀ ਹੈ ਕਿ ਬੱਚਿਆਂ ਨੂੰ ਉਨ੍ਹਾਂ ਦੇ ਹੁਨਰ ਨੂੰ ਹੋਰ ਨਿਖਾਰਨ ਤੇ ਅੱਗੇ ਲਿਆਉਣ ਲਈ ਉਨ੍ਹਾਂ ਦੀ ਹਰ ਪੱਖ ਤੋਂ ਮਦਦ ਕਰਨੀ ਹੈ ਤੇ ਇਸ ਨੂੰ ਉਹ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਇਸ ਵਿਚ ਨਿਰੰਤਰ ਕਾਰਜਸ਼ੀਲ ਹਨ।

ਇਸ ਸਮੇਂ ਉਨ੍ਹਾਂ ਦਾ ਸਭ ਤੋਂ ਵੱਡਾ ਪ੍ਰਾਜੈਕਟ ਡਾਕੂ-ਡਰਾਮਾ ਫਿਲਮ 'ਦ ਸੇਵੀਅਰ: ਬ੍ਰਿਗੇਡੀਅਰ ਪ੍ਰੀਤਮ ਸਿੰਘ' ਹੈ। ਇਸ ਫਿਲਮ ਦੇ ਨਿਰਮਾਤਾ ਤੇ ਖੋਜ ਕਰਤਾ ਉਹ ਖੁਦ (ਸ. ਸਿਬੀਆ) ਹਨ ਅਤੇ ਇਸ ਦੇ ਲੇਖਕ ਤੇ ਨਿਰਦੇਸ਼ਕ ਡਾ. ਪਰਮਜੀਤ ਸਿੰਘ ਕੱਟੂ ਹਨ। ਇਸ ਫਿਲਮ ਦੇ ਮੁੱਖ ਅਦਾਕਾਰ ਧਨਵੀਰ ਸਿੰਘ, ਮਹਾਂਵੀਰ ਭੁੱਲਰ, ਪਾਲੀ ਸੰਧੂ ਹਨ। ਇਸ ਫਿਲਮ ਵਿਚ ਸੂਤਰਧਾਰ ਵਜੋਂ ਆਵਾਜ਼ ਬਾਲੀਵੁੱਡ ਦੇ ਪ੍ਰਸਿੱਧ ਅਦਾਕਾਰ ਜ਼ਾਕਿਰ ਹੁਸੈਨ ਨੇ ਦਿੱਤੀ ਹੈ ਅਤੇ ਇਸ ਦੀ ਪੋਸਟ-ਪ੍ਰੋਡਕਸ਼ਨ ਦਾ ਕੰਮ ਮੁੰਬਈ ਦੇ



ਕਰਨਵੀਰ ਸਿੰਘ ਸਿਬੀਆ

ਤਜ਼ਰਬੇਕਾਰ ਤਕਨੀਸ਼ੀਅਨਾਂ ਵੱਲੋਂ ਕੀਤਾ ਗਿਆ ਹੈ। ਇਹ ਫਿਲਮ ਪੁਣਛ ਦੇ ਰਖਵਾਲੇ ਵਜੋਂ ਯਾਦ ਕੀਤੇ ਜਾਂਦੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੀ ਜ਼ਿੰਦਗੀ ਦੇ ਸੰਘਰਸ਼ ਨੂੰ ਪੇਸ਼ ਕਰਦੀ ਹੈ। ਇਹ ਫਿਲਮ ਇਸ ਸਮੇਂ ਤੱਕ 15 ਰਾਸ਼ਟਰੀ ਤੇ ਅੰਤਰਰਾਸ਼ਟਰੀ ਅਵਾਰਡ ਜਿੱਤ ਚੁਕੀ ਹੈ। ਇਨ੍ਹਾਂ ਵਿਚੋਂ ਸਭ ਤੋਂ ਵੱਡਾ ਨਾਂ ਲਾਸ ਏਂਜਲਸ ਫਿਲਮ ਅਵਾਰਡ ਹੈ।

ਇਸ ਸਮੇਂ ਸ. ਸਿਬੀਆ ਆਪਣੇ ਪਿਤਾ ਜੀ ਦੀ ਸੌਂਵੀ ਬਰਸੀ ਮੌਕੇ ਉਨ੍ਹਾਂ ਉੱਪਰ ਇਕ ਡਾਕੂਮੈਂਟਰੀ ਫਿਲਮ ਬਣਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਨ। ਇਹ ਡਾਕੂਮੈਂਟਰੀ ਫਿਲਮ 'ਦ ਵਿਜ਼ਨਰੀ: ਗੁਰਬਖਸ਼ ਸਿੰਘ ਸਿਬੀਆ' ਨਾਂ ਹੇਠ ਬਣਾਈ ਜਾ ਰਹੀ ਹੈ। ਇਸ ਵਿਚ ਉਨ੍ਹਾਂ ਦੇ ਪਿਤਾ ਜੀ ਦਾ ਰੋਲ ਮਹਾਂਵੀਰ ਭੁੱਲਰ ਕਰ ਰਹੇ ਹਨ।

ਉਹ ਨਿੱਕੇ-ਨਿੱਕੇ ਬਾਲਾਂ ਲਈ ਰੌਚਿਕ ਅਤੇ ਸਿੱਖਿਆਦਾਇਕ ਵੀਡੀਓ ਵੀ ਤਿਆਰ ਕਰਵਾ ਰਹੇ ਹਨ ਤਾਂ ਜੋ ਨਿੱਕੇ ਬਾਲਾਂ ਨੂੰ ਆਪਣੀ ਭਾਸ਼ਾ ਅਤੇ ਸਭਿਆਚਾਰ ਨਾਲ ਜੋੜ ਕੇ ਰੱਖਿਆ ਜਾ ਸਕੇ। ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੇ ਪ੍ਰਾਜੈਕਟ ਦਾ ਮੁੱਖ ਵਿਸ਼ਾ ਬੱਚਿਆਂ ਅਤੇ ਥਿਏਟਰ 'ਤੇ ਹੈ। ਸ. ਸਿਬੀਆ ਦਾ ਕਹਿਣਾ ਹੈ ਕਿ ਬੱਚਿਆਂ ਉੱਪਰ ਪੰਜਾਬ ਵਿਚ ਅਰਥਪੂਰਨ ਕੰਮ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ। ਇਸ ਦੇ ਨਾਲ ਹੀ ਬਹੁਤ ਸੋਹਣੀਆਂ ਲਿਖਤਾਂ ਜੋ ਬੱਚਿਆਂ ਲਈ ਪ੍ਰੇਰਨਾਦਾਇਕ ਹੋਣ, ਉਨ੍ਹਾਂ ਕਵਿਤਾਵਾਂ, ਕਹਾਣੀਆਂ ਨੂੰ ਆਧਾਰ ਬਣਾ ਕੇ ਬੱਚਿਆਂ ਦੁਆਰਾ ਫਿਲਮਾਈਆਂ ਜਾਣਗੀਆਂ। ਉਹ ਇਸ ਖੇਤਰ ਵਿਚ ਸਥਾਨਕ ਅਤੇ ਅੰਤਰਰਾਸ਼ਟਰੀ ਪ੍ਰਾਜੈਕਟ ਕਰ ਰਹੇ ਹਨ।

ਬੰਦਾ ਸਾਗਰ ਦੀ ਇਕ ਬੂੰਦ ਦੇ ਸਮਾਨ ਹੀ ਨਹੀਂ ਹੈ, ਸਗੋਂ ਉਹ ਇਕ ਬੂੰਦ ਵਿਚ ਹੀ ਪੂਰਾ ਸਾਗਰ ਹੈ। ਇਸ ਦੀ ਸਭ ਤੋਂ ਵਧੀਆ ਮਿਸਾਲ ਸਾਡੇ ਸਾਹਮਣੇ ਸ. ਸਿਬੀਆ ਹਨ। ਉਹ ਬੱਚਿਆਂ ਅੰਦਰ ਬੈਠੀ ਸਵੇਰ ਨੂੰ ਜੋ ਕਿ ਪ੍ਰਕਾਸ਼ ਵਿਚ ਆਉਣ ਦਾ ਇੰਤਜ਼ਾਰ ਕਰ ਰਹੀ ਹੈ, ਉਸ ਨੂੰ ਬਾਹਰ ਲੈ ਕੇ ਆਉਣ ਵਿਚ ਯਤਨਸ਼ੀਲ ਹਨ।

### -ਪੰਜਾਬ 'ਚ ਪਾਵਰ ਕੱਟ ਬਨਾਮ ਪੱਖੀਆਂ-

# "ਵੇ ਲੈ ਦੇ ਮੈਨੂੰ ਮਖਮਲ ਦੀ ਪੱਖੀ ਘੁੰਗਰੂਆਂ ਵਾਲੀ"

ਪੰਜਾਬ ਵਿਚ ਇਸ ਵਾਰ ਭਰ ਗਰਮੀਆਂ 'ਚ ਪਾਵਰ ਕੱਟਾਂ ਨੇ ਵੱਟ ਕੱਢ ਦਿੱਤੇ ਅਤੇ ਹੱਥ-ਪੱਖੀਆਂ/ਪੱਖੇ ਚੇਤੇ ਕਰਵਾ ਦਿੱਤੇ। ਮੱਧ ਅਤੇ ਨਿਮਨ ਵਰਗ ਦੇ ਬਹੁਤੇ ਲੋਕਾਂ ਨੇ ਜਾਂ ਤਾਂ ਮਾਂ-ਦਾਦੀ ਦੇ ਪੁਰਾਣੇ ਸੰਦੂਕਾਂ/ਪੇਟੀਆਂ 'ਚੋਂ ਪੱਖੀਆਂ ਕੱਢ ਲਈਆਂ ਅਤੇ ਜਾਂ ਬਾਜ਼ਾਰ ਵਿਚੋਂ ਖਰੀਦੀਆਂ। ਲੰਮੇ ਸਮੇਂ ਲਈ ਅਤੇ ਵਾਰ ਵਾਰ ਬਿਜਲੀ ਦੇ ਕੱਟ ਲੱਗਣ ਕਾਰਨ ਮੱਧ-ਵਰਗ ਦੇ ਘਰੀਂ ਲੱਗੇ ਇਨਵਰਟਰਾਂ ਦੀਆਂ ਬੈਟਰੀਆਂ ਕੁਵੇਲੇ ਠੁੱਸ ਹੋ ਗਈਆਂ। ਗਰੀਬ ਤਾਂ ਭਲਾ ਪਹਿਲਾਂ ਹੀ ਰੱਬ

ਪ੍ਰੋ. ਜਸਵੰਤ ਸਿੰਘ ਗੰਡਮ, ਫਗਵਾੜਾ
ਫੋਨ: 91-98766-55055

ਆਸਰੇ ਹੁੰਦੈ।

ਮੇਰੀ ਉਮਰ ਜਾਂ ਇਸ ਦੇ ਲਾਗੇ-ਚਾਗੇ ਦੀ ਉਮਰ ਵਾਲੇ ਸਭ ਲੋਕਾਂ ਨੇ ਪੱਖੀਆਂ/ਪੱਖਿਆਂ ਦਾ ਦੌਰ ਹੰਢਾਇਆ ਹੈ। ਪਹਿਲਾਂ ਤਾਂ ਪਿੰਡਾਂ ਵਿਚ ਬਿਜਲੀ ਹੀ ਨਹੀਂ ਸੀ ਹੁੰਦੀ ਤੇ ਜਦ ਆਈ ਵੀ ਤਾਂ ਇਹ ਲੰਗੇ ਡੰਗ ਹੀ ਆਉਂਦੀ ਸੀ। ਬਿਜਲੀ ਤੋਂ ਪਹਿਲੇ ਦਾ ਸਮਾਂ ਤਾਂ ਦੁਪਹਿਰ ਵੇਲੇ ਬੋਹੜ-ਪਿੱਪਲ ਦੀ ਛਾਂਵੇਂ ਬੈਠ ਪੱਖੀਆਂ ਦੀ ਝੱਲ ਮਾਰ-ਮਾਰ ਬਤੀਤ ਕਰੀਦਾ ਸੀ।

ਪੱਖੀ ਕਿਸੇ ਵੇਲੇ ਪੰਜਾਬੀ ਸਭਿਆਚਾਰ, ਖਾਸ ਕਰਕੇ ਪੇਂਡੂ ਰਹਿਤਲ ਦਾ ਇਕ ਅਨਿੱਖੜਨਵਾਂ ਅੰਗ ਹੁੰਦੀ ਸੀ। ਇਹ ਪੰਜਾਬੀ ਲੋਕਧਾਰਾ ਦਾ ਮਹੱਤਵਪੂਰਨ ਹਿੱਸਾ ਰਹੀ ਹੈ। ਇਹ ਵਰਤੋਂ-ਵਿਹਾਰ ਦੀ ਮੁੱਲਵਾਨ ਵਸਤ ਰਹੀ ਹੈ, ਜਿਸ ਦੀ ਪੂਰੀ ਪੈਂਠ ਹੁੰਦੀ ਸੀ। ਗਰਮੀ ਦੂਰ ਕਰਨ ਲਈ ਤਾਂ ਇਹ ਝੱਲੀ ਹੀ ਜਾਂਦੀ ਸੀ, ਪਰ ਘਰ ਆਏ-ਗਏ ਵਾਸਤੇ ਵੀ ਵਰਤੀ ਜਾਂਦੀ ਸੀ।

ਪ੍ਰਾਹੁਣੇ ਲਈ ਵਿਸ਼ੇਸ਼ ਕਢਾਈ ਅਤੇ ਝਾਲਰਾਂ ਵਾਲੀ ਪੱਖੀ ਰੱਖੀ ਜਾਂਦੀ ਸੀ। ਬਹੁਤੀ ਵਾਰ ਤਾਂ ਘਰ ਦਾ ਕੋਈ ਜੀਅ ਆਪ ਹੀ ਕੋਲ ਬਹਿ ਕੇ ਪ੍ਰਾਹੁਣੇ ਨੂੰ ਪੱਖੀ ਝਲਦਾ ਰਹਿੰਦਾ ਸੀ। ਇਹ ਪੰਜਾਬੀ ਪ੍ਰਾਹੁਣਚਾਰੀ ਦੇ ਪ੍ਰਗਟਾਵੇ ਦਾ ਬੜਾ ਪਿਆਰਾ ਢੰਗ ਹੁੰਦਾ ਸੀ।

ਹੁਨਰਮੰਦ ਪੰਜਾਬਣ ਕੁੜੀਆਂ-ਚਿੜੀਆਂ ਆਪਣੇ ਵਿਆਹ ਦੇ ਦਾਜ ਲਈ ਹੱਥੀ ਵਾਲੀਆਂ ਸੁੰਦਰ ਕਢਾਈਦਾਰ ਪੱਖੀਆਂ ਤਿਆਰ ਕਰਦੀਆਂ ਸਨ। ਹੱਥੀ ਪੱਖੀ ਨੂੰ ਸੁਖਾਲੇ ਢੰਗ ਨਾਲ ਘੁੰਮਾਉਣ ਦੇ ਕੰਮ ਆਉਂਦੀ ਸੀ। ਕਈ ਪੱਖੀਆਂ ਵਿਚ ਸ਼ੀਸ਼ੇ ਵੀ ਜੜੇ ਜਾਂਦੇ ਸਨ ਤੇ ਕਈਆਂ ਨਾਲ ਘੂੰਗਰੂ ਵੀ ਲਾਏ ਜਾਂਦੇ ਸਨ। ਇਸ ਸਬੰਧੀ ਪ੍ਰਕਾਸ਼ ਕੌਰ ਦਾ ਗਾਇਆ ਇਕ ਪ੍ਰਸਿੱਧ ਲੋਕ ਗੀਤ ਵੀ ਹੈ, "ਵੇ ਲੈ ਦੇ ਮੈਨੂੰ ਮਖਮਲ ਦੀ, ਪੱਖੀ ਘੁੰਗਰੂਆਂ ਵਾਲੀ...।"

ਇਸ ਗੀਤ ਵਿਚ ਮੁਟਿਆਰ ਆਪਣੀ ਇਸ ਮੰਗ ਦਾ ਕਾਰਨ ਦਸਦੀ ਹੋਈ ਆਪਣੇ ਚੰਨਮਾਹੀ ਨੂੰ ਕਹਿੰਦੀ ਹੈ, "ਕੀਤਾ ਮੁੜ੍ਹਕੇ ਪਾਣੀ ਪਾਣੀ, ਭਿੱਜ ਗਿਆ ਮੇਰਾ ਸੂਟ ਜਪਾਨੀ; ਪਿਘਲੇ ਗਰਮੀ ਨਾਲ ਜਵਾਨੀ, ਮੱਖਣਾਂ ਨਾਲ ਜੋ ਪਾਲੀ।" ਉਹ ਮਾਹੀਏ ਨੂੰ ਮਖਮਲੀ ਪੱਖੀ ਮੰਗਣ ਦੀ ਵਜ੍ਹਾ ਬਿਆਨ ਕਰਦਿਆਂ ਕਹਿੰਦੀ ਹੈ ਕਿ 'ਪੱਖਾ ਖਜੂਰੀ (ਨੇ) ਤਲੀਆਂ ਦੀ ਜੜ੍ਹ ਗਾਲੀ' ਹੈ। ਤੇ ਮਖਮਲੀ ਪੱਖੀ ਦੀ ਹਵਾ ਦਾ ਮਜ਼ਾ ਲੈਂਦਿਆਂ ਨੱਚੀ ਨੂੰ ਘੁੰਗਰੂਆਂ ਦੀ ਛਣ-ਛਣ ਦਾ ਸੰਗੀਤਕ ਮਾਹੌਲ ਤਾਂ ਫਿਰ ਚਾਹੀਦਾ ਈ ਐ!



ਲੋਕ ਗੀਤਾਂ ਵਿਚ ਹੋਰ ਵੀ ਸਤਰਾਂ ਹਨ,

-ਕਲਕੱਤਿਉਂ ਪੱਖੀ ਲਿਆ ਦੇ
ਝਲੂੰਗੀ ਸਾਰੀ ਰਾਤ।

-ਪੱਖੀ ਜ਼ਰੀ ਦੀ ਮੋਤੀਆਂ ਵਾਲੀ
ਝੱਲਣੀ ਏ ਚੰਨ ਮਾਹੀ ਨੂੰ।

ਧਾਰਮਿਕ ਅਸਥਾਨਾਂ ਉਪਰ ਸੰਗਤ ਨੂੰ ਝੱਲਣ ਲਈ ਵੱਡੇ ਵੱਡੇ ਪੱਖੇ ਹੁੰਦੇ ਸਨ-ਕੋਈ 4-5 ਫੁੱਟ ਲੰਮੇ ਅਤੇ ਡੇਢ ਦੋ ਫੁੱਟ ਚੌੜੇ। ਉਨ੍ਹਾਂ ਦੀ ਹੱਥੀ ਵੀ ਬਹੁਤ ਵੱਡੀ ਹੁੰਦੀ ਸੀ ਅਤੇ ਮਜ਼ਬੂਤੀ ਨਾਲ ਪਕੜਨ ਲਈ ਦੋ ਥਾਂਵਾਂ 'ਤੇ ਜਗ੍ਹਾ ਰੱਖੀ ਹੁੰਦੀ ਸੀ। ਸਿੱਖ ਧਰਮ ਵਿਚ ਪੱਖਾ ਝੱਲਣ ਅਤੇ ਪਾਣੀ ਪਿਆਉਣ ਦੀ ਸੇਵਾ ਬੜੀ ਮਹੱਤਤਾ ਰੱਖਦੀ ਹੈ। ਗੁਰਬਾਣੀ ਵਿਚ ਪੱਖੇ ਦਾ ਕਈ ਥਾਂ ਜ਼ਿਕਰ ਆਉਂਦਾ ਹੈ,

-ਲੇ ਪਖਾ ਪ੍ਰਿਆ ਝਲਉ ਪਾਏ॥

-ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥

-ਪਖਾ ਫੇਰੀ ਪਾਣੀ ਢੋਵਾ ਹਰਿਜਨ ਕੈ ਪੀਸਣੁ ਪੀਸਿ ਕਮਾਵਾ॥

-ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥

-ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ॥

-ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ॥

ਸਰਦੇ-ਪੁਜਦੇ ਘਰਾਂ ਵਿਚ ਦਰਵਾਜ਼ੇ ਕੋਲ ਛੱਤ ਦੇ ਲਾਗੇ ਇਕ ਵੱਡਾ ਸਾਰਾ ਪੱਖਾ ਬੱਝਿਆ ਹੁੰਦਾ ਸੀ, ਜਿਸ ਨੂੰ ਇਕ ਰੱਸੇ ਨਾਲ ਅੱਗੇ-ਪਿੱਛੇ ਖਿੱਚ ਕੇ ਕਮਰੇ ਅੰਦਰ ਹਵਾ ਦਾ ਵਸੀਲਾ ਕੀਤਾ ਜਾਂਦਾ ਸੀ। ਰੱਸਾ ਖਿੱਚਣ ਲਈ ਇਕ ਨੌਕਰ ਰੱਖਿਆ ਜਾਂਦਾ ਸੀ।

ਪੱਖੀਆਂ ਬੈਂਤ/ਬਾਂਸ ਦੀਆਂ ਵੀ ਬਣੀਆਂ ਹੁੰਦੀਆਂ ਹਨ। ਇਹ ਮੂੜ੍ਹੇ ਬਣਾਉਣ ਵਾਲੀ ਸਮੱਗਰੀ ਨਾਲ ਵੀ ਬਣਾਈਆਂ ਜਾਂਦੀਆਂ ਸਨ। ਪੱਖੀਆਂ ਪਲਾਸਟਿਕ ਦੀਆਂ ਵੀ ਹੁੰਦੀਆਂ ਹਨ। ਅੱਜ ਕੱਲ੍ਹ ਨਿੱਕੀਆਂ-ਨਿੱਕੀਆਂ ਫੈਸ਼ਨਦਾਰ ਪੱਖੀਆਂ ਵੀ ਹੁੰਦੀਆਂ ਹਨ, ਜੋ ਇਕੱਠਾਂ (ਫੋਲਡ) ਕਰਕੇ ਪਰਸ ਵਿਚ ਰੱਖੀਆਂ ਜਾ ਸਕਦੀਆਂ ਹਨ ਅਤੇ ਲੋੜ ਵੇਲੇ ਇਸ ਢੰਗ ਨਾਲ ਖੁਲ੍ਹ ਜਾਂਦੀਆਂ ਹਨ, ਜਿਵੇਂ ਮੋਰ ਦੇ ਖੰਭ ਪੈਲ ਪਾਉਣ ਵੇਲੇ ਖੁਲ੍ਹੇ ਹੁੰਦੇ ਹਨ!

ਮਹਾਨਕੋਸ਼ ਅਨੁਸਾਰ ਪੱਖਾ ਸੰਗਯਾ ਹੈ, ਜਿਸ ਦਾ ਅਰਥ ਹੈ-ਪਵਨ ਕੋਭਕ, ਪੰਖਾ। ਪੱਖੀ ਛੋਟਾ ਪੰਖਾ ਹੈ। ਅੰਗਰੇਜ਼ੀ ਵਿਚ ਇਸ ਨੂੰ 'ਫੈਨ' ਕਹਿੰਦੇ ਹਨ, ਜੋ ਲਾਤੀਨੀ ਭਾਸ਼ਾ ਦੇ 'ਵੈਨੱਸ', ਪੁਰਾਤਨ ਅੰਗਰੇਜ਼ੀ ਦੇ 'ਫੈੱਨ/ਫੈਨੀਯਨ' ਤੋਂ ਹੁੰਦਾ ਹੋਇਆ 'ਫੈਨ' 'ਤੇ ਪੁੱਜਾ। ਮੌਲਿਕ ਰੂਪ ਵਿਚ ਇਹ ਸ਼ਬਦ ਫਸਲਾਂ ਦੇ ਦਾਣਿਆਂ ਨੂੰ ਤੂੜੀ/ਭੋਹ ਨਾਲੋਂ ਵੱਖਰੇ ਕਰਨ ਲਈ ਹਵਾ ਨਾਲ ਧੂੜ ਉਡਾਉਣ ਵਾਲੇ ਯੰਤਰ ਲਈ ਵਰਤਿਆ ਜਾਂਦਾ ਸੀ।

ਫਿਰ ਬਿਜਲੀ ਦੇ ਪੱਖੇ, ਕੂਲਰ, ਏ. ਸੀ. ਆਉਣ ਨਾਲ ਹੱਥ-ਪੱਖੇ/ਪੱਖੀਆਂ ਅਲੋਪ ਹੋ ਗਏ। ਇਹ ਸਿਰਫ ਕਲਾ-ਕ੍ਰਿਤਾਂ ਦੇ ਰੂਪ ਵਿਚ ਨੁਮਾਇਸ਼-ਘਰਾਂ ਦੇ ਸ਼ਿੰਗਾਰ ਜੋਗੇ ਹੀ ਰਹਿ ਗਏ।

ਇਸ ਵਾਰ ਬਿਜਲੀ-ਕੱਟਾਂ ਨੇ ਇਕ ਵਾਰ ਫਿਰ ਇਨ੍ਹਾਂ ਦੇ ਦਰਸ਼ਨ ਕਰਵਾ ਦਿਤੇ!

ਜਿਵੇਂ ਪੈਟਰੋਲ ਅਤੇ ਡੀਜ਼ਲ ਦੀਆਂ ਅੰਬਰ ਛੂੰਹਦੀਆਂ ਕੀਮਤਾਂ ਉਪਰ ਚੋਟ ਕਰਨ ਲਈ ਵਿਰੋਧੀ ਧਿਰ ਦਾ ਇਕ ਆਗੂ ਟਰੈਕਟਰ ਉਪਰ ਚੜ੍ਹ ਕੇ ਸੰਸਦ ਜਾਂਦਾ ਦਿਖਾਈ ਦਿੱਤਾ, ਉਵੇਂ ਹੀ ਪੰਜਾਬ ਵਿਚ ਬਿਜਲੀ ਗੁੱਲ ਰਹਿਣ 'ਤੇ ਵਿਅੰਗ ਕਰਨ ਲਈ ਸੋਸ਼ਲ ਮੀਡੀਆ ਉਪਰ ਸਿਆਸੀ ਆਗੂ ਪੱਖੇ/ਪੱਖੀਆਂ ਝਲਦੇ ਦਿਖਾਈ ਦਿੱਤੇ!

ਅੱਜ-ਕੱਲ੍ਹ ਦੀ ਪੀੜ੍ਹੀ ਦੇ ਬੱਚਿਆਂ ਨੇ ਤਾਂ ਪੱਖੀਆਂ/ਪੱਖੇ ਦੇਖੇ ਹੀ ਪਹਿਲੀ ਵਾਰ ਹਨ!

ਇਕ ਅਤਿ-ਗਰਮੀ 'ਤੇ ਹੁੰਮਸ ਮਾਰੀ ਰਾਤ ਨੂੰ 3-4 ਘੰਟੇ ਦੀ ਪਾਵਰ ਕੱਟ 'ਮਾਣਨ' ਦੌਰਾਨ ਪੱਖੀ ਝਲਦਿਆਂ ਕਵੀ-ਮਨ ਅਠਖੇਲੀਆਂ ਲੈਣ ਲਗ ਪਿਆ (ਮਨ ਵੀ ਬੜੀ ਅਵੈੜ ਸ਼ੈਅ ਹੈ, ਭਰ ਗਰਮੀ 'ਚ ਅਠਖੇਲੀਆਂ ਲੈਣ ਲਗ ਜਾਂਦੈ !) ਅਤੇ ਇਹ ਸਤਰਾਂ ਲਿਖੀਆਂ ਗਈਆਂ,

ਪੱਖੀ ਝੱਲੂੰਗੀ ਕਰੂੰਗੀ ਹੱਥੀ ਛਾਂਵਾਂ,
ਮੁੜ ਆ ਵਤਨਾਂ ਨੂੰ!

ਪਰ ਸਿਰਲੇਖ ਵਾਲੇ ਲੋਕ ਗੀਤ ਦੀ ਸਤਰ 'ਵੇ ਲੈ ਦੇ ਮੈਨੂੰ ਮਖਮਲ ਦੀ ਪੱਖੀ ਘੁੰਗਰੂਆਂ ਵਾਲੀ' ਤਾਂ ਅਮਰ ਸਤਰ ਹੈ!

## ਕਾਵਿ-ਕਿਆਰੀ

### ਬੇਮੌਸਮੀ ਹਵਾਵਾਂ

ਬੇਮੌਸਮੀ ਹਵਾਵਾਂ ਜੇ ਵਗਣ ਬਹਾਰ ਵਿਚ
ਲੰਮੀਆਂ ਪਾਉਣ ਫਸਲਾਂ ਖੇਤ ਤਿਆਰ ਵਿਚ
ਝਾੜਨ ਕੋਮਲ ਪੱਤੀਆਂ ਜੋ ਬਣਨੇ ਫੁੱਲ ਨੇ
ਅਗਲੀ ਪੀੜ੍ਹੀ ਦੇ ਫਲ ਬੀਜ ਹੁੰਦੇ ਗੁੱਲ ਨੇ।

ਅੱਜ ਕੱਲ੍ਹ ਤੱਤੀਆਂ 'ਵਾਵਾਂ ਵਤਨੀਂ ਵਗਦੀਆਂ
ਉਗਲਣ ਮੂੰਹੋਂ ਜ਼ਹਿਰ ਬਣ ਸੱਪ ਡੰਗਦੀਆਂ
ਜਾਤ-ਪਾਤ ਨੇ ਜਵਾਨਾਂ ਨੂੰ ਕੁੰਡਲ ਪਾ ਲਿਆ
ਧਰਮ ਵਿਸ਼ੀਅਰ ਨਾਗ ਨੂੰ ਗਲ ਲਾ ਲਿਆ।

ਭੀੜਤੰਤਰ ਫੈਲਦਾ ਮਿਲੇ ਹਾਕਮ ਤੋਂ ਸ਼ਹਿ ਹੈ
ਨਮੋਸ਼ੀ ਬਲਾਤਕਾਰਾਂ ਦੀ ਤੇ ਕਸ਼ਟ ਅਸਹਿ ਹੈ
ਰੱਖਿਆ ਨਾਰੀ ਦੀ ਕਰਨਾ ਜੋ ਰਾਜ ਧਰਮ ਹੈ
ਦਰਜਾਬੰਦੀ ਦੱਸਦੀ ਕਿ ਬੱਸ ਇਹ ਭਰਮ ਹੈ।

ਭੀੜਤੰਤਰ ਸ਼ੁਰੂ 'ਚ ਵਿਰੁੱਧ ਸੀ ਮੁਸਲਮਾਨ ਦੇ
ਬਣ ਛਾ ਰਿਹਾ ਅਤਿਵਾਦ ਪੂਰੇ ਹਿੰਦੁਸਤਾਨ 'ਤੇ
ਮਾਰੇ ਜਾ ਰਹੇ ਨੇ ਘੱਟ ਗਿਣਤੀ ਤੇ ਮੁਸਲਮਾਨ
ਕੋਈ ਬੱਚਾ ਚੋਰ ਕਹਿ ਕੇ, ਕੋਈ ਗਊ ਦੇ ਨਾਮ।

ਕਿੰਨੀ ਬਦਨੀਤ ਸਰਕਾਰ ਹੈ, ਨਾ ਠੱਲ੍ਹ ਪੈ ਰਹੀ
ਭੀੜ ਅਗਨੀਵੇਸ਼ ਨੂੰ ਵੀ ਫੇਰ ਟੁੱਟ ਕੇ ਪੈ ਰਹੀ
ਅੰਤਿਮ ਵਿਦਾਇਗੀ ਸ਼ਰਧਾਂਜਲੀ ਹਿੰਸਕ ਸੀ
ਕੀ ਕਹੀਏ ਹਾਕਮ ਧਿਰ ਖੁਦ ਨਿਪੁੰਸਕ ਸੀ?

ਅੱਗ ਲੱਗੇਗੀ ਜੰਗਲ ਵਿਚ ਬਚੇਗਾ ਨਾ ਕੋਈ
ਰਾਜਨੀਤਕ ਸੋਚ, ਜਾਪਦਾ ਹੈ ਦੀਵਾਲੀਆ ਹੋਈ
ਆਉਣ ਵਾਲੀ ਪੀੜ੍ਹੀ ਨੂੰ ਕੀ ਸੁਨੇਹਾ ਜਾ ਰਿਹਾ?
ਬੱਸ ਸਹਿਮ ਅਤੇ ਅਤਿਵਾਦ ਹੀ ਧਮਕਾ ਰਿਹਾ।

ਰੋਜ਼ੀ ਰੋਟੀ ਦਾ ਮਸਲਾ ਕਿੰਜ ਪਿੱਛੇ ਜਾ ਰਿਹਾ
ਕੁੱਲੀ ਜੁੱਲੀ ਭੁੱਲ ਕੇ ਬੰਦਾ ਬੰਦੇ ਨੂੰ ਖਾ ਰਿਹਾ
ਭੇਡਾਂ ਦਾ ਇੱਜੜ ਵੋਟਾਂ ਨੇ, ਵਿਕਾਸ ਸੰਭਵ ਨਹੀਂ
ਵਿਗਿਆਨਕ ਸੋਚ ਮਾਰ'ਤੀ ਤਰਕ ਮੰਤਵ ਨਹੀਂ।

*-ਸੇਵਾ ਸਿੰਘ ਨੂਰਪੁਰੀ*

### ਜਿੱਤਣੀ ਜੰਗ ਕਿਸਾਨਾਂ ਨੇ...

ਰਾਜ ਤੇਰਾ ਨਾ ਸਦ ਹੀ ਰਹਿਣਾ
ਜਿੱਤਣੀ ਜੰਗ ਕਿਸਾਨਾਂ ਨੇ,
ਤੂੰ ਹੈ ਤਖਤ ਤੋਂ ਥੱਲੇ ਲਹਿਣਾ
ਜਿੱਤਣੀ ਜੰਗ ਕਿਸਾਨਾਂ ਨੇ।

ਕੀਤੇ ਅੱਤਿਆਚਾਰ ਬੜੇ ਤੂੰ
ਵਰਤੇ ਨੇ ਹਥਿਆਰ ਬੜੇ ਤੂੰ,
ਵਕਤ ਨੇ ਜਦੋਂ ਹਿਸਾਬ ਹੈ ਲੈਣਾ
ਜਿੱਤਣੀ ਜੰਗ ਕਿਸਾਨਾਂ ਨੇ।

ਦਿਲ ਦਾ ਬੇਈਮਾਨ ਬੜਾ ਤੂੰ
ਕੰਸ ਜਿਹਾ ਹੈਵਾਨ ਬੜਾ ਤੂੰ,
ਬੀਜਿਆ ਤੈਨੂੰ ਵੱਡਣਾ ਪੈਣਾ
ਜਿੱਤਣੀ ਜੰਗ ਕਿਸਾਨਾਂ ਨੇ।

ਬੁੱਢੇ ਬਾਪੂ, ਬੁਢੜੀਆਂ ਮਾਂਵਾਂ
ਹਰ ਪਲ ਭਰਦੇ ਹਉਕੇ ਹਾਵਾਂ,
ਬਦ-ਦੁਆਵਾਂ ਨੇ ਲੈ ਬਹਿਣਾ
ਜਿੱਤਣੀ ਜੰਗ ਕਿਸਾਨਾਂ ਨੇ।

ਦੇਸ਼ ਦੇ ਇਹ ਕਿਸਾਨ ਨੇ ਸੂਰੇ
ਕਹਿਣੀ ਤੇ ਕਰਨੀ ਦੇ ਪੂਰੇ,
ਸ਼ੀਸ਼ ਮਹੱਲ ਹੁਣ ਤੇਰਾ ਢਹਿਣਾ
ਜਿੱਤਣੀ ਜੰਗ ਕਿਸਾਨਾਂ ਨੇ।

ਗੰਗਾ ਦਾ ਅਪਮਾਨ ਤੂੰ ਕੀਤਾ
ਰੱਜ ਕੇ ਖੂਨ ਕਿਸਾਨ ਦਾ ਪੀਤਾ,
ਜਦ ਉਹ ਅੱਖੀਆਂ ਰਾਹੀਂ ਵਹਿਣਾ
ਜਿੱਤਣੀ ਜੰਗ ਕਿਸਾਨਾਂ ਨੇ।

ਰਾਮ ਰਾਜ ਦੀਆਂ ਬਾਤਾਂ ਪਾਉਨੈਂ
ਮਾਨਵਤਾ ਦਾ ਖੂਨ ਵਹਾਉਨੈਂ,
ਇਕ ਦਿਨ ਦਰਦ ਬੜਾ ਤੂੰ ਸਹਿਣਾ
ਜਿੱਤਣੀ ਜੰਗ ਕਿਸਾਨਾਂ ਨੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਜੰਗਲ ਉਦਾਸ ਹੈ...

ਸ਼ਾਮ ਵੇਲੇ ਅਸੀਂ ਦੋ ਤਿੰਨ ਦੋਸਤ ਉਸ ਬੁੱਢੇ ਵਰਦੀ ਵਾਲੇ ਬਾਬੇ ਕੋਲ ਜਾ ਬੈਠੇ, ਜਿਹੜਾ ਆਪਣੀ ਚੜ੍ਹਦੀ ਉਮਰੇ ਜੰਗਲ ਦਾ ਗਾਰਡ ਭਰਤੀ ਹੋ ਗਿਆ ਸੀ ਤੇ ਇਸ ਵੇਲੇ ਉਹ ਆਪਣੀ ਢਲਦੀ ਉਮਰ ਵਿਚ ਸੀ। "ਬਾਬਾ ਕੋਈ ਗੱਲਬਾਤ ਸੁਣਾ", ਮੇਰੇ ਇੱਕ ਦੋਸਤ ਨੇ ਕਿਹਾ। ਸਾਡੇ ਇਸ ਦੋਸਤ ਨੂੰ ਗੱਲਾਂ ਦਾ ਤੇ ਘੁੰਮਣ ਦਾ ਬੜਾ ਚਸਕਾ ਹੈ ਅਤੇ ਇਸ ਦੇ ਕਹਿਣ 'ਤੇ ਹੀ ਅਸੀਂ

ਡਾ. ਅਨੁਰਾਗ

ਸਰਕਾਰ ਵਲੋਂ ਰਾਖਵੇਂ, ਪਹਾੜਾਂ ਵਿਚ ਸਥਿਤ ਇਸ ਜੰਗਲ ਵਿਚ ਜੰਗਲਾਤ ਮਹਿਕਮੇ ਦੇ ਰੈਸਟ ਹਾਊਸ ਇਕ ਦੋ ਰਾਤਾਂ ਰਹਿਣ ਦਾ ਪ੍ਰੋਗਾਰਮ ਉਲੀਕਿਆ ਸੀ। ਅਸੀਂ ਸੋਚਿਆ, ਚਲੋ ਸ਼ਹਿਰ ਤੋਂ ਦੂਰ ਜਾ ਕੇ ਕਿਸੇ ਸ਼ਾਂਤ ਤੇ ਇਕਾਂਤ ਥਾਂ 'ਤੇ ਮਨੁੱਖੀ ਸ਼ੋਰ ਤੋਂ ਬਚ ਕੇ ਕੁਦਰਤ ਦਾ ਅਨੰਦ ਮਾਣਿਆ ਜਾਵੇ। ਝਰਨਿਆਂ ਦੀ ਕਲ-ਕਲ ਨੂੰ ਸੁਣਿਆ ਜਾਵੇ। ਪੰਛੀਆਂ ਤੇ ਜਾਨਵਰਾਂ ਨੂੰ ਕੋਲ ਜਾ ਕੇ ਵੇਖਿਆ ਜਾਵੇ। ਠੰਢੀ ਹਵਾ ਨਾਲ ਆਤਮਾ ਨੂੰ ਸ਼ਰਸ਼ਾਰ ਕੀਤਾ ਜਾਏ!

ਹਾਂ, ਗੱਲ ਤਾਂ ਬਾਬੇ ਦੀ ਹੋ ਰਹੀ ਸੀ ਤੇ ਬਾਬਾ ਕਹਿਣ ਲੱਗਾ, "ਕੀ ਸੁਣਾਵਾਂ ਪੁੱਤਰੋ? ਇਹ ਰੱਖਾਂ, ਇਹ ਜੰਗਲ ਅੰਗਰੇਜ਼ਾਂ ਦੀ ਦੇਣ ਹਨ। ਅਸਲੀ ਕਦਰਦਾਨ ਤਾਂ ਉਹੀ ਸਨ, ਕੁਦਰਤ ਨੂੰ ਪਿਆਰ ਕਰਨ ਵਾਲੇ। ਆ ਜਿਸ ਬੰਗਲੇ ਵਿਚ ਤੁਸੀਂ ਠਹਿਰੇ ਹੋ ਨਾ, ਇਹ ਵੀ ਉਨ੍ਹਾਂ ਦਾ ਹੀ ਬਣਾਇਆ ਹੋਇਆ ਹੈ ਤੇ ਜਦੋਂ ਜੰਗਲਾਤ ਦੇ ਅੰਗਰੇਜ਼ ਅਫਸਰ ਦੌਰੇ 'ਤੇ ਆਉਂਦੇ ਤਾਂ ਇਨ੍ਹਾਂ ਬੰਗਲਿਆਂ ਵਿਚ ਠਹਿਰਦੇ। ਹੋਟਲ ਹਾਟਲ ਤਾਂ ਹੁਣ ਬਣੇ ਨੇ। ਕਦੇ ਗਰਮੀਆਂ ਦੀਆਂ ਛੁੱਟੀਆਂ ਪਰਿਵਾਰਾਂ ਸਮੇਤ ਇਥੇ ਬਿਤਾਉਂਦੇ। ਬੜਾ ਸਲੀਕਾ ਸੀ ਉਨ੍ਹਾਂ ਵਿਚ। ਕੁਦਰਤ ਨੂੰ ਬਹੁਤ ਪਿਆਰ ਕਰਦੇ ਸਨ। ਜੰਗਲ ਵੀ ਹਰੇ-ਭਰੇ ਪੰਖੂਆਂ ਅਤੇ ਜਨੌਰਾਂ ਨਾਲ ਭਰਪੂਰ ਸਨ। ਕਦੇ ਕਦੇ ਸ਼ਿਕਾਰ ਵੀ ਖੇਡਦੇ, ਪਰ ਉਜਾੜਾ ਨਾ ਪਾਉਂਦੇ। ਦਰਖਤਾਂ ਨੂੰ ਪੁੱਤਰਾਂ ਵਾਂਗ ਪਾਲਦੇ। ਮਜਾਲ ਕਿ ਕੋਈ ਹਰਿਆ ਦਰਖਤ ਵੱਢ ਕੇ ਲੈ ਜਾਏ। ਜੰਗਲੀ ਜਾਨਵਰਾਂ ਦੀ ਗਿਣਤੀ ਰੱਖਦੇ, ਪੂਰੀ ਇਮਾਨਦਾਰੀ ਵਰਤਦੇ। ਉਦੋਂ ਆਬਾਦੀ ਤੇ ਆਵਾਜਾਈ ਵੀ ਬੜੀ ਘੱਟ ਸੀ।"

"ਬਾਬਾ ਸਾਨੂੰ ਤਾਂ ਸਵਾ ਪਹਾੜੀ ਕਾਂ ਤੇ ਹੋਰ ਕੁਝ ਨਜ਼ਰ ਹੀ ਨਹੀਂ ਆਇਆ। ਜੰਗਲੀ ਜਾਨਵਰਾਂ ਦੀ ਤਾਂ ਗੱਲ ਹੀ ਛੱਡੋ, ਨਾ ਕੋਈ ਹਿਰਨ, ਨਾ ਪਾੜਾ; ਨਾ ਸੇਹ, ਨਾ ਖੇਹ। ਕੱਲ ਰਾਤ ਤੋਂ ਗਲ ਵਿਚ ਉਂ ਈ ਹਾਅ ਦੂਰਬੀਨ ਲਟਕਾਈ ਬੈਠੇ ਆਂ।" ਮੈਂ ਖਿਝ ਕੇ ਬੋਲਿਆ।

"ਹਾਂ, ਉਨ੍ਹਾਂ ਲੋਕਾਂ ਦਾ ਚੀਕ ਚਿਹਾੜਾ ਸੁਣਾਈ ਦੇ ਰਿਹਾ ਸੀ, ਜਿਹੜੇ ਸਵੇਰੇ ਹੀ ਇਥੇ ਪਿਕਨਿਕ ਮਨਾਉਣ ਲਈ ਆ ਜਾਂਦੇ ਨੇ ਤੇ ਮੇਰੀ ਜਾਚੇ ਲੋਕ ਤਾਂ ਸਾਰੀ ਰਾਤ ਪਾਰਟੀਆਂ ਕਰਨ, ਜੇ ਵੱਡੀ ਪੱਧਰ 'ਤੇ ਕਿਤੇ ਰਿਹਾਇਸ਼ਾਂ ਦਾ ਪ੍ਰਬੰਧ ਹੋ ਜਾਏ।"

ਇਹ ਸੁਣਦਿਆਂ ਬਾਬੇ ਦੇ ਚਿਹਰੇ 'ਤੇ ਸਾਰੇ ਜੰਗਲ ਦਾ ਦਰਦ ਉਭਰ ਆਇਆ। ਉਹ ਕਹਿਣ



ਲੱਗਾ, "ਪੁੱਤਰਾ ਸਾਨੂੰ ਤਾਂ ਆਪਣਿਆਂ ਨੇ ਮਾਰਿਆ। ਪਹਿਲੀ ਗੱਲ ਤਾਂ ਇਹ ਕਿ ਹੁਣ ਇਹ ਜੰਗਲ ਰਿਹਾ ਹੀ ਨਹੀਂ। ਨੇਤਾਵਾਂ ਤੇ ਠੇਕੇਦਾਰਾਂ ਨੇ ਰਲ ਕੇ ਬਹੁਤ ਪੁਰਾਣੇ ਤੇ ਕਈ ਕਿਸਮ ਦੇ ਬੇਸ਼ਕੀਮਤੀ ਲੱਕੜੀ ਵਾਲੇ ਦਰਖਤ ਵੇਚ ਦਿੱਤੇ ਜਾਂ ਆਪਣੀਆਂ ਕੋਠੀਆਂ ਵਿਚ ਬੂਹੇ-ਬਾਰੀਆਂ ਤੇ ਹੋਰ ਸਾਜ਼ੋ-ਸਾਮਾਨ ਲਈ ਵਰਤ ਲਏ। ਸ਼ਿਕਾਰੀਆਂ ਤੇ ਸ਼ਿਕਾਰ ਦੇ ਸ਼ੌਕੀਨ ਅਫਸਰਾਂ ਨੇ ਉਹ ਉਜਾੜਾ ਪਾਇਆ ਕਿ ਕੋਈ ਚਰਿੰਦ-ਪਰਿੰਦ ਨਜ਼ਰ ਹੀ ਨਹੀਂ ਆਉਂਦਾ। ਰਹਿੰਦੇ-ਖੂਹੰਦੇ ਲੋਕਾਂ ਦੇ ਰੌਲੇ-ਰੱਪੇ ਤੋਂ ਡਰਦਿਆਂ ਇਧਰ ਮੂੰਹ ਹੀ ਨਹੀਂ ਕਰਦੇ। ਬੇਕਦਰੇ ਲੋਕ ਝੁੰਡਾਂ ਦੇ ਝੁੰਡ ਵਿਚ ਸਵੇਰੇ ਹੀ ਇਥੇ ਆਉਣੇ ਸ਼ੁਰੂ ਹੋ ਜਾਂਦੇ ਆ, ਖਰਦੂਮ ਚੁੱਕਦੇ ਆ, ਖਾ-ਪੀ ਗੰਦ ਪਾ ਕੇ ਚਲੇ ਜਾਂਦੇ ਆ। ਅੱਗੇ ਇਥੇ ਬਾਂਦਰ ਤੇ ਲੰਗੂਰ ਆਮ ਮਿਲ ਜਾਂਦਾ ਸੀ, ਪਰ ਚਿਪਸਾਂ ਤੇ ਬਰੈਡਾਂ ਖੁਆ ਖੁਆ ਕੇ ਇਨ੍ਹਾਂ ਲੋਕਾਂ ਉਨ੍ਹਾਂ ਦੀਆਂ ਐਸੀਆਂ ਆਦਤਾਂ ਵਿਗਾੜੀਆਂ ਕਿ ਉਨ੍ਹਾਂ ਵੀ ਸ਼ਹਿਰ ਦਾ ਰੁਖ ਕਰ ਲਿਆ। ਸਭ ਤੋਂ ਵੱਡਾ ਸਿਤਮ ਇਹ ਕਿ ਜੰਗਲ ਦੇ ਕਿਨਾਰਿਆਂ 'ਤੇ ਵੱਸਦੇ ਪਿੰਡਾਂ ਦੇ ਲੋਕਾਂ ਨੇ ਨਾਜਾਇਜ਼ ਹੋਟਲ ਖੋਲ੍ਹ ਲਏ ਹਨ। ਰਾਤ ਨੂੰ ਵੀ ਆਵਾਜਾਈ ਲੱਗੀ ਰਹਿੰਦੀ ਆ। ਜੰਗਲੀ ਮੁਰਗਿਆਂ, ਤਿੱਤਰਾਂ, ਮੁਰਗਾਬੀਆਂ ਤੇ ਬਟੇਰਿਆਂ ਨਾਲ ਭਰੇ ਇਸ ਜੰਗਲ ਵਿਚ ਹੁਣ ਇਕ ਵੀ ਜੰਗਲੀ ਪੰਛੀ ਨਹੀਂ ਮਿਲਦਾ। ਜੰਗਲੀ ਸੂਰ, ਪਾੜ੍ਹੇ ਸਭ ਮਾਰ ਕੇ ਖਾ ਖੂ ਛੱਡੇ ਆ।"

ਮੈਂ ਕਿਹਾ, "ਬਾਬਾ ਸਰਕਾਰ ਕੀ ਕਰਦੀ ਆ?" ਬਾਬਾ ਹਲਕਾ ਜਿਹਾ ਹੱਸਿਆ ਤੇ ਕਹਿਣ ਲੱਗਾ, "ਜਦੋਂ ਕੁੱਤੀ ਚੋਰਾਂ ਨਾਲ ਰਲ ਜਾਏ ਤਾਂ ਫੇਰ ਕੀ ਰਹਿ ਜਾਂਦਾ ਕਾਕਾ। ਸਭ ਵੋਟਾਂ ਦੀਆਂ ਖੇਡਾਂ ਨੇ। ਪੁਲਿਸ, ਜੰਗਲਾਤ ਦਾ ਮਹਿਕਮਾ ਅਤੇ ਅਖੌਤੀ ਨੇਤਾਵਾਂ ਨੇ ਉਜਾੜ'ਤਾ ਇਹ; ਜੰਗਲ ਤਾਂ ਕੀ ਇਨ੍ਹਾਂ ਲਈ ਤਾਂ ਦੇਸ਼ ਵੀ ਪਏ ਢੱਠੇ ਖੂਹ ਵਿਚ।"

ਬਾਬਾ ਬਹੁਤ ਕੁਝ ਸੁਣਾਉਂਦਾ ਰਿਹਾ। ਸਾਡਾ ਮਨ ਉਦਾਸ ਹੋ ਗਿਆ। ਰਾਤ ਹੋ ਗਈ ਸੀ। ਪੱਤਿਆਂ ਤੋਂ ਤ੍ਰੇਲ ਦੇ ਤੁਪਕੇ ਡਿਗਣੇ ਸ਼ੁਰੂ ਹੋ ਗਏ ਸਨ। ਰੈਸਟ ਹਾਊਸ ਨੂੰ ਜਾਂਦਿਆਂ ਇੰਜ ਲੱਗ ਰਿਹਾ ਸੀ ਜਿਵੇਂ ਜੰਗਲ ਰੋ ਰਿਹਾ ਹੋਵੇ।



# ਕੀ ਸੂਰਜ ਮਰ ਗਿਆ ਹੈ...?

ਤਕਰੀਬਨ ਅੱਧੀ ਸਦੀ ਹੋਣ ਵਾਲੀ ਹੈ ਸੋਹਣਾ ਦੇਸ਼ ਪੰਜਾਬ ਛੱਡ ਕੇ ਆਇਆਂ, ਪਰ ਅੱਜ ਤੱਕ ਸੁਰਤ ਓਥੇ ਹੀ ਹੈ। ਹੋਵੇ ਵੀ ਕਿਉਂ ਨਾ! ਜੜ੍ਹਾਂ ਕਦੇ ਆਪਣੀ ਮਿੱਟੀ ਨੂੰ ਨਹੀਂ ਭੁੱਲਦੀਆਂ। ਆਪਣੇ ਦੇਸ਼ ਦੇ ਲੋਕ, ਪਸ਼ੂ ਪਰਿੰਦੇ ਤੇ ਰੁੱਖ ਓਸੇ ਹੀ ਤਰ੍ਹਾਂ ਚੇਤਿਆਂ ਵਿਚ ਸਮੋਏ ਹੋਏ ਨੇ। ਅਜੇ ਵੀ ਪਿੰਡ ਦੇ ਲੋਕਾਂ ਦੀ ਯਾਦ ਰੋਜ਼ ਸਵੇਰੇ ਦਿਲ ਦੇ ਬੂਹੇ ਦਸਤਕ ਦਿੰਦੀ ਹੈ। ਅਜੇ ਵੀ ਚਿੜੀਆਂ ਦੀ ਚੀਂ ਚੀਂ ਕੋਈ ਗੀਤ ਛੇੜਨ ਲਈ ਮਜਬੂਰ ਕਰਦੀ ਹੈ। ਹਰ ਕਵਿਤਾ ਓਥੋਂ ਹੀ ਉਪਜਦੀ ਹੈ। ਅਜੇ ਵੀ ਚੁੱਲ੍ਹੇ ਮੂਹਰੇ ਬੈਠੀ ਮਾਂ, ਰੋਟੀਆਂ ਪਕਾਉਂਦੀ ਤੇ ਵਰਤਾਉਂਦੀ ਨਜ਼ਰ ਆਉਂਦੀ ਹੈ। ਹਰੀਆਂ ਭਰੀਆਂ ਫਸਲਾਂ ਤੇ ਸਰੋਂ ਦੇ ਖੇਤਾਂ 'ਚੋਂ ਆਉਂਦੀ ਮਹਿਕ ਰੱਬ ਨੂੰ ਵੀ ਭੁੱਖ ਲਾਉਂਦੀ ਹੈ। ਕੁਝ ਡੂੰਘਾ ਧਿਆਨ ਧਰਾਂ ਤਾਂ ਹਵਾਵਾਂ ਵਿਚੋਂ ਨਾਨਕ ਬਾਣੀ ਸੁਣਾਈ ਦਿੰਦੀ ਹੈ। ਕਿਸ ਦਾ ਜੀਅ ਕਰਦਾ ਹੈ, ਇਸ ਠੰਡੇ ਮਿੱਠੇ ਪੰਜ ਆਬਾਂ ਵਾਲੇ ਦੇਸ਼ ਨੂੰ ਛੱਡ ਕੇ ਆਉਣ ਨੂੰ। ਕਹਿੰਦੇ ਨੇ ਜੇ ਆਪਣੇ ਦੇਸ਼ ਵਿਚ ਹੀ ਚੋਗਾ ਮਿਲੇ ਤਾਂ ਕੋਈ ਪੰਛੀ ਬੇਗਾਨੀ ਝਾਕ ਕਿਉਂ ਰੱਖੇ! ਮੈਂ ਵੀ ਚੰਗੀ ਰੋਟੀ ਦੀ ਤਾਲਾਸ਼ ਵਿਚ ਦੇਸ਼ ਛੱਡ ਉਡਾਰੀ ਮਾਰ ਲਈ।



**ਸੁਰਿੰਦਰ ਗੀਤ**
**ਕੈਲਗਰੀ, ਕੈਨੇਡਾ**

ਮੈਂ ਰੋਜ਼ ਖਬਰਾਂ ਪੜ੍ਹਦੀ ਹਾਂ, ਰੋਜ਼ ਖਬਰਾਂ ਸੁਣਦੀ ਹਾਂ। ਅਕਸਰ ਸੋਚ ਮੇਰੇ ਮਨ ਨੂੰ ਘੇਰਾ ਪਾਈ ਰੱਖਦੀ ਹੈ ਕਿ ਓਧਰੋਂ ਕੋਈ ਚੱਜ ਦੀ ਖਬਰ ਆਵੇਗੀ, ਮਨ ਖਿੜ ਜਾਵੇਗਾ, ਪਰ ਕਦੇ ਕੋਈ ਚੰਗੀ ਖਬਰ ਨਹੀਂ ਆਉਂਦੀ। ਦੇਸ਼ ਨੂੰ ਆਜ਼ਾਦ ਹੋਇਆਂ ਪੌਣੀ ਸਦੀ ਹੋ ਗਈ ਹੈ, ਲੋਕਾਂ ਦੀਆਂ ਪੀੜਾਂ, ਤੰਗੀਆਂ ਤੁਰਸ਼ੀਆਂ ਦੇਖ ਕੇ ਇਉਂ ਲੱਗਦਾ ਹੈ ਜਿਵੇਂ ਅਜੇ ਵੀ ਦੇਸ਼ ਗੁਲਾਮ ਹੋਵੇ। ਪੰਜਾਬ ਨੇ ਆਪਣੇ ਪਿੰਡੇ 'ਤੇ ਕੀ ਕੀ ਮਾਰਾਂ ਝੱਲੀਆਂ ਤੇ ਕੀ ਕੀ ਝੱਲ ਰਿਹਾ ਹੈ?

ਇਤਿਹਾਸ ਦੱਸਦਾ ਹੈ ਕਿ ਅੰਗਰੇਜ਼ਾਂ ਹੱਥੋਂ ਭਾਰਤ ਨੂੰ ਆਜ਼ਾਦ ਕਰਾਉਣ ਲਈ ਜੋ ਖੂਨ ਡੁੱਲ੍ਹਿਆ, ਉਸ ਵਿਚ 90% ਤੋਂ ਜ਼ਿਆਦਾ ਖੂਨ ਪੰਜਾਬੀਆਂ ਦਾ ਹੈ। ਜੱਲ੍ਹਿਆਂ ਵਾਲੇ ਬਾਗ 'ਚ ਡੁੱਲ੍ਹੇ ਪੰਜਾਬੀਆਂ ਦੇ ਖੂਨ ਦਾ ਬਦਲਾ ਲੈਂਦਾ ਹੈ ਤਾਂ ਪੰਜਾਬ ਦਾ ਸ਼ੇਰ ਪੁੱਤ ਊਧਮ ਸਿੰਘ ਲੰਡਨ ਜਾ ਕੇ ਭਰੇ ਹਾਲ ਵਿਚ ਜਨਰਲ ਡਾਇਰ ਦੇ ਸੀਨੇ ਵਿਚ ਠਾਹ ਠਾਹ ਗੋਲੀਆਂ ਮਾਰ ਕੇ ਲੈਂਦਾ ਹੈ। ਆਜ਼ਾਦੀ ਦੀ ਪ੍ਰਾਪਤੀ ਲਈ ਗਦਰੀ ਬਾਬਿਆਂ ਦੀ ਲਾਈ ਜਾਗ, ਛੋਟੀ ਉਮਰੇ ਹੀ ਫਾਂਸੀ ਦਾ ਰੱਸਾ ਚੁੰਮ ਕੇ ਦੇਸ਼ ਦੇ ਨੌਜਵਾਨਾਂ ਦੇ ਹਿਰਦਿਆਂ ਵਿਚ ਕਰਤਾਰ ਸਿੰਘ ਸਰਾਭਾ ਨੇ ਇਕ ਚਿਣਗ ਬਾਲੀ ਤੇ ਉਸ ਚਿਣਗ 'ਚੋਂ ਭਗਤ ਸਿੰਘ ਦੇ ਰੂਪ ਵਿਚ ਇਕ ਲਾਟ ਉੱਭਰੀ, ਜਿਸ ਨੇ ਬੋਲੀ ਅੰਗਰੇਜ਼ੀ ਹਕੂਮਤ ਦੇ ਕੰਨ ਖੋਲ੍ਹਣ ਲਈ ਅਸੈਂਬਲੀ 'ਤੇ ਬੰਬ ਸੁੱਟਿਆ ਤੇ ਆਪਣੇ ਖੂਨ ਦਾ ਦੀਵਾ ਸਤਲੁਜ ਕੰਢੇ ਬਾਲਿਆ, ਜੋ ਆਉਣ ਵਾਲੇ ਸਮੇਂ ਵਿਚ ਆਜ਼ਾਦੀ ਦੀ ਲੜਾਈ ਵਿਚ ਜੂਝਣ ਵਾਲੇ ਮਰਜੀਵੜਿਆਂ ਦੇ ਰਾਹ ਰੁਸ਼ਨਾਉਂਦਾ ਰਿਹਾ।

ਅੰਗਰੇਜ਼ਾਂ ਨੂੰ ਭਾਰਤ ਛੱਡਣਾ ਪਿਆ। ਲਾਲ ਕਿਲੇ 'ਤੇ ਪਿਆਰਾ ਤਿਰੰਗਾ ਲਹਿਰਾਉਣ ਲੱਗਾ।

ਜਿਉਂ ਹੀ ਆਜ਼ਾਦੀ ਦਾ ਬਿਗਲ ਵੱਜਿਆ, ਪੰਜਾਬ ਦੀ ਹਿੱਕ 'ਤੇ ਰਾਜਨੀਤੀ ਦਾ ਅਜਿਹਾ ਕੁਹਾੜਾ ਚੱਲਿਆ ਕਿ ਪੰਜਾਬ ਦੀ ਧੜ ਦੇ ਦੋ ਟੋਟੇ ਹੋ ਗਏ। ਇਕ ਪੰਜਾਬ ਰਹਿ ਗਿਆ ਤੇ ਦੂਸਰਾ ਪਾਕਿਸਤਾਨ ਦੇਸ਼ ਬਣ ਗਿਆ। ਵਾਹ ਨੀ ਰਾਜਨੀਤੀਏ! ਕੀ ਕਰ ਵਿਖਾਇਆ। ਇਕ ਸਰੀਰ ਦੇ ਦੋ ਟੋਟੇ! ਕਿਸੇ ਨੇ ਨਹੀਂ ਸੀ ਚਾਹਿਆ ਕਿ ਅਜਿਹਾ ਹੋਵੇ। ਹਿੰਦੂ, ਸਿੱਖ ਤੇ ਮੁਸਲਮਾਨ ਜੋ ਭਰਾਵਾਂ ਦੀ ਤਰ੍ਹਾਂ ਰਹਿੰਦੇ ਸਨ, ਇਕ ਦੂਸਰੇ ਦੇ ਦੁਸ਼ਮਣ ਬਣ ਗਏ। ਕਿੰਨੀ ਵੱਢ-ਟੁੱਕ ਹੋਈ, ਇਤਿਹਾਸ ਦੇ ਰੱਤੋ ਰੱਤ ਹੋਏ ਪੰਨ੍ਹਿਆਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ। ਧੀਆਂ-ਭੈਣਾਂ ਦੀ ਇੱਜ਼ਤ ਏਧਰਲਿਆਂ ਨੇ ਵੀ ਲੁੱਟੀ ਤੇ ਓਧਰਲਿਆਂ ਨੇ ਵੀ ਕਸਰ ਨਹੀਂ ਛੱਡੀ। ਅਜਿਹਾ ਜ਼ਹਿਰੀ ਡੰਗ ਵੱਜਿਆ ਕਿ ਚਾਰੇ ਪਾਸੇ ਨਫਰਤ ਦੀ ਜ਼ਹਿਰ ਫੈਲ ਗਈ। ਧਰਤੀ ਮਾਂ ਦੀ ਆਤਮਾ ਵਿਲਕ ਉਠੀ। ਧਰਤੀ ਲਾਲੋ ਲਾਲ ਹੋ ਗਈ। ਦਰਿਆਵਾਂ ਦੇ ਪਾਣੀਆਂ ਵਿਚ ਲਹੂ ਘੁਲ ਗਿਆ। ਕਿਹਾ ਜਾਂਦਾ ਹੈ ਕਿ ਇਸ ਫਿਰਕੂ ਹਨੇਰੀ ਵਿਚ ਤਕਰੀਬਨ 5 ਲੱਖ ਲੋਕ ਮਰੇ, ਲੱਖਾਂ ਜ਼ਖਮੀ ਹੋਏ ਤੇ ਕਰੋੜਾਂ ਆਪੋ ਆਪਣੇ ਘਰੀਂ ਵਸਦੇ ਘਰੋਂ ਬੇ-ਘਰ ਹੋ ਗਏ ਤੇ ਸ਼ਰਨਾਰਥੀ ਅਖਵਾਏ।

ਸ਼ਬਦਾਂ ਵਿਚ ਇਸ ਦੁਖਾਂਤ ਨੂੰ ਬਿਆਨ ਕਰਨਾ ਬੇਹੱਦ ਮੁਸ਼ਕਿਲ ਜਾਪਦਾ ਹੈ। ਅੱਜ ਵੀ ਲੋਕ ਉਸ ਸਮੇਂ ਨੂੰ ਯਾਦ ਕਰਕੇ ਹੰਝੂ ਕੇਰਦੇ ਹਨ। ਅੱਜ ਵੀ ਅੱਖਾਂ ਲਾਲ ਹਨ। ਹੰਝੂ ਏਧਰ ਵੀ ਹਨ, ਹੰਝੂ ਓਧਰ ਵੀ ਹਨ। ਪੰਜਾਬ ਦੀ ਧੀ ਅੰਮ੍ਰਿਤਾ ਪ੍ਰੀਤਮ ਦੇ ਸੰਵੇਦਨਸ਼ੀਲ ਹਿਰਦੇ ਵਿਚੋਂ ਇਕ ਦਰਦ 'ਚ ਗੜੁੱਚ ਹੂਕ ਨਿਕਲੀ ਤੇ ਪੌਣਾਂ ਵਿਚ ਘੁਲ ਗਈ। ਉਸ ਨੇ ਪੰਜਾਬੀਅਤ ਦੇ ਸਪੂਤ ਵਾਰਿਸ ਸ਼ਾਹ ਨੂੰ ਅਜਿਹੀਆਂ ਹਾਕਾਂ ਮਾਰੀਆਂ ਕਿ ਧਰਤੀ ਤੇ ਅੰਬਰ ਦਾ ਸੀਨਾ ਪਾਟ ਗਿਆ। ਉਸ ਦੀ ਕਲਮ ਨੇ ਲਹੂ ਦੇ ਹੰਝੂ ਕੇਰੇ।

ਵੇ ਦਰਦਮੰਦਾ ਦਿਆ ਦਰਦੀਆ
ਉੱਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ
ਤੇ ਲਹੂ ਦੀ ਭਰੀ ਚਨਾਬ।

ਪੰਜਾਬ ਦੇ ਵੱਢੇ-ਟੁੱਕੇ ਅੰਗਾਂ 'ਚੋਂ ਸਿੰਮਦਾ ਲਹੂ ਸਮੇਂ ਦੀਆਂ ਸਰਕਾਰਾਂ ਨੇ ਪੀਤਾ। ਪੰਜਾਬ ਦੀ ਧਰਤੀ ਮਾਂ ਦੇ ਸਿਰ ਤੋਂ ਚੁੰਨੀ ਲਹਿ ਗਈ। ਲੀੜੇ ਪਾਟ ਗਏ। ਧਰਤੀ ਦੇ ਪੁੱਤਾਂ ਨੇ ਹੀ ਧਰਤੀ ਦੀ ਹਿੱਕ 'ਤੇ ਅਜਿਹਾ ਵਹਿਸ਼ੀ ਨਾਚ ਨੱਚਿਆ ਕਿ ਉਸ ਸਭ ਕਾਸੇ ਨੂੰ ਯਾਦ ਕਰਕੇ ਸਮਾਂ ਅੱਜ ਵੀ ਰੋ ਪੈਂਦਾ ਹੈ। ਏਸੇ ਕਰਕੇ ਉਹ ਲੋਕ, ਜਿਨ੍ਹਾਂ ਨੇ ਇਹ ਵਹਿਸ਼ੀ ਮੌਸਮ ਦੀ ਦਰਿੰਦਗੀ ਆਪਣੇ ਤਨਾਂ ਤੇ ਮਨਾਂ ਤੇ ਸਹਿਣ ਕੀਤੀ ਹੈ, ਇਸ ਸਮੇਂ ਨੂੰ ਵੱਡ ਟੁੱਕ ਦੇ ਵੇਲੇ ਨਾਲ ਯਾਦ ਕਰਦੇ ਹਨ। ਪੰਜ ਆਬਾਂ ਦੀ ਧਰਤੀ ਢਾਈ ਆਬਾਂ ਦੀ ਧਰਤੀ ਰਹਿ ਗਈ।

ਮੈਂ ਜਦੋਂ ਤੋਂ ਸੁਰਤ ਸੰਭਾਲੀ ਹੈ, ਕਦੇ ਵੀ ਪੰਜਾਬ ਨਾਲ ਇਨਸਾਫ ਹੁੰਦਾ ਨਹੀਂ ਵੇਖਿਆ। ਪੰਜਾਬ ਜਿਵੇਂ ਬਣਿਆ ਹੀ ਬੇਰਹਿਮੀਆਂ ਝੱਲਣ ਲਈ ਹੋਵੇ। ਪਹਿਲੀ ਨਵੰਬਰ 1966 ਨੂੰ ਪੰਜਾਬ ਦੀ ਧੜ 'ਤੇ ਫਿਰ ਆਰਾ ਚੱਲਿਆ। ਇਸ ਵਾਰ ਧਰਮ ਦਾ ਨਹੀਂ, ਬੋਲੀ ਦਾ ਆਰਾ ਸੀ। ਬੋਲੀ ਦੇ ਆਧਾਰ 'ਤੇ ਪੰਜਾਬ ਦੇ ਦੋ ਟੋਟੇ ਕਰ ਦਿੱਤੇ ਗਏ। ਸੂਬਾ ਪੰਜਾਬ ਛੋਟੀ ਜਿਹੀ ਸੂਬੀ ਬਣ ਕੇ ਰਹਿ ਗਿਆ। ਪੰਜਾਬੀ ਬੋਲਦੇ ਬਹੁਤ ਸਾਰੇ ਇਲਾਕੇ ਪੰਜਾਬ ਤੋਂ ਬਾਹਰ ਰੱਖਣੇ ਰਾਜਨੀਤੀ ਦਾ ਅਜਿਹਾ ਵਾਰ ਸੀ, ਜਿਸ ਦੀ ਪੀੜ ਪੰਜਾਬ ਦੇ ਅੰਗ-ਅੰਗ 'ਚੋਂ ਸਦਾ ਹੀ ਨਿਕਲਦੀ ਰਹੇਗੀ। ਸਭ ਤੋਂ ਵੱਡੀ ਬਦਕਿਸਮਤੀ ਪੰਜਾਬ ਤੇ ਪੰਜਾਬੀ ਦੀ ਇਹ ਹੈ ਕਿ ਪੰਜਾਬੀ ਬੋਲੀ ਤੇ ਭਾਸ਼ਾ ਨਾਲ ਪੰਜਾਬ ਵਿਚ ਬਹੁਤ ਧੱਕਾ ਹੋ ਰਿਹਾ ਹੈ। ਜਾਂ ਇਸ ਤਰ੍ਹਾਂ ਕਹਿ ਲਵੋ ਕਿ ਪੰਜਾਬੀ ਬੋਲੀ ਦੇ ਆਧਾਰ 'ਤੇ ਬਣੇ ਪੰਜਾਬੀ ਸੂਬੇ ਵਿਚ ਪੰਜਾਬੀ ਨਹੀਂ ਹੈ। ਪੰਜਾਬੀ ਨੂੰ ਇਸ ਸੂਬੇ ਦੀ ਰਾਣੀ ਹੋਣਾ ਚਾਹੀਦਾ ਸੀ, ਪਰ ਇਹ ਇਸ ਸੂਬੇ ਵਿਚ ਗੋਲੀਆਂ ਵਾਲੀ ਜੂਨ ਹੰਢਾ ਰਹੀ ਹੈ। ਪੰਜਾਬ ਅਜਿਹਾ ਸੂਬਾ ਹੈ, ਜਿੱਥੇ ਸਕੂਲਾਂ ਵਿਚ ਬੱਚਿਆਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਬੋਲਣ 'ਤੇ ਜੁਰਮਾਨਾ ਹੁੰਦਾ ਹੈ। ਸ਼ਾਇਦ ਹੀ ਦੁਨੀਆਂ ਦੇ ਕਿਸੇ ਹਿੱਸੇ ਵਿਚ ਅਜਿਹੀ ਪੀੜਾ ਕਿਸੇ ਨੂੰ ਸਹਿਣੀ ਪੈ ਰਹੀ ਹੋਵੇ। ਭਾਸ਼ਾ ਦੇ ਨਾਮ 'ਤੇ ਬਣੀ ਪੰਜਾਬੀ ਯੂਨੀਵਰਸਿਟੀ ਵਿਚ ਵੀ ਪੰਜਾਬੀ ਨਾਲ ਧੱਕਾ ਹੁੰਦਾ ਹੈ। ਮੈਂ ਅਕਸਰ ਹੀ ਸੋਚਦੀ ਹਾਂ ਕਿ ਜੇ ਪੰਜਾਬੀ ਭਾਸ਼ਾ ਮਰ ਗਈ ਤਾਂ ਫਿਰ ਪੰਜਾਬ ਦਾ ਨਾਮ ਕੀ ਹੋਵੇਗਾ। ਇਹ ਮੇਰਾ ਹੀ ਨਹੀਂ, ਪੰਜਾਬੀ ਨੂੰ ਪਿਆਰ ਕਰਨ ਵਾਲੇ ਸਾਰੇ ਪੰਜਾਬੀਆਂ ਦਾ ਤੌਖਲਾ ਹੈ। ਇਹ ਨਹੀਂ ਕਿ ਸਰਕਾਰੂ ਟੋਲੇ ਇਸ ਗੱਲ ਤੋਂ ਬੇਖਬਰ ਹਨ। ਦਰਅਸਲ ਉਹ ਏਨੇ ਢੀਠ ਤੇ ਲਾਲਚੀ ਹੋ ਗਏ ਹਨ ਕਿ ਉਨ੍ਹਾਂ ਨੂੰ ਆਪਣੀਆਂ ਕੁਰਸੀਆਂ ਤੋਂ ਸਿਵਾ ਹੋਰ ਕੁਝ ਦਿਖਾਈ ਹੀ ਨਹੀਂ ਦਿੰਦਾ।

ਕੀ ਪੰਜਾਬ ਦੀ ਧਰਤੀ ਨੂੰ ਪੰਜ ਦਰਿਆਵਾਂ ਦੀ ਰਾਣੀ ਕਹਿਣਾ ਹਾਸੋ ਹੀਣੀ ਗੱਲ ਨਹੀਂ! ਪਹਿਲੀ ਗੱਲ ਪੰਜ ਦਰਿਆ ਹੀ ਨਹੀਂ ਹਨ। ਦੂਸਰੀ ਗੱਲ ਦਰਿਆਵਾਂ ਦਾ ਪਾਣੀ ਏਨਾ ਜ਼ਹਿਰੀ ਤੇ ਗੰਧਲਾ ਹੈ ਕਿ ਕਈ ਥਾਂਵਾਂ ਤੋਂ ਲੋਕੀਂ ਨੱਕ ਘੁੱਟ ਕੇ ਲੰਘਦੇ ਹਨ। ਕਾਰਖਾਨੇਦਾਰਾਂ ਨੇ ਆਪਣੇ ਨਿੱਜੀ ਲਾਭਾਂ ਦੀ ਖਾਤਿਰ ਦੇਸ਼ ਦੇ ਸਭ ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਹਨ। ਕਾਰਖਾਨਿਆਂ ਦਾ ਗੰਦਾ ਪਾਣੀ ਸ਼ੱਰੇਆਮ ਬਿਨਾ ਕਿਸੇ ਸਾਫ ਸਫਾਈ ਦੇ ਸਿੱਧਾ ਦਰਿਆਵਾਂ ਵਿਚ ਜਾਂਦਾ ਹੈ। ਕੌਣ ਹੈ ਇਸ ਸਭ ਕਾਸੇ ਦਾ ਜ਼ਿੰਮੇਵਾਰ? ਦੋਸ਼ੀ ਸਮੇਂ ਦੀਆਂ ਸਰਕਾਰਾਂ ਹਨ। ਵੋਟਾਂ ਖਾਤਿਰ ਜਾਂ ਪਾਰਟੀ ਫੰਡਾਂ ਖਾਤਿਰ ਇਨ੍ਹਾਂ ਪੈਸੇ ਵਾਲੇ ਬੰਦਿਆਂ ਨੂੰ ਕਾਨੂੰਨ ਤੋੜਨ ਦੀ, ਦਰਿਆਵਾਂ ਦਾ ਪਾਣੀ ਗੰਧਲਾ ਕਰਨ ਦੀ ਪੂਰੀ ਖੁੱਲ੍ਹ ਹੈ।

ਇਸ ਤੋਂ ਵੀ ਮਾੜੀ ਤੇ ਮਾਰੂ ਗੱਲ ਇਹ ਕਿ ਪੰਜਾਬ ਦਾ ਪਾਣੀ ਬਿਨਾ ਕਿਸੇ ਮੁਆਵਜ਼ੇ ਦੇ ਬਿਲਕੁਲ ਮੁਫਤ ਦੂਸਰੇ ਰਾਜਾਂ ਨੂੰ ਦਿੱਤਾ ਜਾ ਰਿਹਾ ਹੈ। ਹਰਿਆਣੇ ਨਾਲ ਪਾਣੀ ਪਿੱਛੇ ਰੌਲਾ ਪੈ ਜਾਂਦਾ ਹੈ। ਰਾਜਨੀਤਕ ਲੋਕ ਵੋਟਾਂ ਸਮੇਂ ਪਾਣੀ ਨੂੰ



ਮੁੱਦਾ ਬਣਾ ਕੇ ਵੋਟਾਂ ਹਥਿਆ ਲੈਂਦੇ ਹਨ ਤੇ ਗੱਦੀ 'ਤੇ ਬੈਠਣ ਸਾਰ ਮੈਂ ਕੌਣ ਤੇ ਤੂੰ ਕੌਣ! ਮੁੱਦੇ ਉਭਾਰੇ ਜਾਂਦੇ ਹਨ, ਮੁੱਦੇ ਸੁਲਝਾਏ ਨਹੀਂ ਜਾਂਦੇ; ਜਿਉਂ ਹੀ ਸਰਕਾਰ ਬਣੇ ਭੁਲ ਭਲਾ ਜਾਂਦੇ ਹਨ।

ਧਰਤੀ ਹੇਠਲੇ ਪਾਣੀ ਦੀ ਤਾਂ ਹਾਲਤ ਹੋਰ ਵੀ ਮਾੜੀ ਹੈ। ਦਿਨੋਂ ਦਿਨ ਡੂੰਘਾ ਹੋ ਰਿਹਾ ਪਾਣੀ ਖਾਰਾ ਤੇ ਜ਼ਹਿਰੀ ਹੈ। ਇਹ ਪਾਣੀ ਨਾ ਸਿੰਚਾਈ ਦੇ ਯੋਗ ਹੈ ਤੇ ਨਾ ਹੀ ਪੀਣ ਲਈ ਵਧੀਆ ਹੈ। ਇਹ ਜ਼ਹਿਰੀ ਪਾਣੀ ਪੀ ਪੀ ਕੇ ਤੇ ਜ਼ਹਿਰੀ ਅੰਨ ਖਾ ਕੇ ਲੋਕ ਅਨੇਕ ਤਰ੍ਹਾਂ ਦੀਆਂ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਕੈਂਸਰ ਤੇ ਕਾਲਾ ਪੀਲੀਆ ਹਰ ਘਰ ਵਿਚ ਆਣ ਵੜਿਆ ਹੈ। ਰੁੱਖਾਂ ਦੀ ਵੱਢ ਵਢਾਈ ਲਗਾਤਾਰ ਜਾਰੀ ਹੈ। ਬਾਰਸ਼ ਦਾ ਪਾਣੀ ਸਾਂਭਣ ਦਾ ਕਿਸੇ ਨੂੰ ਖਿਆਲ ਨਹੀਂ। ਹੜ੍ਹਾਂ ਦੀ ਮਾਰ ਪੰਜਾਬ ਦਾ ਕੋਈ ਨਾ ਕੋਈ ਹਿੱਸਾ ਜ਼ਰੂਰ ਝੱਲਦਾ ਹੈ। ਦਰਿਆਵਾਂ 'ਚੋਂ ਤਾਂ ਲੋਕਾਂ ਨੇ ਰੇਤਾ ਬਜਰੀ ਕੱਢ ਕੱਢ ਆਪਣੇ ਸ਼ਾਹੀ ਮਹਿਲ ਉਸਾਰ ਲਏ ਹਨ ਤੇ ਆਉਣ ਵਾਲੀਆਂ ਕਈ ਪੁਸ਼ਤਾਂ ਲਈ ਧਨ ਇਕੱਠਾ ਕਰ ਲਿਆ ਹੈ। ਨਾਜਾਇਜ਼ ਮਾਈਨਿੰਗ ਦਾ ਰੌਲਾ ਬਹੁਤ ਹੈ, ਪਰ ਰੋਕਦਾ ਕੋਈ ਵੀ ਨਹੀਂ। ਸਰਕਾਰੀ ਤੰਤਰ ਤੇ ਅਫਸ਼ਾਹੀ ਮਿਲ ਕੇ ਦੋਹਾਂ ਹੱਥਾਂ ਨਾਲ ਦੇਸ਼ ਦਾ ਸਰਮਾਇਆ ਲੁੱਟ ਰਹੇ ਹਨ। ਕਲ੍ਹ ਨੂੰ ਕੀ ਬਣੂੰ! ਕੋਈ ਨਹੀਂ ਜਾਣਦਾ।

ਦਰਿਆਵਾਂ ਦੀ ਗੱਲ ਕਰਦਿਆਂ ਨਸ਼ਿਆਂ ਦੇ ਦਰਿਆ ਦੀ ਗੱਲ ਕਰਨੀ ਵੀ ਅਤਿ ਜ਼ਰੂਰੀ ਹੈ। ਇਹ ਸੱਚ ਹੈ ਕਿ ਪੰਜਾਬ 'ਚ ਅੱਜ ਕਲ੍ਹ ਏਨੀ ਕਿਸਮ ਦੇ ਨਸ਼ਿਆਂ ਨੇ ਘਰ ਬਣਾ ਲਿਆ ਹੈ ਕਿ ਰਹੇ ਰੱਬ ਦਾ ਨਾਂ। ਸ਼ਰਾਬ ਨਸ਼ਿਆਂ 'ਚੋਂ ਮੁਢਲਾ ਨਸ਼ਾ ਹੈ, ਪਰ ਦੇਖੋ, ਸਾਡਾ ਪ੍ਰਬੰਧਕੀ ਢਾਂਚਾ ਜੋ ਇਸ ਨਸ਼ੇ ਨੂੰ ਨਸ਼ਾ ਹੀ ਨਹੀਂ ਸਮਝਦਾ। ਪਿੰਡਾਂ ਵਿਚ ਹਰ ਮੋੜ 'ਤੇ ਮੂੰਹ ਚਿੜਾਉਂਦੇ ਠੇਕਿਆਂ ਨੇ ਸਾਡੇ ਪਿੰਡਾਂ ਦੇ ਦੁੱਧ ਲੱਸੀ ਪੀਣ ਵਾਲੇ ਸਭਿਆਚਾਰ ਨੂੰ ਕਰੀਬ ਕਰੀਬ ਖਤਮ ਕਰ ਕੇ ਰੱਖ ਦਿੱਤਾ ਹੈ। ਹੁਣ ਤਾਂ ਏਨੀ ਕਿਸਮ ਦੇ ਨਸ਼ੇ ਆ ਗਏ ਹਨ ਕਿ ਗਿਣਤੀ ਕਰਨੀ ਮੁਸ਼ਕਿਲ ਹੈ। ਸਿਨਥੈਟਿਕ ਨਸ਼ਿਆਂ 'ਚੋਂ ਜਿਸ ਨੂੰ ਚਿੱਟਾ ਆਖਦੇ ਹਨ, ਉਸ ਨੇ ਤਾਂ ਚਿੱਟੇ ਰੰਗ ਨੂੰ ਹੀ ਬਦਨਾਮ ਕਰ ਦਿੱਤਾ ਹੈ। ਨੌਜਵਾਨਾਂ ਦੀਆਂ ਰਗਾਂ ਵਿਚ ਦੌੜਦੇ ਇਸ ਨਸ਼ੇ ਨੇ ਘਰਾਂ ਦੇ ਘਰ ਬਰਬਾਦ ਕਰ ਦਿੱਤੇ ਹਨ। ਨਾੜਾਂ ਵਿਚ ਖੁੱਭੀਆਂ ਸੂਈਆਂ ਤੇ ਗੱਭਰੂ ਪੁੱਤਾਂ ਦੀਆਂ ਲਾਸ਼ਾ ਜਦੋਂ ਮਾਪਿਆਂ ਨੂੰ ਮਿਲਦੀਆਂ ਹਨ ਤਾਂ ਧਰਤੀ ਦੀ ਹਿੱਕ ਪਾਟਦੀ ਹੈ। ਇਹ ਨਸ਼ੇ ਹੀ ਸਮਾਜ ਵਿਚ ਵਧ ਰਹੀਆਂ ਚੋਰੀਆਂ ਅਤੇ ਬਲਾਤਕਾਰਾਂ ਨੂੰ ਅੰਜ਼ਾਮ ਦਿੰਦੇ ਹਨ। ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਕਲ੍ਹ ਸਾਡੀਆਂ ਕੁੜੀਆਂ ਵੀ ਨਸ਼ਿਆਂ ਦੀ ਲਪੇਟ ਤੋਂ ਬਾਹਰ ਨਹੀਂ ਹਨ। ਸ਼ਰਾਬ ਦਾ ਪੀਣਾ ਤਾਂ ਮਾਡਰਨ ਕੁੜੀਆਂ ਦਾ ਫੈਸ਼ਨ ਹੈ। ਅਗਾਂਹਵਧੂ ਅਖਵਾਉਣ ਦਾ ਇਹ ਵੀ ਇਕ ਢੰਗ ਹੈ। ਜਾਂ ਮਰਦਾਂ ਦੇ ਬਰਾਬਰ ਆਪਣੇ ਹੱਕ ਜਤਾਉਣਾ ਦਾ ਬੜਾ ਹੀ ਸਰਲ ਤੇ ਮਾਰੂ ਤਰੀਕਾ ਹੈ। ਸਭ ਜਾਣਦੇ ਹਨ ਕਿ ਨਸ਼ਈ ਔਰਤ ਕਦੇ ਵੀ ਸਿਹਤਮੰਦ ਬੱਚੇ ਪੈਦਾ ਨਹੀਂ ਕਰ ਸਕਦੀ। ਆਉਣ ਵਾਲੀਆਂ ਪੀੜ੍ਹੀਆਂ ਕਿਸ ਤਰ੍ਹਾਂ ਦੀਆਂ ਹੋਣਗੀਆਂ, ਇਸ ਦਾ ਨਕਸ਼ਾ ਸਭ ਦੇ ਸਾਹਮਣੇ ਹੈ।

ਪੰਜਾਬ ਦੀ ਨਸ਼ਿਆਂ 'ਚ ਰੁੜ੍ਹ ਰਹੀ ਜਵਾਨੀ ਨੂੰ ਬਚਾਉਣ ਦਾ ਨਾ ਸਰਕਾਰੀ ਤੌਰ 'ਤੇ ਅਤੇ ਨਾ ਹੀ ਸਮਾਜਿਕ ਤੌਰ 'ਤੇ ਕੋਈ ਠੋਸ ਕਦਮ ਚੁੱਕਿਆ ਜਾ ਰਿਹਾ ਹੈ। ਰੌਲਾ ਬਹੁਤ ਪੈਂਦਾ ਹੈ। ਚੋਣਾਂ ਸਮੇਂ ਵਾਅਦੇ ਕੀਤੇ ਜਾਂਦੇ ਹਨ, ਪਰ ਪੂਰੇ ਕੋਈ ਨਹੀਂ ਕਰਦਾ। ਨਸ਼ਿਆਂ ਦੀ ਤਸਕਰੀ ਵਿਚ ਆਮ ਕਰਕੇ ਵੱਡੇ ਵੱਡੇ ਸਰਕਾਰੀ ਅਹੁਦਿਆਂ 'ਤੇ ਬੈਠੇ ਲੋਕਾਂ ਦਾ ਨਾਮ ਮੂਹਰੇ ਆਉਂਦਾ ਹੈ। ਸਿਰਫ ਨਾਮ ਲਏ ਜਾਂਦੇ ਹਨ, ਪਰ ਕੋਈ ਨੱਕ ਵਿਚ ਨਕੇਲ ਨਹੀਂ ਪਾਉਂਦਾ।

ਹੋਰ ਤਾਂ ਹੋਰ ਸਾਡਾ ਗੀਤ-ਸੰਗੀਤ ਵੀ ਬੰਦੂਕਾਂ ਤੇ ਨਸ਼ਿਆਂ ਦਾ ਸ਼ੱਰੇਆਮ ਪ੍ਰਚਾਰ ਕਰਦਾ ਹੈ। ਪਾਕ ਪਵਿਤਰ ਮੁਹੱਬਤੀ ਵਿਰਸਾ ਲੱਚਰਪੁਣੇ ਦੇ ਭਾਰ ਹੇਠਾਂ ਦੱਬ ਗਿਆ ਹੈ। ਇਸ ਲੱਚਰਪੁਣੇ ਤੋਂ ਖਹਿੜਾ ਛੁਡਾਉਣ ਲਈ ਸਿਖਿਆ ਦਾ ਪਾਸਾਰ ਜ਼ਰੂਰੀ ਹੈ, ਪਰ ਸਿਖਿਆ ਵੱਲ ਕਿਸੇ ਦਾ ਧਿਆਨ ਨਹੀਂ ਹੈ। ਸਰਕਾਰੀ ਸਕੂਲ ਤੇ ਕਾਲਜ ਧੜਾ ਧੜ ਬੰਦ ਹੋ ਰਹੇ ਹਨ। ਮਹਿੰਗੇ ਪ੍ਰਾਈਵੇਟ ਅਦਾਰਿਆਂ ਦੀ ਭਰਮਾਰ ਹੋ ਰਹੀ ਹੈ, ਜੋ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੈ। ਯੂਨੀਵਰਸਿਟੀਆਂ ਦੀ ਖਸਤਾ ਹਾਲਤ ਇਸ ਗੱਲ ਦਾ ਸੰਕੇਤ ਹੈ ਕਿ ਏਥੇ ਸਿਖਿਆ ਦੀ ਮਹੱਤਤਾ ਨੂੰ ਸਮਝਿਆ ਹੀ ਨਹੀਂ ਜਾਂਦਾ। ਅਜਿਹਾ ਵਰਤਾਰਾ ਕਿਸ ਤਰ੍ਹਾਂ ਦਾ ਭਵਿੱਖ ਸਿਰਜੇਗਾ, ਇਹ ਸਪੱਸ਼ਟ ਹੈ। ਚੰਗੇ ਦੀ ਆਸ ਨਾਮੁਮਕਿਨ ਜਾਪਦੀ ਹੈ। ਕਿਸੇ ਵੀ ਦੇਸ਼ ਦੀ ਤਰੱਕੀ ਉਸ ਦੇਸ਼ ਦੀ ਸਿਖਿਆ ਪ੍ਰਣਾਲੀ 'ਤੇ ਨਿਰਭਰ ਹੁੰਦੀ ਹੈ। ਅੱਜ ਪੰਜਾਬ ਵਿਚ ਸਿਖਿਆ ਏਨੀ ਮਹਿੰਗੀ ਹੋ ਗਈ ਹੈ ਕਿ ਆਮ ਲੋਕਾਂ ਦੀ ਪਹੁੰਚ ਤੋਂ ਬਹੁਤ ਦੂਰ ਹੋ ਗਈ ਹੈ। ਸਿੱਖਿਆ ਦਾ ਨਿੱਜੀਕਰਨ ਤਾਂ ਏਨੀ ਬਰਬਾਦੀ ਕਰ ਰਿਹਾ ਹੈ ਕਿ ਕੋਈ ਆਮ ਆਦਮੀ ਆਪਣੇ ਬੱਚੇ ਦੇ ਸੁਪਨੇ ਪੂਰੇ ਨਹੀਂ ਕਰ ਸਕਦਾ। ਸਿਖਿਆ ਪੈਸੇ ਵਾਲੇ ਲੋਕਾਂ ਦੀ ਤੇ ਪੈਸੇ ਵਾਲੇ ਲੋਕ ਸਿਖਿਆ ਦੇ ਅਧਿਕਾਰੀ ਬਣ ਕੇ ਬੈਠੇ ਨੇ।

ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ। ਉਦਯੋਗ ਦੀ ਬਹੁਤ ਕਮੀ ਹੈ। ਕਾਰਖਾਨੇ ਬੰਦ ਹੋ ਗਏ ਹਨ। ਨਵੇਂ ਕੋਈ ਖੋਲ੍ਹ ਨਹੀਂ ਰਿਹਾ। ਸਰਕਾਰ ਅਨੁਸਾਰ ਸਰਕਾਰੀ ਖਜ਼ਾਨਾ ਖਾਲੀ ਹੈ। ਖਾਲੀ ਪਈਆਂ ਆਸਾਮੀਆਂ ਭਰ ਨਹੀਂ ਹੋ ਰਹੀਆਂ। ਬੇਰੁਜ਼ਗਾਰੀ ਸਿਖਰ 'ਤੇ ਹੈ ਅਤੇ ਇਹ ਬੇਰੁਜ਼ਗਾਰੀ ਅਨੇਕ ਤਰ੍ਹਾਂ ਦੇ ਅਪਰਾਧਾਂ ਦੀ ਜਨਮਦਾਤੀ ਹੈ। ਸਰਕਾਰ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਵਿਚ ਅਸਮਰੱਥ ਹੈ ਜਾਂ ਕਹਿ ਲਵੋ ਦਿਲਚਸਪੀ ਨਹੀਂ ਲੈ ਰਹੀ। ਬੇਰੁਜ਼ਗਾਰੀ ਕਾਰਨ ਹੀ ਨੌਜਵਾਨ ਕੁੜੀਆਂ ਤੇ ਮੁੰਡੇ ਧੜਾ ਧੜ ਵਿਦੇਸ਼ਾਂ ਵੱਲ ਭੱਜ ਰਹੇ ਹਨ, ਕੋਈ ਨਾ ਕੋਈ ਜੁਗਾੜ ਬਣਾ ਕੇ। ਇਨ੍ਹਾਂ ਵਿਚ ਜ਼ਿਆਦਾ ਗਿਣਤੀ ਵਿਦਿਆਰਥੀਆਂ ਦੀ ਹੈ, ਜੋ ਪੜ੍ਹਨ ਦੇ ਬਹਾਨੇ ਵਿਦੇਸ਼ਾਂ ਵਿਚ ਸੈਟਲ ਹੋ ਰਹੇ ਹਨ। ਹਰ ਸਾਲ ਭਾਰਤ ਦਾ ਅਰਬਾਂ ਰੁਪਇਆ ਫੀਸਾਂ ਦੇ ਰੂਪ ਵਿਚ ਬਾਹਰਲੇ ਮੁਲਕਾਂ ਨੂੰ ਜਾ ਰਿਹਾ ਹੈ। ਬਾਰ੍ਹਾਂ ਜਮਾਤਾਂ ਪਾਸ ਕਰਕੇ ਆਇਲੈੱਟਸ ਕਰਨਾ, ਲੱਖਾਂ ਰੁਪਏ ਖਰਚ ਕਰ ਕੇ ਕੈਨੇਡਾ ਦੇ ਕਿਸੇ ਮਾਮੂਲੀ ਜਿਹੇ ਪ੍ਰਾਈਵੇਟ ਕਾਲਜ ਵਿਚ ਦਾਖਲਾ ਲੈ ਲੈਣਾ ਹੀ ਪੜ੍ਹਾਈ ਦਾ ਸਿਖਰ ਸਮਝਿਆ ਜਾਣ ਲੱਗ ਪਿਆ ਹੈ। ਪੰਜਾਬ ਦੇ ਘਰਾਂ ਦੀਆਂ ਕੰਧਾਂ, ਖੇਤਾਂ 'ਚ ਮੋਟਰਾਂ 'ਤੇ ਪਾਈਆਂ ਕੋਠੜੀਆਂ ਤੇ ਜਿੱਥੇ ਵੀ ਥਾਂ ਮਿਲੇ ਆਈਲੈੱਟਸ ਦੀ ਮਸ਼ਹੂਰੀ ਦੀ ਭਰਮਾਰ ਹੈ। ਸਰਕਾਰ ਆਪਣੇ ਦੇਸ਼ ਵਿਚ ਰੁਜ਼ਗਾਰ ਪੈਦਾ ਕਰੇ ਤਾਂ ਕਿਉਂ ਲੋਕ ਬਾਹਰਲੇ ਮੁਲਕਾਂ ਵਿਚ ਵਸਣ ਨੂੰ ਤਰਜੀਹ ਦੇਣ!

ਪੰਜਾਬ ਦੀ ਖੁਸ਼ਹਾਲੀ ਪੰਜਾਬ ਦੇ ਕਿਸਾਨ ਦੀ ਖੁਸ਼ਹਾਲੀ 'ਤੇ ਨਿਰਭਰ ਹੈ। ਜੇ ਪੰਜਾਬ ਦਾ ਕਿਸਾਨ ਖੁਸ਼ ਹੈ ਤਾਂ ਜਾਣੋ ਪੰਜਾਬ ਦੇ ਲੋਕ ਖੁਸ਼ ਹਨ। ਕਿਸਾਨਾਂ ਦੀ ਹਾਲਤ ਤਾਂ ਪਹਿਲਾਂ ਹੀ ਬਹੁਤ ਪਤਲੀ ਸੀ ਤੇ ਉਪਰੋਂ ਸਰਕਾਰ ਨੇ ਕਾਰਪੋਰੇਟਾਂ ਦੇ ਹੱਕ ਵਿਚ ਕਿਸਾਨ ਵਿਰੋਧੀ ਕਾਲੇ ਕਾਨੂੰਨ ਪਾਸ ਕਰਕੇ ਕਿਸਾਨਾਂ ਦਾ ਲਹੂ ਨਿਚੋੜਨ ਲੱਗੀ ਹੋਈ ਹੈ। ਸਾਲ ਭਰ ਤੋਂ ਕਿਸਾਨ ਇਨ੍ਹਾਂ ਕਾਨੂੰਨਾਂ ਦੇ ਵਿਰੋਧ ਵਿਚ ਮੋਰਚਾ ਲਾ ਕੇ ਬੈਠੇ ਹਨ। ਦਿੱਲੀ ਦੀਆਂ ਬਰੂਹਾਂ 'ਤੇ ਸਾਂਤਮਈ ਢੰਗ ਨਾਲ ਆਪਣੇ ਹੱਕਾਂ ਲਈ ਨਾਅਰੇ ਲਾ ਰਹੇ ਹਨ, ਪਰ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ। ਉਲਟਾ ਕਿਸਾਨਾਂ ਨੂੰ ਅਤਿਵਾਦੀ, ਪਰ-ਜੀਵੀ ਤੇ ਅੰਦੋਲਨ ਜੀਵੀ ਕਹਿ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਹੁਣ ਤਾਂ ਸਰਕਾਰ ਅਤੇ ਸਿਆਸਤਦਾਨਾਂ ਦੇ ਗੁੰਡਾ ਅਨਸਰ ਖੁੱਲ੍ਹੇਆਮ ਗੁੰਡਾਗਰਦੀ 'ਤੇ ਉਤਾਰੂ ਹਨ। ਸੈਂਕੜੇ ਕਿਸਾਨ ਆਪਣੀਆਂ ਜਾਨਾਂ ਦੀ ਸ਼ਹਾਦਤ ਦੇ ਚੁਕੇ ਹਨ। ਇਸ ਅੰਦੋਲਨ ਵਿਚ ਮਰਦ, ਔਰਤਾਂ ਤੇ ਬੱਚੇ ਸਭ ਸ਼ਾਮਿਲ ਹਨ। ਕਿਸਾਨ ਸੰਘਰਸ਼ ਭਾਵੇਂ ਪੰਜਾਬ ਤੋਂ ਸ਼ੁਰੂ ਹੋਇਆ, ਪਰ ਹੁਣ ਇਹ ਲੋਕ ਸੰਘਰਸ਼ ਬਣ ਚੁਕਾ ਹੈ। ਭਾਰਤ ਦੇ ਵੱਖ ਵੱਖ ਰਾਜਾਂ ਦੇ ਕਿਸਾਨ ਇਕ ਮੁੱਠ ਹੋ ਕੇ ਬੈਠੇ ਹਨ।

ਇਹ ਸਿਰਫ ਕਿਸਾਨਾਂ ਦੀ ਖੇਤੀ ਜਾਂ ਜਿਨਸਾਂ ਦੇ ਮੁੱਲ ਦਾ ਮਸਲਾ ਨਹੀਂ, ਸਗੋਂ ਇਹ ਕਿਸਾਨਾਂ ਦੀ ਹੋਂਦ ਦਾ ਮਸਲਾ ਹੈ। ਨਸਲ ਦਾ ਮਸਲਾ ਹੈ। ਖੇਤੀਬਾੜੀ ਨੂੰ ਧਨਾਢਾਂ ਦੇ ਹੱਥ ਸੌਂਪਣਾ ਕਿਸਾਨੀ ਨੂੰ ਬਰਬਾਦ ਕਰਨਾ ਹੈ। ਪੰਜਾਬ ਦਾ ਕਿਸਾਨ ਕਦੇ ਵੀ ਆਪਣੇ ਖੇਤ ਵਿਚ ਦਿਹਾੜੀਆ ਬਣ ਕੇ ਨਹੀਂ ਰਹਿ ਸਕਦਾ। ਪੰਜਾਬ ਜੋ ਕਦੇ ਪਹਿਲੇ ਨੰਬਰ 'ਤੇ ਹੁੰਦਾ ਸੀ, ਉਹ ਫਾਡੀ ਬਣ ਕੇ ਬੈਠਾ ਹੈ। ਇਸ ਦਾ ਕਾਰਨ ਸਰਕਾਰਾਂ ਦੀਆਂ ਗਲਤ ਨੀਤੀਆਂ ਸਨ ਅਤੇ ਇਨ੍ਹਾਂ ਕਾਰਨ ਹੋਰ ਨੁਕਸਾਨ ਹੋ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਦੇਵੇ ਤੇ ਤੁਰੰਤ ਕਾਲੇ ਕਾਨੂੰਨ ਰੱਦ ਕਰੇ ਤਾਂ ਜੋ ਨਸਲਾਂ ਤੇ ਫਸਲਾਂ ਨੂੰ ਬਚਾਇਆ ਜਾ ਸਕੇ।

ਇਨ੍ਹਾਂ ਸਾਰੇ ਹਾਲਾਤਾਂ ਨੂੰ ਮੱਦੇਨਜ਼ਰ ਰੱਖਦਿਆਂ ਮੈਂ ਬਹੁਤ ਭਾਵੁਕ ਹੋ ਜਾਂਦੀ ਹੈ। ਆਪਣੇ ਮਨ ਨੂੰ ਕੁਝ ਪਲਾਂ ਲਈ ਸਮਝਾਉਂਦੀ ਹਾਂ ਕਿ ਮੈਂ ਹੁਣ ਦੇਸ਼ ਵਲੋਂ ਆਈਆਂ ਖਬਰਾਂ ਨਹੀਂ ਸੁਣਨੀਆਂ, ਪਰ ਕਦੇ ਵੀ ਆਪਣੇ ਆਪ ਨਾਲ ਕੀਤਾ ਵਾਅਦਾ

*(ਬਾਕੀ ਅਗਲੇ ਸਫੇ 'ਤੇ)*

# ਲਾਹੌਰ ਦੀ ਝਾਤ-ਲੱਠੇ ਲੋਕ ਲਾਹੌਰ ਦੇ

ਹਰਕੀਰਤ ਕੌਰ ਚਹਿਲ ਦਾ 4 ਦਿਨਾਂ ਦਾ ਪਾਕਿਸਤਾਨੀ ਸਫਰਨਾਮਾ 'ਲੱਠੇ ਲੋਕ ਲਾਹੌਰ ਦੇ' ਹੈ, ਜੋ ਖ਼ੂਬਸੂਰਤ ਤਸਵੀਰਾਂ ਸਮੇਤ 143 ਸਫਿਆਂ ਤੀਕ ਫੈਲਿਆ ਹੋਇਆ ਹੈ। ਆਪਣੇ ਨਾਵਲ 'ਤੀਸਰੀ ਮਖਲੂਕ' ('ਆਦਮ ਗ੍ਰਹਿਣ' ਦਾ ਸ਼ਾਹਮੁਖੀ ਸੰਸਕਰਨ) ਦੇ ਰਿਲੀਜ਼ ਸਮਾਰੋਹ ਵਿਚ ਸ਼ਾਮਲ ਹੋਣ ਜਾਣਾ, ਇਸ ਸਫਰਨਾਮੇ ਦਾ ਸਬੱਬ ਬਣਿਆ ਜਿਸ ਨਾਲ ਉਹ ਸੁਪਨਾ ਸਾਕਾਰ ਹੋਇਆ, ਜਿਹੜੇ ਉਸ ਦੇ ਅੰਤਰੀਵ ਵਿਚ ਲੰਮੇ ਸਮੇਂ ਤੋਂ ਉਸਲਵੱਟੇ ਲੈ ਰਿਹਾ ਸੀ।


ਇਹ ਸਫਰਨਾਮਾ ਰੂਹ ਵਿਚ ਵੱਸਦੀ ਉਸ ਤੜਫ ਨੂੰ ਅਕੀਦਤ ਹੈ, ਜਿਹੜੀ ਪੰਜਾਬ ਦੀ ਵੰਡ ਨੇ ਦਿੱਤੀ ਅਤੇ ਦਿਲਾਂ ਵਿਚ ਚੀਸ ਵਾਂਗ ਵੱਸਦੀ ਹੈ। ਅਸੀਂ ਇਸ ਪੀੜ ਦੀ ਰਾਹਤ ਲਈ ਪਾਕਿਸਤਾਨ

**ਪੁਸਤਕ ਚਰਚਾ**

**ਗੁਰਬਖਸ਼ ਭੰਡਾਲ**

ਜਾਣ ਦਾ ਸਬੱਬ ਲੱਭਦੇ ਹਾਂ। ਆਪਣੀਆਂ ਦਿਲੀ ਇੱਛਾਵਾਂ ਨੂੰ ਹਰਫਾਂ ਵਿਚ ਪਰੋ ਕੇ ਆਪਣੀਆਂ ਸੁੱਚੀਆਂ ਭਾਵਨਾਵਾਂ ਨੂੰ ਪ੍ਰਗਟਾਉਂਦੀ, ਉਹ ਨੋ ਮੈਨ ਲੈਂਡ ਤੋਂ ਜਦ ਪਾਕਿਸਤਾਨ ਵਾਲੇ ਪਾਸੇ ਪੈਰ ਧਰਦੀ ਹੈ ਤਾਂ ਉਸ ਨੂੰ ਉਹ ਲੋਕ ਆਪਣਿਆਂ ਤੋਂ ਵੱਧ ਪਿਆਰੇ ਲੱਗਦੇ ਨੇ। ਉਹ ਇਸ ਮੋਹ ਵਿਚ ਬੱਝੀ ਅਮਜਦ ਬਾਈ ਅਤੇ ਮੁਦੱਸਰ ਬਸ਼ੀਰ ਨਾਲ ਲਾਹੌਰ ਨੂੰ ਕਾਰ ਵਿਚ ਜਾਂਦੀ, ਲਾਹੌਰ ਸ਼ਹਿਰ ਨੂੰ ਨੀਝ ਨਾਲ ਨਿਹਾਰਦੀ। ਇਸ ਦੀ ਇਤਿਹਾਸਕ ਮਹੱਤਤਾ, ਸਿੱਖਾਂ ਨਾਲ ਡੂੰਘਾ ਰਿਸ਼ਤਾ ਅਤੇ ਸਿੱਖ ਧਰਮ ਨਾਲ ਜੁੜੀਆਂ ਅਕੀਦਤ ਯੋਗ ਅਸਥਾਨ ਉਸ ਦੀ ਸੋਚ-ਜੂਹ ਵਿਚ ਤੈਰਨ ਲੱਗਦੇ ਨੇ। ਉਹ ਇਸ ਸਭ ਕੁਝ ਜਲਦੀ ਤੋਂ ਜਲਦੀ ਦੇਖਣ ਅਤੇ ਆਪਣੇ ਅੰਦਰ ਵਿਚ ਸਮਾਉਣਾ ਲੋਚਦੀ ਹੈ।

ਉਸ ਦੇ ਇਸ ਸਫਰਨਾਮੇ ਵਿਚ ਪੁਸਤਕ ਦੇ ਰਿਲੀਜ਼ ਸਮਾਰੋਹ ਦਾ ਬਿਰਤਾਂਤ ਅਤੇ ਹਾਜ਼ਰ ਸਰੋਤਿਆਂ ਦਾ ਭਰਪੂਰ ਹੁੰਗਾਰਾ, ਕਾਵਿ-ਮਹਿਫਲ ਵਿਚ ਸ਼ਿਰਕਤ ਦੌਰਾਨ ਪਾਕਿਸਤਾਨੀ ਅਦੀਬਾਂ ਦੀ ਸਾਹਿਤਕ ਸਾਂਝ ਵਿਚਲੀ ਭਾਵਾਤਮਿਕਤਾ ਅਤੇ ਅਪਣੱਤ ਦਾ ਅਹਿਸਾਸ। ਸੰਗੀਤਕ ਮਹਿਫਲ ਵਿਚ ਪੰਜਾਬੀ ਅਦਬ ਅਤੇ ਗੁਰਬਾਣੀ ਦਾ ਰੂਹਾਨੀਅਤ ਭਰਿਆ ਸੰਗੀਤ ਨੂੰ ਮਾਣਨਾ। ਸਾਂਝ ਪਬਲੀਕੇਸ਼ਨ ਦੇ ਅਮਜਦ ਬਾਈ ਦੇ ਪਰਿਵਾਰ ਨਾਲ ਜੁੜੀਆਂ ਨਿੱਘੀਆਂ ਤੇ ਸਦੀਵੀ ਯਾਦਾਂ ਦਾ ਵੱਖਰਾ ਹੀ ਸੰਸਾਰ ਸਿਰਜਿਆ ਜਾਂਦਾ ਹੈ। ਅਦੀਬਾਂ ਦੇ ਅਦਬੀ ਰਿਸ਼ਤੇ ਦੀ ਪੁਖਤਗੀ ਅਤੇ ਪਾਕੀਜ਼ਗੀ ਪਾਠਕ ਨੂੰ ਮੰਤਰ-ਮੁਗਧ ਕਰਦੀ ਹੈ ਜੋ ਸਰਹੱਦਾਂ ਅਤੇ ਧਰਮਾਂ ਤੋਂ ਉਪਰ ਹੈ।




ਇਸ ਸਫਰਨਾਮੇ ਵਿਚ ਪੰਜਾਬੀ ਅਦੀਬਾਂ ਵਿਚ ਲਾਹੌਰ ਦੇ ਓਰੀਐਂਟਲ ਕਾਲਜ ਦੇ ਪੰਜਾਬੀ ਵਿਭਾਗ ਦੀ ਮੁਖੀ ਡਾ ਨਬੀਲਾ ਰਹਿਮਾਨ, ਬਾਬਾ ਨਜ਼ਮੀ, ਅਫਜ਼ਲ ਸਾਹਿਰ, ਸਰਕਾਰੀ ਕਾਲਜ ਦੇ ਪ੍ਰੋ ਕਲਿਆਣ ਸਿੰਘ ਆਦਿ ਸਮੇਤ ਬਹੁਤ ਸਾਰੇ ਪੰਜਾਬੀ ਲੇਖਕਾਂ ਨਾਲ ਨਿੱਜੀ ਮਿਲਣੀਆਂ ਅਤੇ ਪਿਆਰੀਆਂ ਯਾਦਾਂ ਨਾਲ ਝੋਲੀ ਭਰ ਅਤੇ ਉਨ੍ਹਾਂ ਦੇ ਮੋਹ ਵਿਚ ਸਰਸ਼ਾਰ ਹੋਈ ਆਪਣੀ ਧਰਤੀ ਨੂੰ ਵਾਪਸ ਪਰਤਦੀ ਹੈ।

ਇਸ ਸਫਰਨਾਮੇ ਵਿਚ ਉਸ ਵੱਲੋਂ ਮਨਾਈ ਜਾਂਦੀ ਲੋਹੜੀ ਦੇ ਪਾਕਿਸਤਾਨੀ ਰੰਗ ਨੂੰ ਮਾਣਨਾ, ਲਾਹੌਰੀਆਂ ਵੱਲੋਂ ਮਾਣੀਆਂ ਜਾਂਦੀਆਂ ਸੰਗੀਤਕ ਲਾਹੌਰ ਯਾਦਾਂ ਦਾ ਵੀ ਖੁੱਲ ਕੇ ਵਰਣਨ ਹੈ ਅਤੇ ਪੰਜਾਬੀ ਬੋਲੀ ਦੇ ਹੱਕ ਵਿਚ ਕੱਢੇ ਗਏ ਜਲੂਸ ਵਿਚ ਆਪਣੀ ਹਾਜ਼ਰੀ ਭਰਨੀ ਵੀ ਬਾਖ਼ੂਬੀ ਬਿਆਨ ਕੀਤੀ ਹੈ।

ਸਭ ਤੋਂ ਵੱਡੀ ਖ਼ੂਬਸੂਰਤੀ ਇਸ ਸਫਰਨਾਮੇ ਦੀ ਇਹ ਹੈ ਕਿ ਹਰਕੀਰਤ ਚਹਿਲ ਹਰ ਦ੍ਰਿਸ਼, ਵਰਤਾਰਾ, ਵਿਅਕਤੀ, ਖਾਸ ਥਾਵਾਂ ਅਤੇ ਆਮ ਲੋਕਾਂ ਦੀਆਂ ਉਨ੍ਹਾਂ ਪਰਤਾਂ ਨੂੰ ਫਰੋਲਨ ਦਾ ਹੁਨਰ ਬਾਖ਼ੂਬੀ ਜਾਣਦੀ ਹੈ ਜਿਹੜੀਆਂ ਆਮ ਅੱਖ ਨਾਲ ਨਜ਼ਰ ਨਹੀਂ ਆਉਂਦੀਆਂ। ਭਾਵੇਂ ਉਹ ਭਾਰਤੀ ਬਾਰਡਰ ਦੇ ਸਕਿਉਰਿਟੀ ਦਾ ਜਵਾਨ ਹੋਵੇ, ਪਾਕਿਸਤਾਨੀ ਕੁਲੀ ਹੋਵੇ ਜਾਂ ਕੈਡੀ ਕਾਰ ਦਾ ਡਰਾਈਵਰ ਹੋਵੇ। ਜਦ ਉਹ ਪੁਰਾਣੇ ਲਾਹੌਰ ਦੀਆਂ ਭੀੜੀਆਂ ਗਲੀਆਂ ਵਿਚ ਵੱਸਦੇ ਲਹੌਰੀਆਂ ਨੂੰ ਮਿਲਦੀ ਹੈ ਤਾਂ ਪਤਾ ਲੱਗਦਾ ਹੈ ਕਿ ਨਵੀਆਂ ਕਾਲੋਨੀਆਂ ਵਿਚ ਵਸੇ ਲਹੌਰੀਆਂ ਅਤੇ ਪੁਰਾਣੇ ਬਾਸ਼ਿੰਦਿਆਂ ਵਿਚ ਕਿੰਨਾ ਬਹਿੰਦਿਆਂ ਹੈ ਜਿਹੜਾ ਅਕਸਰ ਪੰਜਾਬ ਦੇ ਵਿਕਸਿਤ ਹੋ ਰਹੇ ਸ਼ਹਿਰਾਂ ਵਿਚ ਵੀ ਆਮ ਵਰਤਾਰਾ ਹੈ।

ਹਰਕੀਰਤ ਚਹਿਲ ਦੇ ਅੰਦਰ ਬੈਠੀ ਔਰਤ ਬੜੀ ਉਤਸੁਕਤਾ ਨਾਲ ਅਮਜਦ ਬਾਈ ਦੀ ਬੀਵੀ ਚੰਦਾ , ਅਫਜ਼ਲ ਸਾਹਿਰ ਦੀ ਬੀਵੀ ਸ਼ਿਫਾ ਅਤੇ ਬਾਬਾ ਨਜਮੀ ਦੀ ਬੀਵੀ ਦੇ ਅੰਦਰ ਬੈਠੀ ਉਸ ਔਰਤ ਦੇ ਮਨੋਭਾਵਾਂ ਨੂੰ ਬਾਖ਼ੂਬੀ ਬਿਆਨਦੀ ਹੈ ਜਿਸ ਨੂੰ ਮਾਣਮੱਤੇ ਪਤੀਆਂ ਦੀਆਂ ਬੀਵੀਆਂ ਹੋਣ 'ਤੇ ਨਾਜ਼ ਹੈ। ਉਹ ਆਪਣੇ ਪਤੀਆਂ ਦੀ ਸੰਗਤ ਵਿਚ ਜ਼ਿੰਦਗੀ ਦੇ ਉਸ ਸੁਖਨ ਨੂੰ ਮਾਣਨ ਵਿਚ ਮਾਣ ਮਹਿਸੂਸ ਕਰਦੀਆਂ ਜੋ ਵਿਰਲੇ ਅਦੀਬਾਂ ਦੇ ਭਾਗੀਂ ਹੁੰਦਾ ਹੈ।

ਹਰਕੀਰਤ ਚਹਿਲ ਦੇ ਸਫਰਨਾਮੇ ਵਿਚ ਮਿਲੀਆਂ ਮੁਹੱਬਤਾਂ ਦੀ ਮਹਿਕ ਹੈ, ਅਦਬੀ ਸਾਂਝਾਂ ਦੀ ਖੁਸ਼ਬੂ ਹੈ। ਪੰਜਾਬੀ ਬੋਲੀ ਦੀ ਸ਼ਹਿਦ ਰੱਤੀ ਮਿਠਾਸ ਹੈ। ਉਹ ਇੰਨੇ ਘੱਟ ਸਮੇਂ ਵਿਚ ਬਹੁਤ ਕੁਝ ਦੇਖ ਕੇ ਵੀ ਅਸੰਤੁਸ਼ਟ ਹੀ ਵਾਪਸ ਪਰਤਦੀ ਹੈ ਜਿਸ ਦਾ ਉਸ ਨੂੰ ਹੇਰਵਾ ਹੈ। ਪਰ ਉਸ ਨੂੰ ਇਸ ਗੱਲ ਦੀ ਰੂਹਾਨੀ ਖੁਸ਼ੀ ਹੈ ਕਿ ਉਹ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋ ਸਕੀ ਜਿਸ ਲਈ ਅਮਜਦ ਬਾਈ ਅਤੇ ਚੰਦਾ ਭਾਬੀ ਦੀਆਂ ਸ਼ੁੱਭ-ਭਾਵਨਾਵਾਂ, ਚਾਹਿਲ ਦੀ ਆਸਥਾ-ਪੂਰਤੀ ਦਾ ਮੁੱਖ ਕਾਰਨ ਬਣੀਆਂ।

ਹਰਫਾਂ ਦੇ ਨਾਲ ਇਸ ਵਿਚਲੀਆਂ ਤਸਵੀਰਾਂ ਅਬੋਲ ਰਹਿ ਕੇ ਬਹੁਤ ਕੁਝ ਕਹਿ ਰਹੀਆਂ ਨੇ ਜਿਨ੍ਹਾਂ ਨੂੰ ਦੇਖ ਕੇ ਹਰ ਪਾਠਕ ਦੇ ਮਨ ਵਿਚ ਪਾਕਿਸਤਾਨ ਜਾਣ ਅਤੇ ਲਾਹੌਰ ਨੂੰ ਨੱਤਮਸਤਕ ਹੋਣ ਦਾ ਚਾਅ ਜ਼ਰੂਰ ਪੈਦਾ ਹੋਵੇਗਾ ਜੋ ਕਦੇ ਉਨ੍ਹਾਂ ਦਾ ਆਪਣਾ ਹੁੰਦਾ ਸੀ। ਬਜ਼ੁਰਗਾਂ ਦੀਆਂ ਯਾਦਾਂ ਦੇ ਲਾਹੌਰ ਅਤੇ ਧਾਰਮਿਕ ਅਸਥਾਨਾਂ ਨੂੰ ਦੇਖਣ ਦਾ ਉੱਦਮ ਜ਼ਰੂਰ ਕਰਨ ਵਾਲਿਆਂ ਲਈ ਇਹ ਪੁਸਤਕ ਮਾਰਗ-ਦਰਸ਼ਨਾਂ ਹੈ। ਇਸ ਬੇਸ਼ਕੀਮਤੀ ਪੁਸਤਕ ਲਈ ਹਰਕੀਰਤ ਚਾਹਲ ਨੂੰ ਮੁਬਾਰਕਾਂ।

## ਗਜ਼ਲ

ਖੁਦ ਨੂੰ ਕਿਸੇ 'ਤੇ ਵਾਰ ਕੇ ਵੇਖ,
ਬਾਜ਼ੀ ਇਸ਼ਕ ਦੀ ਹਾਰ ਕੇ ਵੇਖ।
ਉਹ ਤਾਂ ਤੇਰੇ ਅੰਦਰ ਵਸਦੇ,
ਕਦੀ ਤੇ ਖੁਦ ਚ' ਭਾਲ ਕੇ ਵੇਖ।
ਜੇਕਰ ਦੁਨੀਆਂ ਸਰ ਹੈ ਕਰਨੀ ,
ਅਣਖ ਨੂੰ ਅਪਣੀ ਮਾਰ ਕੇ ਵੇਖ।
ਹਿਜਰ ਚ' ਉਹਦੇ ਝੱਲਾ ਨਾ ਬਣ,
ਕਦੀ ਤੇ ਉਸਨੂੰ ਵਿਸਾਰ ਕੇ ਦੇਖ।
ਫੇਰ ਕਿਸੇ ਵੱਲ ਉਂਗਲ ਕਰ,
ਝਾਤੀ ਅੰਦਰ ਮਾਰ ਕੇ ਵੇਖ।
ਦੁਨੀਆਂ ਸਾਰੀ ਨਈਂ ਏ ਮਾੜੀ,
ਆਪਣੀ ਸੋਚ ਉਭਾਰ ਕੇ ਵੇਖ।
ਕਿਸੇ ਚ' ਨੁਕਸ ਨਾ ਲੱਭੇ ਤੈਨੂੰ,
ਆਪਾ ਪਹਿਲਾਂ ਪੜਤਾਲ ਕੇ ਵੇਖ।
ਹਰ ਪਲ ਜੇ ਖੁਸ਼ਹਾਲ ਤੂੰ ਰਹਿਣਾ,
ਜੱਗ ਦੇ ਕੰਮ ਸੰਵਾਰ ਕੇ ਵੇਖ।
ਸ਼ਬਦਾਂ ਨਾਲ ਅਕਾਸ਼ ਐ ਭਰਿਆ,
ਸੋਚ ਉਡਾਰੀ ਮਾਰ ਕੇ ਵੇਖ।
'ਅੱਬਾਸ' ਕਦੀ ਨਾ ਡੁੱਬੇ-ਬੇੜਾ,
ਨਈਆ ਸੱਭ ਦੀ ਤਾਰ ਕੇ ਵੇਖ।

---

## ਪੀੜਾਂ

ਸਭ ਪੀੜਾਂ ਨੂੰ ਪਿੰਡੇ ਸਹਿ
ਦਰਦ ਹਿਜਰ ਦੇ ਸੀਨੇ ਸਹਿ।
ਜੇ ਸਰ ਮੰਜ਼ਿਲ ਕਰਨੀ ਤੂੰ,
ਵਾਂਗ ਨਦੀ ਦੇ ਵਹਿੰਦੇ ਰਹਿ।
ਜੀਵਨ ਵਿੱਚ ਕੁੱਝ ਬਨਣਾ ਚਾਹੁਣੈ,
ਇੱਕ ਪਲ ਨਾ ਫਿਰ ਟਿੱਕ ਕੇ ਬਹਿ।
ਬੰਦੇ ਦੀ ਜੇ ਪਰਖ ਹੈ ਕਰਨੀ,
ਝਲਿਆਂ ਵਾਂਗੂੰ ਬਣ ਕੇ ਰਹਿ।
ਹਰ ਇੱਕ ਨੂੰ ਨਾ ਪੀੜ ਸੁਣਾ,
ਆਪਣੇ ਦਰਦ ਤੂੰ ਆਪੇ ਸਹਿ।
ਝੂਠਿਆਂ ਦੀ ਇਸ ਦੁਨੀਆਂ ਅੰਦਰ
ਸੱਚੀਆਂ ਗੱਲਾਂ ਮੂੰਹ ਤੇ ਕਹਿ।
ਸੋਚ ਨੂੰ ਬੇਸ਼ੱਕ ਅੰਬਰੀ ਰੱਖ,
ਪਰ ਖੁਦ ਆਪ ਜ਼ਮੀਂ ਤੇ ਰਹਿ।
ਉਨ੍ਹਾਂ ਨੂੰ ਕਦੀ ਮੂੰਹ ਨਾ ਲਾ,
ਜੋ ਨਫਰਤ ਨੂੰ ਦਿੰਦੇ ਸ਼ਹਿ।
ਇਹ ਜੱਗ ਮੇਲਾ ਕੁੱਝ ਦਿਨ ਦਾ,
'ਅੱਬਾਸ' ਨਾ ਕਿਸੇ ਨਾਲ ਐਵੇਂ ਖਹਿ।

*-ਅੱਬਾਸ ਧਾਲੀਵਾਲ, ਮਲੇਰਕੋਟਲਾ*
*ਫੋਨ: 91-98552-59650*

# ਕੀ ਸੂਰਜ ਮਰ ਗਿਆ ਹੈ...?

*(ਪਿਛਲੇ ਸਫੇ ਦੀ ਬਾਕੀ)*

ਪੂਰਾ ਨਾ ਕਰ ਸਕੀ। ਮੈਂ ਫਿਰ ਖਬਰਾਂ ਸੁਣਦੀ ਹਾਂ। ਕਲ੍ਹ ਵਾਲਾ ਪੁਰਾਣਾ ਰਾਗ ਹੀ ਅੱਜ ਅਲਾਪਿਆ ਜਾਂਦਾ ਹੈ। ਕਈ ਮਹੀਨਿਆਂ ਤੋਂ ਇਕ ਹੀ ਖਬਰ ਲੋਕਾਂ ਦੇ ਦਿਲਾਂ ਦਿਮਾਗਾਂ 'ਤੇ ਛਾ ਰਹੀ ਹੈ। ਇਸ ਨੇਤਾ ਦਾ ਕੀ ਬਣੇਗਾ? ਉਹ ਨੇਤਾ ਕਿਹੜਾ ਦਾਅ ਅਪਨਾਵੇਗਾ? ਕੋਈ ਪੁੱਛੇ ਕਿ ਲੋਕਾਂ ਨੇ ਕੀ ਲੈਣਾ ਦੇਣਾ ਹੈ ਦਾਅ ਪੇਚਾਂ ਤੋਂ! ਲੋਕਾਂ ਨੂੰ ਦੋ ਡੰਗ ਦੀ ਰੋਟੀ, ਦਵਾਈ, ਸਿਹਤ ਤੇ ਬੱਚਿਆਂ ਲਈ ਉੱਜਲੇ ਭਵਿੱਖ ਦੀ ਜ਼ਰੂਰਤ ਹੈ। ਲੋਕਾਂ ਨੇ ਵੋਟਾਂ ਪਾ ਕੇ ਇਨ੍ਹਾਂ ਨੂੰ ਕੁਰਸੀਆਂ ਸੌਂਪੀਆਂ, ਚੰਗੇ ਵਰਤਾਰੇ ਦੀ, ਚੰਗੇ ਭਵਿੱਖ ਦੀ, ਸਹੂਲਤਾਂ ਅਤੇ ਜੀਣ ਲਈ ਲੋੜਾਂ ਦੀ ਪੂਰਤੀ ਦੀ ਆਸ ਰੱਖੀ। ਅਫਸੋਸ! ਪਰਨਾਲਾ ਉਥੇ ਦਾ ਉਥੇ। ਪੰਜਾਬ ਦੇ ਦਰਿਆਵਾਂ ਦੇ ਪਾਣੀ ਦੀ ਤਰ੍ਹਾਂ ਰਾਜਨੀਤੀ ਵੀ ਏਨੀ ਗੰਧਲੀ ਅਤੇ ਪਲੀਤ ਹੋ ਚੁਕੀ ਹੈ ਕਿ ਸਾਡੇ ਚੁਣੇ ਹੋਏ ਨੇਤਾਵਾਂ ਨੂੰ ਆਪਣੇ ਤੋਂ ਸਿਵਾ ਕਿਉਂ ਕੁਝ ਹੋਰ ਦਿਖਾਈ ਨਹੀਂ ਦਿੰਦਾ। ਕਈ ਮਹੀਨਿਆਂ ਤੋਂ ਏਹੀ ਖਬਰਾਂ ਕਿ ਫਲਾਣੀ ਪਾਰਟੀ ਦਾ ਫਲਾਣਾ ਮੁੱਖ ਮੰਤਰੀ ਦਾ ਚਿਹਰਾ, ਫਲਾਣੀ ਪਾਰਟੀ ਦੀ ਇਸ ਪਾਰਟੀ ਨਾਲ ਸੰਧੀ, ਫਲਾਣੀ ਪਾਰਟੀ ਦੀ ਉਸ ਪਾਰਟੀ ਨਾਲੋਂ ਟੁੱਟੀ; ਕੌਣ ਜਿੱਤੂ ਤੇ ਕੌਣ ਹਾਰੂ!

ਇਕ ਪਾਰਟੀ ਐਲਾਨ ਕਰਦੀ ਹੈ ਕਿ ਅਸੀਂ ਗਰੀਬਾਂ ਨੂੰ ਆਟਾ ਤੇ ਦਾਲ ਦੇਵਾਂਗੇ, ਦੂਸਰੀ ਪਾਰਟੀ ਐਲਾਨ ਕਰਦੀ ਹੈ ਅਸੀਂ ਆਟੇ ਦਾਲ ਨਾਲ ਚਾਹ ਤੇ ਖੰਡ ਵੀ ਦੇਵਾਂਗੇ ਤੇ ਤੀਸਰੀ ਆਖਦੀ ਹੈ ਅਸੀਂ ਸੁੱਕਾ ਦੁੱਧ ਵੀ ਦੇਵਾਂਗੇ। ਕਿਤੇ ਬਿਜਲੀ ਦਾ ਮਸਲਾ, ਕਿਤੇ ਕੁਰੱਪਸ਼ਨ ਦਾ ਮਸਲਾ, ਕੋਈ ਸੋਲਾਂ ਕਰੋੜ ਦੀ ਕਣਕ ਖਾ ਗਿਆ। ਪਰ ਕੋਈ ਗਰੀਬ ਫੁੱਟ-ਪਾਥ 'ਤੇ ਸੁੱਤਾ ਠੰਡ ਨਾਲ ਮਰ ਗਿਆ। ਕੋਈ ਕਰਜ਼ੇ ਦੀ ਮਾਰ ਤੋਂ ਤੰਗ ਆ ਕੇ ਰੁੱਖ ਨਾਲ ਫਾਹਾ ਲੈ ਕੇ ਮਰ ਗਿਆ। ਕੋਈ ਨੌਕਰੀ ਮੰਗਦਾ ਟੈਂਕੀ 'ਤੇ ਬੈਠਾ ਹੈ। ਰੋਜ਼ ਹੱਕ ਮੰਗਦੇ ਲੋਕਾਂ ਤੇ ਡਾਂਗਾਂ ਵਰ੍ਹਦੀਆਂ ਹਨ। ਕੁੜੀਆਂ ਨੂੰ ਗੁੱਤਾਂ ਤੋਂ ਫੜ ਫੜ ਗੱਡੀਆਂ ਵਿਚ ਸੁੱਟਿਆ ਜਾ ਰਿਹਾ



ਹੈ। ਲਾਹਨਤ ਹੈ ਉਨ੍ਹਾਂ ਸਰਕਾਰਾਂ 'ਤੇ, ਜੋ ਧੀਆਂ ਭੈਣਾਂ ਦੀ ਇੱਜ਼ਤ ਕਰਨਾ ਨਹੀਂ ਜਾਣਦੀਆਂ।

ਕੀ ਕੀ ਕਹੀਏ। ਕਰੋਨਾ ਦੇ ਦਿਨਾਂ ਵਿਚ ਜੋ ਦੁਰਦਸ਼ਾ ਸਾਡੇ ਮਜ਼ਦੂਰਾਂ ਦੀ ਹੋਈ ਹੈ, ਉਹ ਸਾਰੇ ਸੰਸਾਰ ਨੇ ਦੇਖੀ ਹੈ। ਨੰਗੇ ਪੈਰੀਂ ਤੁਰਦੇ ਪਰਵਾਸੀ ਮਜ਼ਦੂਰਾਂ ਦੀਆਂ ਤਸਵੀਰਾਂ ਦੇਸ਼-ਵਿਦੇਸ਼ ਦੀਆਂ ਅਖਬਾਰਾਂ ਵਿਚ ਛਪੀਆਂ। ਇਥੋਂ ਤੱਕ ਕਿ ਅਸੀਂ ਕਰੋਨਾ ਦੇ ਟੀਕਿਆਂ, ਹਸਪਤਾਲਾਂ ਵਿਚ ਬੈਡਾਂ ਤੇ ਆਕਸੀਜ਼ਨ ਦੇ ਸਿਲੰਡਰਾਂ ਦੀ ਬਲੈਕ ਕਰਨੋ ਵੀ ਗੁਰੇਜ਼ ਨਹੀਂ ਕੀਤੀ।

ਵੋਟਾਂ ਦੀ ਰਾਜਨੀਤੀ ਵਿਚ ਏਨਾ ਨਿਘਾਰ ਆ ਚੁਕਾ ਹੈ ਕਿ ਲੋਕਾਂ ਦੀਆਂ ਮੰਗਾਂ ਪੂਰੀਆਂ ਕਰਨ ਵੇਲੇ ਖਜ਼ਾਨਾ ਖਾਲੀ ਹੋ ਜਾਂਦਾ ਹੈ, ਪਰ ਜਦੋਂ ਮੰਤਰੀਆਂ ਲਈ ਵੱਡੀਆਂ ਕਾਰਾਂ ਤੇ ਹੋਰ ਸੁੱਖ ਸਹੂਲਤਾਂ ਦੀ ਜ਼ਰੂਰਤ ਹੁੰਦੀ ਹੈ ਤਾਂ ਖਜ਼ਾਨੇ ਰਾਤੋ ਰਾਤ ਭਰ ਜਾਂਦੇ ਹਨ।

ਇਨਸਾਫ ਨਾਂ ਦੀ ਚੀਜ਼ ਲਾਪਤਾ ਹੋਈ ਜਾਪਦੀ ਹੈ। ਬੇਕਸੂਰੇ ਸਜ਼ਾਵਾਂ ਭੁਗਤਦੇ ਦੇਖੇ ਗਏ ਹਨ ਅਤੇ ਦੋਸ਼ੀ ਸ਼ੱਰੇਆਮ ਆਜ਼ਾਦੀ ਨਾਲ ਘੁੰਮਦੇ ਫਿਰਦੇ ਦਿਖਾਈ ਦਿੰਦੇ ਹਨ। ਡਾਢੇ ਦਾ ਸੱਤੀ ਵੀਹੀਂ ਸੌਂ। ਗੱਲ ਕੀ, ਸਭ ਕੁਝ ਵਿਕਾਊ ਹੈ। ਸਰਕਾਰਾਂ ਵਿਕਾਊ, ਲੋਕ ਵਿਕਾਊ, ਗਵਾਹ ਵਿਕਾਊ, ਅਦਾਲਤ ਵਿਕਾਊ। ਵੋਟਾਂ ਬਣ ਕੇ ਲੋਕ ਵਿਕ ਜਾਂਦੇ ਹਨ। ਵਿਕੇ ਹੋਏ ਲੋਕਾਂ ਦੀ ਆਪਣੀ ਕੋਈ ਆਵਾਜ਼ ਨਹੀਂ ਹੁੰਦੀ। ਕਦੇ ਕਦੇ ਮਹਿਸੂਸ ਹੁੰਦਾ ਹੈ ਕਿ ਅਸੀਂ ਭਾਰਤੀ ਲੋਕ ਗੁਲਾਮੀ ਸਹਿਣ ਦੇ ਆਦੀ ਹੋ ਗਏ ਹਾਂ। ਪਹਿਲਾਂ ਬਾਹਰੋਂ ਆਏ ਧਾੜਵੀਆਂ ਦੀ ਜੀ ਹਜ਼ੂਰੀ ਕਰਦੇ ਰਹੇ, ਫਿਰ ਅੰਗਰੇਜ਼ਾਂ ਦਾ ਪਾਣੀ ਭਰਦੇ ਰਹੇ ਤੇ ਹੁਣ ਆਪਣੇ ਹੀ ਚੁਣੇ ਹੋਏ ਲੀਡਰਾਂ ਮੂਹਰੇ ਸਿਰ ਨਹੀਂ ਚੁੱਕਦੇ। ਸਾਡੇ ਨੇਤਾ ਲੋਕ ਆਪਣੇ ਸਿਆਸੀ ਤੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਅਜਿਹੀਆਂ ਚਾਲਾਂ ਚੱਲ ਰਹੇ ਹਨ, ਅਜਿਹੀਆਂ ਖੇਡਾਂ ਖੇਡ ਰਹੇ ਹਨ ਕਿ ਸਾਨੂੰ ਪਤਾ ਵੀ ਨਹੀਂ ਲੱਗਦਾ ਕਿ ਖੇਡ ਕੌਣ ਖੇਡ ਗਿਆ ਹੈ ਤੇ ਕਿਹੜਾ ਫਿਰਕਾਪ੍ਰਸਤ ਕਦੋਂ ਕਿਹੜੀ ਚਾਲ ਚੱਲ ਕੇ ਸਾਡੀਆਂ ਭਾਵਨਾਵਾਂ ਨੂੰ ਚੀਰਾ ਦੇ ਜਾਂਦਾ ਹੈ। ਸਾਨੂੰ ਆਪਣੀ ਲੁੱਟ ਦਾ ਪਤਾ ਓਦੋਂ ਲੱਗਦਾ ਹੈ, ਜਦੋਂ ਅਸੀਂ ਮਰਨ ਦੇ ਰਾਹ ਪੈ ਜਾਂਦੇ ਹਾਂ। ਇਕ ਆਜ਼ਾਦ ਤੇ ਧਰਮ ਨਿਰਪੱਖ ਦੇਸ਼ ਲਈ ਅਜਿਹਾ ਵਰਤਾਰਾ ਬਹੁਤ ਖਤਰਨਾਕ ਅਤੇ ਘਾਤਕ ਹੈ।




ਚਾਰ ਚੁਫੇਰੇ ਹਨੇਰਾ ਹੀ ਹਨੇਰਾ ਹੈ। ਰੌਸ਼ਨੀ ਦਿੱਸਦੀ ਨਹੀਂ। ਕਦੇ ਕਦੇ ਇਉਂ ਜਾਪਦੈ, ਜਿਵੇਂ ਸੂਰਜ ਮਰ ਗਿਆ ਹੈ। ਅਜਿਹੇ ਹਾਲਾਤ ਦੇਖ ਮੈਂ ਇਕ ਦਿਨ ਕਵਿਤਾ ਲਿਖੀ ਸੀ, ਜੋ ਇਸ ਤਰ੍ਹਾਂ ਹੈ,

ਮੇਰੇ ਜਿਸਮ 'ਚ ਵਸਦੀ
ਮੇਰੀ ਮਿੱਟੀ ਦੀ ਮਹਿਕ
ਸੁਣ ਕੇ ਕੋਈ ਭੈੜੀ ਖਬਰ
ਜਾਂ
ਪੜ੍ਹ ਕੋਈ ਲਹੂ ਭਿੱਜੀ ਅਖਬਾਰ
ਪੁੱਛਦੀ ਹੈ ਮੈਨੂੰ
ਕੀ ਓਥੇ
ਸੂਰਜ ਮਰ ਗਿਆ ਹੈ?
ਮੈਂ ਆਪਣੀ ਸੁਰਤ ਨੂੰ
ਝੰਜੋੜਾ ਦੇ
ਆਪਣੇ ਅੰਦਰ ਵਸਦੀ
ਮਿੱਟੀ ਦੀ ਮਹਿਕ ਨੂੰ ਆਖਦੀ ਹਾਂ
ਝੱਲੀਏ!
ਕੀ ਕਦੇ ਸੂਰਜ ਵੀ ਮਰਦਾ ਹੈ
ਸੂਰਜ ਤਾਂ ਸਦਾ ਹੀ ਮਘਦਾ ਹੈ
ਸੂਰਜ ਕਦੇ ਡੁੱਬਦਾ ਨਹੀਂ
ਕੇਵਲ ਛੁਪਦਾ ਹੈ।

ਓਥੇ ਵੀ ਸੂਰਜ ਰੋਜ਼ ਚੜ੍ਹਦਾ ਹੈ
ਸੋਹਣੀ ਸੁਨਹਿਰੀ ਧੁੱਪ
ਪੰਜ ਦਰਿਆਵਾਂ ਦੀ ਧਰਤੀ ਨੂੰ
ਆਪਣੇ ਕਲਾਵੇ 'ਚ ਲੈਂਦੀ ਹੈ
ਪਰ ਮੇਰੇ ਜਿਸਮ 'ਚ ਵਸਦੀ
ਮੇਰੀ ਮਿੱਟੀ ਦੀ ਮਹਿਕ
ਇਸ ਜਵਾਬ ਤੋਂ ਸੰਤੁਸ਼ਟ ਨਹੀਂ ਹੁੰਦੀ
ਤੇ ਪੁੱਛਦੀ ਹੈ
ਜੇਕਰ ਓਥੇ
ਸੂਰਜ ਜਿਉਂਦਾ ਹੈ
ਤਾਂ ਕੁਰਸੀਆਂ 'ਤੇ ਬੈਠਿਆਂ ਨੂੰ ਕਿਉਂ
ਕੁਰਸੀਆਂ ਤੋਂ ਬਿਨਾ
ਕੁਝ ਹੋਰ ਦਿਖਾਈ ਨਹੀਂ ਦਿੰਦਾ?

# ਪ੍ਰਿੰ. ਹਰਭਜਨ ਸਿੰਘ ਦਾ ਖੇਡ ਸੰਸਾਰ

ਪੰਜਾਬੀ ਖੇਡ ਸਾਹਿਤ 63



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਪ੍ਰਿੰਸੀਪਲ ਹਰਭਜਨ ਸਿੰਘ ਦਾ ਨਾਂ ਲੈਂਦਿਆਂ ਮਾਹਿਲਪੁਰ ਯਾਦ ਆ ਜਾਂਦੈ। ਮਾਹਿਲਪੁਰ ਨਾਲ ਫੁੱਟਬਾਲ ਤੇ ਫੁੱਟਬਾਲ ਨਾਲ ਜਰਨੈਲ ਸਿੰਘ। ਮਾਹਿਲਪੁਰ ਨਾਲ ਪ੍ਰਿੰ. ਹਰਭਜਨ ਸਿੰਘ ਦਾ ਨਾਂ ਉਵੇਂ ਹੀ ਜੁੜਿਆ ਆ ਰਿਹੈ, ਜਿਵੇਂ ਜਰਨੈਲ ਸਿੰਘ ਨਾਲ ਫੁੱਟਬਾਲ। ਜਿਵੇਂ ਸੰਸਾਰਪੁਰ ਨੂੰ ਹਾਕੀ ਦਾ ਘਰ ਕਿਹਾ ਜਾਂਦੈ, ਉਵੇਂ ਮਾਹਿਲਪੁਰ ਵੀ ਫੁੱਟਬਾਲ ਦਾ ਘਰ ਹੈ। ਮਾਹਿਲਪੁਰ ਨੂੰ ਫੁੱਟਬਾਲ ਦਾ ਘਰ ਬਣਾਉਣ ਵਿਚ ਸਭ ਤੋਂ ਵੱਡਾ ਯੋਗਦਾਨ ਖਾਲਸਾ ਹਾਈ ਸਕੂਲ ਮਾਹਿਲਪੁਰ ਦੇ ਹੈੱਡ ਮਾਸਟਰ ਰਹੇ ਤੇ ਪਿੱਛੋਂ ਸ੍ਰੀ ਗੁਰੂ ਗੋਬਿੰਦ ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਬਣੇ ਹਰਭਜਨ ਸਿੰਘ ਜੀ ਦਾ ਹੈ। ਕਵੀ ਤੇ ਗਾਇਕ ਪ੍ਰੋ. ਅਜੀਤ ਸਿੰਘ ਲੰਗੇਰੀ ਦੀ ਲਿਖੀ ਪਹਿਲੀ ਵਾਰਤਕ ਪੁਸਤਕ ਦਾ ਨਾਂ 'ਪ੍ਰਿੰਸੀਪਲ ਹਰਭਜਨ ਸਿੰਘ ਜੀ ਦਾ ਵਿਦਿਅਕ ਤੇ ਖੇਡ ਸੰਸਾਰ' ਹੈ, ਜੋ ਜੁਲਾਈ 2021 ਵਿਚ ਛਪੀ। ਡੇਢ ਸੌ ਸਫੇ ਦੀ ਇਸ ਪੁਸਤਕ ਵਿਚ ਪ੍ਰਿੰ. ਹਰਿਭਜਨ ਸਿੰਘ ਦੇ ਵਿੱਦਿਆ ਤੇ ਖੇਡ ਖੇਤਰ ਵਿਚ ਪਾਏ ਯੋਗਦਾਨ ਦੀਆਂ ਗੱਲਾਂ ਬੜੇ ਵਿਸਥਾਰ ਨਾਲ ਲਿਖੀਆਂ ਹਨ।

ਅਜੀਤ ਲੰਗੇਰੀ, ਸ਼ਿਵ ਕੁਮਾਰ ਤੇ ਸੁਰਜੀਤ ਪਾਤਰ ਵਾਂਗ ਇਕਹਿਰੇ ਜੁੱਸੇ ਦਾ ਕਵੀ ਹੈ, ਜੋ ਉਮਰ ਦੀ ਪੌਣੀ ਸਦੀ ਦੀਆਂ ਲੋਹੜੀਆਂ, ਵਿਸਾਖੀਆਂ ਤੇ ਦੀਵਾਲੀਆਂ ਮਨਾਉਂਦਾ ਆਪਣੇ ਪਿੰਡ ਲੰਗੇਰੀ ਵਿਚ ਹੀ ਰਹਿ ਰਿਹੈ। ਕਹਿੰਦੇ ਹਨ ਕਿ ਕਵੀਆਂ ਦੀ ਕੋਈ ਨਾ ਕੋਈ ਗੱਲ ਅਲੋਕਾਰ ਹੁੰਦੀ ਹੈ। ਉਹ ਅਜੀਤ ਲੰਗੇਰੀ ਦੀ ਵੀ ਸੀ। ਜਦੋਂ ਜੁਆਨੀ ਦਾ ਜ਼ੋਰ ਸੀ ਵੇ ਬਾਲਮਾਂ, ਵੰਝਲੀ ਵਰਗਾ ਬੋਲ ਸੀ ਵੇ ਬਾਲਮਾਂ। ਜਿਥੇ ਉਹਦੀ ਕਵਿਤਾ ਤੇ ਗਾਇਕੀ ਚਰਚਿਤ ਰਹੀ, ਉਥੇ ਜੁਆਨੀ ਵੀ ਚਰਚਿਤ ਹੋਈ। ਉਸ ਨੇ ਲਿਖਿਆ ਤੇ ਗਾਇਆ:

ਨੀ ਸੋਨ ਚਿੜੀਏ, ਨੀ ਸੋਨ ਚਿੜੀਏ
ਕੰਡਿਆਂ ਵਰਗੇ ਬੋਲਾਂ ਦੇ ਨਾਲ
ਚਾਰੇ ਪਾਸਿਓਂ ਘਿਰੀਏ,
ਨੀ ਸੋਨ ਚਿੜੀਏ...।
ਕਿਥੇ ਗਈਆਂ ਚਿੜੀਆਂ ਜੀ
ਕਿਥੇ ਮੋਈਆਂ ਕੁੜੀਆਂ
ਕਿਥੇ ਗਈ ਬੋਹੜਾਂ ਵਾਲੀ ਛਾਂ
ਛਾਂਗੇ ਛਿੱਲੇ ਰੁੱਖ ਖੜ੍ਹੇ
ਪਰੇਸ਼ਾਨ ਪੁੱਤ ਬੜੇ
ਨਿਮੋਝੂਣੀ ਹੋਈ ਫਿਰੇ ਮਾਂ
ਕਿਥੇ ਗਈਆਂ ਚਿੜੀਆਂ...।

ਇਕ ਚੁੰਨੀ ਤੇਰਾ ਹਰਾ ਲਹਿਰੀਆ
ਵਿਚ ਹਵਾ ਦੇ ਲਹਿਰੇ
ਹੰਝੂਆਂ ਦੇ ਨਾਲ ਧੋ ਧੋ ਲਾਹਵੀਂ
ਦਾਗ ਤਾਂ ਪੈ ਗਏ ਗਹਿਰੇ
ਏਸ ਚੁੰਨੀ ਨਾਲ ਤੋਹਮਤਾਂ ਤੁਰੀਆਂ
ਤੁਰੀਆਂ ਬੰਨ੍ਹ ਕਤਾਰਾਂ
'ਕੱਲੀ ਕਾਰੀ ਜਿੰਦ ਨਿਮਾਣੀ
ਘਿਰ ਗਈ ਵਿਚ ਕਟਾਰਾਂ
ਜਿੰਦ ਮਲੂਕ ਜਿਹੀ ਦੇ
ਪੈ ਗਏ ਨਾਲ ਡਾਢਿਆਂ ਖਹਿੜੇ
ਇਕ ਚੁੰਨੀ 'ਤੇ ਹਰਾ ਲਹਿਰੀਆ...।

ਨੀ ਤੂੰ ਧੁੱਪ ਵਰਗੀ, ਨੀ ਤੂੰ ਛਾਂ ਵਰਗੀ
ਕਦੀ ਚੁੱਪ ਕਦੀ ਸੁੱਕਦੇ ਝਨਾਂ ਵਰਗੀ
ਨੀ ਤੂੰ ਧੁੱਪ ਵਰਗੀ...।

ਕਦੀ ਖਿੜ ਖਿੜ ਹੱਸੇਂ
ਕਦੀ ਘੂਰੀ ਵੱਟ ਤੱਕੇਂ
ਕਦੀ ਡੁੱਲ੍ਹ ਡੁੱਲ੍ਹ ਪੈਂਦੀ
ਕਦੀ ਬੁੱਲ੍ਹੀਆਂ ਨੂੰ ਟੁੱਕੇਂ
ਸਜ਼ਾ ਦੇਵੇਂ ਕਿਸੇ ਡਾਢੇ ਦੇ ਨਿਆਂ ਵਰਗੀ
ਨੀ ਤੂੰ ਧੁੱਪ ਵਰਗੀ...।

ਮੈਂ ਉਹ ਚਿਣਗ ਜੋ ਵਿਚ ਸਿਆਲੇ
ਧੂਣੀਆਂ ਤਾਈਂ ਮਚਾਵੇ
ਜੋ ਲੋਰੀ ਦਾ ਗੀਤ ਜਿਹਨੂੰ
ਕੋਈ ਮਾਂ ਗਾਉਂਦੀ ਸੌਂ ਜਾਵੇ
ਦਾਦੀ ਮਾਂ ਦੇ ਗੋਡੇ ਲੱਗਾ
ਹੂੰ ਹੂੰ ਦਾ ਹੁੰਗਾਰਾ
ਮੈਂ ਸਰਘੀ ਦਾ ਤਾਰਾ...।

ਅਜੀਤ ਮੁੱਢੋਂ ਹੀ ਪੜ੍ਹਾਈ ਵਿਚ ਹੁਸ਼ਿਆਰ ਸੀ। ਉਸ ਨੇ 1959 ਵਿਚ ਖਾਲਸਾ ਹਾਈ ਸਕੂਲ ਮਾਹਿਲਪੁਰ ਤੋਂ ਮੈਟ੍ਰਿਕ ਤੇ 1964 ਵਿਚ ਖਾਲਸਾ ਕਾਲਜ ਮਾਹਿਲਪੁਰ ਤੋਂ ਬੀ. ਏ. ਪਾਸ ਕੀਤੀ। ਸੀਮਤ ਸਾਧਨਾਂ ਦੇ ਬਾਵਜੂਦ ਅੰਗਰੇਜ਼ੀ ਦੀ ਐੱਮ. ਏ. ਅੰਗਰੇਜ਼ੀ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕਰ ਕੇ 1969 ਵਿਚ ਉਹ ਆਪਣੇ ਮਾਹਿਲਪੁਰ ਵਾਲੇ ਕਾਲਜ ਵਿਚ ਹੀ ਪੜ੍ਹਾਉਣ ਲੱਗ ਗਿਆ। ਉਥੇ ਉਹ 34 ਸਾਲ ਅੰਗਰੇਜ਼ੀ ਪੜ੍ਹਾ ਕੇ ਤੇ ਗੀਤ ਗਾ ਕੇ 2003 ਵਿਚ ਰਿਟਾਇਰ ਹੋਇਆ। ਇਉਂ ਉਹ 1950ਵਿਆਂ ਤੋਂ ਮਾਹਿਲਪੁਰ ਦੇ ਖਾਲਸਾ ਸਕੂਲ ਤੇ ਕਾਲਜ ਨਾਲ ਜੁੜਿਆ ਆ ਰਿਹੈ। ਇਸ ਪੁਸਤਕ ਦੇ ਮੁਖਬੰਦ ਵਿਚ ਉਹ ਲਿਖਦੈ:

ਪ੍ਰਿੰਸੀਪਲ ਹਰਭਜਨ ਸਿੰਘ ਜੀ ਦੀ ਅਗਵਾਈ ਵਿਚ ਮਾਹਿਲਪੁਰ ਵਿਖੇ ਵਿੱਦਿਆ ਦੇ ਦੋ ਚਾਨਣ ਮਿਨਾਰੇ-ਖਾਲਸਾ ਸਕੂਲ ਮਾਹਿਲਪੁਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਥਾਪਤ ਕੀਤੇ ਗਏ। ਇਹ ਦੋਵੇਂ ਸੰਸਥਾਵਾਂ ਮਾਹਿਲਪੁਰ ਇਲਾਕੇ ਲਈ ਵਰਦਾਨ ਸਾਬਤ ਹੋਈਆਂ। ਇਨ੍ਹਾਂ ਨੇ ਇਲਾਕੇ ਦੀ ਨੁਹਾਰ ਬਦਲ ਕੇ ਰੱਖ ਦਿੱਤੀ। ਜੇ ਇਨ੍ਹਾਂ ਸੰਸਥਾਵਾਂ ਦੀ ਉਸਾਰੀ ਸਮੇਂ ਦੇ ਤੇ ਅੱਜ ਦੇ ਮਾਹਿਲਪੁਰ ਦਾ ਟਾਕਰਾ ਕਰੀਏ ਤਾਂ ਜ਼ਮੀਨ ਅਸਮਾਨ ਦਾ ਫਰਕ ਨਜ਼ਰ ਆਏਗਾ। ਅੱਜ ਇਹ ਇਲਾਕਾ ਬਹੁਪੱਖੀ ਉਨਤੀ ਕਰਕੇ ਦੇਸ਼ ਦੇ ਮੋਹਰੀ ਖੇਤਰਾਂ ਵਿਚੋਂ ਇਕ ਹੈ। ਇਹ ਉਨਤੀ ਉਪਰੋਕਤ ਦੋ ਸੰਸਥਾਵਾਂ ਦੀ ਬਰਕਤ ਦੀ ਦੇਣ ਹੈ...।

ਸਕੂਲ ਤੇ ਕਾਲਜ ਦਾ ਇਹ ਵਿਸ਼ਾਲ ਪਸਾਰਾ ਮਾਹਿਲਪੁਰ ਦੇ ਬੈਂਸ ਭਾਈਚਾਰੇ ਵੱਲੋਂ ਦਾਨ ਕੀਤੀ ਗਈ ਜ਼ਮੀਨ ਉੱਤੇ ਫੈਲਿਆ ਹੋਇਆ ਹੈ। ਇਹ ਸੰਸਥਾਵਾਂ ਲੋਕਾਈ ਲਈ, ਪੜ੍ਹਾਈ, ਖੇਡਾਂ ਤੇ ਸਭਿਆਚਾਰਕ ਗਤੀਵਿਧੀਆਂ ਲਈ ਖਿੱਚ ਦਾ ਕੇਂਦਰ ਬਣ ਗਈਆਂ ਤੇ 1909 ਤੋਂ ਹੁਣ ਤਕ ਆਪਣਾ ਰੋਲ ਨਿਭਾ ਰਹੀਆਂ ਹਨ। ਇਲਾਕੇ ਦੇ ਲੋਕਾਂ ਨੇ ਹਰ ਖੇਤਰ ਵਿਚ ਇਨ੍ਹਾਂ ਦਾ ਲਾਭ ਉਠਾਇਆ। ਇਲਾਕਾ ਨਿਵਾਸੀਆਂ ਨੂੰ ਵਿਦਿਅਕ ਮਹਿਕਮੇ, ਬੈਂਕਾਂ, ਫੌਜ, ਪੁਲਿਸ, ਖੇਡ ਵਿਭਾਗ ਤੇ ਹੋਰ ਵਿਭਾਗਾਂ ਵਿਚ ਸਰਵਿਸ ਮਿਲੀ। ਉਹ ਫੌਜ ਵਿਚ ਵੱਡੇ ਅਫਸਰ, ਡਾਕਟਰ, ਇੰਜੀਨੀਅਰ, ਸਾਇੰਸਦਾਨ, ਵਕੀਲ, ਲੇਖਕ ਤੇ ਰਾਜਨੀਤਕ ਲੀਡਰ ਬਣੇ। ਲੇਖਕ 1975 ਤੋਂ ਸਿੱਖ ਵਿਦਿਅਕ ਕੌਂਸਲ, ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਦਾ ਮੈਂਬਰ ਹੈ। ਲੇਖਕ ਨੇ ਅਨੇਕਾਂ ਵਾਰ ਪ੍ਰਿੰਸੀਪਲ ਹਰਭਜਨ ਸਿੰਘ ਜੀ ਦੇ ਦਰਸ਼ਨ ਕੀਤੇ, ਜੋ 1962 ਵਿਚ ਸਵਰਗਵਾਸ ਹੋਏ। ਉਹ 1892 ਤੋਂ 1962 ਤਕ ਜੀਵੇ। ਲੇਖਕ ਉਨ੍ਹਾਂ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਸੀ। ਜਦੋਂ ਵੀ ਆਮ ਸਮਾਗਮਾਂ, ਇਕੱਠਾਂ ਤੇ ਉਨ੍ਹਾਂ ਦੇ ਨਾਂ ਉਤੇ ਚੱਲ ਰਹੇ ਟੂਰਨਾਮੈਂਟਾਂ ਵਿਚ ਉਨ੍ਹਾਂ ਦੀ ਸ਼ੋਭਾ ਹੁੰਦੀ ਹੈ ਤਾਂ ਬਹੁਤ ਖੁਸ਼ੀ ਹੁੰਦੀ ਹੈ। ਉਥੋਂ ਹੀ ਮੈਨੂੰ ਉਤਸ਼ਾਹ ਮਿਲਿਆ ਕਿ ਪ੍ਰਿੰਸੀਪਲ ਹਰਭਜਨ ਸਿੰਘ ਬਾਰੇ ਕੁਝ ਲਿਖਤੀ ਪੇਸ਼ ਕੀਤਾ ਜਾਵੇ। 2015 ਵਿਚ ਛੋਟੀ ਜਿਹੀ ਕੋਸ਼ਿਸ਼ ਕੀਤੀ ਗਈ ਤੇ ਇਕ ਕਿਤਾਬਚਾ ਲਿਖਿਆ ਗਿਆ। ਹੁਣ ਇਹ ਪੂਰੀ ਪੁਸਤਕ ਵਜੂਦ ਵਿਚ ਆਈ ਹੈ, ਜੋ ਅਜੇ ਵੀ ਅਧੂਰੀ ਹੈ। ਅਗਲੇ ਸੰਸਕਰਣ ਵਿਚ ਹੋਰ ਵਾਧਾ ਕੀਤਾ ਜਾਵੇਗਾ।

ਮੈਨੂੰ ਇਸ ਪੁਸਤਕ ਦੀ ਦੱਸ ਗੁਲਜ਼ਾਰ ਸਿੰਘ ਸੰਧੂ ਨੇ ਪਾਈ, ਜੋ ਖੁਦ ਮਾਹਿਲਪੁਰ ਦੇ ਇਨ੍ਹਾਂ ਵਿਦਿਅਕ ਅਦਾਰਿਆਂ ਦਾ ਵਿਦਿਆਰਥੀ ਰਹਿ ਚੁਕਾ ਸੀ। ਉਸ ਨੂੰ ਪਤਾ ਹੈ ਕਿ ਮੈਂ ਪੰਜਾਬੀ ਵਿਚ ਲਿਖੀਆਂ ਖੇਡ ਪੁਸਤਕਾਂ ਦੀ ਭਾਲ ਟੋਲ ਵਿਚ ਹਾਂ ਤੇ ਪੰਜਾਬੀ ਖੇਡ ਸਾਹਿਤ ਦੀਆਂ ਗੱਲਾਂ ਕਰਦਾ ਰਹਿੰਦਾ ਹਾਂ। ਗੁਲਜ਼ਾਰ ਸਿੰਘ ਸੰਧੂ ਨੇ ਖੁਦ ਪ੍ਰਿੰ. ਹਰਭਜਨ ਸਿੰਘ ਤੇ ਮਾਹਿਲਪੁਰ ਦੇ ਵਿਦਿਅਕ ਮਾਹੌਲ ਬਾਰੇ ਲਿਖਿਆ:


ਕੰਢੀ ਦੇ ਇਸ ਪਛੜੇ ਹੋਏ ਖੇਤਰ ਵਿਚ ਮਾਹਿਲਪੁਰ ਵਿੱਦਿਆ ਦਾ ਗੜ੍ਹ ਸੀ। ਏਥੋਂ ਦੇ ਬੈਂਸ ਗਦਰ ਪਾਰਟੀ ਦੇ ਜਨਮ ਸਮੇਂ ਤੋਂ ਥੋੜ੍ਹਾ ਅੱਗੇ-ਪਿੱਛੇ ਮਾਹਿਲਪੁਰ ਵਿਚ ਹੀ ਮਿਡਲ ਸਕੂਲ ਕਿਰਾਏ ਦੀ ਥਾਂ 'ਤੇ ਚਲਾ ਰਹੇ ਸਨ। 1924 ਵਿਚ ਉਨ੍ਹਾਂ ਨੇ ਇਸ ਸਕੂਲ ਨੂੰ ਪੁੱਟ ਕੇ ਸੜਕ ਪਾਰ ਲੈ ਆਂਦਾ; ਅੱਜ ਵਾਲੀ ਥਾਂ, ਬੱਸ ਅੱਡੇ ਦੇ ਨੇੜੇ। ਇਹਦੇ ਲਈ ਇਮਾਰਤ ਵੀ ਬਣ ਗਈ ਤੇ ਛੇਤੀ ਇਸ ਦਾ ਪੱਧਰ ਵੀ ਉੱਚਾ ਹੋ ਗਿਆ। ਇਹ ਚਾਰ-ਪੰਜ ਸਾਲ ਦੇ ਅੰਦਰ ਮੈਟ੍ਰਿਕ ਤਕ ਪਹੁੰਚ ਗਿਆ। ਇਹ ਉੱਨਤੀ ਹਰਭਜਨ ਸਿੰਘ ਦੇ ਮਾਸਟਰ ਹੁੰਦਿਆਂ ਹੋਈ। ਉਨ੍ਹਾਂ ਦੇ ਹੈੱਡ ਮਾਸਟਰ ਬਣਨ ਪਿੱਛੋਂ ਇਸ ਸਕੂਲ ਨੇ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕੀਤੀ। ਖਾਸ ਕਰਕੇ ਖੇਡਾਂ ਦੇ ਪੱਖ ਤੋਂ। ਹਰਭਜਨ ਸਿੰਘ ਖੁਦ ਵੀ ਜੁੱਸੇ ਦੇ ਤਕੜੇ ਸਨ।

ਮਾਸਟਰ ਹਰਭਜਨ ਸਿੰਘ ਮਾਹਿਲਪੁਰ ਆਉਣ ਤੋਂ ਪਹਿਲਾਂ ਅੰਬਾਲੇ ਦੇ ਸਕੂਲ ਵਿਚ ਪੜ੍ਹਾਉਂਦੇ ਰਹੇ ਸਨ। ਸੁਤੰਤਰ ਭਾਰਤ ਦਾ ਪ੍ਰਥਮ ਡਿਫੈਂਸ ਮਨਿਸਟਰ ਬਲਦੇਵ ਸਿੰਘ ਉਨ੍ਹਾਂ ਦਾ ਵਿਦਿਆਰਥੀ ਰਿਹਾ ਸੀ। ਬਲਦੇਵ ਸਿੰਘ ਨੇ ਰਾਜਨੀਤਕ ਜੀਵਨ ਵਿਚ ਹਰਭਜਨ ਸਿੰਘ ਜੀ ਦੀ ਖੂਬ ਇੱਜ਼ਤ ਕੀਤੀ। ਹਰਭਜਨ ਸਿੰਘ ਦਾ ਵੱਡਾ ਯੋਗਦਾਨ ਇਹ ਸੀ ਕਿ ਉਨ੍ਹਾਂ ਨੇ ਕਾਲਜ ਦੀ ਵਿੱਦਿਆ ਪ੍ਰਾਪਤ ਕਰਨ ਲਈ ਧੀਆਂ-ਭੈਣਾਂ ਨੂੰ ਪਿੱਛੇ ਨਹੀਂ ਰਹਿਣ ਦਿੱਤਾ। ਕੁੜੀਆਂ ਵੱਲੋਂ ਮੁੰਡਿਆਂ ਦੇ ਬਰਾਬਰ ਬੈਠ ਕੇ ਪੜ੍ਹਨ ਦੀ ਪਿਰਤ ਪਾਉਣ ਲਈ ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੀ ਭਾਣਜ ਨੂੰਹ ਅਮਰਜੀਤ ਕੌਰ ਨੂੰ ਦਾਖਲਾ ਦਿੱਤਾ। ਉਹ ਜ਼ਿਲਾ ਸਿੱਖਿਆ ਅਫਸਰ ਬਣ ਕੇ ਸੇਵਾ ਮੁਕਤ ਹੋਈ। ਵਿਦਿਆਰਥੀ ਮੁੰਡੇ ਵਿਦਿਆਰਥਣਾਂ ਦੀ ਨਜ਼ਰੇ ਚੜ੍ਹਨ ਲਈ ਚੰਗਾ ਪੜ੍ਹਦੇ ਤੇ ਚੰਗਾ ਪਹਿਨਦੇ। ਇਕ-ਦੋਹਾਂ ਨੂੰ ਛੱਡ ਕੇ ਉਨ੍ਹਾਂ ਕੋਲੋਂ ਲੰਘਦੇ ਸਮੇਂ ਨੀਵੀਂ ਪਾ ਲੈਂਦੇ। ਉਨ੍ਹਾਂ ਨੂੰ ਪ੍ਰਿੰਸੀਪਲ ਦੀ ਡਾਂਟ ਤੋਂ ਡਰ ਲੱਗਦਾ ਸੀ। ਉਨ੍ਹਾਂ ਦੇ ਰੋਅਬ ਦਾਬ ਦਾ ਕੋਈ ਜਵਾਬ ਨਹੀਂ ਸੀ। ਹਰਭਜਨ ਸਿੰਘ ਕਾਲਜ ਦੇ ਉਸਰੱਈਏ ਸਨ, ਹੈੱਡ ਮਾਸਟਰ ਤੋਂ ਕਾਲਜ ਦੇ ਪ੍ਰਿੰਸੀਪਲ ਬਣੇ ਸਨ...।

ਉਥੇ ਇਕ ਹਰਮਨ ਪਿਆਰੇ ਪ੍ਰੋਫੈਸਰ ਸੁਰਜੀਤ ਹਾਂਸ ਵੀ ਸਨ। ਉਹ ਅੰਗਰੇਜ਼ੀ ਦੇ ਪ੍ਰੋਫੈਸਰ ਸਨ। ਉਥੋਂ ਉਹ ਇੰਗਲੈਂਡ ਚਲੇ ਗਏ ਤੇ ਇੰਗਲੈਂਡੋਂ ਮੁੜ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਆ ਗਏ ਅਤੇ ਬੜਾ ਖੋਜ ਕਾਰਜ ਕੀਤਾ। ਉਹ ਸਿੱਖ ਇਤਿਹਾਸ ਦੇ ਵੱਡੇ ਵਿਦਵਾਨ ਵਜੋਂ ਜਾਣੇ ਜਾਣ ਲੱਗੇ। ਉਨ੍ਹਾਂ ਨੇ ਕਵਿਤਾ ਤੇ ਵਾਰਤਕ ਦੀਆਂ ਅਨੇਕਾਂ ਕਿਤਾਬਾਂ ਲਿਖੀਆਂ। ਪਿੱਛੋਂ ਉਨ੍ਹਾਂ ਨੇ ਸ਼ੇਕਸਪੀਅਰ ਦੇ ਸਾਰੇ ਨਾਟਕਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ, ਜੋ ਪੰਜਾਬੀ ਸਾਹਿਤ ਲਈ ਬੜੀ ਵੱਡੀ ਦੇਣ ਹੈ।

ਅਜੀਤ ਲੰਗੇਰੀ ਨੂੰ ਮੈਂ ਪਹਿਲੀ ਵਾਰ ਸਵਰਗੀ ਜਰਨੈਲ ਸਿੰਘ ਦੇ ਸ਼ਰਧਾਂਜਲੀ ਸਮਾਗਮ 'ਚ ਮਿਲਿਆ ਸਾਂ। ਏਸ਼ੀਆ ਫੁੱਟਬਾਲ ਦੀ ਜਰਨੈਲੀ ਕਰਨ ਵਾਲੇ ਜਰਨੈਲ ਸਿੰਘ ਦੀ ਦੇਹ, ਸਸਕਾਰ ਕਰਨ ਤੋਂ ਪਹਿਲਾਂ ਕੁਝ ਘੰਟਿਆਂ ਲਈ ਖਾਲਸਾ ਕਾਲਜ ਮਾਹਿਲਪੁਰ ਦੇ ਫੁੱਟਬਾਲ ਗਰਾਊਂਡ ਵਿਚ ਰੱਖੀ ਗਈ ਸੀ ਤਾਂ ਜੋ ਇਲਾਕੇ ਦੇ ਲੋਕ ਅੰਤਿਮ ਦਰਸ਼ਨ ਕਰ ਸਕਣ। ਉਥੇ ਅਜੀਤ ਲੰਗੇਰੀ ਨੂੰ ਮੈਂ ਪਹਿਲੀ ਵਾਰ ਹੰਝੂਆਂ ਨਾਲ ਡੁਬਡੁਬਾਈਆਂ ਅੱਖਾਂ ਵਾਲੇ ਸਟੇਜ ਸਕੱਤਰ ਵਜੋਂ ਵੇਖਿਆ ਸੀ। ਉਹਦੇ ਬੋਲਾਂ ਵਿਚ ਸ਼ਾਇਰੀ ਘੁਲੀ ਮਿਲੀ ਸੀ। ਉਹ ਪਿੰਡਾਂ-ਸ਼ਹਿਰਾਂ ਤੇ ਸਕੂਲਾਂ-ਕਾਲਜਾਂ ਦੇ ਸਭਿਆਚਾਰਕ ਸਮਾਗਮਾਂ ਤੋਂ ਲੈ ਕੇ ਲਾਲ ਕਿਲੇ ਦੇ ਮੁਸ਼ਾਇਰਿਆਂ ਤਕ ਬੱਲੇ-ਬੱਲੇ ਕਰਵਾ ਚੁਕਾ ਸੀ। 1980 ਵਿਚ ਪੰਜਾਬੀ ਦੀ ਪਹਿਲੀ ਵਿਸ਼ਵ ਕਾਨਫਰੰਸ ਸਮੇਂ ਯੂ. ਕੇ. ਜਾ ਆਇਆ ਸੀ ਤੇ ਵਲਾਇਤੀਆਂ ਨੂੰ ਨਿਹਾਲ ਕਰ ਆਇਆ ਸੀ। ਉਹ ਅਦਬੀ ਮਹਿਫਿਲਾਂ ਦੀ ਜਿੰਦ ਜਾਨ ਸੀ।

ਇਸ ਕਿਤਾਬ ਵਿਚ ਮੈਂ ਉਸ ਨੂੰ ਕਵੀ ਹੋਣ ਦੇ ਨਾਲ ਖੇਡ ਲੇਖਕ ਵਜੋਂ ਵੀ ਜਾਣਿਆਂ। ਉਹ ਖੁਦ ਫੁੱਟਬਾਲ ਖੇਡਦਾ ਰਿਹਾ ਤੇ ਫੁੱਟਬਾਲ ਟੂਰਨਾਮੈਂਟਾਂ ਦਾ ਭਾਈਵਾਲ ਰਿਹਾ। ਮੈਂ ਉਸ ਨੂੰ ਪਹਿਲੀ ਵਾਰ ਵੇਖਿਆ ਤਾਂ ਮੈਨੂੰ ਉਹਦਾ ਚਿਹਨ ਚੱਕਰ ਆਲਮੀ ਪ੍ਰਸਿੱਧੀ ਵਾਲੇ ਫੁੱਟਬਾਲ ਖਿਡਾਰੀ ਇੰਦਰ ਸਿੰਘ ਨਾਲ ਮੇਲ ਖਾਂਦਾ ਲੱਗਾ ਸੀ। ਕਦੇ ਮੈਂ ਲਿਖਿਆ ਸੀ: ਇੰਦਰ ਸਿੰਘ ਫੁੱਟਬਾਲ ਦੀ ਖੇਡ ਵਿਚ ਪੰਜਾਬ ਦਾ ਪੇਲੇ ਹੈ, ਪਰ ਫੁੱਟਬਾਲ ਦੇ ਇਸ ਲਾਸਾਨੀ ਖਿਡਾਰੀ ਨੂੰ ਜੇ ਕੋਈ ਰਾਹ ਖਹਿੜੇ ਮਿਲੇ ਤਾਂ ਯਕੀਨ ਨਾ ਕਰੇ ਕਿ ਇਹ ਇੰਦਰ ਸਿੰਘ ਹੈ। ਏਸ਼ਿਆਈ ਖੇਡਾਂ 'ਚੋਂ ਦੋ ਸੋਨ ਤਗਮੇ ਜਿੱਤਣ ਵਾਲਾ ਹਰੀ ਚੰਦ ਜਿਵੇਂ ਹਰੀ ਚੰਦ ਨਹੀਂ ਲੱਗਦਾ, ਜਿਵੇਂ ਚਾਰ ਓਲੰਪਿਕਸ ਵਿਚੋਂ ਚਾਰ ਮੈਡਲ ਜਿੱਤਣ ਵਾਲਾ ਊਧਮ ਸਿੰਘ, ਊਧਮ ਸਿੰਘ ਨਹੀਂ ਸੀ ਲੱਗਦਾ; ਉਵੇਂ ਲੱਖਾਂ ਲੋਕਾਂ ਦਾ ਫੁੱਟਬਾਲ ਹੀਰੋ ਇੰਦਰ ਸਿੰਘ ਰੇਲ ਗੱਡੀ 'ਚ ਸਫਰ ਕਰਦਾ ਇੰਦਰ ਸਿੰਘ ਨਹੀਂ ਲੱਗਦਾ। ਇਸੇ ਕਰਕੇ ਉਹ ਗੱਡੀ ਜਾਂ ਬੱਸ 'ਚ ਖੜ੍ਹਾ ਹੋਵੇ ਤਾਂ ਬਹਿਣ ਨੂੰ ਕੋਈ ਸੀਟ ਨਹੀਂ ਦਿੰਦਾ। ਅਜੀਤ ਲੰਗੇਰੀ ਮੰਨੇ ਨਾ ਮੰਨੇ, ਹੁੰਦਾ ਉਹਦੇ ਨਾਲ ਵੀ ਇਹੀ ਕੁਝ ਹੋਊ! ਉਹ ਜਿੰਨਾ ਧਰਤੀ 'ਚ ਹੈਗਾ, ਓਨਾ ਉਪਰ ਨਹੀਂ ਦਿਸਦਾ। ਅੱਜ ਕੱਲ੍ਹ ਉਹ ਮਾਹਿਲਪੁਰ ਵਿਖੇ ਪ੍ਰਾਈਵੇਟ ਹਾਈ ਸਕੂਲ ਚਲਾ ਰਿਹੈ ਅਤੇ ਇਲਾਕੇ ਦੀਆਂ ਵਿਦਿਅਕ, ਸਮਾਜਕ ਤੇ ਸਭਿਆਚਾਰਕ ਸਰਗਰਮੀਆਂ ਵਿਚ ਭਾਗ ਲੈ ਰਿਹੈ। ਅਦਬੀ ਮਹਿਫਿਲਾਂ ਦੀ ਉਹ ਵੀ ਹਾਲੇ ਜਿੰਦ ਜਾਨ ਹੈ।




ਉਸ ਨੇ ਲਿਖਿਆ: ਮਾਹਿਲਪੁਰ ਵਿਚ ਕਾਲਜ ਸਥਾਪਤ ਹੋਣ ਬਾਅਦ ਸਕੂਲ ਤੇ ਕਾਲਜ ਵਿਚਕਾਰ ਕੋਈ ਪਰਦਾ ਜਾਂ ਦੀਵਾਰ ਨਹੀਂ ਸੀ। ਸਕੂਲ ਦੇ ਬੱਚੇ ਘਰ ਵਾਂਗ ਕਾਲਜ ਦੀਆਂ ਗਰਾਊਂਡਾਂ ਵਿਚ ਘੁੰਮ ਫਿਰ ਆਉਂਦੇ ਸਨ। ਕਾਲਜ ਗਰਾਊਂਡ ਵਿਚ ਖੇਡੇ ਜਾਂਦੇ ਫੁੱਟਬਾਲ ਮੈਚ ਦੇਖਣ ਦੀ ਸਕੂਲ ਵਿਦਿਆਰਥੀਆਂ ਨੂੰ ਪੂਰੀ ਖੁੱਲ੍ਹ ਸੀ। ਕਾਲਜ ਵਿਚ ਕਰਵਾਏ ਜਾਂਦੇ ਸਭਿਆਚਾਰਕ ਪ੍ਰੋਗਰਾਮਾਂ ਵਿਚ ਸਕੂਲੀ ਬੱਚਿਆਂ ਨੂੰ ਸ਼ਾਮਲ ਹੋਣ ਦੀ ਪੂਰੀ ਇਜਾਜ਼ਤ ਸੀ। ਲੇਖਕ ਵੀ ਅਜਿਹੇ ਬੱਚਿਆਂ 'ਚੋਂ ਇਕ ਸੀ, ਜੋ ਮੈਟ੍ਰਿਕ ਕਰਨ ਬਾਅਦ ਕਾਲਜ ਵਿਚ ਦਾਖਲ ਹੋਇਆ ਸੀ।

### ਕਾਲਜ ਵਿਚ ਫੁੱਟਬਾਲ ਦੀ ਚੜ੍ਹਤ

ਫੁੱਟਬਾਲ ਦਾ ਜੋ ਬੂਟਾ ਪ੍ਰਿੰ. ਹਰਭਜਨ ਸਿੰਘ ਹੋਰਾਂ ਨੇ ਸਕੂਲ ਵਿਚ ਲਾਇਆ ਸੀ, ਉਸ ਦੀਆਂ ਜੜ੍ਹਾਂ ਲੱਗ ਗਈਆਂ ਤੇ ਪੁੰਗਰ ਪਿਆ। ਫਿਰ ਇਹੀ ਫੁੱਟਬਾਲ ਕਾਲਜ ਵਿਚ ਪਹੁੰਚ ਗਿਆ। ਸਕੂਲ ਵਿਚ ਤਿਆਰ ਹੋਏ ਫੁੱਟਬਾਲ ਦੇ ਖਿਡਾਰੀ ਕਾਲਜ ਵਿਚ ਦਾਖਲ ਹੋਏ। ਇਹ ਨਾਮੀ ਫੁੱਟਬਾਲਰ ਸਨ-ਰਾਮ ਕਿਸ਼ਨ ਬਿੱਲਾ, ਸਤਵੰਤ ਸਿੰਘ ਬੈਂਸ, ਕੇਵਲ ਸਿੰਘ ਮਾਲੀ, ਉਜਾਗਰ ਸਿੰਘ ਹਕੂਮਤਪੁਰ, ਉਜਾਗਰ ਸਿੰਘ ਬੈਂਸ, ਜਗਤਾਰ ਸਿੰਘ ਬੈਂਸ ਤੇ ਬਹੁਤ ਸਾਰੇ ਹੋਰ...। ਫੈਸਲਾ ਹੋਇਆ ਕਿ ਕਿਸੇ ਨਾਮੀ ਟੀਮ ਵਿਰੁੱਧ ਖੇਡਿਆ ਜਾਵੇ। ਉਨ੍ਹੀਂ ਦਿਨੀਂ ਅੰਬਾਲਾ ਸ਼ਹਿਰ ਵਿਚ ਫੁੱਟਬਾਲ ਦੀ ਖੇਡ ਦਾ ਕਾਫੀ ਨਾਮ ਸੀ ਤੇ ਉਥੇ ਫੁੱਟਬਾਲ ਦੇ ਕਈ ਕਲੱਬ ਸਨ। ਹਰਦਿਆਲ ਸਿੰਘ ਡੀ. ਪੀ. ਈ. ਤੇ ਸਹਾਇਕ ਤਰਸੇਮ ਸਿੰਘ ਟੀਮ ਲੈ ਕੇ ਅੰਬਾਲੇ ਚਲੇ ਗਏ। ਤਾਲਮੇਲ ਕਰਨ 'ਤੇ ਪਤਾ ਲੱਗਾ ਕਿ ਕਿਸੇ ਨੇ ਮਾਹਿਲਪੁਰ ਦੀ ਫੁੱਟਬਾਲ ਟੀਮ ਬਾਰੇ ਕੁਝ ਸੁਣਿਆ ਹੀ ਨਹੀਂ ਸੀ ਲੱਗਦਾ। ਸੋ ਕੋਈ ਵੀ ਟੀਮ ਖੇਡਣ ਨੂੰ ਤਿਆਰ ਨਾ ਹੋਈ। ਇਧਰ-ਉਧਰ ਦੌੜ ਭੱਜ ਕਰਨ 'ਤੇ ਪਤਾ ਲੱਗਾ ਕਿ ਇਕ ਟੀਮ ਹੈ, ਜੋ ਬਹੁਤ ਛੋਟੇ ਪੱਧਰ ਦੀ ਹੈ। ਸ਼ਾਇਦ ਉਹ ਖੇਡਣਾ ਮੰਨ ਜਾਵੇ। ਇਸ ਟੀਮ ਦੀ ਸਰਪ੍ਰਸਤ ਸੀ ਰਿਕਸ਼ਾ ਯੂਨੀਅਨ। ਉਸ ਟੀਮ ਨਾਲ ਖੇਡਣਾ ਕਾਲਜ ਦੀ ਟੀਮ ਨੇ ਆਪਣੀ ਹੇਠੀ ਸਮਝੀ, ਪਰ ਕਿਸੇ ਤਰ੍ਹਾਂ ਮਨਾ ਲਿਆ ਗਿਆ। ਮੈਚ ਹੋਇਆ ਤਾਂ ਸਾਡੀ ਟੀਮ ਨੂੰ ਸ਼ਾਨਦਾਰ ਜਿੱਤ ਮਿਲੀ। ਅੰਬਾਲੇ ਦੇ ਫੁੱਟਬਾਲ ਪ੍ਰੇਮੀਆਂ ਵਿਚ ਹਲਚਲ ਪੈਦਾ ਹੋ ਗਈ।

ਮਾਹਿਲਪੁਰ ਦੀ ਟੀਮ ਨੇ ਇਕ ਮੈਚ ਹੋਰ ਜਿੱਤ ਲਿਆ। ਸਾਰੇ ਅੰਬਾਲੇ ਸ਼ਹਿਰ ਵਿਚ ਮਾਹਿਲਪੁਰ ਦੀ ਟੀਮ ਤਕੜੀ ਹੋਣ ਦਾ ਪਤਾ ਲੱਗ ਗਿਆ। ਉਥੇ ਫੁੱਟਬਾਲ ਦਾ ਮਸ਼ਹੂਰ ਕਲੱਬ ਸੀ ਹੀਰੋ ਕਲੱਬ। ਉਹ ਕਿਸੇ ਤੋਂ ਹਾਰਦਾ ਨਹੀਂ ਸੀ। ਉਹਦੇ ਵਿਰੁੱਧ ਮਾਹਿਲਪੁਰ ਦੀ ਟੀਮ ਨੇ ਪਹਿਲਾ ਗੋਲ ਕੀਤਾ ਤਾਂ ਦਰਸ਼ਕਾਂ 'ਚੋਂ ਹੈਰਾਨੀ ਦੀਆਂ ਆਵਾਜ਼ਾਂ ਆਉਣ ਲੱਗੀਆਂ। ਗੋਲ ਹੁੰਦੇ ਰਹੇ, ਉਤਰਦੇ ਰਹੇ, ਪਰ ਅੰਤਿਮ ਜਿੱਤ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਮਾਹਿਲਪੁਰ ਦੀ ਹੋਈ। ਇਹ ਤਾਂ ਕਮਾਲ ਹੀ ਹੋ ਗਈ। ਮਾਹਿਲਪੁਰੀਆਂ ਦੇ ਪੈਰ ਨਾ ਭੋਇੰ 'ਤੇ ਲੱਗਣ। ਟੀਮ ਜੈਕਾਰੇ ਬੁਲਾਉਂਦੀ ਕਾਲਜ ਪਹੁੰਚੀ ਤਾਂ ਉਹਦਾ ਸ਼ਾਹੀ ਸਵਾਗਤ ਹੋਇਆ। ਫਿਰ ਕਾਲਜ ਦੀ ਟੀਮ ਨੇ 1953-54 ਵਿਚ ਪੰਜਾਬ ਯੂਨੀਵਰਸਿਟੀ ਦੀ ਅੰਤਰ ਕਾਲਜ ਫੁੱਟਬਾਲ ਚੈਂਪੀਅਨਸ਼ਿਪ ਜਿੱਤ ਲਈ। ਉਸ ਪਿੱਛੋਂ ਤਾਂ ਹਰ ਸਾਲ ਹੀ ਯੂਨੀਵਰਸਿਟੀ ਦੇ ਅੰਤਰ ਕਾਲਜ ਮੁਕਾਬਲਿਆਂ ਵਿਚ ਜੇਤੂ ਬਣਨ ਲੱਗ ਪਈ, ਜਿਸ ਨਾਲ ਫੁੱਟਬਾਲ ਹਲਕਿਆਂ ਵਿਚ ਮਾਹਿਲਪੁਰ ਮਾਹਿਲਪੁਰ ਹੋਣ ਲੱਗੀ। ਜਦੋਂ ਟੀਮ ਯੂਨੀਵਰਸਿਟੀ ਵਿਚ ਵਾਰ ਵਾਰ ਜੇਤੂ ਰਹਿਣ ਲੱਗੀ ਤਾਂ ਕਿਹਾ ਜਾਣ ਲੱਗਾ ਕਿ ਹੁਣ ਫੁੱਟਬਾਲ ਦੀ ਟਰਾਫੀ ਮਾਹਿਲਪੁਰ ਦੀ ਰੇਤ ਵਿਚ ਏਨੀ ਧਸ ਗਈ ਹੈ ਕਿ ਇਸ ਨੂੰ ਏਥੋਂ ਕੱਢਣਾ ਮੁਸ਼ਕਿਲ ਹੀ ਨਹੀਂ, ਅਸੰਭਵ ਹੈ।

### ਗਰਾਊਂਡਾਂ ਦੀ ਰੌਣਕ

ਰੀਸੈੱਸ ਵੇਲੇ ਗਰਾਊਂਡਾਂ ਵਿਦਿਆਰਥੀਆਂ ਨਾਲ ਪੂਰੀਆਂ ਭਰ ਜਾਂਦੀਆਂ ਸਨ। ਪਤਾ ਨਹੀਂ ਇਕੋ ਵੇਲੇ ਗਰਾਊਂਡਾਂ ਵਿਚ ਕਿੰਨੀਆਂ ਟੀਮਾਂ ਖੇਡ ਰਹੀਆਂ ਹੁੰਦੀਆਂ ਸਨ। ਬੱਚੇ ਪੂਰੀ ਰਫਤਾਰ ਨਾਲ ਦੌੜਦੇ, ਪਰ ਉਹ ਕਦੇ ਇਕ-ਦੂਜੇ ਨਾਲ ਨਾ ਟਕਰਾਉਂਦੇ। ਹਰ ਇਕ ਦੀ ਨਿਗ੍ਹਾ ਆਪਣੇ ਬਾਲ ਵਿਚ ਰਹਿੰਦੀ ਸੀ। ਕਦੇ ਕਿਸੇ ਖਿਡਾਰੀ ਨੂੰ ਦੂਜੀ ਬਾਲ ਦਾ ਭੁਲੇਖਾ ਨਹੀਂ ਸੀ ਪੈਂਦਾ। ਇਕ ਪਾਸੇ ਇਕੋ ਵੇਲੇ ਦੋ ਦੋ ਗੋਲ ਵੀ ਹੋ ਜਾਂਦੇ ਸਨ। ਟੀਮਾਂ ਜਿੱਤਦੀਆਂ ਸਨ, ਟੀਮਾਂ ਹਾਰਦੀਆਂ ਸਨ। ਛਿੜੇ ਹੋਏ ਮਧੂ-ਮੱਖੀ ਦੇ ਛੱਤੇ ਵਾਂਗ ਉਹ ਅਜਬ ਨਜ਼ਾਰਾ ਵੇਖਣ ਵਾਲਾ ਹੁੰਦਾ ਸੀ। ਇਨ੍ਹਾਂ ਹੀ ਗਰਾਊਂਡਾਂ ਵਿਚ ਸ਼ਾਮ ਨੂੰ ਫੁੱਟਬਾਲ, ਹਾਕੀ ਤੇ ਰੱਸਾ-ਕਸ਼ੀ ਦੀਆਂ ਟੀਮਾਂ ਦੇ ਖਿਡਾਰੀ ਹਾਜ਼ਰ ਹੁੰਦੇ ਸਨ। ਉਨ੍ਹਾਂ ਦੀ ਖੇਡ ਦੇਖਣ ਲਈ ਪ੍ਰਿੰ. ਹਰਭਜਨ ਸਿੰਘ ਤੇ ਹੋਰ ਅਧਿਆਪਕ ਹਾਜ਼ਰ ਰਹਿੰਦੇ ਸਨ। ਕਾਲਜ ਤੇ ਕਲੱਬਾਂ ਵਿਚ ਖੇਡਣ ਵਾਲੇ ਨਾਮੀ ਖਿਡਾਰੀ ਇਨ੍ਹਾਂ ਗਰਾਊਂਡਾਂ ਦੀ ਦੇਣ ਹਨ। ਓਲੰਪਿਕ ਹਾਕੀ ਖਿਡਾਰੀ ਬਲਬੀਰ ਸਿੰਘ ਜੂਨੀਅਰ ਇਨ੍ਹਾਂ ਗਰਾਊਂਡਾਂ ਵਿਚੋਂ ਹੀ ਉਭਰਿਆ ਸੀ। ਗੁਲਬਰਗ

(ਬਾਕੀ ਅਗਲੇ ਸਫੇ 'ਤੇ)

# ਖੇਡ-ਖਿਡਾਰੀ ਅਤੇ ਮਨੋਵਿਗਿਆਨ

ਕਿਸੇ ਵੀ ਅਹਿਮ ਪ੍ਰਾਪਤੀ ਲਈ ਸਰੀਰ ਤੇ ਮਨ ਦਾ ਇਕ ਮਿਕ ਹੋਣਾ ਬਹੁਤ ਜਰੂਰੀ ਹੈ। ਮਨ ਦੀ ਇਕਾਗਰਤਾ ਤੋਂ ਬਿਨਾ ਸਰੀਰ ਨੂੰ ਵੀ ਸਾਧਿਆ ਨਹੀਂ ਜਾ ਸਕਦਾ। ਇਕੱਲੀ ਸਰੀਰਕ ਸਾਧਨਾ ਉਨੀ ਦੇਰ ਪ੍ਰਾਪਤੀ ਦਾ ਕੋਈ ਦਰ ਨਹੀਂ ਖੋਲ੍ਹਦੀ, ਜਿਨੀ ਦੇਰ ਉਸ ਨੂੰ ਮਾਨਸਿਕ ਊਰਜਾ ਸਾਥ ਨਹੀਂ ਦਿੰਦੀ। ਸਰੀਰ ਤੇ ਮਨ ਦੋਹਾਂ ਨੂੰ ਸਾਧ ਕੇ ਵੱਡੇ ਸਰ ਪਾਰ ਕੀਤੇ ਜਾ ਸਕਦੇ ਹਨ, ਹਿਮਾਲਿਆ ਦੀ ਸਭ ਤੋਂ ਉੱਚੀ ਚੋਟੀ ਨੂੰ ਨੀਚਾ ਦਿਖਾਇਆ ਜਾ ਸਕਦਾ ਹੈ ਤੇ ਕੁਦਰਤ ਦੀਆਂ ਹੋਣੀਆਂ ਨਾਲ ਵੀ ਮੱਥਾ ਲਾ ਕੇ ਕਾਬੂ ਪਾਇਆ ਜਾ ਸਕਦਾ ਹੈ। ਮਨ ਤੇ ਸਰੀਰ ਇਕੱਠਿਆਂ ਦੀ ਇਕੋ ਸੇਧ ਵਿਚ ਤਪੱਸਿਆ ਸਿਰਫ ਨਾਥਾਂ-ਯੋਗੀਆਂ ਲਈ ਹੀ ਨਹੀਂ ਲੋੜੀਂਦੀ, ਸਗੋਂ ਅੱਜ ਵੀ ਜ਼ਿੰਦਗੀ ਦੇ ਹਰ ਖੇਤਰ ਵਿਚ ਰੰਗ ਭਰਨ ਲਈ ਜਰੂਰੀ ਹੈ। ਧਿਆਨ ਧਰ ਕੇ ਕੀਤੀ ਮਿਹਨਤ ਮਾਣ ਮੱਤੀਆਂ, ਮਾਨਵਤਾਵਾਦੀ ਪ੍ਰਾਪਤੀਆਂ ਦੇ ਰਾਹ ਖੋਲ੍ਹਦੀ ਹੈ-ਖੇਤਰ ਭਾਵੇਂ ਸਾਹਿਤ ਦਾ ਹੋਵੇ, ਆਰਥਕ ਹੋਵੇ, ਖੇਡਾਂ ਦਾ ਹੋਵੇ ਜਾਂ ਕੋਈ ਹੋਰ

**ਰਵਿੰਦਰ ਚੋਟ, ਫਗਵਾੜਾ**
**ਫੋਨ: 91-98726-73703**

ਹੋਵੇ। ਮਨ ਤੇ ਸਰੀਰ ਦੀ ਇਕਾਗਰਤਾ ਹੀ ਕਿਸੇ ਮਨੁੱਖ ਨੂੰ ਆਮ ਤੋਂ ਖਾਸ ਮਨੁੱਖ ਬਣਾਉਂਦੀ ਹੈ, ਸਾਡੀਆਂ ਅੰਦਰਲੀਆਂ ਸੰਭਾਵਨਾਵਾਂ ਨੂੰ ਵਿਸਥਾਰ ਦੇ ਕੇ ਵਿਰਾਟ ਰੂਪ ਦਿੰਦੀ ਹੈ ਤਾਂ ਧੰਨ ਧੰਨ ਹੋ ਜਾਂਦੀ ਹੈ। ਖਾਸ ਕਰਕੇ ਖੇਡ ਦੇ ਮੈਦਾਨਾਂ ਵਿਚ ਵੱਡੀਆਂ ਪ੍ਰਾਪਤੀਆਂ ਲਈ ਵੱਡਾ ਰੋਲ ਅਦਾ ਕਰਦੀ ਹੈ। ਇਸ ਮੰਤਵ ਲਈ ਸਾਨੂੰ ਖੇਡ ਮਨੋਵਿਗਿਆਨ ਦਾ ਸਹਾਰਾ ਲੈਣਾ ਪੈਂਦਾ ਹੈ।

ਇਸ ਗੱਲ ਨੂੰ ਸਮਝਦਿਆਂ 1920 ਈਸਵੀ ਵਿਚ ਜਰਮਨੀ ਦੇ ਮਨੋਵਿਗਿਆਨੀ ਕਾਰਲ ਡੀਮ ਨੇ ਜਰਮਨੀ ਦੀ ਰਾਜਧਾਨੀ ਬਰਲਿਨ ਵਿਚ ਇਕ ਸਪੋਰਟਸ ਮਨੋਵਿਗਿਆਨ ਦੀ ਪ੍ਰਯੋਗਸ਼ਾਲਾ ਖੋਲ੍ਹ ਕੇ ਖਿਡਾਰੀਆਂ 'ਤੇ ਤਜਰਬੇ ਕਰਨੇ ਸ਼ੁਰੂ ਕੀਤੇ ਕਿ ਕਿਵੇਂ ਮਨੋਵਿਗਿਆਨ ਖਿਡਾਰੀਆਂ ਦੀ ਆਪਣੀ ਯੋਗਤਾ ਤੇ ਸਮਰੱਥਾ ਦੇ ਬਰਾਬਰ ਦੀ ਪ੍ਰਾਪਤੀ ਕਰਨ ਵਿਚ ਮਦਦ ਕਰ ਸਕਦੀ ਹੈ। ਇਸ ਤੋਂ ਬਾਅਦ 1923 ਈਸਵੀ ਵਿਚ ਇਲੀਨਾਏ ਯੂਨੀਵਰਸਿਟੀ ਵਿਚ ਮਨੋਵਿਗਿਆਨੀ ਕੋਲਮਨ ਗ੍ਰਿਫਤ ਨੇ ਵੀ ਇਸ ਵਿਸ਼ੇ ਨੂੰ ਪੜ੍ਹਾਉਣ ਲਈ ਕੰਮ ਕਰਨਾ ਸ਼ੁਰੂ ਕੀਤਾ ਅਤੇ ਖਿਡਾਰੀਆ ਤੇ ਕੋਚਾਂ ਨੂੰ ਮਨੋਵਿਗਿਆਨਕ ਦਾਅ-ਪੇਚ ਸਿਖਾਉਣੇ ਸ਼ੁਰੂ ਕੀਤੇ। 1925 ਈਸਵੀ ਵਿਚ ਲੈਨਿਨਗ੍ਰਾਡ ਇੰਸਟੀਚਿਊਟ ਆਫ ਫਿਜ਼ੀਕਲ ਕਲਚਰ ਨਾਮ ਦੀ ਪ੍ਰਯੋਗਸ਼ਾਲਾ ਮਨੋਵਿਗਿਆਨੀ ਏ. ਜ਼ੈਡ. ਪੂਨੀ ਦੁਆਰਾ ਸ਼ੁਰੂ ਕੀਤੀ ਗਈ। ਉਸ ਨੇ ਖੇਡ ਦੇ ਸਬੰਧ ਵਿਚ ਮਨੋਵਿਗਿਆਨਕ ਤਜਰਬੇ ਕਰ ਕੇ ਕਈ ਖੇਡਾਂ ਲਈ ਲਾਭਵੰਦ ਸਿੱਟੇ ਕੱਢੇ ਅਤੇ ਇਸ 'ਤੇ ਇਕ ਕਿਤਾਬ ਵੀ ਲਿਖੀ, ਪਰ ਫੰਡਾਂ ਦੀ ਘਾਟ ਕਾਰਨ ਇਹ ਕੰਮ ਉਸ ਨੂੰ 1932 ਵਿਚ ਬੰਦ ਕਰਨਾ ਪਿਆ। ਇਸ ਖੇਤਰ ਵਿਚ ਖੋਜ ਵਿਚ ਲੰਬੀ ਖੜੋਤ ਆ ਗਈ।

1965 ਵਿਚ ਅਮਰੀਕਾ ਦੇ ਮਨੋਵਿਗਿਆਨੀ ਫੈਰੂਸੀਓ ਐਂਟੋਨੀ ਨੇ ਸਪੋਰਟਸ ਸਾਇਕਾਲੋਗੀ ਇੰਟਰਨੈਸ਼ਨਲ ਸੁਸਾਇਟੀ ਬਣਾਈ, ਜੋ ਅੱਜ ਤਕ ਇਸ ਖੇਤਰ ਵਿਚ ਕੰਮ ਕਰ ਰਹੀ ਹੈ। ਭਾਰਤ ਵਿਚ ਸਪੋਰਟਸ ਸਾਇਕਾਲੋਜੀ ਐਸੋਸੀਏਸ਼ਨ ਆਫ ਇੰਡੀਆ 1977 ਈਸਵੀ ਵਿਚ ਬਣਾਈ ਗਈ। ਦੇਸ਼ ਦੀਆਂ ਕਈ ਯੂਨੀਵਰਸਿਟੀਆਂ ਵਿਚ ਇਸ ਵਿਸ਼ੇ 'ਤੇ ਪੜ੍ਹਾਈ ਸ਼ੁਰੂ ਕਰਵਾਈ ਗਈ ਹੈ, ਖੋਜਾਂ ਵੀ ਹੋ ਰਹੀਆਂ ਹਨ, ਪਰ ਅਜੇ ਵੀ ਜਿੰਨੀ ਲੋੜ ਹੈ, ਉਨਾ ਕੰਮ ਨਹੀਂ ਹੋ ਰਿਹਾ। ਇੱਥੇ ਅਜੇ ਵੀ ਇਹੀ ਸਮਝਿਆ ਜਾਂਦਾ ਹੈ ਕਿ ਮਨੋਵਿਗਿਆਨ ਦੀ ਲੋੜ ਸਿਰਫ ਉਦੋਂ ਹੀ ਪੈਂਦੀ ਹੈ, ਜਦੋਂ ਕਿਸੇ ਖਿਡਾਰੀ ਨੂੰ ਕੋਈ ਮਾਨਸਿਕ ਸਮੱਸਿਆ ਹੋਵੇ। ਖਿਡਾਰੀ ਵੀ ਮਨੋਵਿਗਿਆਨੀ ਦੀ ਮਦਦ ਲੈਣ ਤੋਂ ਇਸ ਕਰਕੇ ਡਰਦੇ ਹਨ ਕਿ ਉਨ੍ਹਾਂ ਨੂੰ ਰੋਗੀ ਨਾ ਸਮਝ ਲਿਆ ਜਾਵੇ। ਅਜੇ ਵੀ ਮਾਹਰ ਸਪੋਰਟਸ ਮਨੋਵਿਗਿਆਨੀਆਂ ਦੀ ਵੱਡੀ ਘਾਟ ਹੈ ਅਤੇ ਇਹ ਸਾਡੇ ਦੇਸ਼ ਦੀਆਂ ਖੇਡਾਂ ਵਿਚ ਪ੍ਰਾਪਤੀਆਂ ਦੀ ਇਕ ਕਮਜ਼ੋਰ ਕੜੀ ਹੈ।





ਖਿਡਾਰੀਆਂ ਨੂੰ ਸਿਧਾਉਣ ਵਾਲੇ ਕੋਚਾਂ ਨੇ ਆਪਣੇ ਤਜਰਬਿਆਂ ਦੇ ਨਿਚੋੜ ਵਿਚੋਂ ਇਹ ਗੱਲ ਕੱਢੀ ਹੈ ਕਿ ਕਈ ਵਾਰੀ ਸਰੀਰਕ ਤਾਕਤ ਅਤੇ ਮਿਹਨਤ ਨੂੰ ਦਿੱਤਾ ਸਮਾਂ ਬਰਾਬਰ ਹੋਣ ਦੇ ਬਾਵਜੂਦ ਦੋ ਖਿਡਾਰੀਆਂ ਦੀ ਪ੍ਰਾਪਤੀ ਵਿਚ ਬਹੁਤ ਫਰਕ ਰਹਿ ਜਾਂਦਾ ਹੈ। ਇਸ ਦਾ ਹੱਲ ਲੱਭਣ ਲਈ ਮਨੋਵਿਗਿਆਨੀ ਮਦਦ ਲਈ ਆਉਂਦੇ ਹਨ। ਸਭ ਤੋਂ ਪਹਿਲਾਂ ਇਹ ਦੇਖਣ ਦੀ ਲੋੜ ਹੈ ਕਿ ਕੋਈ ਖਿਡਾਰੀ ਆਪਣਾ ਨਿਸ਼ਾਨਾ ਸਹੀ ਮਿੱਥਦਾ ਹੈ ਤੇ ਉਸ ਮਿਥੇ ਹੋਏ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਲੋੜੀਂਦੀ ਮਿਹਨਤ ਦੇ ਨਾਲ ਨਾਲ ਉਸ ਨਿਸ਼ਾਨੇ 'ਤੇ ਆਪਣੇ ਮਨ ਨੂੰ ਵੀ ਇਕਾਗਰ ਕਰਦਾ ਹੈ। ਇਥੇ ਸਾਨੂੰ ਮਹਾਂ-ਭਾਰਤ ਵਿਚ ਅਰਜਨ ਦੇ ਮਛਲੀ ਦੀ ਅੱਖ ਵਿਚ ਤੀਰ ਮਾਰਨ ਦੇ ਵਾਕਿਆ ਵਲ ਧਿਆਨ ਦੇਣ ਦੀ ਲੋੜ ਹੈ। ਬਾਕੀ ਯੋਧਿਆਂ ਨੂੰ ਜਦੋਂ ਪੁਛਿਆ ਗਿਆ ਕਿ ਤੁਹਾਨੂੰ ਤੇਲ ਦੇ ਕੜਾਹੇ ਵਿਚ ਕੀ ਦਿਸਦਾ ਹੈ ਤਾਂ ਕਿਸੇ ਦਾ ਜਵਾਬ ਸੀ 'ਮੱਛਲੀ ਨੂੰ ਘੁਮਾਉਣ ਵਾਲਾ ਚੱਕਰ' ਤੇ ਕਿਸੇ ਦਾ ਜਵਾਬ ਸੀ 'ਮੱਛਲੀ', ਪਰ ਅਰਜਨ ਦਾ ਜਵਾਬ ਸੀ 'ਸਿਰਫ ਮਛਲੀ ਦੀ ਅੱਖ ਦਿਸਦੀ ਹੈ।' ਏਨੀ ਇਕਾਗਰਤਾ ਸੀ ਉਸ ਦੀ ਅਸਲ ਨਿਸ਼ਾਨੇ 'ਤੇ। ਇਸੇ ਲਈ ਉਹ ਤੇਲ ਦੇ ਕੜਾਹੇ ਵਿਚ ਉਪਰ ਚਲ ਰਹੇ ਚੱਕਰ ਦੇ ਪ੍ਰਛਾਵੇਂ ਨੂੰ ਵੇਖ ਕੇ ਮਛਲੀ ਦੀ ਅੱਖ ਦਾ ਨਿਸ਼ਾਨਾ ਲਾ ਸਕਿਆ। ਖੇਡ ਦੇ ਮੈਦਾਨ ਵਿਚ ਵੀ ਜਦੋਂ ਸਾਡੇ ਮਨ ਦੀ ਇਕਾਗਰਤਾ ਦੀ ਸੇਧ ਵਿਚ ਸਾਡਾ ਨਿਸ਼ਾਨਾ ਹੋਵੇਗਾ ਤਾਂ ਵੱਡੇ ਮੈਡਲ ਜ਼ਰੂਰ ਜਿੱਤੇ ਜਾਣਗੇ। ਉਰਦੂ ਦੇ ਵੱਡੇ ਸ਼ਾਇਰ ਜਨਾਬ ਬਸ਼ੀਰ ਬਦਰ ਨੇ ਲਿਖਿਆ ਹੈ,

ਜਿਸ ਦਿਨ ਸੇ ਚਲਾ ਹੂੰ
ਮੇਰੀ ਮੰਜ਼ਲ ਪੇ ਨਜ਼ਰ ਹੈ,
ਆਂਖੋਂ ਨੇ ਕਭੀ ਮੀਲ ਕਾ ਪੱਥਰ ਨਹੀਂ ਦੇਖਾ।

ਇਹ ਆਮ ਕਰਕੇ ਵੇਖਿਆ ਗਿਆ ਹੈ ਕਿ ਸਕੂਲਾਂ, ਕਾਲਜਾਂ ਵਿਚ ਵਿਦਿਆਰਥੀਆਂ ਨੂੰ ਖੇਡਾਂ ਲਈ ਤਿਆਰ ਕਰਨ ਸਮੇਂ ਸਿਆਣੇ ਕੋਚ ਖਿਡਾਰੀ ਦੀ ਸਰੀਰਕ ਯੋਗਤਾ ਨੂੰ ਸਮਝਣ ਦੇ ਨਾਲ ਨਾਲ ਉਸ ਦੇ ਪਿਛੋਕੜ ਨੂੰ ਵੀ ਸਮਝਣ ਦੀ ਕੋਸ਼ਿਸ਼ ਕਰਦੇ ਹਨ, ਕਿਉਂਕਿ ਉਸ ਦੇ ਮਾਨਸਿਕ ਢਾਂਚੇ ਤੇ ਉਸ ਦੀ ਆਰਥਿਕ ਹਾਲਤ, ਸਮਾਜਿਕ ਹਾਲਤ ਦਾ ਗੂੜ੍ਹਾ ਪ੍ਰਭਾਵ ਪੈਂਦਾ ਹੈ, ਜੋ ਉਸ ਦੀ ਸਰੀਰਕ ਯੋਗਤਾ ਲਈ ਵਾਧਾ ਬਣ ਸਕਦੀ ਹੈ। ਜੇ ਕਿਸੇ ਕੌਮੀ ਜਾਂ ਕੌਮਾਂਤਰੀ ਖਿਡਾਰੀ ਨੂੰ ਰੋਜ਼ੀ ਰੋਟੀ ਲਈ ਦੂਸਰੇ ਦੇ ਖੇਤਾਂ ਵਿਚ ਝੋਨਾ ਲਾਉਣਾ ਪਵੇ ਜਾਂ ਹਮੇਸ਼ਾ ਖੇਡ ਮੈਦਾਨ ਵਿਚ ਜਾ ਕੇ ਘਰ ਦੀ ਭੁੱਖ ਦਾ ਹੀ ਫਿਕਰ ਹੋਵੇ ਤਾਂ ਉਸ ਦਾ ਮਨ ਕਿੰਨਾ ਕੁ ਖੇਡ ਵਿਚ ਲੱਗ ਸਕੇਗਾ ਤੇ ਕਿੰਨੀ ਕੁ ਵੱਡੀ ਪ੍ਰਾਪਤੀ ਹੋ ਸਕੇਗੀ! ਜੇ ਕੋਈ ਖਿਡਾਰੀ ਮੈਦਾਨ ਵਿਚ ਆ ਕੇ ਵੀ ਆਪਣੀਆਂ ਘਰੇਲੂ ਸਮੱਸਿਆਵਾਂ ਬਾਰੇ ਸੋਚਦਾ ਰਿਹਾ ਤਾਂ ਉਹ ਆਪਣੀ ਖੇਡ ਨਾਲ ਪੂਰਾ ਇਨਸਾਫ ਨਹੀਂ ਕਰ ਸਕੇਗਾ। ਉਸ ਦੀ ਸਰੀਰਕ ਤਾਕਤ ਜਿੰਨੀ ਮਰਜ਼ੀ ਵਧੀਆ ਹੋਵੇ, ਪਰ ਉਹ ਆਪਣੇ ਅੰਦਰਲੇ ਖਿਡਾਰੀ ਨੂੰ ਕੰਟਰੋਲ ਨਹੀਂ ਕਰ ਸਕੇਗਾ। ਉਹ ਆਪਣੇ ਗੋਲ 'ਤੇ ਇਕਾਗਰ ਨਹੀਂ ਹੋ ਸਕੇਗਾ। ਇਹ ਵੀ ਤਜਰਬੇ ਦੱਸਦੇ ਹਨ ਕਿ ਆਮ ਕਰਕੇ ਖਿਡਾਰੀ ਆਪਣੀ ਸਰੀਰਕ ਸ਼ਕਤੀ ਦਾ ਅੱਧਾ ਹਿੱਸਾ ਵੀ ਵਰਤੋਂ ਵਿਚ ਨਹੀਂ ਲਿਆਉਂਦਾ, ਇਹ ਮਾਨਸਿਕ ਸ਼ਕਤੀ ਹੀ ਹੈ, ਜੋ ਖਿਡਾਰੀ ਨੂੰ ਪੂਰੀ ਸ਼ਕਤੀ ਲਾਉਣ ਲਈ ਪ੍ਰੇਰਦੀ ਹੈ।

ਕਿਸੇ ਵੀ ਕੰਮ ਜਾਂ ਖੇਡ ਵਿਚ ਉਨੀ ਦੇਰ ਖਿਡਾਰੀ ਆਪਣੀ ਯੋਗਤਾ ਨਾਲ ਇਨਸਾਫ ਨਹੀਂ ਕਰ ਸਕਦੇ, ਜਦੋਂ ਤਕ ਉਹ ਆਪਣੇ ਨਿਸ਼ਾਨੇ 'ਤੇ ਕੇਂਦ੍ਰਿਤ ਨਹੀਂ ਹੁੰਦੇ। ਸਰੀਰਕ ਮਸਲਾਂ ਦੀ ਤਰ੍ਹਾਂ ਹੀ ਫੋਕਸ ਵੀ ਸਾਡਾ ਮਾਨਸਿਕ ਮਸਲ ਹੈ, ਜਿੰਨਾ ਇਹ ਤਾਕਤਵਰ ਹੋਵੇਗਾ, ਉਨੀ ਵੱਡੀ ਸਾਡੀ ਖੇਡਾਂ ਵਿਚ ਪ੍ਰਾਪਤੀ ਹੋਵੇਗੀ। ਮਾਨਸਿਕ ਮਸਲ ਨੂੰ ਵੀ ਸਾਧਨਾ ਨਾਲ ਹੀ ਤਾਕਤਵਰ ਕੀਤਾ ਜਾ ਸਕਦਾ ਹੈ। ਅਸਲ ਵਿਚ ਮੈਦਾਨ ਵਿਚ ਬਹੁਤ ਕੁਝ ਅਜਿਹਾ ਵਰਤਾਰਾ ਚੱਲ ਰਿਹਾ ਹੁੰਦਾ ਹੈ, ਜੋ ਉਸ ਨੂੰ ਆਪਣੇ ਗੋਲ ਦੀ ਪ੍ਰਾਪਤੀ ਵਿਚ ਅੜਚਣ ਬਣ ਰਿਹਾ ਹੁੰਦਾ ਹੈ। ਬਾਹਰੀ ਅੜਚਣਾਂ ਨੂੰ ਕੰਟਰੋਲ ਕਰਨ ਲਈ ਤੁਹਾਨੂੰ ਆਪਣੀ ਇਕਾਗਰਤਾ ਗੋਲ 'ਤੇ ਵਧਾਉਣ ਦੀ ਲੋੜ ਹੁੰਦੀ ਹੈ। ਗੋਲ ਪ੍ਰਾਪਤੀ ਲਈ ਜਿਥੇ ਖਿਡਾਰੀ ਨੂੰ ਬਾਹਰਲੀਆਂ ਅੜਚਣਾਂ ਨਾਲ ਲੜਨਾ ਪੈਂਦਾ ਹੈ, ਉਥੇ ਉਸ ਨੂੰ ਆਪਣੇ ਅੰਦਰ ਚਲ ਰਹੀਆਂ ਮਾਨਸਿਕ ਅੜਚਣਾਂ ਨਾਲ ਵੀ ਜੂਝਣਾ ਪੈਂਦਾ ਹੈ। ਖੇਡ ਦੇ ਮੈਦਾਨ ਵਿਚ ਕੁਝ ਮਨੋਵਿਗਿਆਨਕ ਕਾਰਕ ਕਿਵੇਂ ਖਿਡਾਰੀ ਦੀ ਖੇਡ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਖਿਡਾਰੀ ਆਪਣੀ ਸਭ ਤੋਂ ਵਧੀਆ ਖੇਡ ਦਾ ਪ੍ਰਦਰਸ਼ਨ ਕਿਵੇਂ ਕਰ ਸਕਦਾ ਹੈ-ਅਸਲ ਵਿਚ ਖੇਡ ਮਨੋਵਿਗਿਆਨੀ ਇਸੇ ਦੀ ਖੋਜ ਕਰਕੇ ਖਿਡਾਰੀ ਦੀ ਮਦਦ ਕਰਦਾ ਹੈ। ਮਨੋ ਵਿਗਿਆਨੀ ਇਸ ਗੱਲ ਦਾ ਵੀ ਸਰਵੇਖਣ ਕਰਦਾ ਹੈ ਕਿ ਖਿਡਾਰੀ ਦੀ ਖੇਡ ਤੇ ਕਿਸੇ ਮਾਨਸਿਕ ਵਿਗਾੜ, ਉਦਾਸੀ, ਚਿੰਤਾ ਅਤੇ ਉਸ ਦੀ ਆਰਥਿਕ ਹਾਲਤ ਦਾ ਕੀ ਪ੍ਰਭਾਵ ਪੈਂਦਾ ਹੈ! ਹੋਰ ਕਾਰਕਾਂ ਵਿਚ ਉਸ ਨਾਲ ਹੋਈ ਕਿਸੇ ਧੱਕੇਸ਼ਾਹੀ ਜਾਂ ਪ੍ਰੇਸ਼ਾਨੀ, ਮੁਕਾਬਲੇ ਦੀ ਚਿੰਤਾ, ਆਪਣੇ ਹਾਣੀ ਖਿਡਾਰੀਆਂ ਦਾ ਦਬਾਅ, ਜ਼ਿੰਦਗੀ ਦੇ ਹੋਰ ਖੇਤਰਾਂ ਵਿਚ ਸਮੱਸਿਆਵਾਂ, ਪ੍ਰੇਰਨਾ ਦੀ ਘਾਟ, ਮਾਪਿਆਂ ਤੇ ਕੋਚਾਂ ਦਾ ਦਬਾਅ ਉਸ ਦੀ ਖੇਡ 'ਤੇ ਅਸਰ ਪਾ ਸਕਦਾ ਹੈ। ਜੇ ਕਿਸੇ ਸਮੇਂ ਖਿਡਾਰੀ ਦੇ ਕੋਈ ਸੱਟ ਲੱਗਣ ਕਾਰਨ ਸਦਮੇ ਵਿਚ ਚਲੇ ਜਾਵੇ ਤਾਂ ਵੀ ਸਦਮੇ ਵਿਚੋਂ ਕੱਢਣ ਲਈ ਮਨੋਵਿਗਿਆਨੀ ਮਦਦ ਕਰਦੇ ਹਨ।

ਜ਼ਿੰਦਗੀ ਵਿਚ ਮਾਨਸਿਕ ਦਬਾਅ ਤਾਂ ਹਰ ਮਨੁੱਖ ਨੂੰ ਝੱਲਣਾ ਪੈਂਦਾ ਹੈ, ਪਰ ਖਿਡਾਰੀਆਂ ਵਿਚ ਇਸ ਨੂੰ ਝੱਲਣ ਦੇ ਮੌਕੇ ਅਤੇ ਤੀਬਰਤਾ ਬਹੁਤ ਜ਼ਿਆਦਾ ਹੁੰਦੀ ਹੈ, ਜੋ ਉਸ ਦੀ ਸੋਚ, ਮਹਿਸੂਸ ਕਰਨ ਦੀ ਕ੍ਰਿਆ ਅਤੇ ਮੂਡ ਨੂੰ ਪ੍ਰਭਾਵਿਤ ਕਰਦੇ ਹਨ। ਸੰਨ 2013 ਵਿਚ ਫੁਟਬਾਲ ਨਾਲ ਸਬੰਧਤ ਸਾਰੇ ਸੰਸਾਰ ਪੱਧਰ ਦੀ ਇਕ ਸੰਸਥਾ ਨੇ ਇਕ ਸਰਵੇਖਣ ਕੀਤਾ। ਉਨ੍ਹਾਂ ਨੇ 607 ਫੁਟਬਾਲ ਖਿਡਾਰੀਆਂ ਦੇ ਇਕ ਗਰੁੱਪ, ਜਿਨ੍ਹਾਂ ਵਿਚ ਨਵੇਂ ਅਤੇ ਸਾਬਕਾ ਖਿਡਾਰੀ ਸ਼ਾਮਲ ਸਨ ਤੇ ਉਮਰ 27 ਤੋਂ 35 ਸਾਲ ਸੀ, ਉਨ੍ਹਾਂ ਦੀ ਖੇਡ ਦਾ ਸਮਾਂ 8 ਤੋਂ 12 ਸਾਲ ਸੀ, ਉਤੇ ਤਜਰਬੇ ਕੀਤੇ। ਉਨ੍ਹਾਂ ਨੇ ਵੇਖਿਆ ਕਿ ਉਨ੍ਹਾਂ ਵਿਚ 15% ਤੋਂ 18% ਵਿਚ ਉਦਾਸੀ ਦੇ ਲੱਛਣ ਪਾਏ ਗਏ, 38% ਵਿਚ ਘੋਰ ਉਦਾਸੀ ਤੇ ਚਿੰਤਾ ਪਾਈ ਗਈ। ਉਨ੍ਹਾਂ ਵਿਚੋਂ ਮੌਜੂਦਾ ਖਿਡਾਰੀਆਂ ਵਿਚ 9% ਅਤੇ ਸਾਬਕਾ ਖਿਡਾਰੀਆਂ ਵਿਚੋਂ 25% ਉਦਾਸੀ ਦੂਰ ਕਰਨ ਲਈ ਅਲਕੋਹਲ ਦੀ ਵਰਤੋਂ ਕਰਦੇ ਸਨ। ਇਹ ਵੀ ਵੇਖਿਆ ਗਿਆ ਕਿ ਡਿਪ੍ਰੈਸ਼ਨ ਕਾਰਨ 23% ਤੋਂ 28% ਨੂੰ ਨੀਂਦ ਪੂਰੀ ਤਰ੍ਹਾਂ ਨਹੀਂ ਆਉਂਦੀ ਸੀ, ਜਿਸ ਕਾਰਨ ਉਹ ਆਪਣੀ ਖੇਡ ਵਿਚ ਬਣਦੀ ਪੂਰੀ ਪ੍ਰਾਪਤੀ ਨਹੀਂ ਕਰ ਸਕਦੇ ਸਨ। ਇਸੇ ਤਰ੍ਹਾਂ 2015 ਵਿਚ 540 ਫੁਟਬਾਲਰਾਂ ਦਾ ਸਰਵੇਖਣ ਕੀਤਾ ਗਿਆ, ਜੋ ਪੰਜ ਦੇਸ਼ਾਂ ਨਾਲ ਸਬੰਧਤ ਸਨ। ਨੌਰਵੇ ਦੇ 43% ਖਿਡਾਰੀਆਂ ਵਿਚ ਚਿੰਤਾ ਅਤੇ ਡਿਪ੍ਰੈਸ਼ਨ ਪਾਈ ਗਈ। ਸਪੇਨ ਦੇ 33% ਖਿਡਾਰੀ ਨੀਂਦ ਦੀਆਂ ਸਮੱਸਿਆਵਾਂ ਤੋਂ ਦੁੱਖੀ ਸਨ। ਫਿਨਲੈਂਡ, ਫਰਾਂਸ ਅਤੇ ਸਵੀਡਨ ਦੇ ਖਿਡਾਰੀਆਂ ਵਿਚ ਵੀ ਇਹੋ ਜਿਹੀਆਂ ਹੀ ਸਮੱਸਿਆਵਾਂ ਪਾਈਆਂ ਗਈਆਂ।

ਜਿਹੜੇ ਕੋਚ ਖਿਡਾਰੀ ਨੂੰ ਮੈਦਾਨ ਵਿਚ ਭੇਜਣ ਵੇਲੇ ਉਸ ਅੰਦਰਲੀ ਸਕਾਰਾਤਮਕ ਮਾਨਸਿਕ ਸ਼ਕਤੀ ਨੂੰ ਪ੍ਰਚੰਡ ਕਰ ਦਿੰਦੇ ਹਨ, ਉਹ ਖਿਡਾਰੀ ਫਤਿਹ ਪਾਉਂਦੇ ਹਨ। ਇਹ ਵੀ ਨੋਟ ਕੀਤਾ ਗਿਆ ਕਿ ਇਕ ਕਾਲਜ ਦੀ ਫੁਟਬਾਲ ਦੀ ਟੀਮ ਦੇ ਕੋਚ ਆਪਣੀ ਟੀਮ ਨੂੰ ਮੈਚ ਤੋਂ ਪਹਿਲਾਂ ਕਾਲਜ ਦੇ ਉਸ ਕਮਰੇ ਵਿਚ ਲਿਜਾ ਕੇ ਯੋਧਿਆਂ ਦੀਆਂ ਵਾਰਤਾਵਾਂ ਸੁਣਾ ਕੇ ਖਿਡਾਰੀਆਂ ਵਿਚ ਜੋਸ਼ ਭਰਦੇ ਸਨ, ਉਨ੍ਹਾਂ ਦੇ ਮਨ ਨੂੰ ਪ੍ਰਚੰਡ ਕਰਦੇ ਸਨ। ਟੀਮ ਵੱਡੇ ਕਾਰਨਾਮੇ ਕਰ ਜਾਂਦੀ ਸੀ। ਸਾਡਾ ਸਰੀਰ ਹਾਰਡਵੇਅਰ ਹੈ ਤੇ ਸਾਡਾ ਮਨ ਇਸ ਦਾ ਸੌਫਟਵੇਅਰ ਹੈ। ਜਿਹੜੇ ਖਿਡਾਰੀ ਮੈਦਾਨ ਫਤਿਹ ਕਰਦੇ ਹਨ, ਉਹ ਆਪਣੇ ਸਰੀਰ ਤੋਂ ਪੂਰਾ ਕੰਮ ਲੈਣ ਲਈ ਆਪਣੇ ਮਾਨਸਿਕ ਢਾਂਚੇ ਨੂੰ ਸ਼ੀਸ਼ੇ ਵਾਂਗ ਨਿਰੋਇਆ ਰੱਖਦੇ ਹਨ। ਸਾਡੇ ਦਿਮਾਗ ਤੋਂ ਲੈ ਕੇ ਸਰੀਰ ਦੇ ਸਾਰੇ ਅੰਗ ਮਨ ਸੌਫਟਵੇਅਰ ਦੇ ਇਸ਼ਾਰੇ 'ਤੇ ਕੰਮ ਕਰਦੇ ਹਨ। ਹਰ ਮੈਦਾਨ ਫਤਿਹ ਕਰਨ ਲਈ ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਚੜ੍ਹਦੀ ਕਲਾ ਦਾ ਫਲਸਫਾ ਇਸੇ ਕਰਕੇ ਦਿੱਤਾ ਸੀ, ਕਿਉਂਕਿ ਉਹ ਬਹੁਤ ਮਹਾਨ ਮਨੋਵਿਗਿਆਨੀ ਸਨ, ਮਨ ਦੀ ਸ਼ਕਤੀ ਨੂੰ ਸਮਝ ਕੇ ਹੀ ਉਨ੍ਹਾਂ ਨੇ ਫਰਮਾਇਆ ਸੀ, "ਮਨ ਜੀਤੈ ਜਗੁ ਜੀਤ॥"

ਜੋ ਖਿਡਾਰੀ ਨਿਰਾਸ਼ਾ, ਭੈਅ ਤੇ ਅਸੁਰੱਖਿਅਤਾ ਬਸ ਨਸ਼ਿਆਂ ਵਲ ਤੁਰਦਾ ਹੈ, ਗੈਂਗਸਟਰਾਂ ਜਾਂ ਹੋਰ ਸਮਾਜ ਵਿਰੋਧੀ ਅਨਸਰਾਂ ਦੇ ਢਹੇ ਚੜ੍ਹਦਾ ਹੈ ਤਾਂ ਇਥੇ ਵੀ ਮਨੋਵਿਗਿਆਨਕ ਪਹੁੰਚ ਦੀ ਘਾਟ ਨਜ਼ਰ ਆਉਂਦੀ ਹੈ। ਭਾਵੇਂ ਇੱਥੇ ਬੇਰੁਜ਼ਗਾਰੀ, ਸਮੇਂ ਤੇ ਜਿੱਤ ਦਾ ਰਿਵਾਰਡ ਤੇ ਮਾਣ ਸਤਿਕਾਰ ਨਾ ਮਿਲਣਾ, ਖੇਡਾਂ ਵਿਰੋਧੀ ਸਿਆਸਤ ਵੀ ਸਟਰੈਸ ਦਾ ਕਾਰਨ ਬਣਦੇ ਹਨ, ਪਰ ਕਿਤੇ ਨਾ ਕਿਤੇ ਉਨ੍ਹਾਂ ਪ੍ਰਤੀ ਅਪਨਾਏ ਗਏ ਅ-ਮਨੋਵਿਗਿਆਨਕ ਢੰਗ-ਤਰੀਕੇ ਵੀ ਜ਼ਿੰਮੇਵਾਰ ਬਣਦੇ ਹਨ। ਖੇਡਾਂ ਵਿਚ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਵੱਡੀਆਂ ਪ੍ਰਾਪਤੀਆਂ ਕਰਨ ਲਈ ਸਰਕਾਰਾਂ ਨੂੰ ਇਸ ਪਾਸੇ ਵਲ ਬਹੁਤ ਹੀ ਧਿਆਨ ਦੇਣ ਦੀ ਲੋੜ ਹੈ।

# ਪ੍ਰਿੰ. ਹਰਭਜਨ ਸਿੰਘ ਦਾ ਖੇਡ ਸੰਸਾਰ

*(ਪਿਛਲੇ ਸਫੇ ਦੀ ਬਾਕੀ)*

ਸਿੰਘ, ਜਗਤਾਰ ਸਿੰਘ, ਰਾਮ ਕਿਸ਼ਨ ਬਿੱਲਾ, ਸਤਵੰਤ ਸਿੰਘ, ਬਲਕਾਰ ਸਿੰਘ, ਅਵਤਾਰ ਸਿੰਘ ਦਾਦੂਵਾਲ, ਕੇਵਲ ਸਿੰਘ ਮਾਲੀ ਖੈਰੜ ਅੱਛਰਵਾਲ, ਨਿਰਮਲ ਬਾਬਾ ਤੇ ਪਿਆਰਾ ਸਿੰਘ ਹਵੇਲੀ ਆਦਿ ਇਨ੍ਹਾਂ ਗਰਾਊਂਡਾਂ ਵਿਚ ਤਰਾਸ਼ੇ ਗਏ ਸਨ।

ਰੱਸਾ ਟੀਮ ਦੀ ਪ੍ਰੈਕਟਿਸ ਲਈ ਰੱਸੇ ਦਾ ਇਕ ਸਿਰਾ ਗਰਾਊਂਡ ਕੰਢੇ ਖੜ੍ਹੀ ਟਾਹਲੀ ਨਾਲ ਬੰਨ੍ਹਿਆ ਜਾਂਦਾ, ਜਿਸ ਨਾਲ ਘੰਟਿਆਂ ਬੱਧੀ ਖਿਡਾਰੀਆਂ ਦਾ ਜ਼ੋਰ ਅਜ਼ਮਾਇਆ ਜਾਂਦਾ ਸੀ। ਅੰਮ੍ਰਿਤਸਰ ਵਿਚ ਦੀਵਾਲੀ ਦੇ ਮੁਬਾਰਕ ਮੇਲੇ ਉਤੇ ਪੰਜਾਬ ਭਰ ਦੀਆਂ ਫੁੱਟਬਾਲ, ਹਾਕੀ ਤੇ ਰੱਸਾਕਸ਼ੀ ਦੀਆਂ ਟੀਮਾਂ ਪਹੁੰਚਦੀਆਂ ਸਨ ਤੇ ਝੰਡੀ ਅਕਸਰ ਮਾਹਿਲਪੁਰ ਸਕੂਲ-ਕਾਲਜ ਦੀ ਝੁਲਦੀ ਸੀ। ਸਾਰਾ ਇਲਾਕਾ ਉਡੀਕ ਕਰਦਾ ਸੀ ਤੇ ਜਿੱਤ ਦੇ ਜਸ਼ਨ ਮਨਾਉਂਦਾ ਸੀ। ਇਨ੍ਹਾਂ ਖੇਡ ਮੈਦਾਨਾਂ ਨੇ ਮਾਹਿਲਪੁਰ ਦੇ ਖੇਡ ਪਸਾਰੇ ਵਿਚ ਮੁੱਖ ਯੋਗਦਾਨ ਪਾਇਆ, ਜਿਸ ਦੇ ਸਰਪ੍ਰਸਤ ਪ੍ਰਿੰ. ਹਰਭਜਨ ਸਿੰਘ ਸਨ। ਫੁੱਟਬਾਲ ਵਿਚ ਵਿਸ਼ੇਸ਼ ਤੌਰ 'ਤੇ ਜਰਨੈਲ ਸਿੰਘ ਤੇ ਗੁਰਦੇਵ ਸਿੰਘ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ, ਜਿਨ੍ਹਾਂ ਕਰਕੇ ਦੋਹਾਂ ਨੂੰ ਭਾਰਤ ਦੇ ਸਰਬਉੱਚ ਖੇਡ ਪੁਰਸਕਾਰ ਅਰਜਨਾ ਅਵਾਰਡ ਨਾਲ ਸਨਮਾਨਿਆ ਗਿਆ। ਮਾਹਿਲਪੁਰ ਦੇ ਖਿਡਾਰੀ ਦੇਸ਼ ਦੇ ਨਾਮੀ ਕਲੱਬਾਂ 'ਚ ਖੇਡੇ ਤੇ ਖੇਡ ਰਹੇ ਹਨ। ਮਾਹਿਲਪੁਰ ਵਿਚ ਜਿਥੇ ਪਹਿਲਾਂ ਫੁੱਟਬਾਲ ਦਾ ਮੈਂਗੋ ਸੀਜ਼ਨ ਟੂਰਨਾਮੈਂਟ ਹੁੰਦਾ ਸੀ, ਉਥੇ ਪੰਜਾਹ ਸਾਲਾਂ ਤੋਂ ਪ੍ਰਿੰ. ਹਰਭਜਨ ਸਿੰਘ ਫੁੱਟਬਾਲ ਟੂਰਨਾਮੈਂਟ ਵੀ ਹੋ ਰਿਹੈ, ਜਿਸ ਵਿਚ ਨਾਮੀ ਟੀਮਾਂ ਭਾਗ ਲੈਂਦੀਆਂ ਹਨ।

### ਨਾਮੀ ਕੁਨਾਮੀ ਫੁੱਟਬਾਲਰ

ਜਦੋਂ ਫੁੱਟਬਾਲਰਾਂ ਬਾਰੇ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਸੀ ਤਾਂ ਇਕ ਬੜਾ ਅਜੀਬ ਜਿਹਾ ਤੱਥ ਸਾਹਮਣੇ ਆਇਆ। ਕਈ ਨਾਮੀ ਫੁੱਟਬਾਲਰਾਂ ਦੇ ਨਾਂਵਾਂ ਨਾਲ ਅਜੀਬ ਜਿਹੇ ਪੜਨਾਂਵ ਜੁੜੇ ਹੋਏ ਸਨ, ਜਿਵੇਂ ਭੂਤਨਾ, ਕਾਂ, ਮਾਲੀ ਤੇ ਮਾਤੂ ਆਦਿ। ਸੋਚਿਆ ਇਹ ਪੜਨਾਂਵ ਅਸਲੀ ਨਾਂਵਾਂ ਨਾਲ ਨਾ ਲਿਖੇ ਜਾਣ, ਪਰ ਤਜਰਬੇਕਾਰ ਤੇ ਸਿਆਣੇ ਫੁੱਟਬਾਲ ਫੈਨ ਕਹਿਣ ਲੱਗੇ ਕਿ ਇਹ ਪੜਨਾਂਵ ਤਾਂ ਤਖੱਲਸਾਂ ਤੇ ਖਿਤਾਬਾਂ ਵਾਂਗ ਹਨ, ਜੋ ਦਰਸ਼ਕਾਂ ਨੇ ਸੁਭਾਵਿਕ ਹੀ ਖਿਡਾਰੀਆਂ ਨੂੰ ਬਖਸ਼ੇ ਹਨ। ਖਿਡਾਰੀ ਦੀ ਅਸਲੀ ਪਛਾਣ ਹੀ ਇਨ੍ਹਾਂ ਨਾਂਵਾਂ-ਕੁਨਾਵਾਂ ਕਰਕੇ ਹੈ। ਆਓ, ਭੂਤਨਾ ਪੜਨਾਂਵ ਦੀ ਗੱਲ ਕਰੀਏ। ਇਹ ਖਿਡਾਰੀ ਸਕਰੂਲੀ ਦਾ ਜੋਗਿੰਦਰ ਸਿੰਘ ਹੈ। ਜਦੋਂ ਤਕ ਉਹਦੇ ਨਾਮ ਨਾਲ ਭੂਤਨਾ ਨਾ ਲਾਓ, ਉਹਦੀ ਕੋਈ ਪਛਾਣ ਹੀ ਨਹੀਂ। ਇਹ ਵੀ ਦੱਸ ਦੇਈਏ ਕਿ ਇਥੇ ਭੂਤਨਾ ਉਪਨਾਂਵ ਦਾ ਕੀ ਅਰਥ ਹੈ। ਜਦੋਂ ਜੋਗਿੰਦਰ ਪਾਸ ਬਾਲ ਆ ਜਾਂਦਾ ਸੀ, ਉਹਦਾ ਹੋਰ ਹੀ ਰੰਗ-ਰੂਪ ਹੋ ਜਾਂਦਾ ਸੀ, ਜਿਵੇਂ ਕੋਈ ਗੈਬੀ ਸ਼ਕਤੀ ਉਸ ਵਿਚ ਆ ਗਈ ਹੋਵੇ। ਸੋ ਉਹ ਭੂਤ ਨਹੀਂ ਸੀ, ਸਗੋਂ ਉਸ ਵਿਚ ਭੂਤਨੇ ਵਰਗੀ ਤਾਕਤ ਆ ਜਾਂਦੀ ਸੀ, ਜਿਸ ਕਾਰਨ ਦਰਸ਼ਕਾਂ ਨੇ ਉਹਦਾ ਨਾਂ ਭੂਤਨਾ ਰੱਖ ਲਿਆ।

ਇਸੇ ਤਰ੍ਹਾਂ ਜੇ ਕਿਸੇ ਖਿਡਾਰੀ ਨੂੰ ਕਾਂ ਕਹੀਏ ਤਾਂ ਲੜਾਈ ਮੁੱਲ ਲੈਣ ਵਾਲੀ ਗੱਲ ਬਣ ਜਾਂਦੀ ਹੈ; ਪਰ ਹਵੇਲੀ ਦੇ ਖਿਡਾਰੀ ਪਿਆਰਾ ਸਿੰਘ ਨੂੰ ਕਾਂ ਨਾ ਕਹੀਏ ਤਾਂ ਉਹ ਹੁੰਗਾਰਾ ਹੀ ਨਹੀਂ ਭਰਦਾ। ਉਹਦੀ ਖੇਡ ਦੇ ਪ੍ਰਸ਼ੰਸਕਾਂ ਲਈ ਪਿਆਰਾ ਸਿੰਘ ਨੂੰ ਕਾਂ ਕਹਿ ਕੇ ਵਡਿਆਉਣ ਬਿਨਾ ਤਾਂ ਉਹ ਬੋਲਦਾ ਹੀ ਨਹੀਂ! ਉਸ ਦਾ ਕਾਂ ਨਾਂ ਇਸ ਕਰਕੇ ਪਿਆ ਕਿ ਉਹ ਵਿਰੋਧੀ ਖਿਡਾਰੀ ਕੋਲੋਂ ਬਾਲ ਇਸ ਤਰ੍ਹਾਂ ਖੋਹ ਲੈਂਦਾ ਸੀ, ਜਿਵੇਂ ਕਾਂ ਬੱਚੇ ਕੋਲੋਂ ਰੋਟੀ ਦਾ ਟੁਕੜਾ। ਫਿਰ ਉਹ ਬਾਲ ਲੈ ਕੇ ਕਾਂ ਵਾਂਗ ਉਡੰਤਰ ਹੋ ਜਾਂਦਾ ਸੀ। ਇਸੇ ਤਰ੍ਹਾਂ ਪਹਿਲੀ ਪੀੜ੍ਹੀ ਦਾ ਖਿਡਾਰੀ ਜਗਤਾਰ ਮਾਤੂ ਮਾਹਿਲਪੁਰ ਦਾ ਸੀ। ਮਾਤੂ ਸ਼ਬਦ ਵੀ ਕੋਈ ਚੰਗੇ ਅਰਥ ਨਹੀਂ ਰੱਖਦਾ। ਉਹਦਾ ਜੁੱਸਾ ਪਤਲਾ ਪਤੰਗ ਸੀ, ਪਰ ਖਿਡਾਰੀ ਬੜਾ ਤਕੜਾ ਸੀ। ਇਸੇ ਤਰ੍ਹਾਂ ਗੁਰਦੇਵ ਗਿੱਲ ਅਰਜਨਾ ਅਵਾਰਡੀ ਨੂੰ ਕਾਲਜ ਵੇਲੇ ਤੋਂ ਦਰਸ਼ਕ ਕੋਚ ਕਹਿੰਦੇ ਸਨ, ਕਿਉਂਕਿ ਉਹ ਖੇਡਦਾ ਹੋਇਆ ਆਪਣੇ ਸਾਥੀਆਂ ਨੂੰ ਮੱਤਾਂ ਦੇਣੋਂ ਨਹੀਂ ਸੀ ਟਲਦਾ। ਇਸੇ ਤਰ੍ਹਾਂ ਦੋ ਖਿਡਾਰੀਆਂ ਦੇ ਉਪਨਾਮ ਘੋਗੇ ਸਨ- ਇਕ ਛੋਟਾ ਘੋਗਾ, ਦੂਜਾ ਵੱਡਾ ਘੋਗਾ! ਇਕ ਸਿੱਖਰਾਂ ਛੋਹਦਾ ਖਿਡਾਰੀ ਸੀ ਲੱਭੀ। ਅਸੀਂ ਲੱਭੀ ਦਾ ਅਸਲੀ ਨਾਂ ਲੱਭ ਲੱਭ ਹਾਰ ਗਏ, ਪਰ ਲੱਭੀ ਨਾ ਅਸਲੀ ਨਾਮ ਨਾ ਲੱਭਿਆ!

### ਜਰਨੈਲ ਸਿੰਘ ਤੇ ਗੁਰਦੇਵ ਗਿੱਲ

ਜਰਨੈਲ ਸਿੰਘ ਕਮਾਲ ਦਾ ਫੁੱਟਬਾਲਰ ਸੀ। ਉਸ ਨੂੰ ਪੰਜਾਬ ਦਾ ਪੇਲੇ, ਮੈਰੀਡੋਨਾ ਜਾਂ ਰਨਾਲਡੋ, ਕੁਝ ਵੀ ਕਿਹਾ ਜਾ ਸਕਦੈ। ਉਸ ਨੇ ਦੋ ਸਾਲ ਏਸ਼ੀਅਨ ਆਲ ਸਟਾਰਜ਼ ਟੀਮ ਦੀ ਕਪਤਾਨੀ ਕੀਤੀ। ਤਿੰਨ ਸਾਲ ਉਹ ਭਾਰਤੀ ਫੁੱਟਬਾਲ ਟੀਮਾਂ ਦਾ ਕਪਤਾਨ ਰਿਹਾ। 1960 ਵਿਚ ਉਹ ਰੋਮ ਦੀਆਂ ਓਲੰਪਿਕ ਖੇਡਾਂ ਵਿਚ ਸ਼ਾਮਲ ਹੋਇਆ। ਉਸ ਨੂੰ ਵਿਸ਼ਵ ਫੁੱਟਬਾਲ ਟੀਮ ਦਾ ਸੈਂਟਰ ਫੁੱਲ ਬੈਕ ਨਾਮਜ਼ਦ ਕੀਤਾ ਗਿਆ। ਏਸ਼ੀਆ ਮਹਾਂਦੀਪ 'ਚੋਂ ਇਹ ਮਾਣ ਇਕ ਪੰਜਾਬੀ ਖਿਡਾਰੀ ਨੂੰ ਹੀ ਮਿਲਿਆ। ਕੁਆਲਾਲੰਪਰ ਦੇ ਮਰਦੇਕਾ ਟੂਰਨਾਮੈਂਟ ਸਮੇਂ ਫੀਫਾ ਦੇ ਪ੍ਰਧਾਨ ਸਰ ਸਟੈਨਲੇ ਰਾਊਜ਼ ਨੇ ਏਸ਼ੀਆ ਦੇ ਫੁੱਟਬਾਲ ਅਧਿਕਾਰੀਆਂ ਨੂੰ ਕਿਹਾ ਸੀ, "ਤੁਹਾਡੇ ਪਾਸ ਜਰਨੈਲ ਸਿੰਘ ਐਸਾ ਖਿਡਾਰੀ ਹੈ, ਜਿਹੜਾ ਦੁਨੀਆਂ ਦੀ ਕਿਸੇ ਵੀ ਟੀਮ ਵਿਚ ਖੇਡਣ ਲਈ ਚੁਣੇ ਜਾਣ ਦੇ ਯੋਗ ਹੈ।"

ਦਸ ਸਾਲ ਉਹ ਏਸ਼ੀਆ ਦਾ ਸਭ ਤੋਂ ਤਕੜਾ ਫੁੱਲ ਬੈਕ ਖਿਡਾਰੀ ਰਿਹਾ। ਜਿੰਨੇ ਸਾਲ ਉਹ ਕਲਕੱਤੇ ਦੀ ਮੋਹਨ ਬਾਗਾਨ ਕਲੱਬ ਵਿਚ ਖੇਡਿਆ, ਉਹਨੂੰ ਪੈਸੇ ਵੀ ਸਭ ਤੋਂ ਵੱਧ ਮਿਲੇ ਤੇ ਸ਼ੋਹਰਤ ਵੀ ਸਭ ਤੋਂ ਵੱਧ। ਸ਼ਾਇਦ ਹੀ ਕੋਈ ਬੰਗਾਲੀ ਹੋਵੇ, ਜਿਹੜਾ ਜਰਨੈਲ ਸਿੰਘ ਦੇ ਨਾਂ ਤੋਂ ਵਾਕਫ ਨਾ ਹੋਵੇ। ਕਲਕੱਤੇ ਦੇ ਬਾਜ਼ਾਰਾਂ ਤੇ ਬੀਹੀਆਂ ਵਿਚ ਜਰਨੈਲ ਸਿੰਘ ਨੂੰ ਸਲਾਮਾਂ ਹੁੰਦੀਆਂ ਰਹੀਆਂ। ਉਹਦੀ ਮੌਤ ਉਤੇ ਸਭ ਤੋਂ ਵੱਧ ਹੰਝੂ ਬੰਗਾਲ ਦੇ ਫੁੱਟਬਾਲ ਪ੍ਰੇਮੀਆਂ ਨੇ ਕੇਰੇ।

ਗੁਰਦੇਵ ਗਿੱਲ 1967 ਤੋਂ 71 ਤਕ ਮਾਹਿਲਪੁਰ ਕਾਲਜ ਵਿਚ ਪੜ੍ਹਿਆ। ਕਾਲਜ ਵੱਲੋਂ ਖੇਡਦਿਆਂ ਉਹ ਹਰ ਸਾਲ ਪੰਜਾਬ ਯੂਨੀਵਰਸਿਟੀ ਦੇ ਚੈਂਪੀਅਨ ਬਣਦੇ। 1971 ਵਿਚ ਉਹ ਪੰਜਾਬ ਯੂਨੀਵਰਸਿਟੀ ਟੀਮ ਦਾ ਕਪਤਾਨ ਸੀ। ਉਹ ਸਾਲਾਂ ਬੱਧੀ ਲੀਡਰ ਕਲੱਬ ਜਲੰਧਰ, ਕਲਕੱਤੇ ਦੀ ਈਸਟ ਬੰਗਾਲ ਕਲੱਬ ਤੇ ਪੰਜਾਬ ਪੁਲਿਸ ਵੱਲੋਂ ਖੇਡਦਾ ਰਿਹਾ। ਉਹ ਭਾਰਤੀ ਫੁੱਟਬਾਲ ਟੀਮ ਦਾ ਕਪਤਾਨ ਵੀ ਰਿਹਾ ਅਤੇ ਮਹਾਰਾਜਾ ਰਣਜੀਤ ਸਿੰਘ ਤੇ ਅਰਜਨਾ ਅਵਾਰਡ ਨਾਲ ਸਨਮਾਨਿਆ ਗਿਆ। ਮਾਹਿਲਪੁਰ ਦੀਆਂ ਫੁੱਟਬਾਲ ਪ੍ਰਾਪਤੀਆਂ ਪਿੱਛੇ ਵਿਦਿਅਕ ਤੇ ਖੇਡ ਸ਼ਖਸੀਅਤ ਪ੍ਰਿੰ. ਹਰਭਜਨ ਸਿੰਘ ਦਾ ਸਭ ਤੋਂ ਵੱਧ ਯੋਗਦਾਨ ਹੈ। ਤਦੇ ਮਾਹਿਲਪੁਰ ਦਾ ਨਾਂ ਲੈਂਦਿਆਂ ਪ੍ਰਿੰ. ਹਰਭਜਨ ਸਿੰਘ ਤੇ ਪ੍ਰਿੰ. ਹਰਭਜਨ ਸਿੰਘ ਦਾ ਨਾਂ ਲੈਂਦਿਆਂ ਮਾਹਿਲਪੁਰ ਯਾਦ ਆ ਜਾਂਦੈ।

ਕਹਾਣੀ

# ਇਕ ਬੁੱਲਾ ਹਵਾ ਦਾ

***ਸੁਕੀਰਤ ਦੀ ਕਹਾਣੀ 'ਇਕ ਬੁੱਲਾ ਹਵਾ ਦਾ' ਬਹੁਤ ਸਹਿਜ ਨਾਲ ਤੁਰਦੀ ਹੈ ਅਤੇ ਇਸੇ ਰੰਗ ਵਿਚ ਰੰਗ ਬਖੇਰਦੀ ਸਮਾਪਤ ਹੋ ਜਾਂਦੀ ਹੈ। ਇਸ ਸਹਿਜ ਤੋਰ ਦੇ ਨਾਲ-ਨਾਲ ਵੱਖ-ਵੱਖ ਪਾਤਰਾਂ ਦੇ ਨੈਣ-ਨਕਸ਼ ਉਘੜਦੇ ਜਾਂਦੇ ਹਨ ਅਤੇ ਨਾਲ ਹੀ ਮਨੁੱਖੀ ਰਿਸ਼ਤਿਆਂ ਦੀਆਂ ਤੰਦਾਂ ਹੋਰ ਪੀਡੀਆਂ ਹੁੰਦੀਆਂ ਜਾਪਦੀਆਂ ਹਨ। ਜਾਪਣ ਲੱਗਦਾ ਹੈ ਕਿ ਇਹ ਜ਼ਿੰਦਗੀ ਜਿਊਣ ਲਈ ਹੈ, ਰੀਂਅ-ਰੀਂਅ ਕਰਨ ਲਈ ਤਾਂ ਬਿਲਕੁਲ ਵੀ ਨਹੀਂ।***

"ਨੀਤਾ ਭਾਰਦਵਾਜ?"

ਕਿਸੇ ਐਨ ਕੋਲ ਆਣ ਕੇ ਖੜੋਣ ਵਾਲੇ ਬੰਦੇ ਨੇ ਸਵਾਲੀਆ ਲਹਿਜੇ ਵਿਚ ਕਿਹਾ ਤੇ ਅਸਾਂ ਦੋਨਾਂ ਨੇ ਇਕੋ ਵੇਲ਼ੇ ਪਿੱਛੇ ਮੁੜ ਕੇ ਦੇਖਿਆ। ਮਾਮਾ ਨੇ ਰਤਾ ਤ੍ਰਭਕਦਿਆਂ, ਤੇ ਮੈਂ ਹੈਰਾਨੀ ਨਾਲ। ਮਾਮਾ ਨੂੰ ਉਨ੍ਹਾਂ ਦੇ ਬਚਪਨ ਦੇ ਨਾਂ ਨਾਲ ਬੁਲਾਣ ਵਾਲਾ ਇਹ ਕੌਣ ਸੀ?

ਪਿੱਛੇ ਖੜ੍ਹਾ ਆਦਮੀ ਉਹੋ ਜਿਹਾ ਸੀ ਜਿਨ੍ਹਾਂ ਨੂੰ ਪੁਨੀਤ ਕੁਝ ਕੁਝ ਹਸਦ ਰਲ਼ੇ ਵਿਅੰਗ ਨਾਲ 'ਇੰਡੀਆ ਇੰਟਰਨੈਸ਼ਨਲ ਟਾਈਪ' ਕਹਿੰਦਾ ਹੁੰਦਾ ਹੈ: ਰੰਗਦਾਰ ਕੁੜਤੇ ਪਾ ਕੇ ਤੇੜ ਮੇਲਵੇਂ ਪਜਾਮੇ ਪਾਣ ਵਾਲੇ; ਕੱਪੜੇ ਹਮੇਸ਼ਾ ਹਿੰਦੁਸਤਾਨੀ ਪਰ ਅੰਗਰੇਜ਼ੀ ਅੰਗਰੇਜ਼ਾਂ ਵਾਂਗ ਬੋਲਣ ਵਾਲੇ। ਜਿਹੜੇ ਜਵਾਨੀ ਤੋਂ ਬੁਢਾਪੇ ਤਕ ਆਪਣਾ ਇਕੋ ਸਟਾਈਲ ਕਾਇਮ ਰੱਖਦੇ ਹਨ, ਜ਼ਮਾਨੇ ਦੇ ਫੈਸ਼ਨ ਭਾਵੇਂ ਬਦਲਦੇ ਜਾਣ। ਫਬਵੇਂ ਤਰਾਸ਼ੇ ਵਾਲ਼ਾਂ, ਤੇ ਆਮ ਤੌਰ 'ਤੇ ਇਕਹਿਰੇ ਸਰੀਰ ਵਾਲੇ।

ਵੈਸੇ ਏਸ ਆਦਮੀ ਦੇ ਸਿਰ 'ਤੇ ਇਕ ਵੀ ਵਾਲ਼ ਨਹੀਂ ਸੀ, ਦਾੜ੍ਹੀ ਜ਼ਰੂਰ ਸੁਆਰ ਕੇ ਤਰਾਸ਼ੀ ਹੋਈ ਸੀ ਤੇ ਫਬ ਵੀ ਰਹੀ ਸੀ। ਸਰੀਰ ਜੇ ਇਕਹਿਰਾ ਨਹੀਂ ਸੀ ਤਾਂ ਵਾਧੂ ਭਰਿਆ ਹੋਇਆ ਵੀ ਨਹੀਂ ਸੀ। ਮਾਮਾ ਨੇ ਪਛਾਣਨ ਵਿਚ ਦੇਰ ਨਾ ਲਾਈ, "ਤੇਜੀ?"



**ਸੁਕੀਰਤ**

ਮੈਂ ਭਾਵੇਂ ਨਾਂ ਤੋਂ ਵੀ ਪਛਾਣ ਨਾ ਸਕੀ ਪਰ ਚਿਹਰਾ ਜ਼ਰੂਰ ਕੁਝ ਕੁਝ ਪਛਾਣਿਆ ਲੱਗ ਰਿਹਾ ਸੀ।

"ਬੜੀ ਛੇਤੀ ਪਛਾਣ ਲਿਆ ਈ, ਆਈ ਐਮ ਇੰਪ੍ਰੈਸਡ।"

"ਤੂੰ ਗੰਜਾ ਜ਼ਰੂਰ ਹੋ ਗਿਆ ਹੈਂ ਪਰ ਤੇਰੀ ਆਵਾਜ਼ ਥੋੜ੍ਹਾ ਬਦਲੀ ਹੈ।"

ਮਾਮਾ ਵਿਚ ਏਨੀ ਬੇਤਕੱਲਫੀ! ਪੈਂਦੀ ਸੱਟੇ ਕਿਸੇ ਦੇ ਗੰਜੇਪਣ ਵੱਲ ਇਸ਼ਾਰਾ ਕਰ ਦਿੱਤਾ। ਅੱਜਕੱਲ੍ਹ ਤਾਂ ਉਹ ਵੈਸੇ ਹੀ ਘੱਟ ਬੋਲਦੇ ਹਨ।

"ਆਈ ਐਮ ਸਟਿਲ ਇੰਪ੍ਰੈਸਡ, ਨੀਤਾ।"

"ਮੇਰੀ ਬੇਟੀ ਨੂੰ ਮਿਲ - ਸੁਮੇਧਾ। ਮੇਧੂ, ਇਹ ਤੇਜੀ, ਮੇਰਾ ਮਤਲਬ ਤੇਜੇਸ਼ਵਰ ਹੈ, ਮੇਰਾ ਬਚਪਨ ਦਾ ਦੋਸਤ। ਸਦੀਆਂ ਬਾਅਦ ਮਿਲਿਆ ਹੈ।" ਮਾਮਾ ਨੇ ਅਚਾਨਕ ਫੇਰ, ਬੜੇ ਅਰਸੇ ਮਗਰੋਂ ਮੈਨੂੰ ਮੇਧੂ ਕਿਹਾ, ਵਰਨਾ ਹੁਣ ਹਮੇਸ਼ਾ ਸੁਮੇਧਾ ਹੀ ਕਹਿੰਦੇ ਹਨ।

"ਹੈਲੋ, ਸੁਮੇਧਾ। ਤੁਹਾਡੀ ਸ਼ਕਲ ਨੀਤਾ ਨਾਲ ਕਾਫੀ ਮਿਲਦੀ ਹੈ", ਮਾਮਾ ਦੇ ਬਚਪਨ ਦੇ ਦੋਸਤ ਨੇ ਦਸਤਪੰਜੇ ਲਈ ਆਪਣਾ ਹੱਥ ਅੱਗੇ ਵਧਾਇਆ।

ਵੈਸੇ ਮੇਰੀ ਸ਼ਕਲ ਮਾਮਾ ਨਾਲ ਕੋਈ ਖਾਸ ਨਹੀਂ ਮਿਲਦੀ। ਬਚਪਨ ਤੋਂ ਸੁਣਦੀ ਰਹੀ ਹਾਂ ਕਿ ਮੈਂ ਬਿਲਕੁਲ ਦਾਦਕਿਆਂ 'ਤੇ ਹਾਂ। ਇਸ ਤੇਜੀ, ਮੇਰਾ ਮਤਲਬ ਤੇਜੇਸ਼ਵਰ, ਨਾਲ ਹੱਥ ਮਿਲਾਂਦਿਆਂ ਸੋਚ ਰਹੀ ਸਾਂ ਕਿ ਬਸ ਕੁਝ ਕਹਿਣ ਖਾਤਰ ਕਹਿ ਰਿਹਾ ਹੈ ਪਰ ਉਸ ਤੋਂ ਵੀ ਵੱਧ ਇਹ ਸਵਾਲ ਮਨ ਵਿਚ ਉਭਰ ਰਿਹਾ ਸੀ ਕਿ ਇਸ ਬੰਦੇ ਨੂੰ ਪਹਿਲਾਂ ਕਿੱਥੇ ਦੇਖਿਆ ਸੀ!

ਵੀਹ ਮਿੰਟ ਬਾਅਦ ਅਸੀਂ ਇਸ 'ਇੰਡੀਆ ਇੰਟਰਨੈਸ਼ਨਲ ਟਾਈਪ' ਦੇ ਸੱਦੇ ਉੱਤੇ ਸੱਚਮੁੱਚ ਇੰਡੀਆ ਇੰਟਰਨੈਸ਼ਨਲ ਸੈਂਟਰ ਦੇ ਰੈਸਤੋਰਾਂ ਵਿਚ ਬੈਠੇ ਹੋਏ ਸਾਂ: "ਮੇਰੀ ਸਾਢੇ ਸੱਤ ਵਜੇ ਦੀ ਫਲਾਈਟ ਹੈ, ਅਜੇ ਦੋ ਘੰਟੇ ਹੈਣ, ਚਲੋ ਚੱਲ ਕੇ ਇੰਡੀਆ ਇੰਟਰਨੈਸ਼ਨਲ ਸੈਂਟਰ ਬੈਠਦੇ ਹਾਂ।"

ਮਾਮਾ, ਜਿਹੜੇ ਅੱਜਕੱਲ੍ਹ ਕੁਝ ਵੀ ਕਰ ਕੇ ਰਾਜ਼ੀ ਨਹੀਂ, ਜਿਨ੍ਹਾਂ ਨੂੰ ਬੜੀ ਮੁਸ਼ਕਿਲ ਨਾਲ ਅੱਜ ਸੋਫਿਆਂ ਦੇ ਉਛਾੜਾਂ ਦੀ ਖਰੀਦ ਦੇ ਬਹਾਨੇ ਤਕਰੀਬਨ ਧਰੂਹ ਕੇ ਹੀ ਘਰੋਂ ਬਾਹਰ ਲਿਆਈ ਸਾਂ, ਇਸ ਆਦਮੀ ਦੀ ਗੱਲ ਝੱਟ ਮੰਨ ਗਏ ਸਨ।

ਜਦੋਂ ਦੇ ਪਾਪਾ ਪੂਰੇ ਹੋਏ ਨੇ, ਮਾਮਾ ਪਹਿਲਾਂ ਵਾਲੇ ਮਾਮਾ ਨਹੀਂ ਰਹੇ। ਜਿਵੇਂ ਪਾਪਾ ਆਪਣੇ ਨਾਲ ਹੀ ਮਾਮਾ ਅੰਦਰਲੇ ਸਾਰੇ ਚਾਅ, ਜਿਊਣ ਦੀ ਸਾਰੀ ਇੱਛਾ ਵੀ ਚੂਸ ਕੇ ਨਾਲ ਲੈ ਗਏ ਹੋਣ। ਆਪਣੇ ਆਪ ਵਿਚ ਹੀ ਗੁਆਚੇ ਰਹਿੰਦੇ ਹਨ। ਪੁਨੀਤ ਨੂੰ ਮਾਮਾ ਦੇ ਏਸ ਡੂੰਘੇ ਡਿਪ੍ਰੈਸ਼ਨ ਦੀ ਸਮਝ ਨਹੀਂ ਪੈਂਦੀ: "ਤੇਰੇ ਮਾਮਾ ਨੂੰ ਮੈਂ ਹਮੇਸ਼ਾ ਬੜੀ 'ਮੈਚਿਓਰ ਪਰਸਨੈਲਿਟੀ' ਸਮਝਦਾ ਰਿਹਾ ਹਾਂ, ਹੈਰਾਨ ਹਾਂ ਕਿ ਪਾਪਾ ਦੀ ਮੌਤ ਦੀ ਸਚਾਈ ਨਾਲ 'ਡੀਲ' ਕਰਨ ਲਈ ਉਹ ਏਨੇ ਕਮਜ਼ੋਰ ਨਿਕਲੇ।"

ਮੈਨੂੰ ਆਪ ਇਸ ਡਿਪ੍ਰੈਸ਼ਨ ਦੀ ਸਮਝ ਪੈਂਦੀ ਵੀ ਹੈ ਤੇ ਨਹੀਂ ਵੀ ਪੈਂਦੀ। ਕਦੀ ਜਾਪਦਾ ਹੈ ਕਿ ਉਹ ਪਾਪਾ ਲਈ ਕਿਸੇ ਡੂੰਘੇ ਸੋਗ ਵਿਚ ਲਹਿ ਗਏ ਹੋਣ, ਤੇ ਕਦੀ ਜਾਪਦਾ ਹੈ ਕਿ ਉਹ ਉਸ ਜ਼ਿੰਦਗੀ ਦਾ ਮਾਤਮ ਕਰ ਰਹੇ ਹਨ ਜੋ ਪਾਪਾ ਦੇ ਜਾਣ ਬਾਅਦ ਉਨ੍ਹਾਂ ਦੀ ਨਹੀਂ ਰਹੀ ਜਾਂ ਉਹੋ ਜਿਹੀ ਨਹੀਂ ਰਹੀ।

ਸੋਗ ਦੇ ਪਹਿਲੇ ਦਿਨਾਂ ਵਿਚ ਮੈਂ ਵੀ ਮਾਮਾ ਦੇ ਨਾਲ ਰਹੀ, ਤੇ ਸਵੀਡਨ ਤੋਂ ਆਇਆ ਸੁਨੀਲ ਤਾਂ ਪੂਰਾ ਇਕ ਮਹੀਨਾ ਉਨ੍ਹਾਂ ਕੋਲ ਰਹਿ ਕੇ ਗਿਆ ਪਰ ਜਾਣ ਵੇਲ਼ੇ ਮੈਨੂੰ ਤਾਕੀਦ ਕਰ ਗਿਆ, "ਮਾਮਾ ਇਜ਼ ਨੌਟ ਇਨ ਏ ਗੁਡ ਸਟੇਟ ਰਾਈਟ ਨਾਓ, ਤੂੰ ਉਨ੍ਹਾਂ ਨੂੰ ਕੁਝ ਚਿਰ ਲਈ ਆਪਣੇ ਕੋਲ ਲੈ ਜਾ। ਇਹ ਅਜੇ ਇਕੱਲੇ ਰਹਿਣ ਵਾਲੀ ਹਾਲਤ ਵਿਚ ਨਹੀਂ।"

ਸੁਨੀਲ ਸਾਡੇ ਘਰ ਵਿਚ ਸਭ ਤੋਂ ਵੱਧ ਨਾਪ-ਤੋਲ ਕੇ ਗੱਲ ਕਰਨ ਵਾਲਾ ਜੀਅ ਹੈ। ਮੇਰੇ ਤੋਂ ਉਲਟ ਆਪਣੇ ਹਰ ਮਾਨਸਿਕ ਉਤਾਰ-ਚੜ੍ਹਾਅ ਨੂੰ ਅੰਦਰ ਹੀ ਠੱਪ ਕੇ ਰੱਖਦਾ ਹੈ, ਸਹਿਜੇ ਕੀਤੇ ਸਾਂਝਿਆਂ ਨਹੀਂ ਕਰਦਾ। ਨਾ ਹੀ ਕਦੇ ਵਾਧੂ ਜਜ਼ਬਾਤੀ ਹੁੰਦਾ ਹੈ। ਸੁਨੀਲ ਨੇ ਜੇ ਇਹ ਗੱਲ ਕਹੀ ਹੈ ਤਾਂ ਬੜਾ ਸੋਚ ਵਿਚਾਰ ਕੇ ਕਹੀ ਹੋਵੇਗੀ। ਤੇ ਮੈਂ ਮਾਮਾ ਨੂੰ ਦਿੱਲੀ ਆਪਣੇ ਕੋਲ ਲੈ ਆਈ।

ਹੁਣ ਛੇ ਤੋਂ ਵੱਧ ਮਹੀਨੇ ਹੋ ਗਏ ਨੇ, ਮਾਮਾ ਨੇ ਇਕ ਵਾਰ ਵੀ ਵਾਪਸ ਗੁੜਗਾਵਾਂ ਜਾਣ, ਜਾ ਕੇ ਆਪਣੇ ਘਰ ਦਾ ਹਾਲ ਦੇਖਣ ਦੀ ਗੱਲ ਤਕ ਨਹੀਂ ਕੀਤੀ। ਡਿਪ੍ਰੈਸ਼ਨ ਦੀ ਇਸ ਤੋਂ ਵੱਡੀ ਨਿਸ਼ਾਨੀ ਹੋਰ ਕੀ ਹੋਣੀ ਏ! ਆਪਣੇ ਘਰ ਨੂੰ ਹਮੇਸ਼ਾ ਟਿਚਨ ਰੱਖਣ ਵਾਲੇ, ਬਾਲਕੋਨੀ ਦੇ ਗਮਲਿਆਂ ਵਿਚ ਆਪਣੇ ਲਾਏ ਬੂਟਿਆਂ 'ਤੇ ਜਾਨ ਨਿਛਾਵਰ ਕਰਨ ਵਾਲੇ ਮਾਮਾ ਨੇ ਕਦੇ ਇਹ ਵੀ ਨਹੀਂ ਪੁੱਛਿਆ ਕਿ ਮੇਰੇ ਫੁੱਲ-ਬੂਟਿਆਂ ਦਾ ਕੀ ਕੀਤਾ ਈ। ਮੈਂ ਹੀ ਦੋ ਮਹੀਨੇ ਤਕ ਸਾਹਮਣਲੇ ਫਲੈਟ ਵਾਲਿਆਂ ਨੂੰ ਨੇਮ ਨਾਲ ਪਾਣੀ ਪੁਆਉਣ ਲਈ ਚਾਬੀ ਦਿੱਤੀ ਰੱਖੀ, ਤੇ ਫੇਰ ਹਾਰ ਕੇ ਸਾਰੇ ਗਮਲੇ ਚਾਹਵਾਨ ਲੋਕਾਂ ਵਿਚ ਵੰਡਣੇ ਪਏ। ਕਿੰਨੀ ਕੁ ਦੇਰ ਗੁਆਂਢੀਆਂ 'ਤੇ ਇਹ ਭਾਰ ਪਾਈ ਰੱਖਦੀ!

ਤੇ ਮਾਮਾ ਦਾ ਇਹ ਡਿਪ੍ਰੈਸ਼ਨ ਹੁਣ ਹੌਲ਼ੀ ਹੌਲ਼ੀ ਸਾਡੇ ਘਰ ਦੀ ਫਿਜ਼ਾ 'ਤੇ ਤਾਰੀ ਹੋ ਗਿਆ ਹੈ। ਬੱਚੇ ਅਜੇ ਉਸ ਉਮਰ ਵਿਚ ਹਨ ਜਦੋਂ ਉਹ ਦਾਅਵੇਦਾਰੀ ਤਾਂ ਵੱਡੇ ਹੋ ਗਏ ਹੋਣ ਦੀ ਕਰਦੇ ਹਨ ਪਰ ਰਹਿੰਦੇ ਆਪਣੀ ਉਸ ਬੇਖਬਰ ਦੁਨੀਆ ਵਿਚ ਹਨ ਜਿਸ ਵਿਚ ਆਪਣੀਆਂ ਜ਼ਿੰਮੇਵਾਰੀਆਂ ਸਮਝਣ ਜਾਂ ਚੁੱਕਣ ਦਾ ਅਹਿਸਾਸ ਘੱਟ ਹੀ ਹੁੰਦਾ ਹੈ। ਗੀਤੀ ਤੇ ਸ਼ਿਸ਼ਿਰ, ਦੋਵੇਂ, ਕੁਝ ਚਿਰ ਤਾਂ ਨਾਨੀ ਦਾ ਦਰਦ ਸਮਝਣ-ਵੰਡਾਉਣ ਦੀ ਕੋਸ਼ਿਸ਼ ਕਰਦੇ ਰਹੇ, ਵਕਤ ਬੇਵਕਤ ਮਾਮਾ ਕੋਲ ਬਹਿਣ, ਉਨ੍ਹਾਂ ਨੂੰ ਪਰਚਾਉਣ ਦੀਆਂ ਘਾੜਤਾਂ ਘੜਦੇ ਰਹੇ ਪਰ ਹੌਲ਼ੀ ਹੌਲ਼ੀ ਕੋਈ ਅਸਰ ਨਾ ਹੁੰਦਾ ਦੇਖ ਹੁਣ ਅਵੇਸਲ਼ੇ ਹੋ ਗਏ ਹਨ। ਖਾਨਾਪੂਰਤੀ ਜੋਗੀ ਸਵੇਰੇ-ਸ਼ਾਮ ਨਾਨੀ ਨਾਲ 'ਹੈਲੋ ਹਾਏ' ਕਰ ਲੈਂਦੇ ਹਨ , ਤੇ ਬਸ। ਸ਼ਿਸ਼ਿਰ ਤੇ ਕੁਝ ਨਹੀਂ ਕਹਿੰਦਾ ਪਰ ਹਮੇਸ਼ਾ ਤੋਂ ਆਦਤਨ ਮੂੰਹ ਫਟ ਰਹੀ ਗੀਤੀ ਤਾਂ ਕਦੇ ਕਦੇ ਕਹਿ ਵੀ ਦੇਂਦੀ ਹੈ, "ਨਾਨੀ ਹੈਜ਼ ਬਿਕਮ ਸਚ ਅ ਡਿਪ੍ਰੈਸ਼ਨ ਜ਼ੋਨ ਨਾਓ, ਉਨ੍ਹਾਂ ਕੋਲ ਬੈਠਣ ਦਾ ਵੀ ਕੀ ਫਾਇਦਾ? ਗੱਲ ਤਾਂ ਕੋਈ ਕਰਦੇ ਨਹੀਂ।" ਇਕ ਵਾਰ ਤਾਂ ਗੀਤੀ ਦੀਆਂ ਇਹੋ ਜਿਹੀਆਂ ਗੱਲਾਂ ਸੁਣ ਕੇ ਉਸ ਨਾਲ ਲੜ ਹੀ ਪਈ ਸਾਂ, ਖਿਝੀ ਹੋਈ ਨੇ ਉਸ ਨੂੰ 'ਹਾਰਟ-ਲੈੱਸ' ਤੇ ਸੁਆਰਥੀ ਕਹਿ ਦਿੱਤਾ ਸੀ। ਫੇਰ ਸਾਡੇ ਵਿਚਕਾਰ ਉਹ ਜੰਗ ਛਿੜੀ ਕਿ ਰਹੇ ਰੱਬ ਦਾ ਨਾਂ। ਗੀਤੀ ਨੇ ਉਨ੍ਹਾਂ ਸਾਰੀਆਂ ਵਧੀਕੀਆਂ ਦਾ ਪੁਲੰਦਾ ਖੋਲ੍ਹ ਲਿਆ ਜੋ ਉਸ ਮੁਤਾਬਕ ਬਚਪਨ ਤੋਂ ਉਸ ਨੂੰ ਮੇਰੇ ਹੱਥੋਂ ਸਹਿਣੀਆਂ ਪਈਆਂ ਸਨ। ਏਨੀਆਂ ਸਾਰੀਆਂ ਝੂਠੀਆਂ ਸੱਚੀਆਂ ਤੁਹਮਤਾਂ ਸੁਣ ਕੇ ਮੈਨੂੰ ਵੀ ਵੱਸੋਂ ਬਾਹਰੀ ਤਪ ਚੜ੍ਹ ਗਈ ਸੀ, ਤੇ ਮੈਂ ਭੁੱਲ ਹੀ ਗਈ ਕਿ ਮੈਂ ਮਾਂ ਹਾਂ ਤੇ ਉਹ ਧੀ। ਤੇ ਅਸੀਂ ਹਮਉਮਰਾਂ ਵਾਂਗ ਲੜੀਆਂ ਸਾਂ, ਉਮਰ ਤੇ ਸਿਆਣਪ ਦੇ ਸਾਰੇ ਉਛਾੜ ਪਰ੍ਹਾਂ ਸੁੱਟ ਕੇ। ਮਗਰੋਂ ਆਪਣੇ ਆਪ 'ਤੇ ਸ਼ਰਮ ਵੀ ਆਈ ਤੇ ਖਿਝ ਵੀ, ਗੀਤੀ ਤੇ ਫੇਰ ਅਜੇ ਬਾਲੜੀ ਮੰਨੀ ਜਾ ਸਕਦੀ ਹੈ, ਮੈਨੂੰ ਸਿਆਣੀ ਬਿਆਣੀ ਔਰਤ ਨੂੰ ਕੀ ਹੋ ਗਿਆ ਕਿ ਲੜਦਿਆਂ ਹਰ ਜ਼ਾਬਤਾ ਤੋੜ ਦਿੱਤਾ; ਪਰ ਮਾਂ ਹਾਂ ਨਾ, ਮਨਾਉਣਾ ਵੀ ਮੈਨੂੰ ਹੀ ਪਿਆ ਸੀ, ਉਹ ਵੀ ਇਹ ਕਹਿ ਕੇ ਕਿ ਮਾਮਾ ਦੇ ਡਿਪ੍ਰੈਸ਼ਨ ਕਰਕੇ ਮੈਂ ਬੜੇ ਭਾਰ ਹੇਠ ਹਾਂ ਤੇ ਉਸੇ ਟੈਂਸ਼ਨ ਵਿਚ ਅਵਾ-ਤਵਾ ਬੋਲ ਗਈ, ਤੇ ਗੀਤੀ ਮੇਰੀ ਕਹੀ ਕੋਈ ਵੀ ਗੱਲ ਮਨ 'ਤੇ ਨਾ ਲਾਵੇ। ਭਾਵੇਂ ਗੱਲਾਂ ਮੈਂ ਸੱਚੀਆਂ ਹੀ ਕਹੀਆਂ ਸਨ ਪਰ ਕਹਿ ਉਹ ਦਿੱਤੀਆਂ ਜੋ ਕਹਿਣ ਵਾਲੀਆਂ ਹੁੰਦੀਆਂ ਨਹੀਂ, ਜਾਂ ਇਹ ਸਮਝੋ ਕਿ ਅੱਜਕੱਲ੍ਹ ਦੇ ਬੱਚਿਆਂ ਨੂੰ ਕਹੀਆਂ ਜਾ ਨਹੀਂ ਸਕਦੀਆਂ।

ਵੈਸੇ ਮਾਮਾ ਦੇ ਡਿਪ੍ਰੈਸ਼ਨ ਕਰਕੇ ਮੈਂ ਭਾਰ ਹੇਠ ਹਾਂ ਜ਼ਰੂਰ। ਪੁਨੀਤ ਕੁਝ ਨਹੀਂ ਕਹਿੰਦਾ ਪਰ ਮੈਂ ਜਾਣਦੀ ਹਾਂ ਕਿ ਮਾਮਾ ਦੀ ਬਿਮਾਰੀ - ਇਸ ਨਾ ਮੁੱਕਣ ਵਾਲੇ ਸੋਗ ਨੂੰ ਬਿਮਾਰੀ ਹੀ ਤਾਂ ਕਹੋਗੇ - ਕਾਰਨ, ਉਸ ਨਾਲ ਘਰ ਵਿਚ ਤਣੇ ਹੋਏ ਮਾਹੌਲ ਕਰਕੇ ਉਹ ਕਿੰਨਾ ਪਰੇਸ਼ਾਨ ਹੈ। ਉਸ ਦੀ ਇਹ ਪਰੇਸ਼ਾਨੀ ਠੰਢੀ ਜਿਹੀ ਬੇਵਾਸਤਗੀ ਵਿਚ ਤਬਦੀਲ ਹੋ ਗਈ ਹੈ, ਉਹ ਮਾਮਾ ਨਾਲ ਗੱਲ ਤਕ ਕਰਨ ਦੀ ਕੋਸ਼ਿਸ਼ ਨਹੀਂ ਕਰਦਾ। ਜਿਵੇਂ ਇਸ ਮਾਹੌਲ ਤੋਂ ਅੱਕ ਗਿਆ ਹੋਵੇ, ਆਪਣੇ ਦੁਆਲ਼ੇ ਇਸ ਲੰਮੇ ਸਮੇਂ ਤੋਂ ਪਸਰੀ ਤੁਰੀ ਆਂਦੀ ਚੁੱਪ ਤੋਂ ਖਿਝ ਗਿਆ ਹੋਵੇ। ਇਹ ਅਕੇਵਾਂ ਸਾਡੀ ਸੈਕਸ-ਜ਼ਿੰਦਗੀ 'ਤੇ ਵੀ ਅਸਰ ਕਰ ਗਿਆ ਹੈ, ਹੁਣ ਹਰ ਵਾਰ ਪਹਿਲ ਮੈਨੂੰ ਹੀ ਕਰਨੀ ਪੈਂਦੀ ਹੈ। ਤੇ ਪੁਨੀਤ ਜਵਾਬ ਵਿਚ ਖਾਨਾਪੂਰਤੀ ਜਿਹੀ ਕਰਦਾ ਹੈ, ਮੈਨੂੰ ਵਰਚਾਣ ਜੋਗੀ ਕੋਸ਼ਿਸ਼ ਜਿਸ ਵਿਚੋਂ ਉਤਸ਼ਾਹ ਗ਼ਾਇਬ ਹੁੰਦਾ ਹੈ ਪਰ ਮੈਂ ਇੰਝ ਮਹਿਸੂਸ ਕਰਦਿਆਂ ਵੀ ਪੁਨੀਤ ਨਾਲ ਇਸ ਬਾਰੇ ਗੱਲ ਨਹੀਂ ਕਰਦੀ। ਡਰਦੀ ਹਾਂ, ਕਿਤੇ ਕੁਝ ਗ਼ਲਤ ਨਾ ਆਖ ਬੈਠਾਂ, ਗੱਲ ਕਿਤੇ ਮੇਰੇ ਹੱਥੋਂ ਨਿਕਲ ਨਾ ਜਾਵੇ। ਗੀਤੀ ਨਾਲ ਹੋਈ ਲੜਾਈ ਤੋਂ ਮਗਰੋਂ ਮੈਨੂੰ ਆਪਣੇ ਆਪ 'ਤੇ ਹੀ ਭਰੋਸਾ ਨਹੀਂ ਰਿਹਾ, ਥੋੜ੍ਹੀ ਜਿਹੀ ਗੱਲ ਕਹਿਣ ਦੀ ਕੋਸ਼ਿਸ਼ ਕਰਦਿਆਂ ਕਿਤੇ ਕੁਝ ਬੇਲੋੜਾ ਤੇ ਵਾਧੂ ਮੇਰੇ ਮੂੰਹੋਂ ਨਾ ਨਿਕਲ ਜਾਵੇ। ਤੇ ਮਗਰੋਂ ਪਛਤਾਂਦੀ ਫਿਰਾਂ, ਮਾਫੀਆਂ ਮੰਗਦੀ ਫਿਰਾਂ। ਕਦੀ ਕਦੀ ਲੱਗਦਾ ਹੈ ਮਾਮਾ ਦਾ ਡਿਪ੍ਰੈਸ਼ਨ ਮੇਰੇ ਅੰਦਰ ਵੀ ਵੜਦਾ ਜਾ ਰਿਹਾ ਹੈ, ਮੈਨੂੰ ਅੰਦਰੋ-ਅੰਦਰ ਟੁੱਕਣ ਲੱਗ ਪਿਆ ਹੈ। ਮਾਮਾ ਦਾ ਖਿਆਲ ਰੱਖਣ, ਉਨ੍ਹਾਂ ਦਾ ਰੌਂਅ ਸਾਵਾਂ ਰੱਖਣ ਦੀ ਸਾਰੀ ਜ਼ਿੰਮੇਵਾਰੀ ਤਾਂ ਮੇਰੀ ਹੈ ਹੀ, ਘਰ ਦੇ ਮਾਹੌਲ ਨੂੰ ਵੱਲ ਰੱਖਣ ਦਾ ਸਾਰਾ ਭਾਰ ਵੀ ਮੇਰੇ 'ਤੇ ਹੀ ਹੈ। ਮਾਂ ਤੇ ਮੇਰੀ ਹੈ ਨਾ, ਬਾਕੀਆਂ ਨਾਲ ਤਾਂ ਉਨ੍ਹਾਂ ਦਾ ਰਿਸ਼ਤਾ ਇਕ ਦਰਜਾ ਦੂਰ ਦਾ ਹੈ, ਕਿਸੇ ਲਈ ਸੱਸ ਹਨ ਤੇ ਕਿਸੇ ਲਈ ਨਾਨੀ। ਤੇ ਮੇਰੇ ਵਾਂਗ ਜਿਸ ਹੋਰ ਜਣੇ ਦੀ ਮਾਂ ਹਨ, ਉਹ ਕਿੰਨੇ ਸਾਲਾਂ ਤੋਂ ਸਵੀਡਨ ਜਾ ਵੱਸਿਆ ਹੈ, ਹਰ ਜ਼ਿੰਮੇਵਾਰੀ ਤੋਂ ਮੁਕਤ। ਸੁਨੀਲ ਏਥੇ ਰਹਿੰਦਾ ਹੁੰਦਾ ਤਾਂ ਇਹ ਸਾਰਾ ਭਾਰ ਮੈਨੂੰ ਇਕੱਲੀ ਨੂੰ ਨਹੀਂ ਸੀ ਝੱਲਣਾ ਪੈਣਾ। ਸੋਗ ਦੇ ਖੂਹ ਵਿਚ ਡੁੱਬਦੇ ਜਾਂਦੇ ਮਾਮਾ ਦਾ ਹੱਥ ਹਰ ਵੇਲ਼ੇ ਫੜੀ ਰੱਖਣ ਦੀ ਜ਼ਿੰਮੇਵਾਰੀ ਸਿਰਫ ਮੇਰੇ ਸਿਰ ਨਹੀਂ ਸੀ ਪੈਣੀ। ਤੇ ਏਸੇ ਲਈ ਕਦੇ ਕਦੇ ਸੁਨੀਲ ਦੇ ਬਾਹਰ ਜਾ ਵੱਸਣ ਦੇ ਫੈਸਲੇ ਉੱਤੇ ਮੈਨੂੰ ਖਿਝ ਜਿਹੀ ਚੜ੍ਹਦੀ ਹੈ। ਉਹ ਕਿਉਂ ਨਹੀਂ ਲੰਮੀ ਛੁੱਟੀ ਲੈ ਕੇ ਕੁਝ ਚਿਰ ਲਈ ਮਾਮਾ ਨੂੰ ਸਾਂਭ ਸਕਦਾ? ਨਾ ਚਾਹੁੰਦਿਆਂ ਵੀ ਇਕ ਖਿਆਲ ਵਾਰ-ਵਾਰ ਮੈਨੂੰ ਆਣ ਦਬੋਚਦਾ ਹੈ ਕਿ ਕਿੰਨੀ ਕੁ ਦੇਰ ਅਜਿਹੇ ਮਾਹੌਲ ਨੂੰ ਝੱਲਣਾ ਪਵੇਗਾ! ਮੇਰੀ ਕਿਤੇ ਬਸ ਹੀ ਨਾ ਹੋ ਜਾਵੇ।

ਪਰ ਅੱਜ ਮਾਮਾ ਨੂੰ ਮੁੜ ਕੁਝ ਖੁਸ਼-ਰੌਂਅ ਦੇਖ ਰਹੀ ਹਾਂ। ਇਸ 'ਇੰਡੀਆ ਇੰਟਰਨੈਸ਼ਨਲ ਟਾਈਪ' ਦੀਆਂ ਗੱਲਾਂ ਗਹੁ ਨਾਲ ਸੁਣ ਰਹੇ ਹਨ, ਸੁਣ ਹੀ ਨਹੀਂ ਰਹੇ, ਉਸ ਨੂੰ ਸਵਾਲ ਵੀ ਕਰ ਰਹੇ ਹਨ।

"ਤੂੰ ਕਿਸ ਚੀਜ਼ ਦਾ ਡਾਕਟਰ ਹੈਂ?"

"ਸਪੈਸ਼ਲਾਈਜ਼ ਤਾਂ ਮੈਂ ਫੌਰੈਂਸਿਕ ਪੈਥੌਲੋਜੀ ਵਿਚ ਕੀਤਾ ਸੀ ਪਰ ਹੁਣ ਬੜੇ ਸਾਲਾਂ ਤੋਂ ਡਾਕਟਰੀ ਨਹੀਂ ਕਰਦਾ, ਸਿਰਫ ਲਿਖਦਾ ਹਾਂ।"

"ਵਾਹ, ਤੂੰ ਲੇਖਕ ਹੋ ਗਿਆ ਹੈਂ। ਕਹਾਣੀਆਂ ਲਿਖਦਾ ਏਂ? ਵੈਸੇ ਕਹਾਣੀਆਂ ਬਣਾਣ



ਦੀ ਆਦਤ ਤੇ ਤੈਨੂੰ ਉਦੋਂ ਵੀ ਬਹੁਤ ਸੀ।"

"ਕਹਾਣੀਆਂ ਨਹੀਂ, ਜਾਸੂਸੀ ਨਾਵਲ ਲਿਖਦਾ ਹਾਂ।"

ਇਹ ਸੁਣ ਕੇ ਮਾਮਾ ਦੇ ਚਿਹਰੇ 'ਤੇ ਬੇਯਕੀਨੀ ਵਾਲਾ ਭਾਵ ਉਪਜਦਾ ਹੈ, ਜਿਵੇਂ ਜਾਚ ਰਹੇ ਹੋਣ ਕਿ ਸਾਹਮਣੇ ਬੈਠਾ ਆਦਮੀ ਮਖੌਲ ਤੇ ਨਹੀਂ ਕਰ ਰਿਹਾ ਪਰ ਇਹ ਸੁਣ ਕੇ ਮੈਨੂੰ ਇਕਦਮ ਚਾਨਣਾ ਹੁੰਦਾ ਹੈ ਕਿ ਇਹ ਮੁਹਾਂਦਰਾ ਪਛਾਣਿਆ ਪਛਾਣਿਆ ਕਿਉਂ ਜਾਪ ਰਿਹਾ ਸੀ। ਫੌਰੈਂਸਿਕ ਪੈਥੌਲੋਜੀ, ਯਾਨੀ ਮੁਰਦਿਆਂ ਦੀ ਚੀਰ-ਫਾੜ ਰਾਹੀਂ ਮੌਤ ਦਾ ਅਸਲੀ ਕਾਰਨ ਲੱਭਣ ਦੀ ਵਿਗਿਆਨ ਸ਼ਾਖਾ।

"ਓਹੋ, ਤੁਸੀਂ ਟੀ.ਜੇ. ਸੈਂਡਰਜ਼ ਹੋ। ਕਿੰਨੇ ਚਿਰ ਤੋਂ ਸੋਚੀ ਜਾ ਰਹੀ ਸਾਂ ਕਿ ਤੁਹਾਨੂੰ ਪਹਿਲਾਂ ਕਿੱਥੇ ਦੇਖਿਆ ਹੈ। ਹੁਣ ਤੁਸੀਂ ਫੌਰੈਂਸਿਕ ਪੈਥੌਲੋਜੀ ਦਾ ਜ਼ਿਕਰ ਕੀਤਾ ਤਾਂ ਯਾਦ ਆ ਗਿਆ ਕਿ ਤੁਹਾਡੀ ਤਸਵੀਰ ਤਾਂ ਤੁਹਾਡੇ ਨਾਵਲਾਂ ਦੇ ਪਿਛਲੇ ਪਾਸੇ ਛਪੀ ਕਈ ਵਾਰ ਦੇਖੀ ਹੈ। ਪੁਨੀਤ, ਮੇਰਾ ਪਤੀ, ਤਾਂ ਫੈਨ ਹੈ ਤੁਹਾਡਾ। ਡਾ. ਇਮੈਨੁਐਲ ਦੇ ਪਾਤਰ ਵਾਲੀ ਸੀਰੀਜ਼ ਦੀ ਹਰ ਕਿਤਾਬ ਸਾਡੇ ਘਰ ਮੌਜੂਦ ਹੈ।" ਚਾਅ ਵਿਚ ਮੈਂ ਕਈ ਕੁਝ ਇਕੋ ਸਾਹੇ ਕਹਿ ਗਈ। ਉਹ ਜਵਾਬ ਵਿਚ ਸਿਰਫ ਮੁਸਕਰਾਂਦਾ ਰਿਹਾ।

"ਟੀ.ਜੇ. ਸੈਂਡਰਜ਼? ਇਹ ਕਿਹੋ ਜਿਹਾ ਨਾਂ ਰੱਖ ਲਿਆ ਈ?" ਮਾਮਾ ਨੇ ਪੁੱਛਿਆ।

"ਦਰਅਸਲ ਜਦੋਂ ਮੈਂ ਇੰਗਲੈਂਡ ਬੈਠੇ ਨੇ ਲਿਖਣਾ ਸ਼ੁਰੂ ਕੀਤਾ ਤਾਂ ਮੇਰੇ ਪਹਿਲੇ ਹੀ ਪ੍ਰਕਾਸ਼ਕ ਨੇ ਕਿਹਾ ਕਿ ਅੰਗਰੇਜ਼ੀ ਪਾਠਕਾਂ ਲਈ ਤੇਜੇਸ਼ਵਰ ਸੰਧੂ ਬੜਾ ਓਪਰਾ ਨਾਂ ਹੋਵੇਗਾ। 'ਮਿਸਟ੍ਰੀ' ਨਾਵਲਾਂ ਦੇ ਕਈ ਚਾਹਵਾਨ ਤਾਂ ਸ਼ਾਇਦ ਇਸ ਨਾਂ ਤੋਂ ਉਪਰਾਂਦਿਆਂ ਨਾਵਲ ਨੂੰ ਚੁੱਕ ਕੇ ਦੇਖਣ ਵੀ ਨਾ। ਸੋ, ਪੀ.ਡੀ. ਜੇਮਜ਼ ਵਰਗੇ ਮਸ਼ਹੂਰ 'ਮਿਸਟ੍ਰੀ' ਲੇਖਕ ਦੀ ਤਰਜ਼ 'ਤੇ ਉਹਨੇ ਤੇਜੇਸ਼ਵਰ ਸੰਧੂ ਦਾ ਟੀ.ਜੇ. ਸੈਂਡਰਜ਼ ਬਣਾ ਦਿੱਤਾ।"

"ਤੂੰ ਹੁਣ ਪੱਕਾ ਇੰਗਲੈਂਡ ਵਾਸੀ ਹੀ ਹੋ ਗਿਆ ਹੈਂ, ਟੀ.ਜੇ. ਸੈਂਡਰਜ਼? ਤਾਂ ਹੀ ਏਨੇ ਸਾਲਾਂ ਤੋਂ ਤੇਰੀ ਕੋਈ ਉਘ-ਸੁਘ ਨਹੀਂ ਸੀ।" ਮਾਮਾ ਨੂੰ ਇੰਝ ਮਜ਼ਾਕ ਕਰਦਿਆਂ ਦੇਖ ਮੈਨੂੰ ਬੜਾ ਚੰਗਾ ਲੱਗ ਰਿਹਾ ਸੀ। ਜਾਪਿਆ ਜਿਵੇਂ ਕੋਈ ਭਾਰ ਉਨ੍ਹਾਂ ਦੀ ਹੀ ਨਹੀਂ, ਮੇਰੀ ਛਾਤੀ ਤੋਂ ਵੀ ਲਹਿ ਰਿਹਾ ਹੋਵੇ।

"ਨਹੀਂ, ਬੜੇ ਸਾਲ ਪਹਿਲਾਂ ਇੰਗਲੈਂਡ ਛੱਡ ਕੇ ਮਿਊਨਿਖ ਆ ਗਏ ਸਾਂ। ਮੇਰੀ ਜਰਮਨ ਪਤਨੀ ਦੇ ਮਾਪੇ ਬਜ਼ੁਰਗ ਹੋ ਰਹੇ ਸਨ ਤੇ ਉਹ ਘਰ ਵਿਚ ਇਕਲੌਤੀ ਧੀ ਸੀ। ਮਾਪਿਆਂ ਦੇ ਕੋਲ ਰਹਿਣਾ ਜ਼ਰੂਰੀ ਹੋ ਗਿਆ; ਮੈਂ ਤੇ ਕਿਤੇ ਵੀ ਬੈਠਾ ਲਿਖ ਸਕਦਾ ਸਾਂ, ਸੋ ਅਸੀਂ ਜਰਮਨੀ ਆ ਗਏ।"

"ਮਤਲਬ ਹੁਣ ਜਰਮਨੀ ਰਹਿੰਦਾ ਹੈਂ?"

"ਅੱਧਾ ਸਾਲ ਜਰਮਨੀ ਤੇ ਫੇਰ ਸਰਦੀਆਂ ਦੇ ਮਹੀਨਿਆਂ ਵਿਚ ਏਥੇ ਗੋਆ ਆ ਜਾਂਦਾ ਹਾਂ। ਏਨੇ ਸਾਲ ਵਤਨੋਂ ਦੂਰ ਰਹਿਣ ਮਗਰੋਂ ਹਰ ਸਾਲ ਕੁਝ ਮਹੀਨੇ ਆਪਣੇ ਮੁਲਕ ਵਿਚ ਕੱਟਣਾ ਚੰਗਾ ਲੱਗਦਾ ਹੈ।"

"ਤੇ ਤੇਰੀ ਬੀਵੀ ਨੂੰ?"

"ਹੇਲਗਾ ਹੁਣ ਨਹੀਂ ਰਹੀ, ਉਸ ਨੂੰ ਗਿਆਂ ਛੇ ਸਾਲ ਹੋ ਚੱਲੇ ਨੇ। ਪੈਨਕ੍ਰੀਆਸ ਦਾ ਕੈਂਸਰ ਸੀ ਪਰ ਜਦੋਂ ਤਕ ਪਤਾ ਲੱਗਾ ਬਹੁਤ ਦੇਰ ਹੋ ਚੁੱਕੀ ਸੀ। ਤਿੰਨ ਮਹੀਨਿਆਂ ਵਿਚ ਹੀ ਮੁੱਕ ਗਈ।"

"ਓਹ!" ਮਾਮਾ ਨੂੰ ਸਮਝ ਨਹੀਂ ਪੈਂਦੀ ਕਿ ਹੋਰ ਕੀ ਆਖਣ, ਤੇ ਨਾ ਹੀ ਮੈਨੂੰ ਅਫਸੋਸ ਦਾ ਕੋਈ ਸ਼ਬਦ ਕਹਿਣਾ ਅਹੁੜਦਾ ਹੈ ਪਰ ਓਸ ਚੁਭਵੀਂ ਚੁੱਪ ਨੂੰ ਉਹ ਆਪਣੇ ਆਪ ਹੀ ਭਰ ਦੇਂਦਾ ਹੈ। ਬੜੇ ਸਹਿਜ ਢੰਗ ਨਾਲ ਹੇਲਗਾ ਦੀਆਂ ਗੱਲਾਂ ਸੁਨਾਣ ਲੱਗ ਪੈਂਦਾ ਹੈ ਜਿਨ੍ਹਾਂ ਵਿਚੋਂ ਜਾ ਚੁੱਕੀ ਸਾਥਣ ਲਈ ਪਿਆਰ ਤੇ ਕਦਰ ਦਾ ਭਰਵਾਂ ਅਹਿਸਾਸ ਦਿਸਦਾ ਹੈ। ਉਸ ਦੇ ਸ਼ਬਦਾਂ ਵਿਚ ਆਪਣੀ ਬੀਵੀ ਲਈ ਲਗਾਤਾਰ ਤੁਰਿਆ ਆਂਦਾ ਉਸ ਦਾ ਵਿਗੋਚਾ ਤਾਂ ਮਹਿਸੂਸ ਹੁੰਦਾ ਹੈ ਪਰ ਲਹਿਜਾ ਮਾਤਮੀ ਸੁਰ ਤੋਂ ਵਿਰਵਾ ਹੈ; ਸਗੋਂ ਜਾਪਦਾ ਇਹ ਹੈ ਜਿਵੇਂ ਉਹ ਕਿਸੇ ਬਹੁਤ ਪਿਆਰੇ ਦੀਆਂ ਗੱਲਾਂ ਸੁਣਾ ਰਿਹਾ ਹੋਵੇ ਜੋ ਅਜੇ ਵੀ ਉਸ ਦੇ ਅੰਗ-ਸੰਗ ਹੈ। ਆਪਣੀ ਇਕੋ ਇਕ ਧੀ ਬਾਰੇ ਦੱਸਦਾ ਹੈ, ਜਿਸ ਨੇ ਆਪਣੇ ਡਾਕਟਰ ਮਾਪਿਆਂ ਤੋਂ ਉਲਟ ਸੰਗੀਤ ਵਰਗੀ ਕੋਮਲ ਕਲਾ ਨੂੰ ਆਪਣੇ ਕਿੱਤੇ ਵਜੋਂ ਚੁਣਿਆ ਤੇ ਹੁਣ ਵੀਆਨਾ ਰਹਿੰਦੀ ਹੈ, ਭਾਵੇਂ ਆਪਣੀ ਮੰਡਲੀ ਨਾਲ ਹਮੇਸ਼ਾ ਦੌਰਿਆਂ 'ਤੇ ਹੀ ਰਹਿੰਦੀ ਹੈ। ਮੁਲਾਕਾਤਾਂ ਜ਼ਰੂਰ ਕਦੇ ਕਦਾਈਂ ਹੀ ਹੁੰਦੀਆਂ ਹਨ ਪਰ ਦੁਨੀਆ ਦੇ ਜਿਹੜੇ ਮਰਜ਼ੀ ਕੋਨੇ ਵਿਚ ਵੀ ਗਈ ਹੋਵੇ, ਹਰ ਵਰ੍ਹੇ ਨੇਮ ਨਾਲ ਕ੍ਰਿਸਮਸ ਜ਼ਰੂਰ ਗੋਆ ਆ ਕੇ ਪਿਓ ਨਾਲ ਮਨਾਂਦੀ ਹੈ।

ਮਾਮਾ ਤੇ ਮੈਂ ਦੋਵੇਂ ਬੜੇ ਧਿਆਨ ਨਾਲ ਉਸ ਦੀਆਂ ਗੱਲਾਂ ਸੁਣਦੇ ਹਾਂ। ਮੈਨੂੰ ਨਹੀਂ ਪਤਾ ਕਿ ਮਾਮਾ ਦੇ ਮਨ ਵਿਚੋਂ ਕੀ ਲੰਘਦਾ ਹੈ ਪਰ ਮੈਂ ਸੋਚਦੀ ਹਾਂ ਕਿ ਇਸ ਆਦਮੀ ਦੀ ਜ਼ਿੰਦਗੀ ਕਿੰਨੀ ਦਿਲਚਸਪ ਤੇ ਭਰਵੀਂ ਹੈ। ਡਾਕਟਰੀ ਛੱਡ ਕੇ ਰਹੱਸ ਭਰਪੂਰ ਨਾਵਲ ਲਿਖਣ ਲੱਗ ਪਿਆ ਤੇ ਆਪਣੇ ਡਾਕਟਰੀ ਗਿਆਨ ਨਾਲ ਜਾਸੂਸੀ ਵਿੱਦਿਆ ਨੂੰ ਰਲ਼ਾ ਕੇ ਇਸ ਨੇ ਡਾ. ਇਮੈਨੁਐਲ ਦਾ ਜਿਹੜਾ ਪਾਤਰ ਘੜਿਆ ਹੈ, ਉਸ ਕਿਰਦਾਰ ਵਾਲੇ ਨਾਵਲ ਹੁਣ ਦੁਨੀਆ ਦੀਆਂ ਸਾਰੀਆਂ ਜ਼ੁਬਾਨਾਂ ਵਿਚ ਅਨੁਵਾਦ ਹੁੰਦੇ ਹਨ। ਇਕ ਦੋ ਉੱਤੇ ਬੀ.ਬੀ.ਸੀ. ਦੇ ਟੀ.ਵੀ. ਸੀਰੀਅਲ ਵੀ ਬਣ ਚੁੱਕੇ ਹਨ ਪਰ ਬੰਦੇ ਵਿਚ ਕਿਤੇ ਕਿਸੇ ਆਕੜ ਦਾ ਕੋਈ ਝਾਉਲ਼ਾ ਨਹੀਂ, ਆਪਣੇ ਮਸ਼ਹੂਰ ਹੋਣ ਕਾਰਨ ਕੋਈ ਡੁਲ੍ਹ ਡੁਲ੍ਹ ਪੈਣ ਵਾਲਾ ਮਾਣ ਨਹੀਂ। ਜਿਸ ਔਰਤ ਦੀ ਮੁਹੱਬਤ ਖਾਤਰ ਉਸਨੇ ਵਤਨ ਤਜਿਆ, ਉਹ ਅੱਧਵਾਟੇ ਹੀ ਸਾਥ ਛੱਡ ਗਈ, ਤਾਂ ਵੀ ਕਿੰਨੀ ਭਰਪੂਰ ਜ਼ਿੰਦਗੀ ਜਿਉਂ ਰਿਹਾ ਹੈ। ਆਪਣੀ ਇਕਲੌਤੀ ਧੀ ਨੂੰ ਸਾਲ ਵਿਚ ਇਕ ਅੱਧੀ ਵਾਰ ਹੀ

***(ਬਾਕੀ ਅਗਲੇ ਸਫੇ 'ਤੇ)***

# ਰੈਂਬੋ



ਅਵਤਾਰ ਐਸ. ਸੰਘਾ

ਉਸ ਦਿਨ ਘਰ ਵਿਚ ਮੈਂ ਤੇ ਸਾਡਾ ਪਾਲਤੂ ਕੁੱਤਾ ਰੈਂਬੋ ਹੀ ਸਾਂ। ਮੇਰੀ ਘਰ ਵਾਲੀ ਲੜਕੀ ਪਾਸ ਕੈਨਬਰਾ ਗਈ ਹੋਈ ਸੀ ਤੇ ਮੇਰਾ ਲੜਕਾ ਆਪਣੀ ਨਵ ਵਿਆਹੁਤਾ ਪਤਨੀ ਨਾਲ ਯੂਰਪ ਘੁੰਮਣ ਵਾਸਤੇ ਗਿਆ ਹੋਇਆ ਸੀ। ਮੈਂ ਉਨ੍ਹਾਂ ਦਿਨਾਂ ਵਿਚ ਕੈਜ਼ੂਅਲ ਅਧਿਆਪਕ ਦੇ ਤੌਰ 'ਤੇ ਇਕ ਕ੍ਰਿਸਚਨ ਕਾਲਜ ਵਿਚ ਪੜ੍ਹਾਉਣ ਜਾਇਆ ਕਰਦਾ ਸਾਂ। ਕਾਲਜ ਤੋਂ ਬੁਲਾਵਾ ਸਵੇਰੇ ਸਾਢੇ ਛੇ ਵਜੇ ਆਉਂਦਾ ਸੀ। ਇਹ ਬੁਲਾਵਾ ਆਉਂਦਾ ਵੀ ਹਫਤੇ ਵਿਚ ਦੋ ਜਾਂ ਤਿੰਨ ਵਾਰ ਹੁੰਦਾ ਸੀ। ਬੁਲਾਵੇ ਦੀ ਉਡੀਕ ਹਰ ਰੋਜ਼ ਕਰਨੀ ਹੁੰਦੀ ਸੀ, ਕਿਉਂਕਿ ਆਰਜ਼ੀ ਅਧਿਆਪਕ ਅਚਾਨਕ ਬੁਲਾਏ ਜਾਂਦੇ ਹਨ। ਉਨ੍ਹਾਂ ਦੀ ਤਨਖਾਹ ਦੂਜੇ ਅਧਿਆਪਕਾਂ ਜਿੰਨੀ ਹੀ ਹੁੰਦੀ ਹੈ। ਇਹ ਤਨਖਾਹ ਸਿਰਫ ਉਸ ਦਿਨ ਦੀ ਮਿਲਦੀ ਹੈ, ਜਿਸ ਦਿਨ ਦਾ ਬੁਲਾਵਾ ਆਵੇ। ਮੈਨੂੰ ਇਹ ਤਨਖਾਹ ਕੁਝ ਵੱਧ ਮਿਲਦੀ ਸੀ, ਕਿਉਂਕਿ ਮੇਰੇ ਆਸਟਰੇਲੀਆ ਆਉਣ ਤੋਂ ਪਹਿਲਾਂ ਪੰਜਾਬ ਵਿਚ ਅਧਿਆਪਨ ਦੇ ਤਜ਼ਰਬੇ ਨੂੰ ਵੀ ਧਿਆਨ 'ਚ ਰੱਖਿਆ ਗਿਆ ਸੀ।

ਪੜ੍ਹਾਉਣ ਜਾਣ ਲਈ ਤਿਆਰ ਹਰ ਰੋਜ਼ ਹੀ ਰਹਿਣਾ ਹੁੰਦਾ ਸੀ। ਕਾਲਜ ਘਰ ਤੋਂ 20 ਕੁ ਕਿਲੋਮੀਟਰ ਦੂਰ ਸੀ। ਬੁਲਾਵਾ ਆਉਣ 'ਤੇ ਸਭ ਕੰਮ ਜਲਦੀ ਜਲਦੀ ਕਰਨੇ ਹੁੰਦੇ ਸਨ। ਇਹ ਬੁਲਾਵਾ ਸਰਦੀ ਦੇ ਦਿਨਾਂ ਵਿਚ ਵਧ ਆਉਂਦਾ ਸੀ। ਸਕੂਲਾਂ ਜਾਂ ਕਾਲਜਾਂ ਦੀ ਪਹਿਲੀ ਤਿਮਾਹੀ ਵਿਚ ਇਹ ਬੁਲਾਵੇ ਘੱਟ ਹੀ ਆਉਂਦੇ ਹਨ। ਕਰੀਬ ਇਹੀ ਹਾਲ ਆਖਰੀ ਨਵੰਬਰ-ਦਸੰਬਰ ਵਾਲੀ ਤਿਮਾਹੀ ਦਾ ਹੁੰਦਾ ਏ, ਕਿਉਂਕਿ ਉਸ ਸਮੇਂ ਪਰਚੇ ਸ਼ੁਰੂ ਹੋ ਜਾਣ ਕਾਰਨ ਕਾਫੀ ਪੱਕੇ ਅਧਿਆਪਕ ਵਿਹਲੇ ਹੋ ਜਾਂਦੇ ਹਨ। ਇੰਜ ਜ਼ਿਆਦਾ ਬੁਲਾਵੇ ਮਈ ਤੋਂ ਲੈ ਕੇ ਅਕਤੂਬਰ ਤੱਕ ਹੀ ਆਉਂਦੇ ਹਨ। ਇਹੀ ਮਹੀਨੇ ਆਸਟਰੇਲੀਆ ਵਿਚ ਸਰਦੀ ਦੇ ਹੁੰਦੇ ਹਨ। ਰੋਜ਼ ਇਵੇਂ ਪ੍ਰੋਗਰਾਮ ਬਣਾਉਣਾ ਕਿ ਸਾਢੇ ਛੇ ਵਜੇ ਤੋਂ ਪਹਿਲਾਂ ਪਹਿਲਾਂ ਪਖਾਨੇ ਜਾਣ ਦਾ ਕੰਮ ਨਿਬੇੜ ਲਿਆ ਜਾਵੇ। ਬਾਕੀ ਕੰਮ ਸ਼ੇਵ ਕਰਨੀ, ਨਹਾਉਣਾ, ਭੋਜਨ ਟਿਫਨ ਵਿਚ ਪਾਉਣਾ, ਕਾਰ ਨੂੰ ਸਟਾਰਟ ਕਰਕੇ ਦੇਖਣਾ, ਕਾਗਜ਼ ਪੱਤਰ ਚੁੱਕਣਾ ਆਦਿ ਸਾਢੇ ਛੇ ਤੋਂ ਸਵਾ ਸੱਤ ਦੇ ਵਿਚਕਾਰ ਨਿਬੇੜੇ ਜਾ ਸਕਦੇ ਹੁੰਦੇ ਸਨ। ਇਸ ਤੋਂ ਬਾਅਦ ਕਾਲਜ ਪਹੁੰਚਣ ਨੂੰ ਅੱਧਾ ਕੁ ਘੰਟਾ ਲੱਗ ਜਾਂਦਾ ਸੀ। ਸਵੇਰ ਦੇ ਇਹ ਸਾਰੇ ਕੰਮ ਬਹੁਤ ਹੀ ਫੁਰਤੀ ਨਾਲ ਕਰਨੇ ਹੁੰਦੇ ਸਨ। ਜੇ ਘਰ ਇਕੱਲਾ ਹੋਵਾਂ ਤਾਂ ਹੋਰ ਵੀ ਫੁਰਤੀ ਵਰਤਣੀ ਪੈਂਦੀ ਸੀ। ਇਹੀ ਹਾਲ ਅੱਜ ਸੀ।

ਬੁਲਾਵਾ ਆ ਗਿਆ ਸੀ। ਮੈਂ ਸਾਰੇ ਕੰਮ ਨਿਯਮਿਤ ਰੂਪ ਵਿਚ ਕਰਨੇ ਸ਼ੁਰੂ ਕਰ ਦਿੱਤੇ। ਜਦ ਮੈਂ ਕੱਪੜੇ ਪਹਿਨ ਕੇ ਤਿਆਰ ਹੋ ਗਿਆ ਤਾਂ ਮੈਂ ਰੈਂਬੋ ਨੂੰ ਆਵਾਜ਼ ਮਾਰੀ। ਮੈਂ ਆਵਾਜ਼ਾਂ ਮਾਰੀ ਜਾਵਾਂ ਤੇ ਰੈਂਬੋ ਕਿਤੇ ਨਜ਼ਰ ਹੀ ਨਾ ਆਵੇ। ਅਸੀਂ ਸਾਰਿਆਂ ਨੇ ਰੈਂਬੋ ਦੀ ਸ਼ੁਰੂ ਤੋਂ ਹੀ ਇਹੀ ਆਦਤ ਬਣਾਈ ਹੋਈ ਸੀ ਕਿ ਉਹ ਘਰ ਵਿਚ ਘੁੰਮਦਾ ਫਿਰਦਾ ਹੀ ਰਹਿੰਦਾ ਸੀ। ਅਸੀਂ ਉਸ ਨੂੰ ਕਦੇ ਬੰਨ੍ਹਿਆ ਨਹੀਂ ਸੀ। ਇਹ ਛੋਟੇ ਕੱਦ ਦਾ ਮਾਲਟੀਜ਼ ਸਿਲਕੀ ਟੈਰੀਅਰ ਨਸਲ ਦਾ ਕੁੱਤਾ ਸੀ। ਮੇਰਾ ਲੜਕਾ ਇਸ ਕਤੂਰੇ ਨੂੰ ਅੱਠ ਕੁ ਸਾਲ ਪਹਿਲਾਂ ਸ਼ਾਪਿੰਗ ਸੈਂਟਰ ਤੋਂ ਖਰੀਦ ਕੇ ਲਿਆਇਆ ਸੀ।

ਮੈਂ ਆਵਾਜ਼ਾਂ ਮਾਰੀ ਗਿਆ, ਪਰ ਰੈਂਬੋ ਕਿਧਰੇ ਵੀ ਨਜ਼ਰ ਨਾ ਆਇਆ। ਉਧਰ ਮੈਨੂੰ ਸਮੇਂ ਸਿਰ ਸਕੂਲ ਪਹੁੰਚਣ ਦਾ ਫਿਕਰ। ਕੈਜ਼ੂਅਲ ਅਧਿਆਪਕ ਨੂੰ ਤਾਂ ਮਿੰਟ-ਮਿੰਟ ਦਾ ਫਿਕਰ ਹੁੰਦਾ ਏ। ਜੇ ਮਾੜੀ ਮੋਟੀ ਵੀ ਕੁਤਾਹੀ ਹੋ ਜਾਵੇ ਤਾਂ ਕਾਲਜ ਵਾਲੇ ਅੱਗੇ ਲਈ ਸੱਦਣੋਂ ਇਨਕਾਰੀ ਵੀ ਹੋ ਸਕਦੇ ਹੁੰਦੇ ਹਨ। ਮੈਨੂੰ ਇਹ ਵੀ ਡਰ ਅਤੇ ਚਿੰਤਾ ਕਿ ਰੈਂਬੋ ਕਿਤੇ ਉਸ ਸਮੇਂ ਬਾਹਰ ਨਾ ਖਿਸਕ ਗਿਆ ਹੋਵੇ, ਜਦ ਮੈਂ ਕਾਰ 'ਤੇ ਨਜ਼ਰ ਮਾਰਨ ਲਈ ਮੂਹਰੇ ਵਾਲਾ ਦਰਵਾਜ਼ਾ ਖੋਲ੍ਹਿਆ ਸੀ। ਇਹ ਸੋਚ ਕੇ ਮੇਰਾ ਫਿਕਰ ਹੋਰ ਵੀ ਵਧ ਗਿਆ ਕਿ ਉਹ ਬਾਹਰ ਕਿਸੇ ਨੂੰ ਵੱਢ ਨਾ ਦੇਵੇ। ਉਹ ਭੱਜ ਕੇ ਦੂਰ ਵੀ ਜਾ ਸਕਦਾ ਸੀ। ਉਹ ਗੁਆਚ ਵੀ ਸਕਦਾ ਸੀ। ਮੈਂ ਜ਼ੋਰ ਜ਼ੋਰ ਨਾਲ ਆਵਾਜ਼ ਮਾਰੀ, "ਰੈਂਬੋ...! ਰੈਂਬੋ...!! ਰੈਂਬੋ...!!!" ਰੈਂਬੋ ਕਿਤਿਓਂ ਵੀ ਨਾ ਨਿਕਲਿਆ। ਹਾਏ ਰੱਬਾ! ਹੁਣ ਕੀ ਕੀਤਾ ਜਾਵੇ? ਜੇ ਨਾ ਦਿਖਿਆ ਤਾਂ ਮੈਂ ਕਾਲਜ ਕਿਵੇਂ ਜਾਊਂ?

ਮੈਂ ਵੈਸੇ ਵੀ ਰੈਂਬੋ ਨੂੰ ਘਰ ਵਿਚ ਘੱਟ ਹੀ ਬੁਲਾਇਆ ਕਰਦਾ ਸਾਂ। ਜੇ ਮੈਂ ਕਦੀ ਬੁਲਾਇਆ ਵੀ ਸੀ ਤਾਂ ਵੀ ਉਹ ਮੇਰੇ ਪਾਸ ਕਦੀ ਘੱਟ ਹੀ ਆਉਂਦਾ ਹੁੰਦਾ ਸੀ। ਉਸ ਸਮੇਂ ਤਾਂ ਰੈਂਬੋ ਹਮੇਸ਼ਾ ਘਰ ਦੇ ਕਿਸੇ ਖੱਲ ਖੂੰਜੇ ਲੁਕ ਹੀ ਜਾਂਦਾ ਸੀ, ਜਦ ਉਸ ਨੂੰ ਪਤਾ ਲੱਗ ਜਾਵੇ ਕਿ ਘਰ ਵਾਲੇ ਸਾਰੇ ਉਸ ਨੂੰ ਇਕੱਲਾ ਛੱਡ ਕੇ ਕਿਧਰੇ ਜਾ ਰਹੇ ਹੁੰਦੇ ਸਨ। ਇਸ ਹਾਲਤ ਵਿਚ ਉਹ ਅਕਸਰ ਕੰਬਣ ਵੀ ਲੱਗ ਜਾਂਦਾ ਹੁੰਦਾ ਸੀ। ਉਹ ਇਕੱਲਾ ਰਹਿਣਾ ਬਿਲਕੁਲ ਵੀ ਪਸੰਦ ਨਹੀਂ ਸੀ ਕਰਦਾ। ਪਹਿਲਾਂ ਜੇ ਮੈਂ ਉਸ ਨੂੰ ਇਕੱਲਾ ਛੱਡ ਕੇ ਕਿਧਰੇ ਜਾਂਦਾ ਸਾਂ ਤਾਂ ਉਹ ਮੇਰੀ ਪੈਂਟ ਫੜ੍ਹ ਫੜ੍ਹ ਕੇ ਖਿੱਚਦਾ ਵੀ ਹੁੰਦਾ ਸੀ। ਹੁਣ ਤਾਂ ਉਸ ਦੀ ਕੋਈ ਉੱਘ ਸੁੱਘ ਹੀ ਨਹੀਂ ਸੀ। ਉਸ ਨੂੰ ਲੱਭੇ ਬਿਨਾ ਮੈਂ ਕਾਲਜ ਵੀ ਨਹੀਂ ਜਾ ਸਕਦਾ ਸਾਂ। ਜੇ ਚਲਾ ਜਾਂਦਾ ਤਾਂ ਮੈਨੂੰ ਸਾਰਾ ਦਿਨ ਉਸ ਦਾ ਫਿਕਰ ਲੱਗਾ ਰਹਿਣਾ ਸੀ। ਮੈਂ ਕਾਲਜ ਵਿਚ ਚੰਗੀ ਤਰ੍ਹਾਂ ਕੰਮ ਵੀ ਨਹੀਂ ਸੀ ਕਰ ਸਕਣਾ। ਦੁਚਿੱਤੀ 'ਚ ਬੰਦਾ ਗਲਤੀ ਵੀ ਕਰ ਸਕਦਾ ਹੁੰਦਾ ਏ। ਜੇ ਬਾਹਰ ਕਿਸੇ ਨੂੰ ਵੱਢ ਦਿੱਤਾ ਤਾਂ ਪਤਾ ਨਹੀ ਕੀ ਕਾਨੂੰਨੀ ਕਾਰਵਾਈ ਹੋ ਜਾਊ। ਇਹ ਆਸਟਰੇਲੀਆ ਹੈ, ਭਾਰਤ ਨਹੀਂ।

ਮੈਨੂੰ ਕੁਝ ਵੀ ਸੁੱਝ ਨਹੀਂ ਸੀ ਰਿਹਾ। ਰੈਂਬੋ ਮੇਰੇ ਵਾਸਤੇ ਬਹੁਤ ਵੱਡੀ ਸਿਰਦਰਦੀ ਬਣ ਗਿਆ ਸੀ। ਮੇਰਾ ਇੱਕ ਇੱਕ ਮਿੰਟ ਕੀਮਤੀ ਸੀ। ਮੇਰੇ ਮਨ ਵਿਚ ਆਇਆ ਕਿ ਮੈਂ ਆਪਣੇ ਲੜਕੇ ਨੂੰ ਫੋਨ ਕਰਕੇ ਮਸਲੇ ਦਾ ਕੋਈ ਹੱਲ ਲੱਭਾਂ। ਜਦ ਘੜੀ ਦੇਖੀ ਤਾਂ ਯੂਰਪ ਵਿਚ ਰਾਤ ਦਾ ਸਮਾਂ ਸੀ। ਫਿਰ ਮੇਰੇ ਮਨ 'ਚ ਆਇਆ ਕਿ ਮੈਂ ਆਪਣੀ ਘਰਵਾਲੀ ਨੂੰ ਫੋਨ ਕਰਕੇ ਪਤਾ ਕਰਾਂ ਕਿ ਕੀ ਕੀਤਾ ਜਾਵੇ। ਮਨ 'ਚ ਇਹ ਵੀ ਆਵੇ ਕਿ ਉਹ ਸਵੇਰੇ ਲੇਟ ਉੱਠਦੀ ਏ। ਉਸ ਨੂੰ ਪਰੇਸ਼ਾਨ ਨਾ ਕੀਤਾ ਜਾਵੇ। ਆਖਰ ਘਰਵਾਲੀ ਨੂੰ ਫੋਨ ਕਰ ਹੀ ਲਿਆ। ਸੁਣ ਕੇ ਉਹ ਹੋਰ ਵੀ ਸੋਚੀਂ ਪੈ ਗਈ।

ਫਿਰ ਉਹ ਕਹਿਣ ਲੱਗੀ, "ਮੈਂ ਕੀ ਦੱਸ ਸਕਦੀ ਹਾਂ? ਤੁਹਾਨੂੰ ਸਵੇਰੇ ਮੂਹਰਲਾ ਦਰਵਾਜ਼ਾ ਬਹੁਤ ਧਿਆਨ ਨਾਲ ਖੋਲ੍ਹਣਾ ਚਾਹੀਦਾ ਸੀ। ਤੁਹਾਨੂੰ ਕਾਲਜ ਤਾਂ ਜਾਣਾ ਹੀ ਚਾਹੀਦਾ ਏ। ਤੁਸੀਂ ਜਾਣ ਲਈ ਹਾਂ ਕਰ ਚੁਕੇ ਹੋ। ਤੁਸੀਂ ਕੋਈ ਪੱਕੇ ਅਧਿਆਪਕ ਤਾਂ ਹੈ ਨਹੀਂ। ਆਰਜ਼ੀ ਹੋ। ਆਰਜ਼ੀ ਨੂੰ ਤਾਂ ਪੈਰ ਪੈਰ 'ਤੇ ਧਿਆਨ ਰੱਖਣਾ ਪੈਂਦਾ ਏ। ਲੜਕੀ ਨੂੰ ਜਗਾ ਕੇ ਮੈਨੂੰ ਪੁੱਛ ਲੈਣ ਦਿਓ। ਦੋ ਚਾਰ ਮਿੰਟ ਇੰਤਜ਼ਾਰ ਕਰੋ।"

"ਬੇਟੇ, ਤੇਰੇ ਡੈਡੀ ਚੱਕਰ ਵਿਚ ਪੈ ਗਏ ਹਨ। ਰੈਂਬੋ ਦਾ ਮਸਲਾ ਬਣ ਗਿਆ ਏ, "ਮੇਰੀ ਘਰਵਾਲੀ ਨੇ ਬੇਟੀ ਨੂੰ ਜਗਾਉਂਦਿਆਂ ਇੰਜ ਕਹਿਣਾ ਸ਼ੁਰੂ ਕਰ ਦਿੱਤਾ।

ਬੇਟੀ ਜਾਗੇ ਹੀ ਨਾ। ਉਹ ਰਾਤ ਦੀ ਡਿਊਟੀ ਤੋਂ ਆ ਕੇ ਲੇਟ ਸੁੱਤੀ ਸੀ। ਦੋ-ਤਿੰਨ ਮਿੰਟ ਦੋਹਾਂ ਵਿਚ ਕਸ਼ਮਕਸ਼ ਚਲਦੀ ਰਹੀ। ਮੇਰਾ ਸਮਾਂ ਬੀਤਦਾ ਜਾ ਰਿਹਾ ਸੀ। ਮੇਰੀ ਘਰਵਾਲੀ ਨੇ ਔਖੇ ਸੌਖੇ ਮਸਲਾ ਬੇਟੀ ਦੇ ਕੰਨ ਵਿਚ ਪਾਇਆ। ਬੇਟੀ ਅੱਧੀ ਜਾਗੀ ਤੇ ਫਿਰ ਬੁੜਬੁੜਾਉਂਦੀ ਹੋਈ ਬੋਲੀ, "ਮੰਮੀ, ਗੱਲ ਸਿੱਧੀ ਪੱਧਰੀ ਏ। ਅਸੀਂ ਦੇਖਦੇ ਰਹੇ ਹਾਂ ਕਿ ਰੈਂਬੋ ਤੁਹਾਡੀ ਆਵਾਜ਼ 'ਤੇ ਲੱਗਾ ਹੋਇਆ ਏ। ਜੇ ਉਹ ਆਪਣਾ ਨਾਮ ਤੁਹਾਡੀ ਸੰਗੀਤਕ ਆਵਾਜ਼ ਵਿਚ ਸੁਣ ਲਵੇ ਤਾਂ ਉਹ ਘਰ ਦੇ ਦੂਰ-ਦੁਰਾਡੇ ਦੇ ਕੋਨਿਆਂ 'ਚੋਂ ਵੀ ਤੁਹਾਡੇ ਵੱਲ ਦੌੜਿਆ ਆਉਂਦਾ ਹੈ। ਤੁਸੀਂ ਉਹਨੂੰ ਪੂਰੇ ਪਿਆਰ ਨਾਲ ਆਪਣੀ ਤਰਜ਼ 'ਤੇ ਆਵਾਜ਼ ਮਾਰੋ।"

"ਮੈਂ ਐਡੀ ਦੂਰ ਬੈਠੀ ਆਵਾਜ਼ ਕਿਵੇਂ ਮਾਰ ਸਕਦੀ ਹਾਂ?"

"ਮੰਮੀ, ਤੁਹਾਨੂੰ ਇਹ ਵੀ ਨਹੀਂ ਪਤਾ?"

"ਨਹੀਂ, ਮੈਨੂੰ ਤਾਂ ਸਮਝ ਨਹੀਂ ਆਉਂਦੀ।"

"ਆਪਣਾ ਫੋਨ ਡੈਡੀ ਨੂੰ ਮਿਲਾਓ। ਨਾਲੇ ਕਹੋ ਕਿ ਡੈਡੀ ਆਪਣੇ ਫੋਨ ਦੀ ਆਵਾਜ਼ ਪੂਰੀ ਉੱਚੀ ਕਰ ਲੈਣ। ਤੁਸੀਂ ਉੱਚੀ ਦੇਣੀ ਉਸੇ ਪੁਰਾਣੀ ਤਰਜ਼ ਨਾਲ ਕਹੋ, "ਰੈਂਅਅਬਬੋ!""

ਮੇਰੀ ਲੜਕੀ ਦੇ ਦੱਸੇ ਮੁਤਾਬਕ ਮੇਰੀ ਘਰਵਾਲੀ ਨੇ ਇਵੇਂ ਹੀ ਕੀਤਾ। ਮੈਂ ਵੀ ਆਪਣਾ ਫੋਨ ਪੂਰਾ ਉੱਚਾ ਕਰ ਲਿਆ। ਜਦ ਉਸ ਦੀ ਵਿਲੱਖਣ ਸੰਗੀਤਮਈ ਆਵਾਜ਼ ਘਰ ਵਿਚ ਗੂੰਜੀ ਤਾਂ ਕਮਾਲ ਹੀ ਹੋ ਗਈ। ਮੈਨੂੰ ਪਤਾ ਹੀ ਨਹੀਂ ਲੱਗਾ ਕਿ ਰੈਂਬੋ ਕਿਧਰੋਂ ਨਿਕਲ ਆਇਆ। ਉਹ ਮਟਕ ਮਟਕ ਤੁਰਦਾ ਮੇਰੇ ਵੱਲ ਨੂੰ ਆ ਰਿਹਾ ਸੀ। ਉਹ ਉੱਪਰ ਨੂੰ ਮੂੰਹ ਚੁੱਕ ਚੁੱਕ ਕੇ ਰੋ ਵੀ ਰਿਹਾ ਸੀ, ਮਾਨੋ ਕਹਿ ਰਿਹਾ ਹੋਵੇ, "ਤੁਸੀਂ ਮੈਨੂੰ ਇਕੱਲੇ ਛੱਡ ਕੇ ਕਿਉਂ ਚਲੇ ਜਾਂਦੇ ਹੋ।" ਮੈਨੂੰ ਪਤਾ ਵੀ ਨਹੀਂ ਲੱਗਾ ਕਿ ਉਹ ਕਿਥੋਂ ਨਿਕਲ ਕੇ ਆਇਆ ਸੀ। ਮੇਰੇ ਮਨ ਵਿਚ ਉਸ ਮੁਹਾਵਰੇ ਦਾ ਉਲਟਾ ਰੂਪ ਆਈ ਜਾਵੇ: ਮਾਂ ਨੂੰ ਆਪਣੇ ਗੂੰਗੇ ਬੱਚੇ ਦੀ ਵੀ ਗੱਲ ਸਮਝ ਆ ਜਾਂਦੀ ਏ। ਇਸ ਹਾਲਤ ਵਿਚ ਗੂੰਗੇ ਨੂੰ ਮਾਂ ਦੀ ਰਮਜ਼ ਸਮਝ ਆ ਰਹੀ ਸੀ।

ਰੈਂਬੋ ਨੂੰ ਇਸ ਤਰ੍ਹਾਂ ਪ੍ਰਗਟ ਹੁੰਦੇ ਨੂੰ ਦੇਖ ਕੇ ਮੇਰੀ ਚਿੰਤਾ ਮੁੱਕ ਗਈ। ਮੈਂ ਉਸ ਨੂੰ ਉਸ ਦੀ ਖੁਰਾਕ ਪਾਈ। ਘਰ ਦੇ ਪਿੱਛੇ ਮਿੰਟ ਕੁ ਲਈ ਬਾਹਰ ਕੱਢਿਆ। ਇਸ ਤੋਂ ਬਾਅਦ ਮੈਂ ਨਿਸ਼ਚਿੰਤ ਹੋ ਕੇ ਕਾਲਜ ਨੂੰ ਚਲਾ ਗਿਆ।

ਬੇਟੀ ਨੇ ਜਾਨਵਰ ਦੀ ਮਨੋਬਿਰਤੀ ਬਾਰੇ ਇਕ ਨਵੀਂ ਖੋਜ ਕਰ ਦਿੱਤੀ ਸੀ। ਇਹ ਖੋਜ ਬਾਅਦ ਵਿਚ ਵੀ ਸਾਡੇ ਕੰਮ ਆਉਂਦੀ ਰਹੀ।

## ਖੱਟਾ ਪਾਣੀ

ਸੁਰਿੰਦਰ ਦੇ ਦੋਸਤ ਕੈਨੇਡਾ ਤੋਂ ਕੈਲੀਫੋਰਨੀਆ ਮਿਲਣ ਆਏ। ਸੁਰਿੰਦਰ ਕੋਲ ਇੰਜੀਨੀਅਰਿੰਗ ਦੀ ਡਿਗਰੀ ਹੋਣ ਕਰਕੇ ਚੰਗੀ ਜੌਬ ਮਿਲ ਗਈ ਤੇ ਵਾਈਨ ਪੀਣ ਦਾ ਸ਼ੌਕ ਵੀ ਉਹਨੂੰ ਗੋਰਿਆਂ ਦੀ ਕੰਪਨੀ ਦੀਆਂ ਪਾਰਟੀਆਂ ਵਿਚ ਜਾਣ ਕਰਕੇ ਪੈ ਗਿਆ; ਵੈਸੇ ਇੰਡੀਆ ਵਿਸਕੀ ਜਾਂ ਦੇਸੀ ਹੀ ਚਲਦੀ ਸੀ। ਸ਼ੌਕ ਏਨਾ ਹਾਵੀ ਹੋ ਗਿਆ ਕਿ ਜੌਬ ਦੇ ਨਾਲ ਨਾਲ ਉਹਨੇ ਆਪ ਵਧੀਆ ਵਾਈਨ ਬਣਾਉਣੀ ਸਿੱਖੀ ਤੇ ਫੇਰ ਆਪ ਬਣਾਉਣੀ ਸ਼ੁਰੂ ਕਰ ਦਿੱਤੀ। ਸ਼ਾਮਾਂ ਪਈਆਂ, ਦੋਸਤਾਂ ਨੂੰ ਵਧੀਆ ਤੋਂ ਵਧੀਆ ਤੇ ਮਹਿੰਗੀ ਤੋਂ ਮਹਿੰਗੀ ਵਾਈਨ ਪਿਆਈ। ਟੇਬਲ 'ਤੇ ਰੋਟੀ ਲੱਗ ਗਈ।

"ਆਉ ਮਿੱਤਰੋ ਪਰਸ਼ਾਦਾ ਖਾਈਏ।" ਸੁਰਿੰਦਰ ਨੇ ਡਾਈਨਿੰਗ ਟੇਬਲ ਵੱਲ ਜਾਂਦੇ ਹੋਏ ਆਵਾਜ਼ ਦਿੱਤੀ। ਸਾਰੇ ਦੋਸਤ ਇਕ ਪਾਸੇ ਖਲੋ ਘੁਸਰ-ਮੁਸਰ ਕਰ ਰਹੇ ਸਨ। ਫਿਰ ਇੱਕ ਨੇ ਆਪਣੇ ਢਿੱਡ 'ਤੇ ਹੱਥ ਫੇਰਦਿਆਂ ਕਹਿ ਹੀ ਦਿੱਤਾ, "ਸੁਰਿੰਦਰ ਯਾਰ! ਖੱਟਾ ਪਾਣੀ ਪੀ ਪੀ ਢਿੱਡ ਆਫਰ ਗਿਆ, ਹੁਣ ਕੋਈ ਚੱਜ ਦੀ ਚੀਜ਼ ਤਾਂ ਪਿਆ।"

ਸੁਰਿੰਦਰ ਉਨ੍ਹਾਂ ਵੱਲ ਹੈਰਾਨੀ ਨਾਲ ਵੇਖਣ ਲੱਗਾ ਤੇ ਇਹ ਕਹਿੰਦਿਆਂ "ਵਾਹ ਉਏ ਪਤੰਦਰੋ! ਬਾਂਦਰ ਕੀ ਜਾਣਨ ਅਦਰਕ ਦਾ ਸਵਾਦ!" ਉਹਨੇ ਬਲੈਕ ਲੇਬਲ ਦਾ ਘੜਾ ਟੇਬਲ 'ਤੇ ਰੱਖ ਦਿੱਤਾ।

*-ਚਰਨਜੀਤ ਸਿੰਘ ਸਾਹੀ*

# ਇਕ ਬੁੱਲਾ ਹਵਾ ਦਾ

*(ਪਿਛਲੇ ਸਫੇ ਦੀ ਬਾਕੀ)*

ਮਿਲ ਸਕਣ ਦੀ ਗੱਲ ਵੀ ਇੰਝ ਸੁਣਾਈ ਸੂ ਕਿ ਉਸ ਵਿਚੋਂ ਲੱਭਿਆਂ ਵੀ ਨਿਹੋਰੇ ਵਾਲੀ ਸੁਰ ਨਾ ਲੱਭ ਸਕੇ; ਜਦਕਿ ਮੈਨੂੰ, ਤੇ ਪੁਨੀਤ ਨੂੰ ਵੀ, ਹਰ ਵੇਲ਼ੇ ਇਹੋ ਸ਼ਿਕਾਇਤ ਰਹਿੰਦੀ ਹੈ ਕਿ ਸਾਡੇ ਬੱਚੇ ਜਦੋਂ ਦੇ ਵੱਡੇ ਹੋਏ ਹਨ, ਆਪਣੀ ਦੁਨੀਆ ਵਿਚ ਹੀ ਮਸਤ ਰਹਿੰਦੇ ਹਨ, ਸਾਨੂੰ ਬਣਦੀ ਤਵੱਜੋ ਨਹੀਂ ਦੇਂਦੇ।

"ਮੈਂ ਆਪਣੀਆਂ ਹੀ ਗੱਲਾਂ ਕਰੀ ਜਾ ਰਿਹਾ ਹਾਂ, ਤੂੰ ਦੱਸ ਨੀਤਾ ਆਪਣੇ ਮਿਸਟਰ ਬਾਰੇ। ਕੀ ਕਰਦੇ ਹਨ?"

ਉਹ ਪਲ ਆ ਗਿਆ ਹੈ ਜਿਸ ਦਾ ਮੈਨੂੰ ਡਰ ਸੀ, ਮਾਮਾ ਫੇਰ ਓਸੇ ਹਨੇਰੇ ਖੂਹ ਵਿਚ ਨਾ ਲਹਿ ਜਾਣ...

"ਅਰੋੜਾ ਸਾਹਿਬ, ਛੇ ਮਹੀਨੇ ਹੋਏ, ਗੁਜ਼ਰ ਗਏ ਹਨ।" ਮਾਮਾ ਸੰਖੇਪ ਜਿਹਾ ਜਵਾਬ ਦੇਂਦੇ ਹਨ ਪਰ ਬਿਨਾ ਫਿਸਿਆਂ। ਨਹੀਂ ਤੇ ਅੱਜਕੱਲ੍ਹ ਪਾਪਾ ਦੀ ਗੱਲ ਕਰਦਿਆਂ ਹੀ ਉਨ੍ਹਾਂ ਦਾ ਗੱਚ ਭਰ ਆਂਦਾ ਹੈ। ਅਸੀਂ ਸਾਰੇ ਏਸੇ ਕਾਰਨ ਪਾਪਾ ਦਾ ਜ਼ਿਕਰ ਕਰਨੋਂ ਵੀ ਝਿਜਕਦੇ ਹਾਂ।

ਉਹਦੇ ਹੱਥ ਜਿਵੇਂ ਆਪ ਮੁਹਾਰੇ ਮੇਜ਼ ਨੂੰ ਪਾਰ ਕਰ ਕੇ ਪਰਲੇ ਪਾਸੇ ਬੈਠੇ ਮਾਮਾ ਦੇ ਹੱਥਾਂ ਨੂੰ ਛੋਹ ਲੈਂਦੇ ਹਨ, ਤੇ ਕੁਝ ਚਿਰ ਓਥੇ ਹੀ ਟਿਕੇ ਰਹਿੰਦੇ ਹਨ। ਕਹਿੰਦਾ ਉਹ ਕੁਝ ਵੀ ਨਹੀਂ। ਤੇ ਫੇਰ ਕੁਝ ਪਲ ਛਾਈ ਰਹੀ ਚੁੱਪ ਨੂੰ ਤੋੜਦਿਆਂ ਮਾਮਾ ਦੱਸਣ ਲੱਗ ਪੈਂਦੇ ਹਨ, ਕਿਵੇਂ ਪਾਪਾ ਨੂੰ ਅਚਾਨਕ ਦਿਲ ਦਾ ਦੌਰਾ ਪਿਆ, ਕਿਵੇਂ ਨੌਕਰ ਗੁਆਂਢੀਆਂ ਨੂੰ ਬੁਲਾ ਕੇ ਲਿਆਇਆ, ਕਿਉਂਕਿ ਐਮਰਜੈਂਸੀ ਸੇਵਾਵਾਂ ਵਾਲੇ ਬਹੁੜ ਹੀ ਨਹੀਂ ਸਨ ਰਹੇ, ਤੇ ਕਿਵੇਂ ਪਾਪਾ ਨੇ ਰਾਹ ਵਿਚ ਹੀ ਦਮ ਤੋੜ ਦਿੱਤਾ। ਉਹ ਸਾਰਾ ਵੇਰਵਾ, ਜਿਸ ਨੂੰ ਵਾਰ ਵਾਰ, ਹਰ ਕਿਸੇ ਕੋਲ ਦੁਹਰਾਣਾ ਮਾਮਾ ਦੀ ਆਦਤ ਹੋ ਗਈ ਹੈ। ਜਿਵੇਂ ਉਨ੍ਹਾਂ ਅਭਾਗੇ ਪਲਾਂ ਨੂੰ ਮੁੜ ਮੁੜ ਚਿਤਾਰ ਕੇ ਉਨ੍ਹਾਂ ਨੂੰ ਕੋਈ ਅਜਬ ਜਿਹੀ ਧਰਵਾਸ ਮਿਲਦੀ ਹੋਵੇ, ਜਾਂ ਸ਼ਾਇਦ ਇੰਝ ਦੁਹਰਾਇਆਂ ਉਹ ਆਪਣੇ ਆਪ ਨੂੰ ਸਮਝਾ ਰਹੇ ਹੁੰਦੇ ਹਨ ਕਿ ਇਹ ਉਨ੍ਹਾਂ ਨੂੰ ਕੋਈ ਭੈੜਾ ਸੁਪਨਾ ਨਹੀਂ ਆ ਰਿਹਾ, ਇਹ ਸਭ ਕੁਝ ਸੱਚਮੁੱਚ ਵਾਪਰ ਚੁੱਕਾ ਹੈ।

ਇਸ ਲੰਮੀ ਕਥਾ ਤੋਂ ਮੈਂ ਬੇਆਰਾਮ ਹੋ ਰਹੀ ਹਾਂ ਪਰ ਮਾਮਾ ਨੂੰ ਟੋਕ ਕੇ ਗੱਲਬਾਤ ਨੂੰ ਕੋਈ ਹੋਰ ਮੋੜ ਵੀ ਨਹੀਂ ਦੇ ਸਕਦੀ। ਕੋਈ ਵਿਰਲ ਲੱਭੇ ਤਾਂ ਸਹੀ...

ਉਹ ਚੁੱਪਚਾਪ ਮਾਮਾ ਨੂੰ ਸੁਣਦਾ ਰਹਿੰਦਾ ਹੈ, ਉਨ੍ਹਾਂ ਨੂੰ ਆਪਣੇ ਵਹਿਣ ਵਿਚ ਵਗੀ ਜਾਣ ਦੇਂਦਾ ਹੈ, ਨਾ ਟੋਕਦਾ ਹੈ ਨਾ ਕੁਝ ਪੁੱਛਦਾ ਹੈ ਤੇ ਫੇਰ ਅਚਾਨਕ ਇਕ ਢੁਕਵੇਂ ਮੌਕੇ 'ਤੇ ਵਿਰਲ ਲੱਭ ਕੇ ਕਹਿੰਦਾ ਹੈ, "ਨੀਤਾ, ਅਰੋੜਾ ਸਾਹਿਬ ਦਾ ਕੋਈ ਨਾਂ ਵੀ ਤਾਂ ਹੋਵੇਗਾ, ਤੂੰ ਕੀ ਪੁਰਾਣੇ ਜ਼ਮਾਨੇ ਦੀਆਂ ਔਰਤਾਂ ਵਾਂਗ ਅਰੋੜਾ ਸਾਹਿਬ, ਅਰੋੜਾ ਸਾਹਿਬ ਲਾਈ ਹੋਈ ਏ?"

ਮਾਮਾ ਉਸ ਦੀ ਮਿੱਠੀ ਜਿਹੀ ਝਾੜ 'ਤੇ ਮੁਸਕਰਾ ਪੈਂਦੇ ਹਨ, "ਵਿਨੋਦ ਸੀ ਉਨ੍ਹਾਂ ਦਾ ਨਾਂ।"

"ਤੇ ਸ਼੍ਰੀ ਵਿਨੋਦ ਅਰੋੜਾ ਨੇ ਪੰਡਤਾਂ ਦੀ ਕੁੜੀ ਕਿਵੇਂ ਫਸਾ ਲਈ? ਬੜੀ ਜੱਦੋਜਹਿਦ ਕਰਨੀ ਪਈ ਹੋਵੇਗੀ ਉਨ੍ਹਾਂ ਨੂੰ ਅੜੀਅਲ ਬਾਹਮਣਾਂ ਦਾ ਜਵਾਈ ਬਣਨ ਲਈ।" ਇਹ ਕਹਿੰਦਿਆਂ ਉਹ ਮੇਰੇ ਵੱਲ ਦੇਖ ਕੇ ਖੱਬੀ ਅੱਖ ਹਲਕੀ ਜਿਹੀ ਦਬਾਂਦਾ ਹੈ, ਜਿਵੇਂ ਕਹਿ ਰਿਹਾ ਹੋਵੇ, 'ਤੇਰੀ ਮਾਂ ਦਾ ਹਾਣੀ ਹਾਂ ਨਾ, ਏਨੀ ਕੁ ਖੁੱਲ੍ਹ ਤਾਂ ਲੈ ਹੀ ਸਕਦਾ ਹਾਂ।'

"ਜੱਦੋਜਹਿਦ ਤੇ ਵਾਕਈ ਬਹੁਤ ਕਰਨੀ ਪਈ ਸੀ, ਘਰ ਵਿਚ ਤਕਰੀਬਨ ਦੋ ਸਾਲ ਸ਼ੀਤ-ਯੁੱਧ ਚਲਦਾ ਰਿਹਾ ਸੀ ਪਰ ਇਰਾਦੇ ਦੀ ਮੈਂ ਵੀ ਪੱਕੀ ਸਾਂ ਤੇ ਵਿਨੋਦ ਵੀ। ਆਖਰ ਘਰਦਿਆਂ ਨੂੰ ਮੰਨਣਾ ਹੀ ਪਿਆ।"

ਅਚਾਨਕ ਮਨ ਵਿਚ ਖਿਆਲ ਆਂਦਾ ਹੈ ਕਿ ਏਨੀ ਬੇਤਕੱਲਫੀ, ਏਨੀ ਖੁੱਲ੍ਹ ਨਾਲ ਮਾਮਾ ਨਾਲ ਗੱਲ ਕਰਨ ਵਾਲਾ ਇਹ ਆਦਮੀ ਜਵਾਨੀ ਵੇਲ਼ੇ ਮਾਮਾ ਦਾ ਪ੍ਰੇਮੀ ਤਾਂ ਨਹੀਂ ਸੀ ਕਿਤੇ! ਮਾਮਾ ਤੇ ਪਾਪਾ ਦੇ ਮਿਲਣ ਦੇ ਦਿਨਾਂ ਤੋਂ ਪਹਿਲਾਂ ਵਾਲੇ ਸਮਿਆਂ ਵਿਚ। ਕੀ ਪਤਾ ਉਸ ਵੇਲ਼ੇ ਇਹ ਸ਼ਖਸ ਤੇ ਮਾਮਾ, ਸਾਡੇ ਨਾਨਾ ਜੀ ਦੇ ਸਖਤ ਸੁਭਾਅ ਨਾਲ ਜੱਦੋਜਹਿਦ ਨਾ ਕਰ ਸਕੇ ਹੋਣ ਤੇ ਇਹਨਾਂ ਦੁਹਾਂ ਦੀ ਮੁਹੱਬਤ ਅੱਧਵਾਟੇ ਹੀ ਰਹਿ ਗਈ ਹੋਵੇ। ਵਿਆਹ ਲਈ ਰਾਜ਼ੀ ਕਰਾਣ ਵਾਸਤੇ ਮਾਮਾ ਤੇ ਪਾਪਾ ਦੀ ਘਰਦਿਆਂ ਨਾਲ ਲੰਮੀ ਚੱਲੀ ਲੜਾਈ ਦੀਆਂ ਕਹਾਣੀਆਂ ਅਸੀਂ ਸਾਰੇ ਸੁਣਦੇ ਰਹੇ ਹਾਂ। ਵੱਡੇ ਮਾਮਾ ਜੀ ਨੂੰ ਠਿੱਠ ਕਰਨ ਦਾ ਤਾਂ ਪਾਪਾ ਕੋਈ ਮੌਕਾ ਨਹੀਂ ਸਨ ਜਾਣ ਦੇਂਦੇ, "ਤੈਨੂੰ ਬਸ ਛੋਟੀ ਭੈਣ 'ਤੇ ਹੀ ਰੋਹਬ ਪਾਣਾ ਆਂਦਾ ਸੀ, ਸਾਡਾ ਵਿਆਹ ਰੁਕਵਾਣ ਦੇ ਮਾਮਲੇ ਵਿਚ ਤੂੰ ਦੋ ਸਾਲ ਪਿਤਾ ਜੀ ਦਾ ਰੱਜ ਕੇ ਸਾਥ ਦੇਂਦਾ ਰਿਹਾ। ਹੁਣ ਤੇਰੇ ਦੋਵਾਂ ਪੁੱਤਰਾਂ ਨੇ ਹੀ ਸਿੱਖਾਂ ਦੀਆਂ ਕੁੜੀਆਂ ਨਾਲ ਵਿਆਹ ਕਰਾਏ ਹਨ ਤੇ ਤੇਰੀ ਚੂੰ ਕਰਨ ਦੀ ਵੀ ਹਿੰਮਤ ਨਹੀਂ ਹੋਈ।" ਵਿਚਾਰੇ ਮਾਮਾ ਜੀ ਪਾਪਾ ਦੀਆਂ ਸਭ ਸਲਵਾਤਾਂ ਵੀ ਬਿਨਾ ਚੂੰ ਕੀਤਿਆਂ ਸੁਣ ਲੈਂਦੇ ਸਨ, ਆਪਣੇ ਜੀਜੇ ਅੱਗੇ ਮੂੰਹ ਨਹੀਂ ਸਨ ਖੋਲ੍ਹਦੇ ਪਰ ਇਹ ਖਿਆਲ ਤੇ ਮੈਨੂੰ ਕਦੀ ਆਇਆ ਹੀ ਨਹੀਂ ਕਿ ਜੇ ਪਾਪਾ ਪਿੱਛੇ ਮਾਮਾ ਦੋ ਸਾਲ ਆਪਣੇ ਘਰਦਿਆਂ ਨਾਲ ਆਢਾ ਲੈ ਸਕਦੇ ਸਨ ਤਾਂ ਕਾਲਜ ਦੇ ਦਿਨਾਂ ਵਿਚ ਪਾਪਾ ਤੋਂ ਪਹਿਲਾਂ ਉਨ੍ਹਾਂ ਦੀ ਜ਼ਿੰਦਗੀ ਵਿਚ ਕੋਈ ਹੋਰ ਵੀ ਤਾਂ ਆਇਆ ਹੋ ਸਕਦਾ ਹੈ। ਇੰਝ ਹੋਇਆ ਹੋ ਵੀ ਸਕਦਾ ਹੈ, ਤੇ ਨਹੀਂ ਵੀ। ਕੀ ਫਰਕ ਪੈਂਦਾ ਹੈ ਹੁਣ। ਤਾਂ ਵੀ ਇੰਝ ਸੋਚ ਕੇ ਮੈਨੂੰ ਖਚਰਾ ਜਿਹਾ ਮਜ਼ਾ ਆਂਦਾ ਹੈ।

ਪਰ ਏਸ ਵੇਲ਼ੇ ਮਾਮਾ ਆਪਣੇ ਪੁਰਾਣੇ ਦੋਸਤ ਨਾਲ ਖੁੱਲ੍ਹ ਕੇ ਗੱਲਾਂ ਕਰ ਰਹੇ ਹਨ, ਜਿਵੇਂ ਅਰਸੇ ਬਾਅਦ ਉਨ੍ਹਾਂ ਨੂੰ ਕੋਈ ਅਜਿਹਾ ਮਿਲਿਆ ਹੋਵੇ ਜਿਸ ਨਾਲ ਗੱਲਾਂ ਕਰ ਕੇ ਉਨ੍ਹਾਂ ਨੂੰ ਮਜ਼ਾ ਆ ਰਿਹਾ ਹੋਵੇ, ਜਿਸ ਨਾਲ ਗੱਲਾਂ ਕਰਨ 'ਤੇ ਉਨ੍ਹਾਂ ਦਾ ਜੀਅ ਕਰ ਰਿਹਾ ਹੋਵੇ। ਤੇ ਉਹ ਬੜੇ ਧਿਆਨ ਨਾਲ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਹੈ। ਸਿਰਫ ਸੁਣ ਹੀ ਨਹੀਂ ਰਿਹਾ, ਅੱਗੇ ਤੋਂ ਅੱਗੇ ਪੁੱਛਦਾ ਵੀ ਜਾ ਰਿਹਾ ਹੈ। ਪਾਪਾ ਬਾਰੇ, ਸੁਨੀਲ ਬਾਰੇ, ਸਵੀਡਨ ਵਿਚ ਉਸ ਦੀ ਜ਼ਿੰਦਗੀ ਬਾਰੇ, ਮੇਰੇ ਤੇ ਮੇਰੇ ਪਰਿਵਾਰ ਬਾਰੇ। ਉਨ੍ਹਾਂ ਲੋਕਾਂ ਬਾਰੇ ਜਿਨ੍ਹਾਂ ਨੂੰ ਉਹ ਕਦੇ ਨਹੀਂ ਮਿਲਿਆ, ਤੇ ਜਿਨ੍ਹਾਂ ਨਾਲ ਉਸ ਦਾ ਟਾਕਰਾ ਸ਼ਾਇਦ ਕਦੇ ਹੋਣਾ ਵੀ ਨਹੀਂ ਪਰ ਪੂਰੀ ਦਿਲਚਸਪੀ ਨਾਲ ਸੁਣ ਰਿਹਾ ਹੈ। ਤੇ ਮਾਮਾ ਹਰ ਗੱਲ ਦਾ ਜਵਾਬ ਏਨੇ ਵਿਸਤਾਰ ਨਾਲ ਦੇ ਰਹੇ ਹਨ ਕਿ ਮੈਂ ਬੋਰ ਹੋਣ ਲੱਗ ਪਈ ਹਾਂ, ਮੇਰੇ ਲਈ ਇਨ੍ਹਾਂ ਗੱਲਾਂ, ਇਨ੍ਹਾਂ ਬੇਲੋੜੇ ਵੇਰਵਿਆਂ ਵਿਚ ਕੁਝ ਵੀ ਨਵਾਂ ਨਹੀਂ। ਇਹ ਵੇਰਵੇ ਉਸ ਲਈ ਨਵੇਂ ਹੋ ਸਕਦੇ ਹਨ ਪਰ ਇਨ੍ਹਾਂ ਗੱਲਾਂ ਵਿਚ ਉਸ ਦੀ ਕੀ ਦਿਲਚਸਪੀ ਹੋ ਸਕਦੀ ਹੈ!

ਦੋ ਘੰਟੇ ਲੰਘ ਚੱਲੇ ਹਨ। ਉਹ ਆਪਣੀ ਘੜੀ ਵੱਲ ਦੇਖ ਕੇ ਕਹਿੰਦਾ ਹੈ, "ਮੈਨੂੰ ਹੁਣ ਨਿਕਲਣਾ ਚਾਹੀਦਾ ਹੈ, ਵਕਤ ਹੋ ਗਿਆ ਹੈ।" ਫੇਰ ਮੇਰੇ ਵੱਲ ਦੇਖ ਕੇ ਕਹਿੰਦਾ ਹੈ, "ਤੁਸੀਂ ਕਿਹਾ ਸੀ ਨਾ ਤੁਹਾਡੇ ਘਰ ਮੇਰੇ ਨਾਵਲ ਹੈਣ। ਮੇਰੀ ਈਮੇਲ ਉਨ੍ਹਾਂ ਉੱਤੇ ਦਰਜ ਹੈ। ਰਾਬਤਾ ਰੱਖਣਾ।"

"ਸਿਰਫ ਸੁਮੇਧਾ ਨੂੰ ਕਿਉਂ ਕਹਿ ਰਿਹਾ ਹੈਂ? ਤੇਰਾ ਕੀ ਖਿਆਲ ਹੈ, ਮੈਂ ਨਹੀਂ ਈਮੇਲ ਵਰਤਦੀ? ਏਨੀ ਪੱਛੜੀ ਹੋਈ ਤਾਂ ਨਾ ਸਮਝ ਮੈਨੂੰ।" ਮਾਮਾ ਦਾ ਇੰਝ ਝੂਠੇ ਨਿਹੋਰੇ ਨਾਲ ਕਹਿਣਾ ਮੈਨੂੰ ਚੰਗਾ ਲੱਗਦਾ ਹੈ।

"ਸਿਰਫ ਸੁਮੇਧਾ ਨੂੰ ਇਸ ਲਈ ਕਿਹਾ ਹੈ, ਕਿਉਂਕਿ ਤੂੰ ਤੇ ਟੀ.ਜੇ. ਸੈਂਡਰਜ਼ ਦਾ ਨਾਂ ਵੀ ਨਹੀਂ ਸੁਣਿਆ ਹੋਇਆ।" ਉਹ ਵੀ ਝੂਠੀ ਜਿਹੀ ਨਿਰਾਸਤਾ ਦਾ ਦਿਖਾਵਾ ਕਰਦਿਆਂ ਕਹਿੰਦਾ ਹੈ।

ਉਸ ਦੀ ਟੈਕਸੀ ਆ ਜਾਂਦੀ ਹੈ। ਮੇਰੇ ਨਾਲ ਮਿਲਾਣ ਲਈ ਹੱਥ ਅੱਗੇ ਵਧਾਂਦਾ ਹੈ, "ਟੇਕ ਕੇਅਰ" ਤੇ ਮਾਮਾ ਨੂੰ ਅੱਧੀ ਜੱਫੀ ਵਿਚ ਵ਼ਲਦਿਆਂ ਕਹਿੰਦਾ ਹੈ, "ਯੂ ਹੈਵ ਲਿਵਡ ਏ ਗੁਡ ਲਾਈਫ, ਨੀਤਾ। ਐਂਡ, ਦੇਅਰ ਆਰ ਮੈਨੀ ਮੋਰ ਗੁਡ ਟਾਈਮਜ਼ ਅਹੈੱਡ।" ਉਹਦੇ ਸ਼ਬਦਾਂ ਵਿਚ ਨਸੀਹਤ ਹੈ ਪਰ ਸੁਰ ਵਿਚ ਨਹੀਂ, ਜਿਵੇਂ ਕੋਈ ਸਹਿਜ ਸੁਭਾਅ ਹੀ ਦੋ ਕੁ ਰੁਖਸਤੀ ਬੋਲ ਬੋਲ ਕੇ ਜਾ ਰਿਹਾ ਹੋਵੇ। ਜਵਾਬ ਵਿਚ ਮਾਮਾ ਹਲਕਾ ਜਿਹਾ ਸਿਰ ਹਿਲਾ ਛੱਡਦੇ ਹਨ।

ਘਰ ਮੁੜਦਿਆਂ, ਰਾਹ ਵਿਚ ਮਾਮਾ ਸਾਰਾ ਰਾਹ ਆਪ ਹੀ ਉਸ ਦੀਆਂ ਗੱਲਾਂ ਕਰਦੇ ਜਾਂਦੇ ਹਨ। ਮੈਨੂੰ ਕੁਝ ਵੀ ਪੁੱਛਣ ਦੀ ਲੋੜ ਨਹੀਂ ਪੈਂਦੀ। "ਇਹ ਸਾਡੀ ਕਲਾਸ ਦਾ ਸਭ ਤੋਂ ਜ਼ਹੀਨ ਮੁੰਡਾ ਹੁੰਦਾ ਸੀ। ਪੜ੍ਹਾਈ ਵਿਚ ਤੇ ਅੱਵਲ ਸੀ ਹੀ, ਅਦਾਕਾਰ ਵੀ ਬਹੁਤ ਵਧੀਆ ਸੀ। ਫੇਰ ਸਕਾਲਰਸ਼ਿਪ 'ਤੇ ਇੰਗਲੈਂਡ ਪੜ੍ਹਨ ਚਲਾ ਗਿਆ ਤੇ ਮੁੜ ਕਦੇ ਰਾਬਤਾ ਵੀ ਨਾ ਹੋਇਆ। ਕਦੇ ਸੋਚਿਆ ਵੀ ਨਹੀਂ ਸੀ ਕਿ ਅਚਾਨਕ ਇੰਝ ਮੁਲਾਕਾਤ ਹੋ ਜਾਵੇਗੀ।"

"ਜ਼ਹੀਨ ਹੀ ਨਹੀਂ, ਸੁਹਣਾ ਵੀ ਬਹੁਤ ਹੁੰਦਾ ਹੋਵੇਗਾ। ਹੀ ਇਜ਼ ਸਟਿਲ ਵੈਰੀ ਅਟ੍ਰੈਕਟਿਵ।" ਮੈਂ ਸਿਰਫ ਕੁਝ ਕੁਰੇਦਣ ਖਾਤਰ ਨਹੀਂ ਕਹਿੰਦੀ, ਉਹ ਵਾਕਈ ਬੜਾ ਸੁਨੱਖਾ, ਤੇ ਅਜੇ ਤਕ ਸਾਂਭਿਆ ਸਿਕਰਿਆ ਆਦਮੀ ਹੈ।

"ਬਿਲਕੁਲ, ਕਲਾਸ ਦੀਆਂ ਅੱਧੀਆਂ ਕੁੜੀਆਂ ਉਸ 'ਤੇ ਮਰਦੀਆਂ ਹੁੰਦੀਆਂ ਸਨ।"

"ਤੇ ਤੁਸੀਂ?"

"ਓਹ ਕਮ ਔਨ...!" ਮਾਮਾ ਕੁਝ ਇਹੋ ਜਿਹਾ ਜਵਾਬ ਦੇਂਦੇ ਹਨ ਜਿਸ ਦਾ ਜੋ ਚਾਹੋ ਮਤਲਬ ਕੱਢ ਲਵੋ।

ਘਰ ਪਹੁੰਚ ਕੇ ਮਾਮਾ ਆਮ ਵਾਂਗ ਆਪਣੇ ਆਪ ਨੂੰ ਫੱਟ ਆਪਣੇ ਕਮਰੇ ਵਿਚ ਜਾ ਬੰਦ ਕਰਨ ਦਾ ਉਪਰਾਲਾ ਨਹੀਂ ਕਰਦੇ, ਸਾਡੇ ਕੋਲ ਬੈਠਕ ਵਿਚ ਹੀ ਬਹਿ ਜਾਂਦੇ ਹਨ।

ਤੇ ਫੇਰ, ਪਾਣੀ ਦਾ ਇਕ ਗਲਾਸ ਪੀ ਕੇ, ਪੁਨੀਤ ਨੂੰ ਪੁੱਛਦੇ ਹਨ, "ਸੁਣਿਐ, ਤੇਰੇ ਕੋਲ ਟੀ.ਜੇ. ਸੈਂਡਰਜ਼ ਦੀਆਂ ਬੜੀਆਂ ਸਾਰੀਆਂ ਕਿਤਾਬਾਂ ਨੇ, ਪੜ੍ਹਨ ਲਈ ਕਿਸੇ ਇਕ ਦੀ ਸਿਫਾਰਿਸ਼ ਕਰੇਂਗਾ?"

"ਜ਼ਰੂਰ, ਮਾਮਾ, ਹੁਣੇ ਦੱਸਦਾ ਹਾਂ", ਪਰ ਇਹ ਕਹਿੰਦਿਆਂ ਪੁਨੀਤ ਇਕ ਭਰਵੱਟਾ ਰਤਾ ਕੁ ਉਤਾਂਹ ਚੁੱਕਦਿਆਂ ਹੈਰਾਨੀ ਨਾਲ ਮੇਰੇ ਵੱਲ ਦੇਖਦਾ ਹੈ।

ਮੈਂ ਜਵਾਬ ਵਿਚ ਖੱਬੀ ਅੱਖ ਨੂੰ ਹਲਕਾ ਜਿਹਾ ਦੱਬ ਕੇ ਮੁਸਕਰਾ ਛੱਡਦੀ ਹਾਂ, ਬਸ।

# ਬੈਚ ਫੁੱਲ ਵਾਈਲਡ ਓਟ: ਕੁਰਾਹਿਆ

ਡਾਕਟਰ ਵੀ. ਕ੍ਰਿਸ਼ਨਾਮੂਰਤੀ ਭਾਰਤ ਦੇ ਉੱਚ ਕੋਟੀ ਦੇ ਹੋਮਿਓਪੈਥ ਹਨ, ਜਿਨ੍ਹਾਂ ਨੇ ਡੈਂਗੂ, ਕਰੋਨਾ, ਸਵਾਈਨ ਫਲੂ ਅਤੇ ਚਿਕਨਫਲੂ ਜਿਹੀਆਂ ਮਹਾਂਮਾਰੀਆਂ ਦੇ ਇਲਾਜ ਕੱਢੇ ਹਨ। ਇਸ ਤੋਂ ਵੀ ਵੱਧ ਮਹੱਤਵਪੂਰਣ ਉਨ੍ਹਾਂ ਦਾ ਸਿੱਧਾ ਤੇ ਧੜੱਲੇਦਾਰ ਲਿਖਣ ਸਟਾਈਲ ਹੈ, ਜੋ ਮਰੀਆਂ ਰੂਹਾਂ ਵਿਚ ਵੀ ਜਾਨ ਪਾ ਦਿੰਦਾ ਹੈ। ਇਕ ਥਾਂ ਉਹ ਲਿਖਦੇ ਹਨ ਕਿ ਹੋਮਿਓਪੈਥੀ ਸਿੱਖਣ ਲਈ ਉਹ ਕਿਸੇ ਮੈਡੀਕਲ ਸਕੂਲ ਜਾਂ ਕਾਲਜ ਵਿਚ ਨਹੀਂ ਗਏ। ਉਹ ਤਾਂ ਪੇਸ਼ੇ ਵਜੋਂ ਮੈਡੀਕਲ ਪੱਤਰਕਾਰ ਸਨ, ਜੋ ਵੱਖ ਵੱਖ ਮੈਡੀਕਲ ਪ੍ਰਣਾਲੀਆਂ ਦੀ ਗੁਣਵੱਤਾ ਸਮਝਣ ਨਾਲ ਹੋਮਿਓਪੈਥੀ ਦੀ ਤਰਕਸ਼ੀਲਤਾ ਵਲ ਖਿੱਚੇ ਗਏ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਹੋਮਿਓਪੈਥੀ ਸਿੱਖਣ ਦਾ ਤਰੀਕਾ "ਹਿਊਰਿਸਟਿਕ" (Heuristic) ਸੀ। ਇਹ ਤਰੀਕਾ ਕਲਾਸਾਂ ਲਾ ਕੇ, ਦੂਜਿਆਂ ਦੀ ਨਕਲ ਕਰ ਕੇ ਜਾਂ ਉਨ੍ਹਾਂ ਦੀ ਸਲਾਹ ਲੈ ਕੇ ਸਿੱਖਣ ਦਾ ਨਹੀਂ, ਸਗੋਂ ਆਪਣੀ ਸਮਝ ਤੇ ਦ੍ਰਿੜ ਵਿਸ਼ਵਾਸ ਸਹਾਰੇ ਆਪ ਸਿੱਖਣ ਦਾ ਹੈ। ਉਨ੍ਹਾਂ ਅਨੁਸਾਰ ਇਹ ਇਕ ਕਰਾਮਾਤੀ ਤਰੀਕਾ ਹੈ ਤੇ ਜਿਸ ਕਿਸੇ ਨੇ ਵੀ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਅਜਿਹੀ ਕਰਾਮਾਤ ਕਰਨੀ ਹੋਵੇ, ਉਹ ਬੈਚ ਫੁੱਲ ਦਵਾਈ ਸਿਰਾਟੋ (Cerato) ਦਾ ਨਾਮ ਯਾਦ ਰੱਖੇ। ਉਨ੍ਹਾਂ ਦੇ ਕਹਿਣ ਅਨੁਸਾਰ ਇਹ ਦਵਾਈ ਲੈਣ ਉਪਰੰਤ ਉਹ ਰਾਤੋ ਰਾਤ ਇਕ ਐਨਸਾਈਕਲੋਪੀਡੀਆ (Encyclopedia) ਲਿਖ ਸਕਦਾ ਹੈ।

ਇਹ ਡਾਕਟਰ ਸਾਹਿਬ ਦੇ ਵਰਨਣ ਕਰਨ ਦਾ ਬੇਬਾਕ ਤੇ ਚੋਕਾਉਣ ਵਾਲਾ ਢੰਗ ਹੋ ਸਕਦਾ ਹੈ, ਪਰ ਇਸ ਨਾਲ ਫੁੱਲ ਦਵਾਈ ਸਿਰਾਟੋ ਦੀ ਅਹਿਮੀਅਤ ਵਿਚ ਕੋਈ ਫਰਕ ਨਹੀਂ ਪੈਂਦਾ। ਇਹ ਸੱਚ ਮੁੱਚ ਹੀ ਮਨੁੱਖ ਨੂੰ ਆਤਮ-ਵਿਸ਼ਵਾਸ ਦੇ ਘੋੜੇ 'ਤੇ ਚੜ੍ਹਾ ਕੇ ਉਸ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਾ ਦਿੰਦੀ ਹੈ ਤੇ ਆਪਣਾ ਕੰਮ ਕਰ ਦਿੰਦੀ ਹੈ। ਪਰ ਉਹ ਮਨੁੱਖ ਉਦੋਂ ਕੀ ਕਰੇ, ਜਦੋਂ ਉਸ ਨੂੰ ਆਪਣੀ ਮੰਜ਼ਿਲ ਦਾ ਹੀ ਪਤਾ ਨਾ ਹੋਵੇ? ਉਸ ਕੋਲ ਆਤਮ ਵਿਸ਼ਵਾਸ ਹੋਵੇ, ਯੋਗਤਾ ਹੋਵੇ ਅਤੇ ਅੱਗੇ ਵਧਣ ਦਾ ਜਿਗਰਾ ਵੀ ਹੋਵੇ, ਪਰ ਜੇ ਉਹ ਜੀਵਨ ਦੇ ਚੌਰਸਤੇ 'ਤੇ ਖੜ੍ਹਿਆ ਇਹ ਪਤਾ ਨਾ ਕਰ ਸਕੇ ਕਿ ਜਾਣਾ ਕਿੱਧਰ ਹੈ ਤਾਂ ਉਸ ਦੀਆਂ ਇਨ੍ਹਾਂ ਵਿਸ਼ੇਸ਼ਤਾਈਆਂ ਦਾ ਕੋਈ ਮੁੱਲ ਨਹੀਂ। ਕੀ ਕੋਈ ਅਜਿਹੀ ਫੁੱਲ ਦਵਾਈ ਵੀ ਹੈ, ਜੋ ਉਸ ਦੀ ਕਾਊਂਸਲਿੰਗ ਕਰ ਕੇ ਉਸ ਭੁੱਲੇ ਨੂੰ ਸਹੀ ਰਾਹ 'ਤੇ ਪਾ ਦੇਵੇ? ਹਾਂ ਹੈ, ਉਸ ਦਵਾਈ ਦਾ ਨਾਂ ਵਾਈਲਡ ਓਟ (Wild Oat) ਭਾਵ ਜੰਗਲੀ ਜੌਂਈ ਹੈ, ਜਿਸ ਨੂੰ ਬਨਾਸਪਤੀ ਵਿਗਿਆਨ ਵਾਲੇ ਬ੍ਰੋਮਸ ਰਾਮੋਸਸ (Bromus Ramosus) ਕਹਿੰਦੇ ਹਨ ਤੇ ਪੰਜਾਬੀ ਕਿਸਾਨ ਭਰਾ "ਮੱਚਣੀ" ਕਹਿੰਦੇ ਹਨ। ਮੱਚਣੀ ਉਹੀ ਕਬਾੜ ਹੈ, ਜਿਸ ਨੂੰ ਕਣਕ ਦੀ ਗੁਡਾਈ ਵੇਲੇ ਪੁੱਟ ਕੇ ਬਾਹਰ ਸੁੱਟਿਆ ਜਾਂਦਾ ਹੈ।

ਮੈਡੀਕਲ ਲੇਖਕਾਂ ਨੇ ਵਾਈਲਡ ਓਟ ਦੇ ਸੁਭਾਅ ਨੂੰ ਸਮਝਾਉਣ ਲਈ ਕਈ ਕੁੰਜੀਵਤ ਸ਼ਬਦ ਵਰਤੇ ਹਨ, ਜਿਨ੍ਹਾਂ ਵਿਚੋਂ ਇਕ ਹੈ ਚੁਰਸਤਾ (Cross-roads), ਦੂਜਾ ਭਟਕਣ (Distraction) ਤੇ ਤੀਜਾ ਕੁਰਾਹਤ (Deviation) ਹੈ। ਇਨ੍ਹਾਂ ਸਭ ਸ਼ਬਦਾਂ ਦਾ ਸੰਦੇਸ਼ ਇਕੋ ਹੈ। ਇਸ ਦੇ ਸੁਭਾਅ ਵਾਲੇ ਲੋਕ ਜਾਂ ਤਾਂ ਚੁਰਸਤੇ 'ਤੇ ਖੜ੍ਹੇ ਮੁਸਾਫਰਾਂ ਵਾਂਗ ਹੁੰਦੇ ਹਨ, ਜਿਨ੍ਹਾਂ ਨੂੰ ਇਹ ਪਤਾ ਨਹੀਂ ਲਗਦਾ ਕਿ ਅੱਗੇ ਫਟਣ ਵਾਲੀਆਂ ਸੜਕਾਂ ਵਿਚੋਂ ਉਨ੍ਹਾਂ ਨੇ ਕਿਹੜੀ 'ਤੇ ਜਾਣਾ ਹੈ। ਜਾਂ ਫਿਰ ਉਹ ਅਣਜਾਣਪੁਣੇ ਵਿਚ ਭਟਕ ਕੇ ਕਿਸੇ ਇਕ ਸੜਕ 'ਤੇ ਪੈ ਗਏ ਹੁੰਦੇ ਹਨ ਤੇ ਅੱਗੇ ਜਾ ਕੇ ਫਸ ਗਏ ਹੁੰਦੇ ਹਨ। ਇਨ੍ਹਾਂ ਕੁਰਾਹੇ ਪਏ ਲੋਕਾਂ ਵਿਚੋਂ ਕਈ ਮੁੜ ਚੁਰਾਹੇ 'ਤੇ ਆ ਕੇ ਫਿਰ ਰਸਤੇ ਦੀ ਚੋਣ ਕਰਨਾ ਸ਼ੁਰੂ ਕਰਦੇ ਹਨ ਤੇ ਫਿਰ ਗਲਤੀ ਕਰ ਬੈਠਦੇ ਹਨ। ਉਹ ਸਹੀ ਗਲਤ ਦੀ ਘੁੰਮਣ ਘੇਰੀਆਂ ਵਿਚ ਅਜਿਹਾ ਫਸਦੇ ਹਨ ਕਿ ਉਨ੍ਹਾਂ ਦੀ ਆਤਮਾ ਨੂੰ ਕਦੇ ਸੰਤੁਸ਼ਟੀ ਨਹੀਂ ਮਿਲਦੀ। ਸੰਤੁਸ਼ਟੀ ਇਸ ਲਈ ਨਹੀਂ ਮਿਲਦੀ, ਕਿਉਂਕਿ ਹਰ ਮਨੁੱਖ ਆਪਣੇ ਆਪ ਵਿਚ ਇਕ ਅਦੁੱਤੀ ਜੀਵ ਹੈ, ਜਿਸ ਦੇ ਆਪਣੇ ਵਿਲੱਖਣ ਸ਼ੌਕ ਤੇ ਰੁਝਾਨ ਹੁੰਦੇ ਹਨ, ਜਿਨ੍ਹਾਂ ਅਨੁਸਾਰ ਉਸ ਨੇ ਆਪਣੇ ਜੀਵਨ ਦੇ ਦਾਈਏ ਉਲੀਕੇ ਹੁੰਦੇ ਹਨ। ਜੋ ਕੰਮ ਉਨ੍ਹਾਂ ਦੇ ਉਦੇਸ਼ਾਂ ਦੀ ਪੂਰਤੀ ਵਲ ਲੈ ਕੇ ਜਾਣ ਵਾਲਾ ਹੁੰਦਾ ਹੈ, ਉਹ ਉਨ੍ਹਾਂ ਨੂੰ ਤਸੱਲੀਬਖਸ਼ ਲਗਦਾ ਹੈ ਤੇ ਜੋ ਉਨ੍ਹਾਂ ਦੀ ਪੂਰਤੀ ਤੋਂ ਪਰ੍ਹੇ ਲੈ ਜਾਂਦਾ ਹੈ, ਉਹ ਉਨ੍ਹਾਂ ਨੂੰ ਬੇਚੈਨ ਕਰਦਾ ਹੈ। ਉਨ੍ਹਾਂ ਦੀ ਸਮਝ ਇੰਨੀ ਪਰਪੱਕ ਨਹੀਂ ਹੁੰਦੀ ਜਾਂ ਕਹੋ ਕਿ ਉਨ੍ਹਾਂ ਵਿਚ ਧਿਆਨ ਦੀ ਇੰਨੀ ਘਾਟ ਹੁੰਦੀ ਹੈ ਕਿ ਉਹ ਆਪਣੇ ਸਹੀ ਰਸਤੇ ਨੂੰ ਅਗੇਤਰਾ ਨਹੀਂ ਪਛਾਣ ਸਕਦੇ। ਇਸ ਲਈ ਸਭ ਸਾਧਨ ਹੁੰਦਿਆਂ ਵੀ ਉਨ੍ਹਾਂ ਦਾ ਜੀਵਨ ਖੁਸ਼ ਨਹੀਂ ਹੁੰਦਾ ਤੇ ਉਹ ਜੀਵਨ ਵਿਚ ਕਿਸੇ ਸਿੱਟੇ 'ਤੇ ਨਹੀਂ ਪੁੱਜ ਸਕਦੇ। ਲਗਦਾ ਤਾਂ ਨਹੀਂ ਕਿ ਕੋਈ ਦਵਾਈ ਬੂਟੀ ਅਜਿਹੇ ਬਦਕਿਸਮਤਾਂ ਦੀ ਮਦਦ ਕਰ ਸਕੇ, ਪਰ ਫੁੱਲ ਦਵਾਈ ਵਾਈਲਡ ਓਟ, ਜਿਸ ਦੇ ਬੂਟੇ ਨੂੰ ਵਾਧੂ ਸਮਝ ਕੇ ਖੇਤੋਂ ਬਾਹਰ ਸੁੱਟਿਆ ਜਾਂਦਾ ਹੈ ਤੇ ਅੱਗ ਲਾ ਕੇ ਬੀਜ-ਨਾਸ਼ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਅਸਲ ਅਰਥਾਂ ਵਿਚ ਸਹੀ ਰਸਤੇ ਤੇ ਪਾਉਣ ਵਿਚ ਮਦਦ ਕਰਦੀ ਹੈ।

ਇਸ ਫੁੱਲ ਦਵਾਈ ਦੀ ਸਹੀ ਪ੍ਰਕ੍ਰਿਤੀ ਜਾਣਨ ਲਈ ਡਾ. ਬੈਚ ਦੀ ਲਿਖਤ ਵਿਚਾਰਨ ਦੀ ਬੜੀ ਲੋੜ ਹੈ। ਡਾ. ਬੈਚ ਲਿਖਦੇ ਹਨ ਕਿ "ਇਹ ਫੁੱਲ ਦਵਾਈ ਉਨ੍ਹਾਂ ਲਈ ਹੈ, ਜਿਨ੍ਹਾਂ ਦੀ ਮਨਸ਼ਾ ਜ਼ਿੰਦਗੀ ਵਿਚ ਕੁਝ ਉੱਚਾ ਕਰਨ ਦੀ ਹੁੰਦੀ ਹੈ, ਜਿਹੜੇ ਆਪਣੇ ਜੀਵਨ ਦਾ ਭਰਪੂਰ ਅਨੰਦ ਮਾਣਨ ਲਈ ਕਾਫੀ ਅਨੁਭਵ ਤੇ ਹਰ ਸੰਭਵ ਸਾਧਨ ਇਕੱਠਾ ਕਰਨਾ ਚਾਹੁੰਦੇ ਹਨ। ਉਨ੍ਹਾਂ ਦੀ ਵੱਡੀ ਸਮੱਸਿਆ ਇਹ ਜਾਣਨਾ ਹੁੰਦੀ ਹੈ ਕਿ ਉਹ ਕਿਹੜਾ ਪੇਸ਼ਾ ਅਖਤਿਆਰ ਕਰਨ, ਕਿਉਂਕਿ ਭਾਵੇਂ ਉਨ੍ਹਾਂ ਦੀਆਂ ਅਕਾਂਖਸ਼ਾਵਾਂ ਬਹੁਤ ਤਕੜੀਆਂ ਹੁੰਦੀਆਂ ਹਨ, ਪਰ ਉਨ੍ਹਾਂ ਨੂੰ ਆਪਣੇ ਸਾਹਮਣੇ ਕੋਈ ਇਕ ਅਜਿਹਾ ਰਾਹ ਨਹੀਂ ਦਿਸਦਾ, ਜੋ ਦੂਜਿਆਂ ਤੋਂ ਚੰਗਾ ਹੋਵੇ।"

ਡਾ. ਬੈਚ ਦੇ ਕਥਨ ਦਾ ਵਿਸ਼ਲੇਸ਼ਣ ਕਰੀਏ ਤਾਂ ਇਸ ਵਿਚੋਂ ਤਿੰਨ ਸਿੱਧੀਆਂ ਗੱਲਾਂ ਨਿਕਲ ਕੇ ਸਾਹਮਣੇ ਆਉਂਦੀਆਂ ਹਨ: ਪਹਿਲੀ, ਵਾਈਲਡ ਓਟ ਦੇ ਸੁਭਾਅ ਵਾਲੇ ਲੋਕ ਮਹਤੱਵ-ਅਕਾਂਖਸ਼ੀ ਹੁੰਦੇ ਹਨ। ਉਹ ਜੀਵਨ ਵਿਚ ਕੁਝ ਬਣਨਾ ਚਾਹੁੰਦੇ ਹਨ ਤੇ ਬਣਨਾ ਵੀ ਕੁਝ ਉੱਚਾ ਹੀ ਚਾਹੁੰਦੇ ਹਨ। ਕੋਈ ਦੇਸ਼ ਭਗਤ ਬਣਨਾ ਚਾਹੁੰਦਾ ਹੈ, ਕੋਈ ਲੀਡਰ




ਤੇ ਕੋਈ ਅਫਸਰ। ਹੋ ਸਕਦਾ ਹੈ ਕੋਈ ਭਿਖਾਰੀ ਬਣਨਾ ਵੀ ਚਾਹੇ, ਪਰ ਇਹ ਕਰਨਾ ਕੋਈ ਮਹੱਤਵ ਅਕਾਂਖਸ਼ਾ ਨਹੀਂ ਹੈ, ਜੋ ਕਿਸੇ ਦੀ ਸੋਚ ਦੇ ਨਿਸ਼ਾਨੇ 'ਤੇ ਆਵੇ। ਉਨ੍ਹਾਂ ਦੀ ਸੱਧਰ ਉੱਚਾ ਤੇ ਭਰਪੂਰ ਜੀਵਨ ਜਿਊਣ ਦੀ ਹੁੰਦੀ ਹੈ, ਜੋ ਨੀਵੇਂ ਉਦੇਸ਼ ਮਿੱਥਣ ਨਾਲ ਪੂਰੀ ਨਹੀਂ ਹੋ ਸਕਦੀ। ਦੂਜੀ, ਉੱਚੇ ਉਦੇਸ਼ਾਂ ਦੀ ਪੂਰਤੀ ਲਈ ਵੱਧ ਸਾਧਨਾਂ, ਸਹੀ ਮਾਰਗ ਤੇ ਅਣਥੱਕ ਕੋਸ਼ਿਸ਼ਾਂ ਦੀ ਲੋੜ ਹੈ। ਜੇ ਇਨ੍ਹਾਂ ਵਿਚੋਂ ਕਿਸੇ ਇਕ ਦੀ ਕਮੀ ਰਹਿ ਜਾਵੇ ਤਾਂ ਉਨ੍ਹਾਂ ਦਾ ਉਦੇਸ਼ ਅਸਫਲ ਹੋ ਸਕਦਾ ਹੈ। ਮਾਰਗ ਹੋਵੇ, ਸਾਧਨ ਤੇ ਉੱਦਮ ਨਾ ਹੋਣ ਤਾਂ ਉਸ ਮਾਰਗ 'ਤੇ ਚਲਣਾ ਅਸੰਭਵ ਹੈ; ਪਰ ਜੇ ਸਾਧਨ ਹੋਵੇ ਤੇ ਜਾਣ ਦੀ ਪ੍ਰਬਲ ਇੱਛਾ ਵੀ ਹੋਵੇ, ਪਰ ਮਾਰਗ ਦਾ ਪਤਾ ਨਾ ਹੋਵੇ ਫਿਰ ਤਾਂ ਭਰਪੂਰ ਜ਼ਿੰਦਗੀ ਦੀ ਅਭਿਲਾਸ਼ਾ ਹੀ ਅਧੂਰੀ ਰਹਿ ਜਾਵੇਗੀ। ਚੰਦਰਮਾ 'ਤੇ ਜਾਣ ਦੀ ਮਨੁੱਖੀ ਕਲਪਨਾ ਤਾਂ ਬਹੁਤ ਪੁਰਾਣੀ ਸੀ, ਪਰ ਸਾਧਨ ਤੇ ਮਾਰਗ ਦੀ ਘਾਟ ਕਾਰਨ ਇਹ ਵੀਹਵੀਂ ਸਦੀ ਤੀਕ ਪੂਰੀ ਨਾ ਹੋਈ। ਤੀਜੀ, ਜੇ ਮਾਰਗ ਵੀ ਸਾਹਮਣੇ ਕਈ ਖੁੱਲ੍ਹੇ ਪਏ ਹੋਣ, ਪਰ ਇਹ ਪਤਾ ਨਾ ਹੋਵੇ ਕਿ ਮੰਜ਼ਿਲ ਵੱਲ ਕਿਹੜਾ ਜਾਂਦਾ ਹੈ ਤਾਂ ਵੀ ਭਟਕਣ ਵਾਲੀ ਸਮੱਸਿਆ ਬਣੀ ਰਹੇਗੀ। ਵਧੇਰੇ ਵੱਡੀ ਸਮੱਸਿਆ ਹੀ ਇਹੀ ਹੈ ਕਿ ਉਦੇਸ਼ ਦਾ ਪਤਾ ਹੁੰਦਿਆਂ ਵੀ ਮਾਰਗ ਦਾ ਪਤਾ ਨਹੀਂ ਹੁੰਦਾ। ਸਿਆਣੇ ਕਹਿੰਦੇ ਹਨ ਕਿ ਮਾਰਗ ਦਾ ਪਤਾ ਗੁਰੂ ਤੋਂ ਲਗਦਾ ਹੈ, ਪਰ ਗੁਰੂ ਵੀ ਇਕ ਸਾਂਝੇ ਟੀਚੇ ਦਾ ਮਾਰਗ ਹੀ ਦੱਸ ਸਕਦਾ ਹੈ, ਹਰ ਇਕ ਦੀ ਵੱਖਰੀ ਅਭਿਲਾਸ਼ਾ ਦਾ ਮਾਰਗ ਨਹੀਂ ਦੱਸ ਸਕਦਾ। ਇਸ ਦਾ ਹੱਲ ਤਾਂ ਵਿਅਕਤੀ ਨੂੰ ਆਪਣੀ ਕੋਸ਼ਿਸ਼ ਨਾਲ ਹੀ ਕੱਢਣਾ ਪਵੇਗਾ। ਇਸ ਲਈ ਜੀਵਨ ਦੀ ਵਿਲੱਖਣ ਭਰਪੂਰਤਾ ਮਾਣਨ ਲਈ ਗੁਰੂ ਦੀ ਅਗਵਾਈ ਦੇ ਨਾਲ ਨਾਲ ਫੁੱਲ ਦਵਾਈ ਵਾਈਲਡ ਓਟ ਦੀ ਵੀ ਅਤਿਅੰਤ ਲੋੜ ਹੈ।

ਸਭ ਨੂੰ ਪਤਾ ਹੈ ਕਿ ਪੜ੍ਹਾਈ ਲਿਖਾਈ ਨਾਲ ਟਾਈਪ-ਰਾਈਟਿੰਗ ਦਾ ਡੂੰਘਾ ਸਬੰਧ ਹੈ। ਮੈਂ ਵੀ ਸੋਚਿਆ ਕਿ ਪੜ੍ਹੇ-ਲਿਖੇ ਹੋਣ ਦਾ ਪੂਰਾ ਅਨੰਦ ਲੈਣ ਲਈ ਟਾਈਪ ਕਰਨਾ ਜ਼ਰੂਰ ਆਉਣਾ ਚਾਹੀਦਾ ਹੈ। ਇਸ ਕੰਮ ਲਈ ਮੈਂ ਸਕੂਲ ਦੇ ਦਿਨਾਂ ਤੋਂ ਹੀ ਟਾਈਪ ਕਰਨਾ ਸਿੱਖਿਆ ਅਤੇ ਆਪਣੇ ਸਭ ਬੱਚਿਆਂ ਨੂੰ ਵੀ ਇਸ ਦੀ ਟ੍ਰੇਨਿੰਗ ਕਰਵਾਈ। ਸਮੇਂ ਸਿਰ ਕੁਝ ਪੈਸੇ ਜੋੜ ਕੇ ਮੈਂ ਆਪਣੀ ਟਾਈਪ-ਰਾਈਟਰ ਖਰੀਦ ਲਈ ਤੇ ਸਾਰੀ ਉਮਰ ਆਪਣੇ ਪੜ੍ਹਨ-ਲਿਖਣ ਦੇ ਸਾਰੇ ਕੰਮ ਇਸ ਰਾਹੀਂ ਕੀਤੇ। ਇੱਥੋਂ ਤੀਕ ਕਿ ਆਪਣੇ ਐੱਮ.ਫਿਲ ਤੇ ਪੀਐੱਚ.ਡੀ. ਦੇ ਥੀਸਿਸਾਂ ਦੇ ਸਾਰੇ ਕੱਚੇ ਖਰੜੇ ਵੀ ਕਈ ਕਈ ਵਾਰ ਆਪ ਟਾਈਪ ਕੀਤੇ। ਕੰਪਿਊਟਰ ਤੀਕ ਪਹੁੰਚ ਹੋ ਜਾਣ ਉਪਰੰਤ ਮੇਰੀਆਂ ਸੱਧਰਾਂ ਅਸਮਾਨ ਛੂਹਣ ਲੱਗੀਆਂ; ਪਰ ਜਿਵੇਂ ਬੱਚਾ ਖਿਡੌਣੇ ਨਾਲ ਖੇਡਣ ਦੀ ਥਾਂ ਉਸ ਨੂੰ ਤੋੜ ਕੇ ਦੇਖਣਾ ਚਾਹੁੰਦਾ ਹੈ ਕਿ ਇਹ ਦੇ ਅੰਦਰ ਕੀ ਹੈ, ਮੈਂ ਵੀ ਆਪਣੇ ਰਸਤੇ ਤੋਂ ਭਟਕ ਗਿਆ। ਕੰਪਿਊਟਰ ਦੇਖਦਿਆਂ ਹੀ ਮੈਂ ਇਸ ਦਾ ਸਿਧਾਂਤ ਤੇ ਬਣਤਰ ਸਿੱਖਣ ਪਿੱਛੇ ਪੈ ਗਿਆ। ਮੈਂ ਇਸ ਦੇ ਹਾਰਡਵੇਅਰ ਦੀਆਂ ਕਈ ਮੋਟੀਆਂ ਮੋਟੀਆਂ ਕਿਤਾਬਾਂ ਖਰੀਦੀਆਂ ਤੇ ਇਸ ਦਾ ਕੋਰਸ ਕਰਨ ਲੱਗਿਆ। ਉਨ੍ਹਾਂ ਦਿਨਾਂ ਵਿਚ ਮੇਰੀ ਮੁਲਾਕਾਤ ਪਟਿਆਲੇ ਦੇ ਪ੍ਰੋ. ਸਤਨਾਮ ਸਿੰਘ ਸੰਧੂ ਨਾਲ ਹੋਈ, ਜੋ ਉੱਥੇ ਯੂਨੀਵਰਸਿਟੀ ਵਿਚ ਮੇਰੇ ਸਹਿਕਰਮੀ ਸਨ ਤੇ ਕੰਪਿਊਟਰੀ ਮਾਮਲਿਆਂ ਵਿਚ ਮੇਰੇ ਨਾਲੋਂ ਕਿਤੇ ਵਧੇਰੇ ਗਿਆਨ ਰੱਖਦੇ ਸਨ। ਮੇਰੀ ਅਜੀਬ ਰੀਝ ਸੁਣ ਕੇ ਉਨ੍ਹਾਂ ਨੇ ਮੈਨੂੰ ਪੁੱਛਿਆ, "ਤੁਸੀਂ ਕੰਪਿਊਟਰ ਸਿੱਖ ਕੇ ਕਰਨਾ ਕੀ ਚਾਹੁੰਦੇ ਹੋ, ਇਸ ਦੀ ਮਕੈਨਿਕੀ ਕਰਨਾ ਜਾਂ ਲਿਖਣ-ਪੜ੍ਹਨ ਦਾ ਕੰਮ ਕਰਨਾ?" ਮੇਰੇ ਮੂੰਹੋਂ ਪੜ੍ਹਨ-ਲਿਖਣ ਦੀ ਗੱਲ ਸੁਣ ਕੇ ਉਹ ਫੌਰਨ ਬੋਲੇ, "ਫਿਰ ਤੁਸੀਂ ਹਾਰਡਵੇਅਰ ਦੀ ਗੱਲ ਛੱਡੋ, ਸਾਫਟਵੇਅਰ ਸਿੱਖੋ, ਇਸ ਪਾਸੇ ਤੁਹਾਡੇ ਲਈ ਬਹੁਤ ਸੰਭਾਵਨਾਵਾਂ ਹਨ।" ਮੈਨੂੰ ਪਤਾ ਸੀ ਕਿ ਮੈਂ ਕੰਪਿਊਟਰ ਤੋਂ ਟਾਈਪ-ਰਾਈਟਰ ਦਾ ਕੰਮ ਲੈਣਾ ਹੈ, ਪਰ ਫਿਰ ਵੀ ਮੈਂ ਭਟਕ ਕੇ ਆਪਣੇ ਇਸ ਉਦੇਸ਼ ਤੋਂ ਖੁੰਝਣ ਲੱਗਿਆ ਸਾਂ। ਇਹ ਤਾਂ ਪ੍ਰੋਫੈਸਰ ਸੰਧੂ ਮਿਲ ਗਏ ਤੇ ਉਨ੍ਹਾਂ ਨੇ ਰਾਹੇ ਪਾ ਦਿੱਤਾ। ਪਰ ਮੇਰੇ ਜਿਹੇ ਸਾਰਿਆਂ ਨੂੰ ਤਾਂ ਸੰਧੂ ਸਾਹਿਬ ਜਿਹੇ ਮਾਰਗ ਦਰਸ਼ਕ ਨਹੀਂ ਮਿਲਦੇ। ਇਸ ਲਈ ਉਨ੍ਹਾਂ ਦਾ ਕੁਰਾਹੇ ਪੈਣਾ ਲਾਜ਼ਮੀ ਹੈ। ਅਜਿਹੀਆਂ ਹਾਲਤਾਂ ਵਿਚ ਵਾਈਲਡ ਓਟ ਕੰਮ ਆਉਂਦੀ ਹੈ, ਜੋ ਮਕਸਦ ਨੂੰ ਹਮੇਸ਼ਾ ਮਨ ਦੀਆਂ ਅੱਖਾਂ ਸਾਹਮਣੇ ਰੱਖ ਕੇ ਮਨੁੱਖ ਨੂੰ ਉਸ ਵਲ ਵਧਣ ਲਈ ਪ੍ਰੇਰਦੀ ਹੈ।

ਮੈਨੂੰ ਇਕ ਦਫਤਰ ਦੇ ਲੋਕਾਂ ਦੀ ਸਥਿਤੀ ਹੁਣ ਤੀਕ ਯਾਦ ਹੈ। ਭਾਰਤ ਸਰਕਾਰ ਦੇ ਇਕ ਮਹਿਕਮੇ ਦਾ ਇਹ ਦਫਤਰ ਸਕੂਲਾਂ 'ਚੋਂ ਨਿਕਲਦੇ ਉਚ ਕੋਟੀ ਦੇ ਵਿਦਿਆਰਥੀ ਚੁਣ ਕੇ ਭਰਤੀ ਕਰਦਾ ਸੀ। ਦੂਜੇ ਮਹਿਕਮਿਆਂ ਤੋਂ ਤੀਹ-ਚਾਲੀ ਰੁਪਏ ਵਧ ਤਨਖਾਹ ਦੇ ਕੇ ਵਿਦਿਅਕ ਸੰਸਥਾਵਾਂ ਦੀ ਕਰੀਮ ਖਿੱਚ ਲੈਂਦਾ ਸੀ। ਇਹ ਅੱਧ-ਪੁੰਗਰੇ ਵਿਦਿਆਰਥੀ ਮਨ ਵਿਚ ਬੜਾ ਕੁਝ ਕਰਨ ਤੇ ਬੜਾ ਵੱਡਾ ਬਣਨ ਦੀਆਂ ਆਸਾਂ ਲਈ ਆਉਂਦੇ ਸਨ। ਕੰਮ ਕਰਦੇ ਚੰਗੇ ਪੈਸੇ ਕਮਾਉਂਦੇ, ਪਰ ਖੁਸ਼ ਦਿਖਾਈ ਨਾ ਦਿੰਦੇ। ਕੋਈ ਗੀਤਾ ਦੀਆਂ ਪੰਕਤੀਆਂ ਜ਼ਬਾਨੀ ਯਾਦ ਕਰੀ ਫਿਰਦਾ ਤੇ ਆਨੇ-ਬਹਾਨੇ ਆ ਕੇ ਸੁਣਾ ਜਾਂਦਾ। ਕੋਈ ਬਾਣੀ ਦੇ ਅਰਥ ਕਰਕੇ ਸੁਣਾਉਂਦਾ ਤੇ ਗੁਰਦੁਆਰੇ ਲਈ ਚੰਦਾ ਇਕੱਠਾ ਕਰਦਾ। ਇਹ ਲੋਕ ਧਰਮ ਪ੍ਰਚਾਰਕ ਬਣਨਾ ਚਾਹੁੰਦੇ ਸਨ, ਪਰ ਬੇਵਸ ਹਾਲਾਤ ਕਾਰਨ ਉੱਥੇ ਫਸ ਗਏ ਸਨ। ਕਈ ਹਰ ਹਫਤੇ ਦਿੱਲੀ ਜਾਂਦੇ, ਉੱਥੋਂ ਘੜੀਆਂ, ਕੰਬਲ, ਸਵੈਟਰ ਤੇ ਜਰਸੀਆਂ ਖਰੀਦ ਕੇ ਲਿਆਉਂਦੇ ਅਤੇ ਆਪਣੇ ਸਹਿਕਰਮੀਆਂ ਨੂੰ ਵੇਚਦੇ। ਇਹ ਸੱਜਣ ਵਪਾਰੀ ਬਣਨਾ ਚਾਹੁੰਦੇ ਹੋਣਗੇ, ਪਰ ਗਲਤ ਥਾਂ 'ਤੇ ਆ ਗਏ ਸਨ। ਕਈ ਕਰਮਚਾਰੀ ਰਾਤ ਨੂੰ ਕੰਮ ਕਰਦੇ ਤੇ ਦਿਨੇ ਕਾਲਜ ਵਿਚ ਪੜ੍ਹਨ ਜਾਂਦੇ। ਉਨ੍ਹਾਂ ਨੇ ਮਨ ਵਿਚ ਪ੍ਰੋਫੈਸਰ ਬਣਨ ਦੀ ਠਾਣੀ ਹੋਵੇਗੀ। ਇਕ ਆਯੁਰਵੇਦ ਤੇ ਦੂਜਾ ਨੇਚਰ ਕਿਊਰ ਦੇ ਲੈਕਚਰ ਦਿੰਦਾ ਤੇ ਉਹ ਆਪਣਾ ਆਪਣਾ ਹਸਪਤਾਲ ਖੋਲ੍ਹਣ ਦੀ ਰੀਝ ਲਈ ਫਿਰਦੇ। ਇਕ ਭਗਤ ਸਿੰਘ ਦੇ ਕਿਤਾਬਚੇ ਵੰਡਦਾ ਤੇ ਇਕ ਹੋਰ ਛੁਪਿਆ ਨਕਸਲੀ ਜਮਾਤੀ ਘੋਲ ਦੀਆਂ ਗੱਲਾਂ ਸਮਝਾਉਂਦਾ। ਇਹ ਸਾਰੇ ਸ਼ਰੇਆਮ ਆਪਣੇ ਮੌਜੂਦਾ ਕਿੱਤੇ ਨੂੰ ਗਾਲ੍ਹਾਂ ਕੱਢਦੇ ਤੇ ਆਪਣੇ ਮਨਚਾਹੇ ਭਾਵੀ ਕਿੱਤਿਆਂ ਦੀ ਤਾਰੀਫ ਦੇ ਪੁਲ ਬੰਨ੍ਹਦੇ, ਪਰ ਇਹ ਸਾਰੇ ਹੀ ਕੁਰਾਹੇ ਪਏ ਜਿਉੜਿਆਂ ਵਾਂਗ ਸਨ। ਉੱਥੇ ਆ ਕੇ ਉੱਥੋਂ ਦੇ ਹੀ ਬਣ ਕੇ ਰਹਿ ਗਏ ਸਨ। ਹੁਣ ਸਾਰੇ ਹੀ ਗਰੀਬੀ ਤੇ ਕੰਗਾਲੀ ਭੋਗਦੇ ਕਦੋਂ ਦੇ ਮਰ ਗਏ ਹਨ ਤੇ ਰਹਿੰਦਾ ਇਕ ਵੀ ਪਿਛਲੇ ਹਫਤੇ ਗੁਜ਼ਰ ਗਿਆ ਹੈ। ਉਹ ਪਿੰਜਰੇ ਵਿਚ ਪਈਆਂ ਬੁਲਬੁਲਾਂ ਵਾਂਗ ਸਨ, ਜਿਨ੍ਹਾਂ ਨੇ ਵੱਖ ਵੱਖ ਬਾਗਾਂ ਵਿਚ ਬਹਾਰਾਂ ਮਾਣਨੀਆਂ ਸਨ, ਪਰ ਸਮਝ ਤੇ ਉੱਦਮ ਦੀ ਘਾਟ ਕਾਰਨ ਉਡ ਨਾ ਸਕੇ। ਹੁਣ ਪਤਾ ਚਲਦਾ ਹੈ ਕਿ ਇਹ ਸਾਰੇ ਦੇ ਸਾਰੇ ਵਾਈਲਡ ਓਟ ਦੇ ਮਰੀਜ਼ ਸਨ, ਜਿਨ੍ਹਾਂ ਨੂੰ ਇਹ ਫੁੱਲ ਦਵਾਈ ਮਿਲ ਨਾ ਸਕੀ।

ਡਾ. ਸੋਹਨ ਰਾਜ ਟੇਟਰ ਤੇ ਮੋਹਨ ਲਾਲ ਜੈਨ ਅਨੁਸਾਰ ਇਹ ਕਿਸਮਤ ਪਲਟਾਉਣ ਵਾਲੀ ਦਵਾਈ ਹੈ। ਇਹ ਉਨ੍ਹਾਂ ਕਾਬਲ ਤੇ ਸੁਸਿੱਖਿਅਤ ਬੰਦਿਆਂ ਦੀ ਦਵਾਈ ਹੈ, ਜੋ ਬਣਨਾ ਤਾਂ ਚਾਹੁੰਦੇ ਹਨ ਕੁਝ ਵੱਡਾ, ਪਰ ਗਲਤ ਰਸਤਾ ਚੁਣ ਬੈਠਦੇ ਹਨ। ਉਨ੍ਹਾਂ ਦਾ ਚੁਣਿਆਂ ਕਾਰੋਬਾਰ ਜਾਂ ਨੌਕਰੀ ਧੰਦਾ ਉਨ੍ਹਾਂ ਦੀਆਂ ਉਮੰਗਾ ਅਨੁਸਾਰ ਪੂਰਾ ਨਹੀਂ ਉਤਰਦਾ ਤੇ ਉਹ ਉਸ ਨੂੰ ਬਦਲਣਾ ਚਾਹੁੰਦੇ ਹਨ। ਇਕ ਵਾਰ ਬਦਲ ਕੇ ਵੀ ਠੀਕ ਨਹੀਂ ਰਹਿੰਦੇ, ਉਸ ਨੂੰ ਫਿਰ ਬਦਲਦੇ ਹਨ, ਸਗੋਂ ਵਾਰ ਵਾਰ ਬਦਲਦੇ ਹਨ। ਇਹੀ ਹਾਲ ਕਈ ਵਿਦਿਆਰਥੀਆਂ ਦਾ ਹੁੰਦਾ ਹੈ, ਜੋ ਪੜ੍ਹਨ-ਲਿਖਣ ਵਿਚ ਉੱਤਮ ਹੁੰਦੇ ਹਨ, ਪਰ ਵਿਸ਼ਿਆਂ ਦੀ ਚੋਣ ਵਿਚ ਟਪਲਾ ਖਾ ਜਾਂਦੇ ਹਨ। ਬੜੀ ਸੋਚ-ਵਿਚਾਰ ਤੋਂ ਬਾਅਦ ਇਕ ਕੋਰਸ ਚੁਣਦੇ ਹਨ, ਪਰ ਉਸ ਨੂੰ ਅੱਧ ਵਿਚਾਲਿਓਂ ਹੀ ਛੱਡ ਕੇ ਫਿਰ ਦੂਜਾ ਫੜ ਲੈਂਦੇ ਹਨ। ਦੋਚਿੱਤੀਆਂ ਵਿਚ ਇਸ ਤਰ੍ਹਾਂ ਦੀਆਂ ਅਦਲਾ-ਬਦਲੀਆਂ ਕਰ ਕੇ ਆਪਣਾ ਸਮਾਂ ਬਰਬਾਦ ਕਰਦੇ ਰਹਿੰਦੇ ਹਨ, ਪਰ ਪਹੁੰਚਦੇ ਕਿਤੇ ਨਹੀਂ। ਅਜਿਹੇ ਮੁੱਢੋਂ ਘੁੱਥਿਆਂ ਦੇ ਮੁੜ ਵਸੇਬੇ ਲਈ ਵਾਈਲਡ ਓਟ ਇਕ ਵਰਦਾਨ ਹੈ।

ਦੁਚਿੱਤੀ ਦਾ ਦੁਸ਼ਗੁਣ ਫੁੱਲ ਦਵਾਈ ਸਕਲੇਰੈਂਥਸ ਵਿਚ ਵੀ ਪਾਇਆ ਜਾਂਦਾ ਹੈ, ਪਰ ਇਨ੍ਹਾਂ ਦੋਹਾਂ ਦੀ ਦੁਚਿੱਤੀ ਵਿਚ ਫਰਕ ਹੈ। ਸਕਲੇਰੈਂਥਸ ਦਾ ਮਰੀਜ਼ ਫੈਸਲਾ ਨਹੀਂ ਲੈ ਸਕਦਾ। ਉਹ ਸੋਚਦਾ ਰਹਿੰਦਾ ਹੈ ਕਿ ਉਹ ਹਾਂ ਕਰੇ ਜਾਂ ਨਾਂਹ ਕਰੇ, ਪਰ ਕਰਦਾ ਕੁਝ ਵੀ ਨਹੀਂ। ਉਸ ਨੂੰ ਹਾਂ ਤੇ ਨਾਂਹ ਦੋਵੇਂ ਪੱਖ ਬਰਾਬਰ ਜਾਪਦੇ ਹਨ, ਜੋ ਉਸ ਦੀ ਝਿਜਕ ਦਾ ਕਾਰਨ ਬਣ ਜਾਂਦੇ ਹਨ। ਉਸ ਵਿਚ ਨਾ ਚੰਗੇ ਮਾੜੇ ਦੀ ਪਰਖ ਹੁੰਦੀ ਹੈ ਤੇ ਨਾ ਜੋਖਮ ਉਠਾਉਣ ਦਾ ਹੌਸਲਾ। ਜੇ ਉਸ ਅੱਗੇ ਕਈ ਵਿਕਲਪ ਉੱਠ ਖੜ੍ਹੇ ਹੋਣ ਤਾਂ ਉਸ ਨੂੰ ਉਹ ਸਾਰੇ ਬਰਾਬਰ ਲਗਦੇ ਹਨ ਤੇ ਉਹ ਬਿਲਕੁਲ ਹੀ ਕੋਈ ਨਿਰਣਾ ਨਹੀਂ ਲੈ ਸਕਦਾ। ਵਾਈਲਡ ਓਟ ਦਾ ਮਰੀਜ਼ ਨਿਰਣਾ ਤਾਂ ਲੈ ਲੈਂਦਾ ਹੈ, ਪਰ ਅੱਗੇ ਚਲ ਕੇ ਸੋਚਦਾ ਹੈ ਕਿ ਉਸ ਦਾ ਨਿਰਣਾ ਗਲਤ ਸੀ। ਇਸ ਲਈ ਉਹ ਉਸ ਕਾਰਜ ਨੂੰ ਛੱਡ ਕੇ ਦੂਜੇ ਨੂੰ ਹੱਥ ਪਾ ਲੈਂਦਾ ਹੈ, ਪਰ ਉਸ ਦਾ ਦੂਜੀ ਥਾਂ ਵੀ ਮਨ ਨਹੀਂ ਖੜ੍ਹਦਾ ਤੇ ਉਹ ਇਕ ਅਸੰਤੁਸ਼ਟ ਵਿਅਕਤੀ ਦੀ ਤਰ੍ਹਾਂ ਇੱਧਰ-ਉੱਧਰ ਭਟਕਦਾ ਰਹਿੰਦਾ ਹੈ। ਜਿੱਥੇ ਸਕਲੇਰੈਂਥਸ ਆਪਣੇ ਮਰੀਜ਼ ਨੂੰ ਡਟ ਕੇ ਦੋ ਟੁਕ ਫੈਸਲਾ ਕਰਨ ਦੇ ਕਾਬਲ ਬਣਾਉਂਦੀ ਹੈ, ਉੱਥੇ ਵਾਈਲਡ ਓਟ ਆਪਣੇ ਰੋਗੀ ਨੂੰ ਸਹੀ ਰਾਹ ਦਿਖਾ ਕੇ ਉਸ ਤੋਂ ਉਸ ਦੇ ਮਨਪਸੰਦ ਕਿੱਤੇ ਦੀ ਚੋਣ ਕਰਵਾ ਦਿੰਦੀ ਹੈ।

ਵਾਈਲਡ ਓਟ ਇਕ ਤਰ੍ਹਾਂ ਸਮਾਜਿਕ ਤੇ ਦਾਰਸ਼ਨਿਕ ਪੱਖ ਦੀ ਫੁੱਲ ਦਵਾਈ ਹੈ। ਇਹ ਪੁਰਾਤਨ ਯੂਨਾਨੀ ਫਿਲਾਸਫਰ ਪਲੈਟੋ ਦੇ ਵਿਚਾਰਾਂ ਨਾਲ ਜੁੜ ਕੇ ਉਸ ਦੇ ਸਮਾਜਿਕ ਨਿਆਂ ਦੇ ਸਿਧਾਂਤ ਦੀ ਪ੍ਰੋੜਤਾ ਕਰਦੀ ਹੈ। ਪਲੈਟੋ ਦਾ ਕਹਿਣਾ ਸੀ ਕਿ ਵਿਅਕਤੀ ਦਾ ਸੁਭਾਅ ਚਾਰ ਤੱਤਾਂ-ਤਰਕ, ਜੁੱਸਾ, ਭੁੱਖ ਤੇ ਨਿਆਂ ਦਾ ਸੁਮੇਲ ਹੈ। ਪਹਿਲੇ ਤਿੰਨ ਤੱਤ ਉਸ ਦੀਆਂ ਤਿੰਨ ਰੁਚੀਆਂ ਹਨ, ਜੋ ਸਭ ਬੰਦਿਆਂ ਵਿਚ ਵੱਖ ਵੱਖ ਮਾਤਰਾ ਵਿਚ ਹੁੰਦੀਆਂ ਹਨ। ਇਹ ਉਸ ਦੇ ਵਿਅਕਤੀਤਵ ਦਾ ਨਿਰਮਾਣ ਕਰਦੀਆਂ ਹਨ। ਭਾਵ ਜਿਸ ਵਿਚ ਤਰਕ ਦੀ ਮਾਤਰਾ ਵਧੇਰੇ ਹੋਵੇ, ਉਹ ਵਧੇਰੇ ਅਕਲਮੰਦ ਹੁੰਦਾ ਹੈ, ਜੋ ਤਨ ਤੇ ਹੌਸਲੇ ਵਿਚ ਭਾਰੀ ਹੋਵੇ, ਉਸ ਵਿਚ ਸਰੀਰਕ ਜ਼ੋਰ ਤੇ ਗੁੱਸਾ ਜ਼ਿਆਦਾ ਹੁੰਦਾ ਹੈ ਤੇ ਜਿਸ ਵਿਚ ਭੁੱਖ ਦੀ ਕਾਮਨਾ ਵਧੇਰੇ ਹੋਵੇ, ਉਹ ਲੋਭ ਲਾਲਚ ਵਸ ਧਨ ਪਦਾਰਥ ਪੈਦਾ ਕਰਨ ਵਲ ਚਲਾ ਜਾਂਦਾ ਹੈ। ਉਸ ਅਨੁਸਾਰ ਖੁਸ਼ੀ ਤੇ ਸੰਤੁਸ਼ਟ ਵਿਅਕਤੀ ਉਹ ਹੁੰਦਾ ਹੈ, ਜੋ ਆਪਣੇ ਸੁਭਾਅ ਦੀਆਂ ਰੁਚੀਆਂ ਦੀ ਮਾਤਰਾ ਅਨੁਸਾਰ ਆਪਣਾ ਜੀਵਨ ਢਾਲੇ। ਅਰਥਾਤ ਅਕਲਮੰਦ ਵਿਅਕਤੀ ਦਿਮਾਗੀ ਕੰਮ ਕਰੇ, ਪਰ ਗੁੱਸੇ ਤੇ ਲਾਲਚ ਨੂੰ ਮਾਰੇ; ਜ਼ੋਰ ਜੇਰੇ ਵਾਲਾ ਵਿਅਕਤੀ ਸਰੀਰਕ ਵਰਤੋਂ ਵਾਲਾ ਕੰਮ ਕਰੇ, ਪਰ ਅਕਲ ਤੇ ਭੁੱਖ ਨੂੰ ਬਣਦਾ ਸਥਾਨ ਹੀ ਦੇਵੇ ਅਤੇ ਲਾਲਚੀ ਆਦਮੀ ਤਰਕ ਤੇ ਹੌਸਲੇ ਦੀ ਯਥਾ-ਯੋਗ ਵਰਤੋਂ ਕਰਦਾ ਹੋਇਆ ਧਨ ਪਦਾਰਥਾਂ ਦਾ ਨਿਰਮਾਣ ਕਰੇ।

ਇਸ ਤਰ੍ਹਾਂ ਸਮਾਜ ਵਿਚ ਦਿਮਾਗ ਦਾ ਕੰਮ ਕਰਨ ਵਾਲਿਆਂ, ਸਰੀਰਕ ਕੰਮ ਕਰਨ ਵਾਲਿਆਂ ਤੇ ਚੀਜ਼ਾਂ ਪੈਦਾ ਕਰਨ ਵਾਲਿਆਂ ਦੀਆਂ ਤਿੰਨ ਸ਼੍ਰੇਣੀਆਂ ਬਣ ਜਾਣਗੀਆਂ। ਜੇ ਮਨੁੱਖ ਆਪਣੇ ਸੁਭਾਅ ਦੀ ਸਰਬਉੱਚ ਰੁਚੀ ਨੂੰ ਪਛਾਣ ਕੇ ਉਸ ਅਨੁਸਾਰ ਕੰਮ ਕਰੇ ਭਾਵ ਆਪਣੀ ਰੁਚੀ ਤੇ ਅਕਾਂਖਸ਼ਾ ਅਨੁਸਾਰ ਆਪਣਾ ਪੇਸ਼ਾ ਅਖਤਿਆਰ ਕਰੇ ਤਾਂ ਉਸ ਦੇ ਮਨ ਅੰਦਰ ਤਾਂ ਪ੍ਰਸ਼ਾਂਤਮਈ ਖੁਸ਼ੀ ਉਮੜੇਗੀ ਹੀ, ਸਮਾਜ ਵਿਚ ਵੀ ਤਾਲਮੇਲ ਬੈਠੇਗਾ ਤੇ ਸਮ੍ਰਿਧੀ ਵਧੇਗੀ; ਪਰ ਇਹ ਹੋਵੇ ਕਿਵੇਂ? ਲੋਕਾਂ ਨੂੰ ਕੌਣ ਸਮਝਾਵੇ ਕਿ ਉਹ ਆਪਣੀ ਪ੍ਰਧਾਨ ਰੁਚੀ ਅਨੁਸਾਰ ਆਪਣਾ ਪੇਸ਼ਾ ਚੁਣਨ? ਪਲੈਟੋ ਦੇ ਸਮੇਂ ਡਾ. ਬੈਚ ਦੀਆਂ ਫੁੱਲ ਦਵਾਈਆਂ ਤਾਂ ਬਣੀਆਂ ਨਹੀਂ ਸਨ। ਇਸ ਲਈ ਉਸ ਨੇ ਕਿਹਾ ਕਿ ਵਿਅਕਤੀ ਦੇ ਸੁਭਾਅ ਅੰਦਰ ਨਿਆਂ ਦਾ ਜੋ ਚੌਥਾ ਤੱਤ ਮੌਜੂਦ ਹੈ, ਉਹ ਉਸ ਨੂੰ ਆਪਣੇ ਅੰਦਰੂਨੀ ਤੱਤਾਂ ਨੂੰ ਅਜਿਹੀ ਤਰਤੀਬ ਦੇਣ ਦਾ ਕੰਮ ਕਰੇਗਾ ਤੇ ਸਮਾਜ ਵਿਚ ਰਾਜ ਦੀ ਨਿਆਂ ਪ੍ਰਣਾਲੀ ਉਸ ਦੀ ਮਦਦ ਕਰੇਗੀ। ਜੋਤਿਸ਼ ਨੂੰ ਰਾਜ-ਸੁਧਾਰ ਲਈ ਮਹੱਤਵਪੂਰਣ ਮੰਨ ਕੇ ਰਾਜ ਵਿਚ ਜੋਤਿਸ਼ੀ ਪ੍ਰੀਸ਼ਦ ਦੀ ਸਥਾਪਨਾ ਦੀ ਸਲਾਹ ਦੇਣ ਵਾਲੇ ਪਲੈਟੋ ਨੂੰ ਜੇ ਵਾਈਲਡ ਓਟ ਦਾ ਪਤਾ ਹੁੰਦਾ ਤਾਂ ਉਹ ਜ਼ਰੂਰ ਹੀ ਹਰ ਸ਼ਹਿਰੀ ਲਈ ਬਚਪਨ ਤੋਂ ਹੀ ਇਸ ਫੁੱਲ ਦਵਾਈ ਦਾ ਸੇਵਨ ਲਾਜ਼ਮੀ ਕਰ ਦਿੰਦਾ!

ਇਹ ਵੀ ਨਹੀਂ ਕਿ ਸਮਾਜਿਕ ਪ੍ਰਣਾਲੀ ਪਲੈਟੋ ਦੇ ਸਮੇਂ ਵਿਚ ਹੀ ਖਰਾਬ ਸੀ, ਅੱਜ ਦੇ ਸਮੇਂ ਵਿਚ ਵੀ ਇਹ ਥੋੜ੍ਹੇ-ਬਹੁਤ ਫਰਕ ਨਾਲ ਉਵੇਂ ਹੀ ਉਲਾਰ ਹੈ। ਭਾਰਤ ਜਿਹੇ ਮੁਲਕ ਵਿਚ ਬੇਰੋਕ ਆਪਾ ਧਾਪੀ ਤੇ ਬੇ-ਅਸੂਲੀ ਇਸੇ ਕਰਕੇ ਹੈ। ਇਕ ਪਾਸੇ ਲੋਕਾਂ ਕੋਲ ਕੰਮ ਦੇ ਮੌਕੇ ਬਹੁਤ ਘੱਟ ਹਨ, ਦੂਜੇ ਪਾਸੇ ਜਿਸ ਨੂੰ ਜੋ ਕੰਮ ਮਿਲ ਰਿਹਾ ਹੈ, ਉਹ ਉਸੇ ਨੂੰ ਕਰਨ ਲਈ ਮਜਬੂਰ ਹੋ ਰਿਹਾ ਹੈ। ਕਿਸੇ ਕੋਲ ਰੁਚੀ ਤੇ ਯੋਗਤਾ ਹੋਵੇ ਜਾਂ ਨਾ ਹੋਵੇ ਸਾਰੇ ਹੀ ਉੱਚ ਪੱਧਰੀਆਂ ਨੌਕਰੀਆਂ, ਪਦਵੀਆਂ, ਮਨਿਸਟਰੀਆਂ ਤੇ ਕਾਰਪੋਰੇਟੀ ਕਾਰੋਬਾਰਾਂ ਨੂੰ ਦਬੋਚਣ ਤੇ ਤਾਕ ਲਾਈ ਬੈਠੇ ਹਨ। ਜੇ ਧਨ ਇਕੱਠਾ ਕਰਨ ਦੀ ਲਾਲਸਾ ਵਾਲੇ ਆਪਣੇ ਅੰਦਰ ਝਾਤ ਮਾਰਦੇ ਤਾਂ ਰਾਜਨੀਤੀ ਵਿਚ ਨਾ ਆਉਂਦੇ ਤੇ ਨਾ ਹੀ ਸੰਤਗਿਰੀ ਵਲ ਜਾਂਦੇ। ਜੇ ਚਲੇ ਵੀ ਜਾਂਦੇ ਤਾਂ ਭਗਵਾਂ ਵੇਸ ਧਾਰਨ ਕਰ ਕੇ ਚੰਗੇ ਕੰਮ ਕਰਦੇ ਤੇ ਤਖਤਾਂ ਨੂੰ ਲੱਤ ਮਾਰਦੇ। ਜਿਨ੍ਹਾਂ ਅੰਦਰ ਧਨ ਦੌਲਤ ਦੀ ਅੱਗ ਹੈ, ਉਹ ਖੇਤਾਂ ਜਾਂ ਕਾਰਖਾਨਿਆਂ ਵਿਚ ਜਾ ਕੇ ਕੰਮ ਕਰਦੇ, ਪੀਲੇ ਚੋਲੇ ਪਹਿਨ ਕੇ ਜਨਤਾ ਦਾ ਸ਼ੋਸ਼ਣ ਨਾ ਕਰਦੇ। ਅੱਜ ਉੱਥੇ ਸਭ ਵਿਚ ਮਾਇਆ ਦੀ ਭੁੱਖ ਦੀ ਰੁਚੀ ਹੀ ਪ੍ਰਧਾਨ ਦਿਖਾਈ ਦਿੰਦੀ ਹੈ। ਸਾਧਾਂ-ਸੰਤਾਂ, ਮੰਤਰੀਆਂ, ਦਰਬਾਰੀਆਂ, ਸਰਕਾਰੀ ਕਰਮਚਾਰੀਆਂ, ਸੁਰੱਖਿਆ ਕਰਮੀਆਂ, ਪੁਲਿਸ ਅਧਿਕਾਰੀਆਂ ਤੇ ਵਪਾਰੀਆਂ ਸਭ ਵਲੋਂ ਵੱਡੇ ਵੱਡੇ ਮਾਇਕ ਤੇ ਤਮਸੀ ਸਕੈਂਡਲ ਰਚੇ ਜਾ ਰਹੇ ਹਨ। ਇਨ੍ਹਾਂ ਨੇ ਸਭ ਧਾਰਮਿਕ ਉਪਦੇਸ਼, ਕਾਨੂੰਨ, ਨੈਤਿਕਤਾ-ਤੰਤਰ ਤੇ ਸਭ ਇਨਸਾਨੀ ਕਦਰਾਂ-ਕੀਮਤਾਂ ਝੂਠੀਆਂ ਪਾ ਦਿੱਤੀਆਂ ਹਨ। ਉੱਥੇ ਅਕਾਂਖਸ਼ਾਵਾਂ ਦੀ ਚਕਾ-ਚੌਂਧ ਵਿਚ ਹਰ ਕੋਈ ਭਟਕਿਆ ਹੋਇਆ ਹੈ ਤੇ ਰਾਹ ਭੁੱਲ ਕੇ ਰਾਹਜਨੀ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬ ਦੀ ਰਾਜਨੀਤੀ ਬਨਾਮ ਕੁੱਬੇ ਨੂੰ ਲੱਤ

ਅੱਜ ਦੇ ਦਿਨ ਪੰਜਾਬ ਦੀ ਰਾਜਨੀਤੀ ਕੁੱਬੇ ਦੇ ਲੱਤ ਵੱਜਣ ਵਾਲੇ ਦੌਰ ਵਿਚੋਂ ਲੰਘ ਰਹੀ ਹੈ। ਨਵਜੋਤ ਸਿੰਘ ਸਿੱਧੂ ਦੇ ਮੁੱਖ ਮੰਤਰੀ ਦੀ ਕੁਰਸੀ ਉੱਤੇ ਬੈਠਣ ਦੇ ਸੁਪਨੇ ਟੁੱਟਣ ਤੋਂ ਪਿਛੋਂ ਕੈਪਟਨ ਅਮਰਿੰਦਰ ਸਿੰਘ ਦਾ ਉਸ ਕੁਰਸੀ ਨੂੰ ਛੱਡਣਾ ਇਹੀਓ ਦੱਸਦਾ ਹੈ। ਪੰਜਾਬ ਦਾ ਨਵਾਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਲੋਕ ਮੰਗਾਂ ਵੱਲ ਵੀ ਫੌਰੀ ਧਿਆਨ ਦੇ ਰਿਹਾ ਤੇ ਕੇਂਦਰ ਵਲੋਂ ਥੋਪੇ ਜਾ ਰਹੇ ਖੇਤੀ ਦੇ ਕਾਲੇ ਕਾਨੂੰਨਾਂ ਨਾਲ ਵੀ ਆਢਾ ਲੈ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਵੀ ਭਾਜਪਾ ਨਾਲ ਹੱਥ ਮਿਲਾ ਕੇ ਕੇਂਦਰ ਦੀ ਸਰਕਾਰ ਨੂੰ ਇਸ ਮਾਰਗ ਉੱਤੇ ਤੁਰਨ ਲਈ ਪ੍ਰੇਰ ਰਿਹਾ ਹੈ। ਆਮ ਜਨਤਾ ਇਹ ਨਹੀਂ ਵੇਖਦੀ ਹੁੰਦੀ ਕਿ ਕਿਸ ਵਿਅਕਤੀ ਨੂੰ ਕਿਹੜੀ ਕੁਰਸੀ ਛੱਡ ਕੇ ਕਿਹੜੀ ਕੁਰਸੀ ਦੀ ਯਾਚਨਾ ਹੈ, ਉਹ ਤਾਂ ਇਹ ਵੇਖਦੀ ਹੈ ਕਿ ਉਨ੍ਹਾਂ ਦੀਆਂ ਲੋੜਾਂ ਦੀ ਪੂਰਤੀ ਲਈ ਕਿਹੜੀ ਸ਼ਖਸੀਅਤ ਰਾਸ ਆਉਂਦੀ ਹੈ।

ਜਨਤਾ ਦਾ ਇਸ ਗੱਲ ਨਾਲ ਵੀ ਕੋਈ ਵਾਹ ਵਾਸਤਾ ਨਹੀਂ ਹੁੰਦਾ ਕਿ ਕਿਸ ਹਸਤੀ ਦੀਆਂ ਲੱਤਾਂ ਕੌਣ ਖਿਚਦਾ ਹੈ। ਉਸ ਨੇ ਤਾਂ ਇਹ ਵੇਖਣਾ ਹੁੰਦਾ ਹੈ ਕਿ ਇਸ ਖਿੱਚ ਖਿਚਾਈ ਤੇ ਦਲ ਬਦਲੀ ਦੀ ਖੇਡ ਵਿਚ ਜਨਤਾ ਦੀਆਂ ਲੋੜਾਂ ਤੇ ਮੰਗਾਂ ਨੂੰ ਕਿਹੋ ਜਿਹਾ ਬੂਰ ਪੈਂਦਾ ਹੈ। ਜਨਤਾ ਲਈ ਨਵਜੋਤ ਸਿੰਘ ਸਿੱਧੂ ਜਾਂ ਕੈਪਟਨ ਅਮਰਿੰਦਰ ਸਿੰਘ ਦਾ ਵਿਅਕਤਿਤਵ ਕੋਈ ਅਰਥ ਨਹੀਂ ਰੱਖਦਾ, ਜੇ ਉਨ੍ਹਾਂ ਦੀਆਂ ਲੋੜਾਂ ਵੱਲ ਧਿਆਨ ਦਿੱਤਾ ਜਾਂਦਾ ਹੈ। ਰਾਜਨੀਤੀ ਦੇ ਪੰਡਤ ਜਾਣਦੇ ਹਨ ਕਿ ਜੇ ਮੁੱਖ ਮੰਤਰੀ ਦੀ ਕੁਰਸੀ ਲਈ ਪ੍ਰਵਾਨਤ ਬਦਲ ਮਿਲ ਜਾਂਦਾ ਹੈ ਤਾਂ ਪਾਰਟੀ ਦੀ ਪ੍ਰਧਾਨਗੀ ਚਲਾਉਣ ਵਾਲਿਆਂ ਦਾ ਵੀ ਕੋਈ ਘਾਟਾ ਨਹੀਂ। ਪੰਜਾਬ ਕਾਂਗਰਸ ਲਈ ਬਣਾਈ ਗਈ ਤਿੰਨ ਮੈਂਬਰੀ ਕਮੇਟੀ 'ਚ ਹਾਈ ਕਮਾਂਡ ਦੇ ਪ੍ਰਤੀਨਿਧ ਹਰੀਸ਼ ਰਾਵਤ ਅਨੁਸਾਰ ਤਾਂ ਲੁਧਿਆਣਾ ਹਲਕੇ ਦਾ ਸੰਸਦ ਮੈਂਬਰ ਰਵਨੀਤ ਬਿੱਟੂ ਇਹ ਜ਼ਿੰਮੇਵਾਰੀ ਲੈ ਸਕਦਾ ਹੈ। ਜੇ ਹਾਈ ਕਮਾਂਡ ਸੁਨੀਲ ਜਾਖੜ ਨੂੰ ਇਸ ਪਦਵੀ ਲਈ ਦੁਬਾਰਾ ਮਨਾ ਲੈਂਦੀ ਹੈ ਤਾਂ ਕੈਪਟਨ ਦੇ ਸ਼ਾਂਤ ਹੋ ਜਾਣ ਦੀ ਸੰਭਾਵਨਾ ਵਧ ਜਾਂਦੀ ਹੈ; ਹੈ ਨਾ ਕੁੱਬੇ ਨੂੰ ਵੱਜੀ ਲੱਤ ਵਾਲੀ ਖੇਡ?

**ਲਖੀਮਪੁਰ ਖੇਤੀ ਦੇ ਘਟਨਾਕ੍ਰਮ ਦਾ ਸੰਦੇਸ਼:** ਭਾਰਤ ਸਰਕਾਰ ਨੇ ਕਿਸਾਨ ਅੰਦੋਲਨ ਨੂੰ ਅਸਫਲ ਕਰਨ ਦੇ ਜਿਹੜੇ ਹੱਥ ਕੰਡੇ ਅਪਨਾਏ ਹਨ, ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੇਤੀ ਜ਼ਿਲੇ ਦੀਆਂ ਤਾਜ਼ਾ ਘਟਨਾਵਾਂ ਨੇ ਉਨ੍ਹਾਂ ਉੱਤੋਂ ਪਰਦਾ ਚੁੱਕ ਦਿੱਤਾ ਹੈ। ਇਸ ਨਾਲ ਉਹ ਗੱਲ ਵੀ ਜਿਹੜੀ ਕੇਂਦਰ ਦੇ ਰਾਜ ਮੰਤਰੀ ਅਜੇ ਮਿਸ਼ਰਾ ਨੇ ਕਈ ਦਿਨ ਪਹਿਲਾਂ ਅਖਬਾਰਾਂ ਦੀਆਂ ਸੁਰਖੀਆਂ ਬਣੀ ਹੈ। ਉਸ ਨੇ ਕਿਹਾ ਸੀ ਕਿ ਉਹ ਭਾਰਤ ਦਾ ਰਾਜ ਮੰਤਰੀ ਹੋਣ ਤੋਂ ਬਿਨਾ ਵੀ ਅਜਿਹੀ ਸ਼ਕਤੀ ਰੱਖਦਾ ਹੈ ਕਿ ਅੰਦੋਲਨਕਾਰੀ ਕਿਸਾਨਾਂ ਨੂੰ ਦੋ ਮਿੰਟ ਵਿਚ ਉਸ ਦਾ ਚਾਹਣ ਹੋ ਜਾਵੇ। ਵੇਖਣ ਸੁਣਨ ਵਾਲਿਆਂ ਦਾ ਮੱਤ ਹੈ, ਜਿਸ ਵਿਚ ਪੱਤਰਕਾਰ ਵੀ ਸ਼ਾਮਲ ਹਨ ਕਿ ਲਖੀਮਪੁਰ ਵਿਚ ਕਿਸਾਨਾਂ ਨੂੰ ਕੁਚਲਣ ਵਾਲੀ ਗੱਡੀ ਦੋ ਮਿੰਟ ਵਿਚ ਸਿੱਧਾ ਕਰਨ ਦੀ ਧਮਕੀ ਦੇਣ ਵਾਲੇ ਰਾਜ ਮੰਤਰੀ ਦੇ ਪੁੱਤਰ ਅਸ਼ੀਸ਼ ਮਿਸ਼ਰਾ ਦੀ ਸੀ। ਇਹੀਓ ਕਾਰਨ ਹੈ ਕਿ ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਵਾਡਰਾ ਤੇ ਦੀਪੇਂਦਰ ਹੁੱਡਾ ਤਾਂ ਕੀ, ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਤੇ ਰਾਸ਼ਟਰੀ ਲੋਕ ਦਲ ਦੇ ਮੁਖੀ ਜੈਅੰਤ ਚੌਧਰੀ ਸਮੇਤ ਅਨੇਕਾਂ ਨੂੰ ਤਿੰਨ ਦਿਨ ਘਟਨਾ ਸਥਲ ਉਤੇ ਪਹੁੰਚਣ ਦੀ ਆਗਿਆ ਨਹੀਂ ਦਿੱਤੀ ਗਈ।

ਇਥੇ ਹੀ ਬੱਸ ਨਹੀਂ, ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਉਸ ਦੇ ਸਾਥੀਆਂ ਦੇ ਹੈਲੀਕਾਪਟਰ ਨੂੰ ਲਖੀਮਪੁਰ ਖੇਤੀ ਉਤਰਨ ਦੀ ਆਗਿਆ ਨਹੀਂ ਦਿੱਤੀ ਗਈ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਇਥੋਂ



ਅਜੇ ਮਿਸ਼ਰਾ

ਤੱਕ ਕਹਿਣਾ ਪਿਆ ਕਿ ਉਹ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੂੰ ਜੱਲਿਆਂ ਵਾਲਾ ਬਾਗ ਵਿਚ ਕਤਲੇਆਮ ਦੇ ਦੋਸ਼ੀ ਜਨਰਲ ਡਾਇਰ ਵਾਲੇ ਖਿਤਾਬ ਨਾਲ ਨਿਵਾਜਣਾ ਚਾਹੁੰਦਾ ਹੈ। ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ 45-45 ਲੱਖ ਰੁਪਿਆ ਇਵਜ਼ਾਨਾ ਦੇਣ ਦਾ ਐਲਾਨ ਕਰਕੇ ਤਿੰਨ ਦਿਨ ਲੰਘ ਚੁਕਣ ਤੋਂ ਪਿੱਛੋਂ ਦੂਜੇ ਰਾਜਾਂ ਦੇ ਪ੍ਰਤੀਨਿਧਾਂ ਨੂੰ ਲਖੀਮਪੁਰ ਪਹੁੰਚਣ ਦੀ ਆਗਿਆ ਦੇਣਾ ਸਿੱਧ ਕਰਦਾ ਹੈ ਕਿ ਕਿਸਾਨਾਂ ਨਾਲ ਕੀਤੇ ਅਤਿਆਚਾਰ ਨੂੰ ਸ਼ਾਂਤ ਕਰਕੇ ਸਾਰੇ ਸਬੂਤ ਨਸ਼ਟ ਕਰ ਦਿੱਤੇ ਜਾਣ। ਇਸ ਘਟਨਾਕ੍ਰਮ ਨੇ ਲੋਕਤੰਤਰ ਦੀ ਪਰਿਭਾਸ਼ਾ ਹੀ ਬਦਲ ਕੇ ਰੱਖ ਦਿੱਤੀ ਹੈ। ਸਾਰੇ ਸਬੂਤ ਮਲੀਆਮੇਟ ਹੋਣ ਤੋਂ ਪਿੱਛੋਂ ਅਦਾਲਤ ਜਾਂ ਉਚ ਅਦਾਲਤ ਕਿਸ ਆਧਾਰ ਉੱਤੇ ਫੈਸਲਾ ਸੁਣਾਉਂਦੀ ਹੈ, ਵੇਖਣ ਵਾਲੀ ਗੱਲ ਹੈ।

ਜਿਥੋਂ ਤੱਕ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਦੇ ਖਦਾਣਾਂ (ਰੁੱਬਾ) ਦੀ ਸ਼ਕਤੀ ਦਾ ਸਬੰਧ ਹੈ, ਅੱਡੀ ਚੋਟੀ ਦਾ ਜ਼ੋਰ ਲਾਉਣ ਦੇ ਬਾਵਜੂਦ ਪੱਛਮੀ ਬੰਗਾਲ, ਪੰਜਾਬ ਤੇ ਕੇਰਲ ਤਾਂ ਕੀ ਪ੍ਰਧਾਨ ਮੰਤਰੀ ਮੋਦੀ ਦੇ ਖੀਸੇ ਵਾਲੇ ਗੁਜਰਾਤ ਰਾਜ ਵਿਚ ਵੀ ਆਪਣੇ ਜੌਹਰ ਵਿਖਾਉਣ ਵਿਚ ਸਫਲ ਨਹੀਂ ਹੋਈ। ਹਿੰਦੀ ਭਾਸ਼ੀ ਰਾਜਾਂ ਵਿਚ ਡੰਕਾ ਵਜਾ ਕੇ ਤੇ ਫਰੰਗੀਆਂ ਵਾਲੀ ਪਾੜੋ ਤੇ ਰਾਜ ਕਰੋ ਦੀ ਨੀਤੀ ਅਪਨਾ ਕੇ ਕਿੱਥੇ ਪਹੁੰਚੇਗੀ, ਸੁਤੰਤਰਤਾ ਸੰਗਰਾਮ ਦੇ ਨਤੀਜੇ ਇਸ ਦੇ ਗਵਾਹ ਹਨ। ਉੱਤਰ ਪ੍ਰਦੇਸ਼ ਵਿਚ ਉਨ੍ਹਾਂ ਪੰਜਾਬੀ ਕਿਸਾਨਾਂ ਦਾ ਯੋਗਦਾਨ ਅਭੁੱਲ ਹੈ, ਜਿਨ੍ਹਾਂ ਨੇ ਸਦੀਆਂ ਤੋਂ ਬੰਜਰ ਪਈ ਧਰਤੀ ਦੀ ਹਿੱਕ ਪਾੜ ਕੇ ਇਸ ਨੂੰ ਲਹਿਲਹਾਉਂਦੀ ਕੀਤਾ ਤੇ ਭਾਰਤ ਦੇ ਅੰਨ-ਭੰਡਾਰ ਨੂੰ ਮਾਲਾ ਮਾਲ ਕਰ ਵਿਖਾਇਆ। ਕਚਹਿਰੀ ਇਸ ਦਾ ਮੁੱਲ ਪਾਉਂਦੀ ਹੈ ਜਾਂ ਨਹੀਂ, ਸਮੇਂ ਨੇ ਦੱਸਣਾ ਹੈ।

**ਅੰਤਿਕਾ: ਸੁਲੱਖਣ ਸਰਹੱਦੀ**

ਮੈਂ ਸਮਝਦਾ ਸੀ ਜਿਨ੍ਹਾਂ ਨੂੰ ਮੋਤੀਆਂ ਦੇ ਪਾਰਖੂ
ਉਹ ਵੀ ਸਾਗਰ ਕੰਢਿਓਂ ਘੋਗੇ ਉਠਾ ਕੇ ਤੁਰ ਗਏ।

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

## ਬਰਸਾਤੀ ਡੱਡੂ

ਸਾਢੇ ਚਾਰ ਸਾਲ ਆਪਣੀਆਂ ਖੁੱਡਾਂ ਵਿਚ ਐਸ਼ ਕਰਨ ਤੋਂ ਬਾਅਦ ਹੁਣ ਫੇਰ ਬਰਸਾਤੀ ਡੱਡੂਆਂ ਦੇ ਬੋਲਣ ਦਾ ਮੌਕਾ ਆ ਗਿਆ ਸੀ। ਜਨਤਾ ਇਸ ਵਾਰ ਜਾਗਰੂਕ ਹੋ ਗਈ ਸੀ ਤੇ ਡੱਡੂਆਂ ਨੂੰ ਇਸ ਵਾਰ ਆਪਣੀ ਦਾਲ ਗਲਦੀ ਨਜ਼ਰ ਨਹੀਂ ਆ ਰਹੀ ਸੀ। ਡੱਡੂ ਖੂਬ ਉੱਚੀ ਉੱਚੀ ਟਰ-ਟਰ ਕਰ ਰਹੇ ਸਨ, ਪਰ ਜਨਤਾ ਆਪਣੇ ਮੁੱਦੇ ਐਨੇ ਜੋਰ ਨਾਲ ਉਠਾ ਰਹੀ ਸੀ ਕਿ ਡੱਡੂਆਂ ਦੀ ਆਵਾਜ਼ ਦਬ ਕੇ ਰਹਿ ਗਈ। ਇਸ 'ਤੇ ਡੱਡੂਆਂ ਦੇ ਆਕਾ ਨੇ ਇੱਕ ਦਾਅ ਖੇਡਿਆ। ਉਸ ਨੇ ਮੁੱਖ ਡੱਡੂ ਤੋਂ ਕੁਰਸੀ ਖੋਹ ਲਈ। ਇਕਦਮ ਸੰਨਾਟਾ ਛਾ ਗਿਆ। ਜਨਤਾ ਆਪਣੇ ਮੁੱਦੇ ਬੋਲਣੇ ਬੰਦ ਕਰਕੇ ਅਗਲੇ ਮੁੱਖ ਡੱਡੂ ਬਾਰੇ ਅੰਦਾਜ਼ੇ ਲਾਉਣ ਲੱਗੀ। ਆਕਾ ਨੇ ਦਲਿਤ ਪੱਤਾ ਖੇਡਿਆ। ਮੁੱਖ ਡੱਡੂ ਦਲਿਤ ਵਰਗ ਵਿਚੋਂ ਚੁਣਿਆ। ਹੁਣ ਜਨਤਾ ਆਪਿਸ ਵਿਚ ਲੜ ਰਹੀ ਸੀ। ਕੁਝ ਮੁੱਖ ਡੱਡੂ ਦੇ ਹੱਕ ਵਿਚ, ਕੁਝ ਵਿਰੋਧ ਵਿਚ। ਬਰਸਾਤੀ ਡੱਡੂਆਂ ਦਾ ਮਕਸਦ ਪੂਰਾ ਹੋ ਗਿਆ ਸੀ। ਹੁਣ ਜਨਤਾ ਫਿਰ ਤੋਂ ਉਨ੍ਹਾਂ ਦੀ ਟਰ-ਟਰ ਸੁਣ ਰਹੀ ਸੀ।

ਵਿਅੰਗ

*-ਰਾਜਨਦੀਪ ਕੌਰ ਮਾਨ*
*ਫੋਨ: 91-62393-26165*

# ਬੈਚ ਫੁੱਲ ਵਾਈਲਡ ਓਟ: ਕੁਰਾਹਿਆ

*(ਪਿਛਲੇ ਸਫੇ ਦੀ ਬਾਕੀ)*

ਕਰ ਰਿਹਾ ਹੈ। ਜੇ ਇਹ ਮੰਜਰ ਫੁੱਲ ਦਵਾਈ ਵਾਈਲਡ ਓਟ ਲਈ ਯੋਗ ਨਹੀਂ ਹੈ ਤਾਂ ਹੋਰ ਕਿਹੜਾ ਹੋਵੇਗਾ? ਵਿਅਕਤੀਗਤ ਪੱਧਰ 'ਤੇ ਸੇਵਨ ਕਰਾਇਆਂ ਇਹ ਕਿਸੇ ਭਗਵੇਂ ਕਾਰੋਬਾਰੀ ਤੋਂ ਉਸ ਦੀ ਮਿਲਖ ਦਾ ਤਿਆਗ ਤਾਂ ਕਰਾਵੇਗੀ।

ਵਾਈਲਡ ਓਟ ਕੇਵਲ ਪੇਸ਼ੇ ਦੀ ਅਸੰਤੁਸ਼ਟੀ ਨਾਲ ਹੀ ਸਬੰਧ ਨਹੀਂ ਰੱਖਦੀ, ਸਗੋਂ ਜੀਵਨ ਵਿਚ ਹਰ ਉਸ ਫੈਸਲੇ ਨਾਲ ਤਾਲੁਕ ਰੱਖਦੀ ਹੈ, ਜੋ ਮਨੁੱਖੀ ਮਨ ਵਿਚ ਅਸ਼ੰਤੁਸਟੀ ਪੈਦਾ ਕਰਦਾ ਹੈ। ਇਹ ਫੈਸਲਾ ਸਕੂਲ/ਕਾਲਜ ਦੀ ਚੋਣ ਦਾ ਹੋ ਸਕਦਾ ਹੈ, ਵਿਸ਼ਿਆਂ ਦੀ ਚੋਣ ਦਾ ਹੋ ਸਕਦਾ ਹੈ ਤੇ ਅਧਿਆਪਕ ਦੀ ਚੋਣ ਦਾ ਹੋ ਸਕਦਾ ਹੈ; ਪਰ ਸਭ ਤੋਂ ਨਾਜ਼ੁਕ ਫੈਸਲੇ ਜੀਵਨ ਸਾਥੀ ਦੀ ਚੋਣ ਤੇ ਵਿਆਹ ਸਬੰਧੀ ਮਸਲਿਆਂ ਬਾਰੇ ਹੁੰਦੇ, ਜਿਨ੍ਹਾਂ ਦੇ ਸਬੰਧ ਵਿਚ ਲਏ ਗਲਤ ਫੈਸਲੇ ਮਨੁੱਖ ਦਾ ਜੀਵਨ ਹੀ ਵਿਗਾੜ ਕੇ ਰੱਖ ਦਿੰਦੇ ਹਨ। ਕਈ ਲੋਕ ਇਕ ਵਿਆਹ ਤੋਂ ਬਾਅਦ ਅਸੰਤੁਸ਼ਟ ਹੋ ਜਾਂਦੇ ਹਨ ਤੇ ਤਲਾਕ ਕਰ ਲੈਂਦੇ ਹਨ। ਉਹ ਫਿਰ ਦੂਜਾ ਵਿਆਹ ਰਚਾਉਂਦੇ ਹਨ ਤੇ ਕੁਝ ਸਮੇਂ ਬਾਅਦ ਉਸ ਤੋਂ ਵੀ ਹੱਥ ਧੋ ਲੈਂਦੇ ਹਨ। ਕਈ ਔਰਤਾਂ ਇਕ ਮਰਦ ਛੱਡ ਕੇ ਦੂਜੇ ਨਾਲ ਤੇ ਦੂਜਾ ਛੱਡ ਕੇ ਤੀਜੇ ਨਾਲ ਹੋ ਤੁਰਦੀਆਂ ਹਨ। ਉਨ੍ਹਾਂ ਨੂੰ ਕੋਈ ਪੱਕਾ ਠਿਕਾਣਾ ਨਹੀਂ ਮਿਲਦਾ। ਨੌਜਵਾਨ ਪੀੜ੍ਹੀ ਦੇ ਲੋਕ ਇਕ ਥਾਂ ਪਿਆਰ ਸਬੰਧ ਬਣਾ ਕੇ ਤੋੜ ਜਾਂਦੇ ਹਨ ਤੇ ਫਿਰ ਹੋਰ ਥਾਂਵਾਂ ਤੇ ਹਮਸਫਰ ਤਲਾਸ਼ਦੇ ਫਿਰੀ ਜਾਂਦੇ ਹਨ। ਉਨ੍ਹਾਂ ਦੇ ਮਨ ਦੀ ਭਟਕਣ ਉਨ੍ਹਾਂ ਲਈ ਤਾਂ ਨੁਕਸਾਨਦੇਹ ਹੁੰਦੀ ਹੀ ਹੈ, ਸਮਾਜਿਕ ਦੀਆਂ ਭਾਈਚਾਰਕ ਤੰਦਾਂ ਵੀ ਕੁਤਰ ਦਿੰਦੀ ਹੈ। ਹੋਮਿਓਪੈਥੀ ਵਿਚ ਅਸੀਮਤ ਹਵਸ ਦੇ ਲੋਕਾਂ ਨੂੰ ਸਵਸਥ ਕਰਨ ਲਈ ਫਲੋਰਿਕ ਐਸਿਡ ਨਾਂ ਦੀ ਦਵਾਈ ਦਿੱਤੀ ਜਾਂਦੀ ਹੈ, ਪਰ ਜੇ ਮਸਲਾ ਨਿਰਾਪੁਰਾ ਜਿਨਸੀ ਹਵਸ ਦਾ ਨਾ ਹੋ ਕੇ ਸੁਹਜ ਸਵਾਦੀ ਅਸੰਤੁਸ਼ਟੀ ਦਾ ਹੋਵੇ ਤਾਂ ਫੁੱਲ ਦਵਾਈ ਵਾਈਲਡ ਓਟ ਵਧੇਰੇ ਕੰਮ ਆਵੇਗੀ। ਮੇਰੇ ਖਿਆਲ ਵਿਚ ਤਲਾਕ ਲਈ ਭਟਕਦੇ ਹਰ ਜੋੜੇ ਨੂੰ, ਖਾਸ ਤੌਰ 'ਤੇ ਉਹ ਜੋ ਸੁਭਾਅ ਦੀ ਬੇਮੇਲਤਾ (Incompatible temperament) ਨੂੰ ਆਧਾਰ ਬਣਾ ਕੇ ਕੋਰਟ ਕਚਹਿਰੀ ਭੱਜ ਲੈਂਦੇ ਹਨ, ਤਾਂ ਇਹ ਫੁੱਲ ਦਵਾਈ ਦੇਣੀ ਹੀ ਚਾਹੀਦੀ ਹੈ। ਇਹ ਕਈ ਪਰਿਵਾਰ ਟੁੱਟਣ ਤੋਂ ਬਚ ਸਕਦੀ ਹੈ।

ਇਕ ਗੱਲ ਅਜੀਬ ਹੈ। ਜਿਵੇਂ ਵਾਈਲਡ ਓਟ ਦੇ ਮਰੀਜ਼ ਦਾ ਦਿਮਾਗ ਟਿਕਾਊ ਫੈਸਲਾ ਨਾ ਕਰ ਸਕਣ ਕਰਕੇ ਮਾਨਸਿਕ ਅਸੰਤੁਸ਼ਟੀ ਦਾ ਸ਼ਿਕਾਰ ਬਣ ਜਾਂਦਾ ਹੈ, ਉਵੇਂ ਹੀ ਉਹ ਬਿਮਾਰੀ ਵੇਲੇ ਆਪਣੀਆਂ ਸਰੀਰਕ ਤਕਲੀਫਾਂ ਬਾਰੇ ਵੀ ਨਿਸ਼ਚਿਤ ਨਾ ਹੋ ਕੇ ਕਸ਼ਟ ਸਹਿੰਦਾ ਰਹਿੰਦਾ ਹੈ। ਉਸ ਨੂੰ ਆਪਣੀ ਬਿਮਾਰੀ ਪੱਕਾ ਪਤਾ ਨਹੀਂ ਲਗਦਾ, ਇਸ ਲਈ ਕਦੇ ਕੁਝ ਦੱਸਦਾ ਹੈ ਤੇ ਕਦੇ ਕੁਝ। ਉਹ ਆਮ ਤੌਰ 'ਤੇ ਇਕ ਤਕਲੀਫ ਤੋਂ ਦੂਜੀ ਤੇ ਦੂਜੀ ਤੋਂ ਤੀਜੀ ਵਲ ਚਲਦਾ ਹੀ ਰਹਿੰਦਾ ਹੈ। ਇਸ ਕਾਰਨ ਉਹ ਕਈ ਦਵਾਈਆਂ ਤੇ ਡਾਕਟਰ ਵੀ ਬਦਲ ਲੈਂਦਾ ਹੈ। ਅਜਿਹੇ ਰੰਗ ਬਦਲਦੇ ਮਰੀਜ਼ ਨੂੰ ਇਹ ਫੁੱਲ ਦਵਾਈ ਦੇਣ ਨਾਲ ਉਸ ਦੇ ਰੋਗ ਦਾ ਅਸਲ ਰੂਪ ਨਿੱਖਰ ਆਉਂਦਾ ਹੈ।

ਮੇਰੇ ਕੋਲ ਲੈਥਰੋਪ ਸ਼ਹਿਰ ਤੋਂ ਇਕ ਬੀਬੀ ਆਕੜੀ ਗਰਦਨ ਦੇ ਇਲਾਜ ਲਈ ਆਈ। ਅਜੇ ਦਵਾਈ ਲੈ ਕੇ ਘਰ ਪਹੁੰਚੀ ਹੀ ਸੀ ਕਿ ਉਸ ਨੇ ਫੋਨ ਕਰ ਕੇ ਸਿਰ ਘੁੰਮਣ ਦੀ ਸ਼ਿਕਾਇਤ ਕੀਤੀ। ਅਗਲੇ ਦਿਨ ਉਸ ਨੇ ਥਕਾਵਟ ਦੱਸੀ ਤੇ ਫਿਰ ਹੱਥਾਂ-ਪੈਰਾਂ ਦੀ ਕਮਜ਼ੋਰੀ। ਮੈਂ ਉਸ ਨੂੰ ਫੁੱਲ ਦਵਾਈ ਵਾਈਲਡ ਓਟ ਦਿੱਤੀ ਤੇ ਸੱਤ ਦਿਨਾਂ ਬਾਅਦ ਆਉਣ ਲਈ ਕਿਹਾ। ਸੱਤਾਂ ਦਿਨਾਂ ਬਾਅਦ ਉਸ ਨੇ ਦੱਸਿਆ ਕਿ ਉਸ ਦੀ ਗਿੱਚੀ ਦੁਖਦੀ ਹੈ ਤੇ ਚੱਕਰ ਆਉਂਦੇ ਹਨ। ਉਸ ਦੀਆਂ ਅਲਾਮਤਾਂ ਸਿਰ ਚੁੱਕ ਕੇ ਬੋਲ ਉੱਠੀਆਂ ਸਨ। ਹੋਮਿਓਪੈਥਿਕ ਦਵਾਈ ਰੱਸ ਟਾਕਸ (Rhus Tox) ਦੀ ਇਕੋ ਖੁਰਾਕ ਨੇ ਉਸ ਦੀਆਂ ਦੋਵੇਂ ਤਕਲੀਫਾਂ ਦੂਰ ਕਰ ਦਿੱਤੀਆਂ।

# ਨਹੀਂ ਛੂਟਤੀ ਕਮਬਖਤ ਮੂੰਹ ਕੋ ਲਗੀ ਹੁਈ!

ਮਨੁੱਖ ਦੁਆਰਾ ਕੀਤੀਆਂ ਗਈਆਂ ਅਣਗਿਣਤ ਖੋਜਾਂ, ਜਿਨ੍ਹਾਂ ਨੇ ਇਨਸਾਨ ਦੇ ਜੀਵਨ ਵਿਚ ਭਿੰਨ ਭਿੰਨ ਰੰਗ ਭਰੇ, ਵਿਚ ਸੋਮਰਸ ਦਾ ਖਾਸ ਸਥਾਨ ਹੈ। ਇਸ ਦੀ ਖੋਜ ਕਦੋਂ, ਕਿਸ ਦੁਆਰਾ ਅਤੇ ਕਿਵੇਂ ਹੋਈ? ਇਸ ਬਾਰੇ ਸਪਸ਼ਟ ਕੁਝ ਮਿਲਦਾ ਨਹੀਂ, ਪਰ ਮਹਾਂਪੰਡਤ ਰਾਹੁਲ ਸਾਂਕ੍ਰਿਤਆਇਣ ਦੀ ਦਿਲਚਸਪ ਪੁਸਤਕ 'ਵੋਲਗਾ ਸੇ ਗੰਗਾ' ਪੜ੍ਹਦਿਆਂ ਕੁਝ ਅੰਦਾਜ਼ਾ ਜ਼ਰੂਰ ਲੱਗ ਜਾਂਦਾ ਹੈ, ਜਿਸ ਅਨੁਸਾਰ ਲਗਭਗ ਅੱਠ ਹਜ਼ਾਰ ਸਾਲ ਪਹਿਲਾਂ ਮਨੁੱਖ ਗੁਫਾਵਾਂ ਵਿਚ ਰਹਿੰਦਾ ਸੀ ਅਤੇ ਭੋਜਨ ਦੇ ਰੂਪ ਵਿਚ ਸ਼ਿਕਾਰ ਤੇ ਫਲ-ਫੁੱਲ ਇਕੱਤਰ ਕਰ ਕੇ ਗੁਜ਼ਾਰਾ ਕਰਿਆ ਕਰਦਾ ਸੀ। ਇਸ ਸਮੇਂ ਦੇ ਮਨੁੱਖ ਨੂੰ ਵਿਗਿਆਨੀਆਂ ਨੇ 'ਹੰਟਰ ਗੈਦਰਰ' ਦਾ ਨਾਂ ਦਿੱਤਾ ਹੈ। ਪਹਾੜਾਂ ਵਿਚ ਸਰਦ ਰੁੱਤ ਦੌਰਾਨ ਕਈ ਮਹੀਨੇ ਭਿਅੰਕਰ ਬਰਫਬਾਰੀ ਕਾਰਨ ਉਹ ਗੁਫਾ ਤੋਂ ਬਾਹਰ ਨਾ ਨਿਕਲ ਸਕਣ ਕਰਕੇ ਮਾਸ ਅਤੇ ਫਲ ਇਤਿਆਦਿ ਆਪਣੀ ਗੁਫਾ ਵਿਚ ਜਮਾ ਕਰ ਲਿਆ ਕਰਦਾ ਸੀ। ਇੱਕ ਵਾਰ ਅਚਨਚੇਤ ਪੱਥਰਾਂ ਵਿਚਕਾਰ ਜਮਾ ਕੀਤੇ ਵਾਧੂ ਫਲਾਂ ਦੇ ਰਸਾਂ ਵਿਚ ਕਿਣਵਨ (ਫਰਮੈਂਟੇਸ਼ਨ) ਹੋ ਗਈ ਤਾਂ ਇਸ ਦੀ ਖੁਸ਼ਬੂ ਵੱਲ ਮਨੁੱਖ ਆਕਰਸ਼ਿਤ ਹੋਇਆ। ਇਸ ਨੂੰ ਚਖ ਜਦ ਜੰਗਲੀ ਮਨੁੱਖ ਨੂੰ ਇੱਕ ਵੱਖਰੀ ਮਸਤੀ ਦਾ ਅਨੁਭਵ ਹੋਇਆ ਤਾਂ ਸਮਝੋ ਮਨੁੱਖੀ ਜੀਵਨ ਵਿਚ ਸੋਮਰਸ ਦੇ ਪ੍ਰਵੇਸ਼ ਦਾ ਮੁੱਢ ਬੰਨ੍ਹਿਆ ਗਿਆ।

ਇਸ ਉਪਰੰਤ ਵੈਦਿਕ ਕਾਲ ਦੀਆਂ ਲਿਖਤਾਂ ਵਿਚ ਵੀ ਇਸ ਤੇਰ੍ਹਵੇਂ ਰਤਨ ਦਾ ਜ਼ਿਕਰ ਮਿਲਦਾ ਹੈ। ਮੱਧ ਏਸ਼ੀਆ ਵਿਚ ਵੋਲਗਾ ਨਦੀ ਦੇ ਆਸੇ-ਪਾਸੇ ਵਸਦੇ ਆਰੀਆਂ ਦੀ ਆਬਾਦੀ ਜਿਉਂ ਜਿਉਂ ਵਧਦੀ ਚਲੀ ਗਈ, ਤਿਉਂ ਤਿਉਂ ਉਹ ਵੋਲਗਾ ਨਦੀ ਦੇ ਤਟ ਦੇ ਨਾਲ ਨਾਲ ਤਜ਼ਾਕਿਸਤਾਨ ਦੀ



ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੈ...

ਵਕਸ਼ੂ ਘਾਟੀ ਵੱਲ ਵਧਦੇ ਚਲੇ ਗਏ। ਉਥੇ ਪਹਿਲਾਂ ਤੋਂ ਰਹਿੰਦੇ ਕਬੀਲੇ ਚਰਾਂਦਾਂ ਦੀ ਘਾਟ ਕਾਰਨ ਜਿਵੇਂ ਤਿਵੇਂ ਹਿਮਾਲਿਆ ਪਾਰ ਕਰ ਕੇ ਇੱਕ ਹੋਰ ਵੱਖਰੀ ਨਸਲ ਦੇ ਲੋਕਾਂ ਵਿਚਕਾਰ ਜਾ ਪਹੁੰਚੇ, ਜੋ ਸ਼ਿਲਪਕਲਾ ਵਿਚ ਤਾਂ ਇਨ੍ਹਾਂ ਨਾਲੋਂ ਅੱਗੇ ਸਨ, ਪਰ ਸੁਰਾ ਨਹੀਂ ਪੀਂਦੇ ਸਨ। ਆਰੀਆਂ ਦੇ ਮੁਖੀ ਇਨ੍ਹਾਂ ਨੂੰ 'ਅਸੁਰਾਂ' (ਸੁਰਾ ਨਾ ਪੀਣ ਵਾਲੇ) ਦਾ ਨਾਂ ਦਿੱਤਾ। ਇਸ ਤਰ੍ਹਾਂ ਸੁਰ ਅਤੇ ਅਸੁਰਾਂ ਦਾ ਨਾਮਕਰਣ ਹੋਇਆ। ਰਿਗ ਵੇਦ ਵਿਚ ਦਰਜ ਜਾਣਕਾਰੀ ਅਨੁਸਾਰ ਪਸ਼ੂ ਚਰਮ (ਖੱਲ) ਨੂੰ ਸੋਧਿਆ ਜਾਂਦਾ ਸੀ। ਇਸ ਵਿਧੀ ਨੂੰ ਮਲੋਂਦ ਕਹਿੰਦੇ ਸਨ। ਇਨ੍ਹਾਂ ਸੋਧੀਆਂ ਹੋਈਆਂ ਚਰਮ ਦੀਆਂ ਮਸ਼ਕਾਂ ਵਿਚ ਅਨਾਜ ਦਾ ਅਰਕ, ਮਧੂ (ਸ਼ਹਿਦ) ਫਲਾਂ ਦਾ ਰਸ, ਗੁੜ ਆਦਿ ਦੇ ਘੋਲ ਨੂੰ ਕੁਝ ਜੜ੍ਹੀ-ਬੂਟੀਆਂ ਸਮੇਤ ਧਰਤੀ ਅੰਦਰ ਦੱਬ ਦਿੱਤਾ ਜਾਂਦਾ ਸੀ, ਜਿਸ ਵਿਚੋਂ ਕੁਝ ਸਮੇਂ ਉਪਰੰਤ ਮਨ ਭਾਉਂਦੀ ਮਦਿਰਾ ਕਸ਼ੀਦ ਕੀਤੀ ਜਾਂਦੀ ਸੀ। ਕਹਿੰਦੇ ਆ ਕਿ ਇੰਦਰ ਵੀ ਆਪਣੀ ਇੰਦਰਾਣੀ ਨੂੰ ਮੈਰੇਅ ਨਾਂ ਦੀ ਵਿਸ਼ੇਸ਼ ਸੁਰਾ ਪੇਸ਼ ਕਰਿਆ ਕਰਦਾ ਸੀ।

ਆਯੁਰਵੈਦਿਕ ਔਸ਼ਧ 'ਦ੍ਰਾਕਸ਼ਾਸ੍ਵ' ਅੱਜ ਵੀ ਦੇਸੀ ਕੰਪਨੀਆਂ ਬਣਾਉਂਦੀਆਂ ਹਨ, ਜੋ ਪ੍ਰਾਚੀਨ ਕਾਲ ਵਿਚ ਵੀ ਸਿਹਤ ਲਈ ਉੱਤਮ ਮੰਨੀ ਜਾਂਦੀ ਸੀ। ਅੱਜ ਕੱਲ੍ਹ ਤਾਂ ਦੁਨੀਆਂ ਵਿਚ ਇਸ ਦੁਰਲਭ ਪੇਅ (ਡਰਿੰਕ) ਦਾ ਬੇਹਿਸਾਬ ਬੋਲਬਾਲਾ ਹੈ, ਜਿਸ ਬਿਨਾ ਕੋਈ ਸਮਾਗਮ ਜਾਂ ਉਤਸਵ ਅਧੂਰਾ ਸਮਝਿਆ ਜਾਂਦਾ ਹੈ। ਐਵੇਂ ਤਾਂ ਨਹੀਂ ਮਿਰਜ਼ਾ ਗਾਲਿਬ ਨੇ ਉਚਾਰਿਆ ਸੀ, "ਨਹੀਂ ਛੂਟਤੀ ਹੈ ਕਮਬਖਤ ਮੂੰਹ ਕੋ ਲਗੀ ਹੁਈ!"

*-ਹਰਜੀਤ ਦਿਉਲ, ਬਰੈਂਪਟਨ*

## ਅੱਧੀ ਧਰਤੀ

ਹਾਂ ਕੁਦਰਤ ਦੀ ਦਾਤ ਅਸੀਂ ਵੀ ਜੀਵਨ ਜਿਊਣਾ ਚਾਹੀਏ ਹੂ।
ਚਾਰ ਚੁਫੇਰੇ ਫਿਰਨ ਭੇੜੀਏ ਕਿੰਦਾਂ ਮਾਸ ਬਚਾਈਏ ਹੂ।

ਚੰਮ ਦੇ ਭੁੱਖੇ, ਅੱਤ ਦੇ ਲੋਭੀ ਦਿਸਦੇ ਢੇਰ ਸਿਆਣੇ ਪਰ,
ਭੇਖੀ ਲਾਣੇ ਦੇ ਭੇਖਾਂ ਦੀ ਮਿਲ ਕੇ ਝੰਡ ਲੁਹਾਈਏ ਹੂ।

ਗੰਦ ਦਿਮਾਗਾਂ ਦੇ ਵਿਚ ਭਰਿਆ ਜਿੱਥੇ ਵੀ ਦਿਲ ਕਰਦਾ ਥੁੱਕਣ,
ਪਲ ਵਿਚ ਲੱਗੇ ਸਮਝ ਅਸਾਨੂੰ ਸਿੱਧੀ ਆਖ ਸੁਣਾਈਏ ਹੂ।

ਅੱਧੀ ਧਰਤੀ 'ਤੇ ਹੱਕ ਸਾਡਾ ਤੇ ਜੀਵਨ ਵੀ ਸਾਡਾ ਹੈ,
ਕਾਹਤੋਂ ਅਦਪਣਾ ਆਪ ਛੁਪਾ ਕੇ ਸਾਰੀ ਅਉਧ ਲੰਘਾਈਏ ਹੂ।

'ਰਾਜਨ' ਹੁਣ ਤੂੰ ਦੁਰਗਾ ਬਣ ਕੇ ਹੱਥੀਂ ਸਾਂਭ ਕਟਾਰੀ ਕਾਨੀ,
ਇਕ ਇਕ ਕਰ ਕੇ ਪਾਜ ਉਘਾੜੇ ਐਵੇਂ ਨਾ ਸ਼ਰਮਾਈਏ ਹੂ।

*-ਰਾਜਨਦੀਪ ਕੌਰ ਮਾਨ, ਫੋਨ: 91-62393-26166*

## ਭਾਣਾ ਲਖੀਮਪੁਰ ਖੀਰੀ ਦਾ

ਦਿਨ ਕੁਲੈਹਣਾ ਦੋ ਅਕਤੂਬਰ ਦਾ ਚੜ੍ਹਿਆ
ਯਮਦੂਤ ਨੇ ਰਾਹ ਲਖੀਮਪੁਰ ਦਾ ਫੜਿਆ
ਹੰਕਾਰ ਗਿਆ ਹਾਕਮ ਪੁਗਾਉਂਦਾ ਅੜੀ ਸੀ
ਮੰਦਭਾਗੇ ਕਿਸਾਨਾਂ ਲਈ ਚੰਦਰੀ ਘੜੀ ਸੀ।

ਲੋਕਤੰਤਰ ਜਵਾਬਦੇਹ ਹੈ ਭਰਦਾ ਗਵਾਹੀ
ਸ਼ਾਇਦ ਇਹੀ ਬਣਿਆ ਹੈ ਕਾਰਨ ਤਬਾਹੀ
ਸ਼ਾਂਤਮਈ ਕਿਸਾਨ ਕਰ ਰਹੇ ਸੀ ਮੁਜ਼ਾਹਰਾ
ਪਰ ਗੁੰਡੇ ਨੇਤਾ ਨੂੰ ਇਹ ਨਹੀਂ ਸੀ ਗਵਾਰਾ।

ਭੇਜੇ ਸੀ ਗੁੰਡੇ ਨੇਤਾ ਯਮ ਦਾ ਰੂਪ ਧਾਰ ਕੇ
ਮੁੜਿਓ ਨਾ ਖਾਲੀ, ਆਇਓ ਤੁਸੀਂ ਮਾਰ ਕੇ
ਪਹਿਲੇ ਸ਼ਰੇਆਮ ਧਮਕੀਆਂ 'ਤੇ ਸੀ ਉਤਰੇ
ਚਾੜ੍ਹ ਦਿੱਤੀਆਂ ਗੱਡੀਆਂ ਲੋਕਾਂ 'ਤੇ ਨਿਪੁੱਤਰੇ।

ਤਿੰਨ ਮਾਸੂਮ ਤਾਂ ਥਾਂਏਂ ਹੀ ਕੁਰਬਾਨ ਹੋ ਗਏ
ਪੰਜ ਜਣੇ ਹਸਪਤਾਲ 'ਚ ਹੱਥ ਜਾਨੋਂ ਧੋ ਗਏ
ਚਾਰ ਚੁਫੇਰੇ ਝੱਟ ਮਚ ਗਈ ਹਾਹਾਕਾਰ ਹੈ
ਮਗਰ ਹਾਲੇ ਚੁੱਪੀ ਵੱਟੀ ਬੈਠੀ ਸਰਕਾਰ ਹੈ।

ਲੁੱਟ'ਗੇ ਸੁਹਾਗ ਸਿਰ ਚਿੱਟੀਆਂ ਨੇ ਚੁੰਨੀਆਂ
ਰੋਏ ਅਨਾਥ ਬਚਪਨ ਅੱਖਾਂ ਹੋਣ ਚੁੰਨ੍ਹੀਆਂ
ਸੁੰਨੀ ਹੋ ਗਈ ਗੋਦ ਭੈਣ ਵੀਰੇ ਨੂੰ ਲੱਭਦੀ
ਝੱਲ ਨਹੀਂ ਹੁੰਦੀ ਸੱਟ ਮੌਤਾਂ ਪਾਏ ਖੱਭ ਦੀ।

ਪੈ ਗਿਆ ਹਨੇਰ ਜੱਗ 'ਤੇ ਮੁੜ ਨਾ ਆਵਣੇ
ਚਿਣੇ ਗਏ ਚਿਤਾ ਵਿਚ ਮੁੜ ਨਦ ਥਿਆਵਣੇ
ਪਹਿਲੇ ਮਰਵਾ ਕੇ ਪਿੱਛੋਂ ਮੁੱਲ ਕੀ ਹੈ ਪਾਵਣੇ
ਜਾਨ ਅਨਮੋਲ ਨਹੀਂ ਜ਼ਾਲਿਮਾਂ ਦੇ ਸਾਹਮਣੇ?

*-ਸੇਵਾ ਸਿੰਘ ਨੂਰਪੁਰੀ*

# ਕੁਦਰਤ ਦਾ ਸਕਾ ਪਿੰਡ ਤਾਸ਼ੀਗੰਗ



*ਉੱਥੇ ਰਹਿਣ ਦਾ ਹੀਲਾ ਇੱਕ ਰਵਾਇਤੀ ਘਰ ਵਿਚ ਹੋ ਗਿਆ ਸੀ। ਕੱਚਾ ਘਰ ਤੇ ਨਾ ਕੁੰਡਾ, ਨਾ ਜਿੰਦਾ; ਹੇਠਾਂ ਭੀੜੇ ਜਿਹੇ ਕਮਰਿਆਂ ਵਿਚ ਬਾਲਣ ਵਗੈਰਾ ਪਿਆ ਸੀ ਤੇ ਰਹਿਣ-ਸਹਿਣ ਦਾ ਉੱਪਰ ਸੀ। ਅਸੀਂ ਜਾਂਦਿਆਂ ਰਸੋਈ ਵਿਚ ਜਾ ਬੈਠੇ। ਉਨ੍ਹਾਂ ਦੀ ਰਸੋਈ ਦਾ ਸੱਭਿਆਚਾਰ ਬਹੁਤ ਚੰਗਾ ਹੈ। ਸਾਰਾ ਟੱਬਰ ਕਤਾਰ ਵਿਚ ਬੈਠ ਕੇ ਖਾਂਦਾ ਹੈ। ਦੋ ਮਰਦ ਰਸੋਈ ਦਾ ਕੰਮ ਕਰਨ ਵਿਚ ਲੱਗੇ ਹੋਏ ਸਨ ਤੇ ਔਰਤਾਂ ਖੇਤ ਗਈਆਂ ਹੋਈਆਂ ਸਨ। ਅੱਛਾ, ਉਨ੍ਹਾਂ ਦੇ ਕੰਮ ਵਿਚ ਠਰੰਮਾ ਬਹੁਤ ਹੈ, ਅਸੀਂ ਕਾਹਲੀ ਦੇ ਮਾਰੇ ਲੋਕ ਹਰ ਚੀਜ਼ ਲਈ ਮਸ਼ੀਨ ਬਣਾ ਲਈ ਹੈ। ਉਸ ਭਲੇ ਮਾਣਸ ਨੇ ਚੱਟਣੀ ਬਣਾਈ 'ਮੋਮੋਸ' (ਰਾਤ ਦਾ ਖਾਣਾ ਮੋਮੋਸ ਸੀ) ਲਈ ਤੇ ਕਰੀਬ ਘੰਟਾ ਉਸ ਚਾਕੂ ਨਾਲ ਚੱਟਣੀ ਬਣਾਉਣ ਤੇ ਬਿਤਾਇਆ।*

ਵੈਸੇ ਤਾਂ ਪੂਰੀ ਸਪਿਤੀ ਘਾਟੀ ਹੀ ਇਉਂ ਹੈ, ਜਿਵੇਂ ਕੁਦਰਤ ਦੀ ਆਪਣੀ ਸਕੀ ਹੋਵੇ। ਸਕੇ ਤੇ ਮਤਰੇਏ ਵਿਚ ਇੱਕ ਵੱਡਾ ਫਰਕ ਹਰੇਕ ਰਿਸ਼ਤਾ ਸੁਭਾਵਕ ਹੀ ਕਰਦਾ। ਸਪਿਤੀ ਨੂੰ ਕੁਦਰਤ ਨੇ ਸ਼ਾਇਦ ਆਪਣੀ ਸਕੀ ਮੰਨਿਆ ਹੋਵੇ, ਇਸੇ ਲਈ ਉਸ ਦਾ ਸੁਹੱਪਣ ਤੇ ਉੱਥੋਂ ਦੇ ਲੋਕ ਦੋਵੇਂ ਕਮਾਲ ਨੇ। ਇਸ ਦਾ ਇੱਕ ਵੱਡਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਹਜੇ ਮੰਡੀ ਨੇ ਉੱਥੇ ਘੁਸਪੈਠ ਜ਼ਿਆਦਾ ਨਹੀਂ ਕੀਤੀ। ਜਿਸ ਕਰਕੇ ਉੱਥੋਂ ਦਾ ਵਾਤਾਵਰਣ ਤੇ ਉਥੋਂ ਦੇ ਲੋਕ ਹਜੇ ਕੁਦਰਤੀ ਜਿਹੇ ਹੀ ਨੇ। ਸਾਡਾ ਦੋ ਜਣਿਆਂ ਦਾ ਜੂਨ ਦੇ ਮਹੀਨੇ ਵਿਚ ਸਪਿਤੀ ਜਾਣ ਦਾ ਸਬੱਬ ਬਣਿਆ ਸੀ।

ਵੈਸੇ ਤਾਂ ਸਾਰਾ ਸਫਰ ਹੀ ਸਪਿਤੀ ਦਾ ਸੋਹਣਾ ਹੁੰਦਾ ਹੈ, ਕਿਨੌਰ ਤੋਂ ਹੀ ਨਦੀਆਂ ਤੁਹਾਡੇ ਨਾਲ ਵਹਿਣ ਲੱਗਦੀਆਂ ਹਨ, ਪਹਾੜਾਂ ਦੇ ਰੰਗ ਬਦਲਣ ਲੱਗਦੇ ਹਨ। ਪਹਾੜ ਹਰੇ ਤੋਂ ਭੂਰੇ ਜਿਹੇ ਹੋਣ ਲੱਗਦੇ ਹਨ ਤੇ ਨਦੀਆਂ ਸੁਰਮਈ। ਸੁਰਮਈ

**ਬਲਤੇਜ**
**ਫੋਨ: 91-98550-22508**

ਨਦੀਆਂ ਸ਼ਾਂਤੀ ਨਾਲ ਮੇਲ੍ਹਦੀਆਂ ਕਦੇ ਵਿਛੜਦੀਆਂ ਹਨ, ਕਦੇ ਮਿਲਦੀਆਂ ਹਨ, ਕਦੇ ਜ਼ੋਰ ਜ਼ੋਰ ਦੀ ਛੱਲਾਂ ਮਾਰਦੀਆਂ ਸ਼ੋਰ ਮਚਾਉਂਦੀਆਂ ਹਨ ਤੇ ਕਿਤੇ ਜਮ੍ਹਾਂ ਸ਼ਾਂਤ ਜਿਵੇਂ ਅੱਜ ਹੀ ਸਿਆਣੀਆਂ ਹੋਈਆਂ ਹੋਣ। ਇਸ ਸਭ ਨੂੰ ਦੇਖਦਿਆਂ ਮਨੁੱਖ ਅੰਦਰੋ ਅੰਦਰੀ ਬਹੁਤ ਕੁਝ ਸਿਰਜਦਾ ਹੈ, ਪੁਰਾਣੇ ਕਵੀਆਂ ਦੀਆਂ ਕਵਿਤਾਵਾਂ ਸੋਚਦਾ ਹੈ, ਖੁਸ਼ ਹੁੰਦਾ ਹੈ। ਤੇ ਭੀੜ ਭਰੀ ਜ਼ਿੰਦਗੀ ਵਿਚੋਂ ਪਲ ਦੋ ਪਲ ਨਿਕਲਣ ਦੀ ਜੋ ਖੁਸ਼ੀ ਹੁੰਦੀ ਹੈ, ਉਹ ਵੱਖਰੀ।

ਕਾਜਾ ਅਸੀਂ ਦੁਪਹਿਰੇ ਜਿਹੇ ਪਹੁੰਚ ਗਏ, ਅਸੀਂ ਦੋਹਾਂ ਨੇ ਉੱਥੋਂ ਦੇ ਬਾਜ਼ਾਰ ਦੀ ਗਸ਼ਤ ਕੀਤੀ, ਕਾਜਾ ਦੀ ਮਸ਼ਹੂਰੀ ਭਾਵੇਂ ਹਰ ਥਾਂਈਂ ਬਹੁਤ ਆ, ਪਰ ਬਾਜ਼ਾਰ ਮੁੱਲਾਂਪੁਰ ਤੋਂ ਵੀ ਛੋਟਾ। ਖੈਰ! ਅਸੀਂ ਉੱਥੇ ਬਾਜ਼ਾਰ ਦੇਖਣ ਤਾਂ ਗਏ ਨਹੀਂ ਸੀ। ਕਈ ਥਾਂਈਂ ਫਿਰ ਫਿਰਾ ਕੇ ਅਸੀਂ ਸੋਚਿਆ, ਮਨਾ ਕਾਜਾ ਤਾਂ ਕੁਝ ਹੈ ਨ੍ਹੀਂ, ਉਰੇ ਪਰੇ ਜਾਇਆ ਜਾਵੇ। ਕਾਜਾ ਕੋਈ ਵੀ ਨੈੱਟਵਰਕ ਨਹੀਂ ਹੁੰਦਾ, ਸਿਰਫ ਬੀ. ਐੱਸ. ਐਨ. ਐੱਲ. ਚੱਲਦਾ, ਉਹ ਵੀ ਮਾੜਾ ਮੋਟਾ ਤੇ ਅਸੀਂ ਦੋਵੇਂ ਹੀ ਇਸ ਗੱਲੋਂ ਨਾਲਾਇਕ ਸਾ। ਪਤਾ ਹੁੰਦਿਆਂ ਸੁੰਦਿਆਂ ਵੀ ਸਿਮ ਨਹੀਂ ਸੀ ਖਰੀਦੀ।

ਖੈਰ, ਸੁੱਖ ਦਾ ਸੁਨੇਹਾ ਦੇਣ ਲਈ ਅਸੀਂ ਪਿੱਛੇ ਫੋਨ ਮਿਲਾਉਣਾ ਸੀ। ਇਸ ਲਈ ਇੱਕ ਦੁਕਾਨ ਜਾ ਵੜੇ। ਸਾਡੇ ਮੂਹਰੇ ਇੱਕ ਗੋਰਾ ਖੜ੍ਹਾ ਸੀ, ਦੁਕਾਨ ਵਾਲੇ ਨਾਲ ਗਰਾਰੀ ਫਸਾਈ। ਦੁਕਾਨ ਵਾਲਾ ਕੁਝ ਬੋਲੇ ਤੇ ਗੋਰਾ ਕੁਝ। ਦੁਕਾਨ ਵਾਲੇ ਖਰੀਦਣ ਵੇਚਣ ਤੱਕ ਦੀ ਅੰਗਰੇਜ਼ੀ ਤਾਂ ਸਿੱਖ ਲੈਂਦੇ ਨੇ, ਪਰ ਲੜਨ ਜੋਗੀ ਨਹੀਂ ਸਿੱਖ ਪਾਉਂਦੇ। ਮਾੜਾ ਮੋਟਾ ਅੰਗਰੇਜ਼ੀ ਨੂੰ ਮੂੰਹ ਮੈਨੂੰ ਮਾਰਨਾ ਆਉਂਦਾ ਸੀ, ਇਸ ਲਈ ਇਹ ਕੰਮ ਉਨ੍ਹਾਂ ਦਾ ਮੈਂ ਕਰਵਾ ਦਿੱਤਾ। ਉਨ੍ਹਾਂ ਦਾ ਨਬੇੜਾ ਕਰਵਾ ਕੇ ਗੋਰੇ ਨਾਲ ਯਾਰੀ ਪਾ ਲਈ। ਪਤਾ ਲੱਗਿਆ ਕਿ ਯੂ. ਕੇ. ਦਾ ਇਹ ਗੋਰਾ ਤੀਜੀ ਵਾਰ ਭਾਰਤ ਘੁੰਮਣ ਆਇਆ ਹੈ ਤੇ ਖਰਚਾ ਚਲਾਉਣ ਲਈ ਇਸ ਨੇ ਆਪਣਾ ਜੱਦੀ ਘਰ ਕਿਰਾਏ 'ਤੇ ਚਾੜ੍ਹਿਆ ਹੋਇਆ ਹੈ। ਸੁਭਾਵਿਕ ਹੀ ਗੋਰੇ ਦੀ ਇਸ ਹਰਕਤ 'ਤੇ ਹਾਸਾ ਆਇਆ ਕਿ ਹੁਣ ਤੱਕ ਤਾਂ ਆਪਾਂ ਦੋ ਘਰ ਹੋਰ ਪਾ ਲੈਣੇ ਸਨ, ਪਰ ਚਲੋ ਫਰਕ ਵੀ ਸੀ ਸਾਡਾ।

ਮੈਂ ਉਸ ਨੂੰ ਘੁੰਮਣ ਦੀਆਂ ਥਾਂਵਾਂ ਪੁੱਛਣ ਲੱਗਾ ਤਾਂ ਉਸ ਨੇ ਦੋ ਪਿੰਡ ਤਾਸ਼ੀਗੰਗ ਤੇ ਤਾਬੋ ਦਾ ਨਾਮ ਲੈ ਕੇ ਕਿਹਾ, "ਭਾਈ ਇਨ੍ਹਾਂ ਦੋ ਥਾਂਵਾਂ 'ਤੇ ਜਾਹ, ਇਹ ਤੇਰਾ ਦਿਮਾਗ ਹਿਲਾ ਦੇਣਗੀਆਂ।" ਤੇ ਦਿਮਾਗ ਹਿਲਾਉਣ ਹੀ ਤਾਂ ਆਏ ਸਾਂ ਇੰਨੀ ਦੂਰੋਂ। ਕਾਜਾ ਤੋਂ ਮੋਟਰਸਾਈਕਲ ਕਿਰਾਏ 'ਤੇ ਲਿਆ ਤੇ ਭਾਰਤ ਦੇ ਸਭ ਤੋਂ ਉੱਚੇ ਪੰਪ ਤੋਂ ਪੈਟਰੋਲ ਪਵਾ ਕੇ, ਚੱਲ ਪਏ ਉੱਚੇ ਪਿੰਡ ਨੂੰ। ਤਾਸ਼ੀਗੰਗ ਜਾਣ ਲਈ ਸੜਕ ਵਾਇਆ ਕਿੱਬਰ ਜਾਂਦੀ ਹੈ, ਤੇ ਉਹ ਰਾਹ ਬਹੁਤ ਸੋਹਣਾ ਹੈ। ਭੁਰਭੁਰੇ ਜਿਹੇ ਪਹਾੜ ਇੰਨੇ ਉੱਚੇ ਨੇ ਕਿ ਲੱਗਦਾ ਬੱਸ ਸਾਡੇ 'ਤੇ ਆ ਡਿੱਗਣਗੇ। ਕਿਤੇ ਕਿਤੇ ਤਾਂ ਪੁਰਾਣੇ ਖੰਡਰਾਂ ਜਿਹੇ ਲੱਗਦੇ ਨੇ। ਪੱਥਰ ਹੀ ਪੱਥਰ, ਨਾ ਰੁੱਖ, ਨਾ ਫੁੱਲ; ਬੱਸ ਜੇ ਕਿਤੇ ਸੀ ਵੀ ਤਾਂ ਸੁੱਕਾ ਜਿਹਾ ਘਾਹ ਤੇ ਰੁੰਡ ਮਰੁੰਡ ਜਿਹੇ ਪੌਦੇ, ਪਰ ਤਾਂ ਵੀ ਸੁੰਦਰ ਨੀਲਾ ਨੀਲਾ ਅਸਮਾਨ ਬਿਲਕੁਲ ਨੇੜੇ ਬੱਦਲ। ਇਉਂ ਲੱਗਦਾ ਸੀ ਕਿ ਉੱਚੇ ਚੜ੍ਹੇ ਜਾ ਰਹੇ ਅਸੀਂ ਸ਼ਾਮ ਤੱਕ ਅਸਮਾਨ ਪਾਰ ਕਰ ਜਾਵਾਂਗੇ।

ਕਿਤੇ ਕਿਤੇ ਇੱਕਦਮ ਪੱਧਰਾ ਆ ਜਾਣਾ ਤੇ ਰੇਗਿਸਤਾਨ ਦੇ ਵਿਚ ਹਰੇ ਕਚੂਚ ਖੇਤ ਲੋਕਾਂ ਦੇ ਵਸੇ ਹੋਣ ਦੀ ਨਿਸ਼ਾਨੀ ਵਜੋਂ ਸਨ। ਸ਼ਾਮ ਪੈਣ ਵਾਲੀ ਸੀ ਤਾਂ ਅਸੀਂ ਕਿੱਬਰ ਰੁਕਣ ਦੀ ਸਲਾਹ ਬਣਾ ਲਈ, ਪਰ ਕਿੱਬਰ ਵਿਚ ਸੈਲਾਨੀਆਂ ਦੀ ਭਰਮਾਰ ਸੀ। ਹੋਟਲ ਤੇ ਹੋਟਲ ਚੜ੍ਹਿਆ ਪਿਆ, ਜਿੱਥੋਂ ਕੁ ਕੁਝ ਦੇਖਣ ਲਈ ਬੰਦਾ ਘੁੰਮੇ ਕਿਤੇ ਕੁਝ ਬਣਿਆ ਹੋਇਆ ਤੇ ਜਾਂ ਬਣ ਰਿਹਾ। ਅਸੀਂ ਤਾਸ਼ੀਗੰਗ ਵਾਲੇ ਫੈਸਲੇ 'ਤੇ ਹੋਰ ਦ੍ਰਿੜ ਹੋ ਗਏ।

ਰੋਚਕ ਗੱਲ ਇਹ ਹੈ ਕਿ ਜਦ ਆਪਾਂ ਕਿੱਬਰ ਦਾਖਿਲ ਹੁੰਦੇ ਹਾਂ ਤਾਂ ਜੰਗਲਾਤ ਵਿਭਾਗ ਤੁਹਾਡਾ ਸਵਾਗਤ 'ਬਰਫੀਲੇ ਤੇਂਦੂਏ' ਤੇ 'ਲਾਲ ਲੂੰਬੜੀ' ਦੀਆਂ ਫੋਟੋਆਂ ਨਾਲ ਕਰਦਾ ਹੈ। ਅਸੀਂ ਕਿੱਬਰ ਤੋਂ ਵਾਪਿਸ ਜਾ ਕੇ ਫੇਰ ਅਖੌਤੀ ਸੜਕ ਉੱਤੇ ਜਾ ਚੜ੍ਹੇ, ਜੋ ਤਾਸ਼ੀਗੰਗ ਜਾਂਦੀ ਸੀ। ਅਖੌਤੀ ਤਾਂ, ਕਿਉਂਕਿ ਉਹ ਨਾਂ ਦੀ ਹੀ ਸੜਕ ਸੀ। ਕੱਚੀ ਜਿਹੀ ਪਹੀ, ਪਰ ਹੁਣ ਤਾਂ ਜਿਵੇਂ ਤੁਹਾਡੇ ਸਾਹਮਣੇ ਸਵਰਗਾਂ ਦੇ ਦੁਆਰ ਖੋਲ੍ਹ ਦਿੱਤੇ ਹੋਣ। ਸਾਹਮਣੇ ਘਾਹ ਦੇ ਮੈਦਾਨ ਤੇ ਬਰਫ ਨਾਲ ਕੱਜੀਆਂ ਪਹਾੜੀ ਚੋਟੀਆਂ। ਭਲਾ ਹੋਵੇ ਵਿਗਿਆਨ ਦਾ, ਜੀਹਨੇ ਇਹੋ ਜਿਹੀਆਂ ਯਾਦਾਂ ਸਾਂਭਣ ਲਈ ਮੋਬਾਈਲ ਕੈਮਰਾ ਹਰੇਕ ਤੱਕ ਪਹੁੰਚਾ'ਤਾ। ਫੋਟੋਆਂ ਵੀਡੀਉ ਪਹਿਲੇ 5-6 ਕਿਲੋਮੀਟਰ ਲਹਾਉਂਦੇ ਹੋਏ ਅਗਾਊਂ ਹਨੇਰੇ ਤੋਂ ਬੇਖਬਰ ਜਿਹੇ ਸੀ। ਸਾਢੇ ਕੁ ਪੰਜ ਵੱਜ ਗਏ ਹੋਣੇ ਤੇ ਸੂਰਜ ਛਿਪਣ ਨੂੰ ਹੋ ਗਿਆ। ਅਸੀਂ ਕਰੀਬ ਵੀਹ ਮਿੰਟ ਤੋਂ ਚੱਲਦੇ ਹੀ ਜਾ ਰਹੇ ਸਾਂ। ਕਿੱਬਰ ਦੇ ਉਦਘਾਟਨੀ ਗੇਟ ਯਾਦ ਆ ਗਏ। ਬੱਸ ਫੇਰ ਕੀ ਸੀ, ਪਹੁੰਚਣ ਦੀ ਕਾਹਲ ਪੈਣ ਲੱਗੀ, ਪਰ ਪਹੁੰਚੀਏ ਤੇ ਤਾਂ ਜੇ ਰਾਹ ਮੁੱਕੇ। ਤੇ ਰਾਹ ਵੀ ਬੱਸ ਨਾਮ ਦਾ, ਤੁੱਕੇ ਜਿਹੇ ਨਾਲ ਜਾਈ ਜਾ ਰਹੇ ਸਾਂ ਸਿੱਧਾ ਸਿੱਧਾ। ਨਾ ਰਾਹ ਤੇ ਨਾ ਸਾਡੇ ਬਿਨਾ ਕੋਈ ਰਾਹੀ। ਨਾ ਪਿੱਛੇ ਮੁੜਨ ਜੋਗੇ ਰਹੇ।

ਮੇਰੇ ਨਾਲ ਦੇ ਨੇ ਪਿੱਛੇ ਬੈਠੇ ਨੇ ਬੈਗ ਵਿਚੋਂ ਹੱਥ ਪੱਲਾ ਮਾਰ ਗਿੱਠ ਕੁ ਦਾ ਚਾਕੂ ਕੱਢ ਲਿਆ। ਉਂ ਤਾਂ 'ਇੱਕ ਤੇ ਇੱਕ ਗਿਆਰਾਂ ਕਹਿੰਦੇ ਨੇ' ਪਰ ਜੇ ਗਿਆਰਾਂ ਨਿਹੱਥੇ ਹੋਣ, ਉਹ ਵੀ ਕੀ ਕਰਨ! ਇਸ ਲਈ ਅਸੀਂ ਸੋਚਿਆ ਕਿ ਚਲੋ 'ਡੁੱਬਦੇ ਤਾਂ ਤੀਲੇ ਦਾ ਸਹਾਰਾ ਵੀ ਲੈਂਦੇ' ਚਾਕੂ ਤਾਂ ਫੇਰ ਤੀਲੇ ਤੋਂ ਵੱਡਾ ਤੇ ਮਜਬੂਤ। ਤੇ ਹੁਣ ਤਾਂ ਧੁੱਪ ਵੀ ਸਿਰਫ ਬਰਫੀਲੀਆਂ ਚੋਟੀਆਂ 'ਤੇ ਰਹਿ ਗਈ ਸੀ, ਇਸ ਲਈ ਠੰਡ ਵੀ ਲੱਗਣ ਲੱਗ ਪਈ। ਸਮੁੰਦਰੀ ਤਲ ਤੋਂ ਉਚਾਈ ਕਾਰਨ ਸਾਹ ਲੈਣ ਦੀ ਵੀ ਸਮੱਸਿਆ ਹੁੰਦੀ ਹੈ ਉੱਥੇ। ਬੱਸ ਇਹ ਸੌਖ ਸੀ ਕਿ ਦੂਰ ਤੱਕ ਦਿਖਦਾ ਸੀ, ਇਸ ਲਈ ਜੇ ਕੋਈ ਖਤਰਾ ਹੁੰਦਾ ਤਾਂ ਦੂਰੋਂ ਭਾਂਪਿਆ ਜਾਂਦਾ।



ਖੇਤਾਂ 'ਚੋਂ ਮਟਰ ਤੋੜ ਰਹੀਆਂ ਸੁਆਣੀਆਂ

ਕਾਫੀ ਅੱਗੇ ਜਾ ਕੇ ਸਾਨੂੰ ਇੱਕ ਜੰਗਾਲੀ ਜਿਹੀ ਸੂਚਨਾ ਫੱਟੀ ਦਿਖੀ, ਜਿਸ 'ਤੇ ਸੜਕ ਨਿਰਮਾਣ ਯੋਜਨਾ ਬਾਰੇ ਲਿਖਿਆ ਸੀ। ਸਾਡੇ ਸਾਹ ਵਿਚ ਸਾਹ ਮੁੜੇ ਕਿ ਕਿਤੇ ਤਾਂ ਜਾ ਹੀ ਰਹੇ ਹਾਂ ਤੇ ਲਿਖਿਆ ਹਿੰਦੀ ਵਿਚ ਹੈ, ਇਸ ਲਈ ਹੈਗੇ ਵੀ ਭਾਰਤ 'ਚ ਹੀ ਹਾਂ। ਨਹੀਂ ਤਾਂ ਸਾਨੂੰ ਡਰ ਸੀ ਕਿ ਹੋਰ ਪਤਾ ਹੀ ਨਾ ਲੱਗੇ ਤੇ ਬਾਰਡਰ ਲੰਘ ਜਾਈਏ ਤਿੱਬਤ ਆਲਾ। ਤੇ ਅੱਗੇ ਨਾਲ ਹੀ ਸਾਨੂੰ ਤਿੰਨ ਚਾਰ ਘਰ ਜਿਹੇ ਦਿਸਣ ਲੱਗ ਗਏ। ਸਾਡੇ ਸਾਰੇ ਸਾਹ ਮੁੜ ਆਏ। ਹੁਣ ਉੱਥੋਂ ਦਾ ਦ੍ਰਿਸ਼ ਦੇਖਣ ਵਾਲਾ ਸੀ, ਜਾਂਦੀ ਜਾਂਦੀ ਧੁੱਪ ਬਰਫੀਲੀਆਂ ਚੋਟੀਆਂ ਦੀ ਚਾਂਦੀ ਹੋਰ ਉਭਾਰ ਰਹੀ ਸੀ, ਦੂਰ ਤੱਕ ਘਾਹ ਤੇ ਵਿਚ ਪਗਡੰਡੀ। ਉੱਥੇ ਮੋਟਰਸਾਈਕਲ ਲਾਇਆ ਤੇ ਆਵਾਜ਼ਾਂ ਮਾਰ ਕੇ ਇੱਕ ਬੰਦਾ ਲੱਭਾ। ਤਾਸ਼ੀਗੰਗ ਪਿੰਡ ਡੂੰਘ ਜਿਹੀ 'ਚ ਸੀ। ਉੱਥੇ ਕੁੱਲ ਤਿੰਨ ਘਰ ਅਤੇ ਸਿਰਫ 15 ਲੋਕ ਸਨ। ਇੱਕ ਸਕੂਲ ਦੀ ਇਮਾਰਤ ਸੀ, ਜਿਸ ਨੂੰ ਪੋਲਿੰਗ ਬੂਥ ਬਣਾਇਆ ਹੋਇਆ ਸੀ। ਬਾਕੀ ਉਨ੍ਹਾਂ ਦੇ ਧਾਰਮਿਕ ਚਿੰਨ ਸਨ।

ਉੱਥੇ ਰਹਿਣ ਦਾ ਹੀਲਾ ਇੱਕ ਰਵਾਇਤੀ ਘਰ ਵਿਚ ਹੋ ਗਿਆ ਸੀ। ਕੱਚਾ ਘਰ ਤੇ ਨਾ ਕੁੰਡਾ, ਨਾ ਜਿੰਦਾ; ਹੇਠਾਂ ਭੀੜੇ ਜਿਹੇ ਕਮਰਿਆਂ ਵਿਚ ਬਾਲਣ ਵਗੈਰਾ ਪਿਆ ਸੀ ਤੇ ਰਹਿਣ-ਸਹਿਣ ਦਾ ਉੱਪਰ ਸੀ। ਅਸੀਂ ਜਾਂਦਿਆਂ ਰਸੋਈ ਵਿਚ ਜਾ ਬੈਠੇ। ਉਨ੍ਹਾਂ ਦੀ ਰਸੋਈ ਦਾ ਸੱਭਿਆਚਾਰ ਬਹੁਤ ਚੰਗਾ ਹੈ। ਸਾਰਾ ਟੱਬਰ ਕਤਾਰ ਵਿਚ ਬੈਠ ਕੇ ਖਾਂਦਾ ਹੈ। ਦੋ ਮਰਦ ਰਸੋਈ ਦਾ ਕੰਮ ਕਰਨ ਵਿਚ ਲੱਗੇ ਹੋਏ ਸਨ ਤੇ ਔਰਤਾਂ ਖੇਤ ਗਈਆਂ ਹੋਈਆਂ ਸਨ। ਅੱਛਾ, ਉਨ੍ਹਾਂ ਦੇ ਕੰਮ ਵਿਚ ਠਰੰਮਾ ਬਹੁਤ ਹੈ, ਅਸੀਂ ਕਾਹਲੀ ਦੇ ਮਾਰੇ ਲੋਕ ਹਰ ਚੀਜ਼ ਲਈ ਮਸ਼ੀਨ ਬਣਾ ਲਈ ਹੈ। ਉਸ ਭਲੇ ਮਾਣਸ ਨੇ ਚੱਟਣੀ ਬਣਾਈ 'ਮੋਮੋਸ' (ਰਾਤ ਦਾ ਖਾਣਾ ਮੋਮੋਸ ਸੀ) ਲਈ ਤੇ ਕਰੀਬ ਘੰਟਾ ਉਸ ਚਾਕੂ ਨਾਲ ਚੱਟਣੀ ਬਣਾਉਣ ਤੇ ਬਿਤਾਇਆ।

ਗੱਲਾਂ ਕਰਦਿਆਂ ਅਸੀਂ ਉਨ੍ਹਾਂ ਨੂੰ ਸਾਡੇ ਬਾਰੇ ਦੱਸਿਆ ਤੇ ਬਹੁਤਾ ਪੁੱਛਿਆ। ਜਦ ਅਸੀਂ ਉਨ੍ਹਾਂ ਨੂੰ ਬੱਚੇ ਪੜ੍ਹਾਉਣ ਬਾਰੇ ਪੁੱਛਿਆ, ਉਨ੍ਹਾਂ ਦਾ ਮੂੰਹ ਮਸੋਸਿਆ ਗਿਆ, ਕਿਉਂਕਿ ਬੱਚੇ ਪੜ੍ਹਾਉਣਾ ਉੱਥੇ ਹੁਣ ਬਹੁਤ ਵੱਡਾ ਮਸਲਾ ਹੈ। ਨਵੀਂ ਪੀੜ੍ਹੀ ਪੜ੍ਹਾਉਣਾ ਚਾਹੁੰਦੀ ਹੈ, ਪਰ ਸਕੂਲ 20 ਕਿਲੋਮੀਟਰ ਦੂਰ ਹੈ ਤੇ ਕਾਲਜ ਤਾਂ ਬੱਸ ਸੁਪਨਾ ਹੀ ਹੈ, ਬਹੁਤ ਸਰਦਾ-ਪੁਰਦਾ ਬੰਦਾ ਹੀ ਕਾਲਜ ਪਹੁੰਚ ਸਕਦਾ ਹੈ।

ਉਹ ਬੰਦੇ ਕਈ ਮਾਮਲਿਆਂ ਵਿਚ ਕਾਫੀ ਭੋਲੇ ਸਨ। ਡੰਗਰਾਂ ਬਾਰੇ ਗੱਲਾਂ ਚੱਲ ਰਹੀਆਂ ਸਨ। ਮੈਨੂੰ ਬਜ਼ੁਰਗ ਨੇ ਪੁੱਛਿਆ, ਤੁਹਾਡੇ ਲੋਕ ਭੇਡਾਂ ਰੱਖਦੇ ਹਨ? ਮੈਂ ਕਿਹਾ, ਨਾਂਹ! ਉੱਥੇ ਥਾਂਵਾਂ ਹੀ ਨਹੀਂ ਇੰਨੀਆਂ ਕਿ ਡੰਗਰ ਰੱਖੇ ਜਾਣ। ਕਹਿੰਦਾ, ਖੱਚਰ ਤਾਂ ਜਰੂਰ ਰੱਖਦੇ ਹੋਣੇ, ਢੋਆ ਢੁਆਈ ਲਈ? ਉਹ ਕੀ ਜਾਣੇ ਕਿ ਅਸੀਂ ਤਾਂ ਜੇ ਡੰਗਰ ਰੱਖੀਏ ਤਾਂ ਪੱਠੇ ਵੀ ਸਕੂਟਰਾਂ 'ਤੇ ਲੈ ਆਉਂਦੇ ਹਾਂ!

ਗੱਲਾਂ ਮਾਰ ਕੇ ਅਸੀਂ ਰਾਤ ਨੂੰ ਛੱਤ 'ਤੇ ਤਾਰੇ ਦੇਖਣ ਚੜ੍ਹੇ, ਹਵਾ ਬਹੁਤ ਤੇਜ਼ ਚੱਲਦੀ ਹੋਣ ਕਰਕੇ ਉੱਥੇ ਲੱਕੜਾਂ ਤਾਂ ਤੁਸੀਂ ਬਾਲ ਨਹੀਂ ਸਕਦੇ ਖੁੱਲ੍ਹੇ ਵਿਚ, ਇਸ ਲਈ ਅਸੀਂ ਚਾਹ ਲੈ ਕੇ ਛੱਤ 'ਤੇ ਜਾ ਚੜ੍ਹੇ ਤੇ ਅਸਮਾਨ ਵੱਲ ਜੋ ਨਜ਼ਾਰਾ ਹੁੰਦਾ, ਉਹ ਸ਼ਾਇਦ ਕਿਤੇ ਹੋਰ ਹੋਵੇ! ਤਾਰਿਆਂ ਨਾਲ ਅਸਮਾਨ ਇਉਂ ਕੱਜਿਆ ਹੁੰਦਾ, ਜਿਵੇਂ ਸੱਜ ਵਿਆਹੀ ਦੀ ਚੁੰਨੀ 'ਤੇ ਮੋਤੀ। ਤੇ ਵਿਚ ਵਿਚ ਤਾਂ ਤਾਰਿਆਂ ਦੀ ਧੂੜ ਵੀ ਦਿਖਦੀ ਸੀ। ਸਾਨੂੰ ਉਸ ਗੋਰੇ ਨੇ ਦੱਸਿਆ ਸੀ ਕਿ ਇੱਥੇ ਕੋਈ ਚੋਟੀ ਹੈ, ਜਿਸ ਦੇ ਇੱਕ ਪਾਸੇ ਸੂਰਜ ਛਿਪਦਾ ਹੈ ਤੇ ਨਾਲ ਹੀ ਚੰਨ ਚੜ੍ਹਦਾ ਹੈ। ਦੇਰੀ ਨਾਲ ਪਹੁੰਚਣ ਕਾਰਨ ਉਹ ਨਜ਼ਾਰਾ ਤਾਂ ਨਹੀਂ ਵੇਖ ਸਕੇ, ਪਰ ਤਾਰਿਆਂ ਨੇ ਸਾਰੀਆਂ ਕਸਰਾਂ ਪੂਰੀਆਂ ਕੀਤੀਆਂ ਹੋਈਆਂ ਸਨ। ਜੇ ਤੁਸੀਂ ਅਸਮਾਨ ਦੇਖੀ ਜਾਉ ਤਾਂ ਠੀਕ ਹੈ, ਪਰ ਜੇ ਆਲੇ ਦੁਆਲੇ ਵੇਖੋ ਤਾਂ ਸ਼ਾਇਦ ਤ੍ਰਾਹ ਕੇ ਮਰ ਜਾਉ, ਕਿਉਂਕਿ ਪਹਾੜਾਂ ਦਾ ਹਨੇਰਾ ਨਿਗਲ ਲੈਣ ਵਾਲਾ ਹੁੰਦਾ। ਇੰਜ ਲੱਗਦਾ ਸੀ ਕਿ ਇਸੇ ਵਿਚ ਸਮਾ ਜਾਵਾਂਗੇ।

ਅਸੀਂ ਦੋਵੇਂ ਛੱਤ 'ਤੇ ਖੜ੍ਹੇ ਬੀਤੇ ਦਿਨ ਦੀਆਂ ਗੱਲਾਂ ਕਰ ਕੇ ਹੱਸਣ ਲੱਗੇ, ਜਦ ਅਸੀਂ ਗੱਲਾਂ ਕਰਦਿਆਂ ਬਜ਼ੁਰਗ ਨੂੰ ਤੇਂਦੂਏ ਬਾਰੇ ਪੁੱਛਿਆ, ਤਾਂ ਉਹਦੇ ਲਈ ਉਹ ਤੇਂਦੂਆ ਵੱਡੀ ਸਾਰੀ ਬਿੱਲੀ ਸੀ ਬੱਸ। ਉੱਥੇ ਬਿਜਲੀ ਤੇ ਮੋਬਾਈਲ ਨੈੱਟਵਰਕ ਵੀ ਨਾਮ ਦੇ ਹੀ ਹਨ, ਖੇਤੀ ਸਿਰਫ ਮਟਰ ਦੀ ਹੀ ਹੋ ਸਕਦੀ ਹੈ, ਪਰ ਤਾਂ ਵੀ ਉਹ ਰੁੱਝੇ ਜਿਹੇ ਹੀ ਰਹਿੰਦੇ ਹਨ। ਪੱਥਰਾਂ ਦੀ ਵਾੜ ਵਿਚ, ਆਉਣ ਵਾਲੇ ਸਿਆਲਾਂ ਦੀ ਤਿਆਰੀ ਵਿਚ। ਸ਼ਹਿਰਾਂ ਦੀਆਂ ਸਹੂਲਤਾਂ ਦੀਆਂ ਗੱਲਾਂ ਉਨ੍ਹਾਂ ਲਈ ਪਰੀ ਲੋਕ ਦੀਆਂ ਕਹਾਣੀਆਂ ਵਰਗੀਆਂ ਹਨ, ਜਿਨ੍ਹਾਂ ਨੂੰ ਉਨ੍ਹਾਂ ਦੀ ਇਹ ਪੀੜ੍ਹੀ ਚਾਹ ਕੇ ਵੀ ਨੀ ਜੀਅ ਸਕਦੀ, ਪਰ ਤਾਂ ਵੀ ਉਹ ਸਿੱਖ ਰਹੇ ਨੇ ਜ਼ਿੰਦਗੀ ਦੇ ਵਰਕਿਆਂ 'ਤੇ ਸੱਜਰੀਆਂ ਪੈੜ੍ਹਾਂ ਪਾਉਣੀਆਂ ਤੇ ਧੂਹ ਰਹੇ ਨੇ ਜ਼ਿੰਦਗੀ ਨੂੰ ਆਪਣੇ ਨਿੱਗਰ ਮੌਰਾਂ ਦੇ ਦਮ 'ਤੇ। ਮੁੜਦੇ ਸਮੇਂ ਤੱਕ ਉਨ੍ਹਾਂ ਨਾਲ ਪਰਿਵਾਰਕ ਮੋਹ ਜਿਹਾ ਪੈ ਗਿਆ ਸੀ, ਉਨ੍ਹਾਂ ਦੇ ਜਵਾਕਾਂ ਨਾਲ ਹੱਸ ਖੇਡ ਅਸੀਂ ਕੁਝ ਪਲ ਉਨ੍ਹਾਂ ਲਈ ਛੱਡ ਆਏ ਤੇ ਬਹੁਤੇ ਆਪਣੇ ਲਈ ਇਕੱਠੇ ਕਰ ਤੁਰ ਆਏ।




ਸਪਿਤੀ ਘਾਟੀ



ਕਿੱਬਰ

# ਸਤਿਆਜੀਤ ਰੇਅ ਅਤੇ ਅਲੀ ਫਜ਼ਲ




ਸਤਿਆਜੀਤ ਅਤੇ (ਸੱਜੇ) ਅਲੀ ਫਜ਼ਲ।

ਅਦਾਕਾਰ ਅਲੀ ਫਜ਼ਲ ਨੂੰ ਇਸ ਵਾਰ ਬੁਸਾਨ ਕੌਮਾਂਤਰੀ ਫਿਲਮ ਮੇਲੇ ਵਿਚ ਏਸ਼ੀਆ ਕੰਟੈਂਟ ਐਵਾਰਡ ਲਈ ਸਰਬੋਤਮ ਅਦਾਕਾਰ ਦੀ ਕੈਟਾਗਰੀ ਵਿਚ ਨਾਮਜ਼ਦ ਕੀਤਾ ਗਿਆ ਹੈ। ਇਹ ਨਾਮਜ਼ਦਗੀ ਅਲੀ ਨੂੰ ਨੈਟਫਲਿਕਸ 'ਤੇ ਸਤਿਆਜੀਤ ਰੇਅ ਦੇ ਕੰਮ 'ਤੇ ਆਧਾਰਿਤ ਸੀਰੀਜ਼ ਦੇ ਅੰਕ 'ਫੌਰਗੈਟ ਮੀ ਨੌਟ' ਵਿਚ ਇਸਪਿਤ ਨਾਇਰ ਦਾ ਕਿਰਦਾਰ ਨਿਭਾਉਣ ਲਈ ਮਿਲੀ ਹੈ। ਇਸ ਮੌਕੇ ਅਲੀ ਫਜ਼ਲ ਨੇ ਕਿਹਾ, "ਇਹ ਮੇਰੇ ਲਈ ਬਿਲਕੁਲ ਹੀ ਹੈਰਾਨ ਕਰ ਦੇਣ ਵਾਲੀ ਖਬਰ ਸੀ। ਇਸ ਨਾਮਜ਼ਦਗੀ ਲਈ ਮੈਂ ਬਹੁਤ ਹੀ ਸ਼ੁਕਰਗੁਜ਼ਾਰ ਹਾਂ। ਇਸ ਐਵਾਰਡ ਲਈ ਤੁਹਾਨੂੰ ਵਿਚਾਰਿਆ ਜਾਣਾ ਬਹੁਤ ਵੱਡੀ ਗੱਲ ਹੈ।"

ਅਲੀ ਫਜ਼ਲ ਨੇ ਕਿਹਾ ਕਿ ਇਸ ਸਾਲ ਬਹੁਤ ਵਧੀਆ ਕੰਮ ਹੋਇਆ ਹੈ ਤੇ ਅਜਿਹੇ ਬਾਕਮਾਲ ਕੰਮ ਵਿਚ ਤੁਹਾਨੂੰ ਨਾਮਜ਼ਦਗੀ ਮਿਲਣਾ ਮਾਣ ਵਾਲੀ ਗੱਲ ਹੈ। ਸ੍ਰਿਜੀਤ ਮੁਖਰਜੀ ਵੱਲੋਂ ਨਿਰਦੇਸ਼ਿਤ ਇਹ ਅੰਕ ਸਤਿਆਜੀਤ ਰੇਅ ਦੀ ਕਹਾਣੀ 'ਬਿਪਿਨ ਚੌਧਰੀ ਕਾ ਸਮ੍ਰਿਤੀ ਭਰਮ' ਦੀ ਤਰਜਮਾਨੀ ਵਰਤਮਾਨ ਦੇ ਪ੍ਰਸੰਗ ਵਿਚ ਕਰਦੀ ਹੈ। ਇਸ ਵਿਚ ਅਲੀ ਫਜ਼ਲ ਨੇ ਅਜਿਹੇ ਕਾਰਪੋਰੇਟ ਦੀ ਭੂਮਿਕਾ ਨਿਭਾਈ ਹੈ ਜਿਸ ਦਾ ਚੇਤਾ ਕੰਪਿਊਟਰ ਵਰਗਾ ਹੈ ਅਤੇ ਜੋ ਕਿਸੇ ਨੂੰ ਵੀ ਮੁਆਫ ਨਹੀਂ ਕਰਦਾ।

ਫਜ਼ਲ ਅਲੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਅਮਰੀਕੀ ਟੈਲੀਵਿਜ਼ਨ ਸੀਰੀਜ਼ 'ਬਾਲੀਵੁੱਡ ਹੀਰੋ' ਨਾਲ ਕੀਤੀ ਸੀ। ਇਸ ਅੰਗਰੇਜ਼ੀ ਫਿਲਮ ਦਾ ਨਾਂ 'ਦਿ ਅਦਰ ਐਂਡ ਆਫ ਦਿ ਲਾਈਨ' ਸੀ। ਹਿੰਦੀ ਫਿਲਮਾਂ ਵਿਚ ਉਸ ਨੇ ਕੰਮ ਦਾ ਆਰੰਭ '3 ਇਡੀਅਟਸ' ਨਾਲ ਕੀਤਾ ਸੀ। ਇਹ ਫਿਲਮ 2009 ਵਿਚ ਰਿਲੀਜ਼ ਹੋਈ ਸੀ। ਇਸ ਤੋਂ ਬਾਅਦ ਉਹ 2011 ਵਿਚ ਰਿਲੀਜ਼ ਹੋਈ ਫਿਲਮ 'ਆਲਵੇਜ਼ ਕਭੀ ਕਭੀ' ਵਿਚ ਨਜ਼ਰ ਆਇਆ। ਉਸ ਦੀ ਪਹਿਲੀ ਸਫਲ ਫਿਲਮ 'ਫੁਕਰੇ' ਸੀ ਜੋ 2013 ਵਿਚ ਰਿਲੀਜ਼ ਹੋਈ ਸੀ। ਇਸ ਤੋਂ ਬਾਅਦ ਉਸ ਨੂੰ 'ਬਾਤ ਬਨ ਗਈ' (2013), 'ਬੌਬੀ ਜਾਸੂਸ' (2014) ਅਤੇ 'ਸੋਨਾਲੀ ਕੇਬਲ' (2014) ਵਿਚ ਸਹਾਇਕ ਅਦਾਕਾਰ ਵਾਲੇ ਕਿਰਦਾਰ ਮਿਲੇ। 2015 ਵਿਚ ਉਸ ਨੂੰ 'ਖਾਮੋਸ਼ੀਆਂ' ਵਿਚ ਮੁੱਖ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ। ਫਿਰ ਉਸ ਨੂੰ ਅਮਰੀਕੀ ਫਿਲਮ 'ਫਿਊਰੀਅਸ 7' (2015) ਵਿਚ ਮੌਕਾ ਮਿਲਿਆ।

ਅਲੀ ਫਜ਼ਲ ਦਾ ਪਰਿਵਾਰ ਅਲਹਾਬਾਦ (ਉਤਰ ਪ੍ਰਦੇਸ਼) ਤੋਂ ਹੈ। ਉਹ ਲਖਨਊ ਦੇ ਲਾ ਮਾਰਟੀਨੀਅਰ ਕਾਲਜ ਵਿਚ ਪੜ੍ਹਿਆ ਅਤੇ ਫਿਰ ਦੇਹਰਾਦੂਨ ਦੇ 'ਦਿ ਦੂਨ ਸਕੂਲ' ਜਾ ਪਹੁੰਚਿਆ। ਇਥੇ ਹੀ ਉਸ ਨੇ ਅਦਾਕਾਰੀ ਵੱਲ ਮੋੜ ਕੱਟਿਆ ਅਤੇ ਕਈ ਨਾਟਕਾਂ ਵਿਚ ਹਿੱਸਾ ਲਿਆ। ਅੱਜਕੱਲ੍ਹ ਉਹ 'ਫੁਕਰੇ 3' ਅਤੇ 'ਹੈਪੀ ਅਬ ਭਾਗ ਜਾਏਗੀ!' ਫਿਲਮਾਂ ਮੁਕੰਮਲ ਕਰਨ ਵਿਚ ਰੁੱਝਿਆ ਹੋਇਆ ਹੈ। ਅਗਲੇ ਸਾਲ ਉਸ ਦੀ ਅਹਿਮ ਫਿਲਮ 'ਡੈੱਥ ਆਨ ਦਿ ਨੀਲ' ਆ ਰਹੀ ਹੈ ਜੋ ਅਗਾਥਾ ਕ੍ਰਿਸਟੀ ਦੇ ਇਸੇ ਨਾਂ ਵਾਲੇ ਨਾਵਲ 'ਤੇ ਆਧਾਰਤ ਹੈ। ਇਹ ਨਾਵਲ 1937 ਵਿਚ ਛਪਿਆ ਸੀ।



# 'ਜਲਸਾ' ਸ਼ੈਫਾਲੀ ਸ਼ਾਹ

ਅਦਾਕਾਰਾ ਸ਼ੈਫਾਲੀ ਸ਼ਾਹ ਨੇ ਆਪਣੀ ਆਉਣ ਵਾਲੀ ਫਿਲਮ 'ਜਲਸਾ' ਦੀ ਸ਼ੂਟਿੰਗ ਪੂਰੀ ਕਰ ਲਈ ਹੈ। ਫਿਲਮ ਵਿਚ ਵਿਦਿਆ ਬਾਲਨ ਵੀ ਅਹਿਮ ਭੂਮਿਕਾ ਵਿਚ ਨਜ਼ਰ ਆਵੇਗੀ। ਇਹ ਫਿਲਮ 'ਤੁਮਹਾਰੀ ਸੁਲੂ' ਦੇ ਨਿਰਦੇਸ਼ਕ ਸੁਰੇਸ਼ ਤ੍ਰਿਵੇਣੀ ਦੇ ਨਿਰਦੇਸ਼ਨ ਹੇਠ ਬਣੀ ਹੈ। ਸ਼ੈਫਾਲੀ ਸ਼ਾਹ ਨੇ ਇੰਸਟਾਗ੍ਰਾਮ 'ਤੇ ਟੀਮ ਲਈ ਸੰਦੇਸ਼ ਸਾਂਝਾ ਕੀਤਾ ਹੈ। ਉਸ ਨੇ ਲਿਖਿਆ, "ਕਿਸੇ ਫਿਲਮ ਦੀ ਸ਼ੂਟਿੰਗ ਖਤਮ ਹੋਣ ਮਗਰੋਂ ਵਿਛੜਨਾ ਸਭ ਤੋਂ ਮੁਸ਼ਕਿਲ ਹੁੰਦਾ ਹੈ। ਉਹ ਰਿਸ਼ਤੇ ਜੋ ਕੈਮਰੇ ਦੇ ਸਾਹਮਣੇ ਜਾਂ ਕੈਮਰੇ ਦੇ ਪਿੱਛੇ ਬਣੇ, ਉਨ੍ਹਾਂ ਬਾਰੇ ਮੈਂ ਕਦੇ ਸੋਚਿਆ ਵੀ ਨਹੀਂ ਸੀ। ਇੰਨੇ ਕਲਾਕਾਰਾਂ ਦੇ ਇਕੱਠੇ ਹੋਣ ਨਾਲ ਹਾਸਾ, ਪਾਗਲਪਨ ਅਤੇ ਜਨੂਨ ਪੈਦਾ ਹੋਇਆ। 'ਜਲਸਾ' ਬਹੁਤ ਖਾਸ ਹੈ।" ਤ੍ਰਿਵੇਣੀ ਅਤੇ ਪ੍ਰਜਵਲ ਚੰਦਰਸ਼ੇਖਰ ਦੀ ਲਿਖੀ ਇਸ ਫਿਲਮ ਵਿਚ ਰੋਹਿਨੀ ਹਟੰਗੜੀ, ਇਕਬਾਲ ਖਾਨ, ਵਿਧਾਤਰੀ ਬੰਦੀ, ਗੁਰਪਾਲ ਸਿੰਘ ਅਤੇ ਸੂਰਿਆ ਕਾਸੀਭਟਲਾ ਵੀ ਅਹਿਮ ਕਿਰਦਾਰਾਂ ਵਿਚ ਨਜ਼ਰ ਆਉਣਗੇ।




# ਫਿਲਮ 'ਭਵਈ' ਦੀ ਭਾਵਨਾ

'ਸਕੈਮ 1992: ਦਿ ਹਰਸ਼ਦ ਮਹਿਤਾ ਸਟੋਰੀ' ਦੇ ਅਦਾਕਾਰ ਪ੍ਰਤੀਕ ਗਾਂਧੀ ਦੀ ਸੰਗੀਤਕ ਡਰਾਮਾ ਫਿਲਮ 'ਭਵਈ' 22 ਅਕਤੂਬਰ ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋਵੇਗੀ। ਹਾਰਦਿਕ ਗੱਜਰ ਦੇ ਨਿਰਦੇਸ਼ਨ ਅਤੇ ਪੈੱਨ ਸਟੂਡੀਓਜ਼ ਦੇ ਬੈਨਰ ਹੇਠ ਬਣੀ ਇਹ ਫਿਲਮ ਪਹਿਲਾਂ ਪਹਿਲੀ ਅਕਤੂਬਰ ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋਣੀ ਸੀ। ਮਹਾਰਾਸ਼ਟਰ ਸਰਕਾਰ ਵੱਲੋਂ 22 ਅਕਤੂਬਰ ਤੋਂ ਸਿਨੇਮਾ ਘਰ ਖੋਲ੍ਹਣ ਦੇ ਫੈਸਲੇ ਮਗਰੋਂ ਫਿਲਮ ਰਿਲੀਜ਼ ਕਰਨ ਦਾ ਕੰਮ ਅੱਗੇ ਪਾ ਦਿੱਤਾ ਗਿਆ ਸੀ। 'ਭਵਈ' ਦੀ ਟੀਮ ਨੇ ਸਿਨੇਮਾ ਘਰ ਮੁੜ ਖੋਲ੍ਹਣ ਲਈ ਮਹਾਰਾਸ਼ਟਰ ਸਰਕਾਰ ਦਾ ਧੰਨਵਾਦ ਕੀਤਾ ਹੈ। ਗੁਜਰਾਤ ਦੇ ਪ੍ਰਸਿੱਧ ਲੋਕ ਰੰਗਮੰਚ 'ਤੇ ਆਧਾਰਤ ਇਸ ਫਿਲਮ ਦਾ ਪਹਿਲਾਂ ਨਾਮ 'ਰਾਵਨ ਲੀਲਾ' ਸੀ ਪਰ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀ.ਬੀ.ਐਫ.ਸੀ.) ਨੇ ਫਿਲਮ ਨਿਰਮਾਤਾਵਾਂ ਨੂੰ ਨਿਯਮਾਂ ਦੀ ਉਲੰਘਣਾ ਕਰਨ ਅਤੇ ਫਿਲਮ ਦੀ ਸਮੱਗਰੀ ਨਾਲ ਛੇੜ-ਛਾੜ ਕਰਨ 'ਤੇ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤਾ। ਟਰੇਲਰ ਰਿਲੀਜ਼ ਹੋਣ ਮਗਰੋਂ ਨਿਰਮਾਤਾਵਾਂ ਨੇ ਸੋਧਾਂ ਕਰਦਿਆਂ ਫਿਲਮ ਦਾ ਨਾਂ ਬਦਲ ਕੇ 'ਭਵਈ' ਕਰ ਦਿੱਤਾ।

ਫਿਲਮ ਵਿਚ ਪ੍ਰਤੀਕ ਗਾਂਧੀ ਤੋਂ ਇਲਾਵਾ ਐਨਦ੍ਰਿਤਾ ਰੇਅ, ਫਲੋਰਾ ਸੈਣੀ, ਰਾਜਿੰਦਰ ਗੁਪਤਾ, ਰਾਜੇਸ਼ ਸ਼ਰਮਾ, ਅਭਿਮੰਨਿਊ ਸਿੰਘ, ਅੰਕੁਰ ਵਿਕਲ, ਅੰਕੁਰ ਭਾਟੀਆ, ਅਨਿਲ ਰਸਤੋਗੀ, ਭਾਗਿਆਸ਼੍ਰੀ ਮੋਤੇ ਆਦਿ ਅਦਾਕਾਰ ਆਪੋ-ਆਪਣੀ ਕਲਾ ਦੇ ਜੌਹਰ ਦਿਖਾ ਰਹੇ ਹਨ। ਫਿਲਮ ਵਿਚ ਛੇ ਗੀਤ ਸ਼ਾਮਿਲ ਕੀਤੇ ਗਏ ਹਨ। ਇਨ੍ਹਾਂ ਸਾਰੇ ਦੇ ਸਾਰੇ ਅਦਾਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਹ ਫਿਲਮ ਕਰਨ ਵਿਚ ਬੜਾ ਮਜ਼ਾ ਆਇਆ ਅਤੇ ਸਿੱਖਣ ਨੂੰ ਬਹੁਤ ਕੁਝ ਮਿਲਿਆ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਸੂਬੇ ਦੇ ਸਭਿਆਚਾਰ ਦੀ ਕੋਈ ਨਾ ਕੋਈ ਵਿਸ਼ੇਸ਼ਤਾ ਜ਼ਰੂਰ ਹੁੰਦੀ ਹੈ। ਗੁਜਰਾਤ ਦੇ ਰੰਗਮੰਚ ਬਾਰੇ ਜਾਣ ਕੇ ਉਹ ਅਕਸਰ ਹੈਰਾਨ ਹੁੰਦੇ ਰਹੇ। ਲਗਦਾ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਇਸ ਫਿਲਮ ਨਾਲ ਹੋਏ ਤਜਰਬੇ ਸਦਾ ਹੀ ਅੰਗ-ਸੰਗ ਰਹਿਣਗੇ ਅਤੇ ਇਸ ਦੇ ਨਾਲ ਹੀ ਸਾਰੀ ਉਮਰ ਕਦੀ ਭੁੱਲਣਗੇ ਨਹੀਂ। ਫਿਲਮ ਦੇ ਟਾਈਟਲ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਇਹ ਬਹੁਤ ਛੋਟਾ ਮੁੱਦਾ ਸੀ ਅਤੇ ਇਸ ਨੂੰ ਹੱਲ ਕਰ ਲਿਆ ਗਿਆ ਹੈ।

# ਕਾਜੋਲ ਦਾ ਹੁਰਰਾ




ਅਦਾਕਾਰਾ ਅਤੇ ਨਿਰਦੇਸ਼ਕ ਰੇਵਤੀ ਦੀ ਅਗਲੀ ਫਿਲਮ 'ਦਿ ਲਾਸਟ ਹੁਰਰਾ' ਵਿਚ ਕਾਜੋਲ ਅਹਿਮ ਰੋਲ ਅਦਾ ਕਰੇਗੀ। ਸੱਚੀ ਕਹਾਣੀ ਅਤੇ ਅਸਲੀ ਕਿਰਦਾਰਾਂ ਤੋਂ ਪ੍ਰੇਰਤ 'ਦਿ ਲਾਸਟ ਹੁਰਰਾ' ਇੱਕ ਮਾਂ ਸੁਜਾਤਾ ਦੀ ਕਹਾਣੀ ਹੈ ਜੋ ਚੁਣੌਤੀ ਭਰਪੂਰ ਹਾਲਾਤ ਦਾ ਸਾਹਮਣਾ ਵੀ ਹੱਸ ਕੇ ਕਰਦੀ ਹੈ।

ਯਾਦ ਰਹੇ ਕਿ ਰੇਵਤੀ ਦੀ ਪਛਾਣ ਕੌਮੀ ਪੁਰਸਕਾਰ ਜਿੱਤਣ ਵਾਲੀ ਫਿਲਮ 'ਫਿਰ ਮਿਲੇਂਗੇ' ਕਰਕੇ ਹੈ। ਕਾਜੋਲ ਨੇ ਦੱਸਿਆ ਕਿ 'ਲਾਸਟ ਹੁਰਰਾ' ਦੀ ਕਹਾਣੀ ਸੁਣਦੇ ਸਾਰ ਉਹ ਇਸ ਕਿਰਦਾਰ ਨਾਲ ਜੁੜ ਗਈ ਸੀ।

# ਦਿਵਿਆ ਦੱਤਾ ਦੀ ਕਿਤਾਬ

ਨੈਸ਼ਨਲ ਐਵਾਰਡ ਜੇਤੂ ਅਦਾਕਾਰਾ ਦਿਵਿਆ ਦੱਤਾ ਜੋ ਸਾਲ 2017 ਵਿਚ ਆਪਣੀ ਪੁਸਤਕ 'ਮੀ ਐਂਡ ਮਾ' ਨਾਲ ਲੇਖਕਾ ਵਜੋਂ ਵੀ ਮਸ਼ਹੂਰ ਹੋਈ, ਹੁਣ ਆਪਣੀ ਦੂਜੀ ਪੁਸਤਕ 'ਸਟਾਰਜ਼ ਇਨ ਮਾਈ ਸਕਾਈ' ਰਿਲੀਜ਼ ਕਰਨ ਦੀ ਤਿਆਰੀ ਵਿਚ ਹੈ। ਪੁਸਤਕ 'ਸਟਾਰਜ਼ ਇਨ ਮਾਈ ਸਕਾਈ' ਉਸ ਦੇ ਇੱਕ ਕਲਾਕਾਰ ਵਜੋਂ ਸ਼ਾਨਦਾਰ ਪਲਾਂ ਅਤੇ ਅਦਾਕਾਰਾ ਬਣਨ ਦੇ ਭਾਵੁਕ ਸਫਰ ਦੀ ਕਹਾਣੀ ਹੈ। ਦਿਵਿਆ ਨੇ ਕਿਹਾ, "ਫਿਲਮੀ ਸਫਰ ਪ੍ਰਸੰਨ ਕਰਨ ਵਾਲਾ ਰਿਹਾ ਅਤੇ ਇਹ ਉਨ੍ਹਾਂ ਸਾਰਿਆਂ ਤੋਂ ਬਿਨਾ ਸੰਭਵ ਨਹੀਂ ਸੀ ਜੋ ਮੇਰੀ ਜ਼ਿੰਦਗੀ ਨਾਲ ਨਿੱਜੀ ਅਤੇ ਪੇਸ਼ੇਵਰ ਤੌਰ 'ਤੇ ਜੁੜੇ ਹੋਏ ਹਨ।" ਜ਼ਿਕਰਯੋਗ ਹੈ ਕਿ ਪੁਸਤਕ 'ਸਟਾਰਜ਼ ਇਨ ਮਾਈ ਸਕਾਈ' ਨੂੰ ਪੈਂਗੁਇਨ ਰੈਂਡਮ ਹਾਊਸ ਇੰਡੀਆ ਨੇ ਛਾਪਿਆ ਹੈ ਅਤੇ ਇਹ ਨਵੰਬਰ ਵਿਚ ਰਿਲੀਜ਼ ਹੋਵੇਗੀ।


ਦਿਵਿਆ ਦੱਤਾ (ਸੱਜੇ) ਦੀ ਕਿਤਾਬ ਦਾ ਮੁਖੜਾ।

ਦਿਵਿਆ ਦੱਤਾ ਦਾ ਜਨਮ ਲੁਧਿਆਣਾ ਦਾ ਹੈ। ਉਹ ਅਜੇ ਸੱਤ ਵਰ੍ਹਿਆਂ ਦੀ ਸੀ ਕਿ ਉਸ ਦੇ ਪਿਤਾ ਦੀ ਮੌਤ ਹੋ ਗਈ। ਉਸ ਦੀ ਮਾਂ ਨਲਿਨੀ ਦੱਤਾ ਨੇ ਉਹਨੂੰ ਅਤੇ ਉਸ ਦੇ ਭਰਾ ਨੂੰ ਪਾਲਿਆ ਅਤੇ ਪੜ੍ਹਾਇਆ-ਲਿਖਾਇਆ। ਅੱਜ ਵੀ ਮਾਂ ਉਸ ਲਈ ਸਭ ਤੋਂ ਵੱਡਾ ਪ੍ਰੇਰਨਾ ਸਰੋਤ ਹੈ।

ਦਿਵਿਆ ਦੀ ਪਹਿਲੀ ਫਿਲਮ 1994 ਵਿਚ ਆਈ ਅਤੇ ਇਸ ਦਾ ਨਾਂ ਸੀ: 'ਇਸ਼ਕ ਮੇਂ ਜੀਨਾ ਇਸ਼ਕ ਮੇਂ ਮਰਨਾ'। ਇਸ ਤੋਂ ਬਾਅਦ ਉਸ ਨੇ ਕਈ ਫਿਲਮਾਂ ਵਿਚ ਕਿਰਦਾਰ ਨਿਭਾਏ। 1999 ਵਿਚ ਆਈ ਪੰਜਾਬੀ ਫਿਲਮ 'ਸ਼ਹੀਦੇ-ਮੁਹੱਬਤ ਬੂਟਾ ਸਿੰਘ' ਨੇ ਉਸ ਦੇ ਕਰੀਅਰ ਨੂੰ ਹੁਲਾਰਾ ਦਿੱਤਾ। ਇਸ ਫਿਲਮ ਦਾ ਹੀਰੋ ਗੁਰਦਾਸ ਮਾਨ ਸੀ ਅਤੇ ਫਿਲਮ ਦੀ ਕਹਾਣੀ ਸੱਚੀ ਕਹਾਣੀ 'ਤੇ ਆਧਾਰਤ ਸੀ। ਇਸ ਫਿਲਮ ਵਿਚ ਮੁਸਲਮਾਨ ਕੁੜੀ ਜ਼ੈਨਬ ਦਾ ਕਿਰਦਾਰ ਨਿਭਾਅ ਕੇ ਦਿਵਿਆ ਦੱਤਾ ਨੇ ਦਰਸ਼ਕਾਂ ਨੂੰ ਕੀਲ ਲਿਆ।

ਅਦਾਕਾਰਾ ਦਿਵਿਆ ਦੱਤਾ ਦੀ ਇਸ ਫਿਲਮ ਦੀ ਕਹਾਣੀ ਮੁਲਕ ਦੀ ਵੰਡ ਦੁਆਲੇ ਘੁੰਮਦੀ ਹੈ। ਫਿਲਮ ਦਾ ਹੀਰੋ ਬੂਟਾ ਸਿੰਘ ਆਪਣੀ ਗੁਆਚੀ ਮੁਹੱਬਤ ਲੱਭਣ ਲਈ ਨਵੇਂ ਬਣੇ ਮੁਲਕ ਪਾਕਿਸਤਾਨ ਜਾਂਦਾ ਹੈ। ਇਸ ਫਿਲਮ ਵਿਚ ਸਾਰੇ ਅਦਾਕਾਰਾਂ ਨੇ ਅਦਾਕਾਰੀ ਰੂਹ ਨਾਲ ਕੀਤੀ ਹੈ। ਫਿਲਮ ਵਿਚ ਵਿਛੋੜਿਆਂ ਦਾ ਹਾਲ ਬਹੁਤ ਮਾਰਮਿਕ ਢੰਗ ਨਾਲ ਬਿਆਨ ਕੀਤਾ ਗਿਆ ਹੈ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 34 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner 2013, 2018, 2019 & 2020

**Active listings:**
2944 Sierra Rd., San Jose, CA 95132 (5 Bed, 4 Bath; $1,599,000)
2492 Golzio Ct., APT 4, San Jose, CA 95133 (2 Bed, 1 Bath; $2,200/mo)

*Call for Listing Special 2021*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales


1. 2340 Pacheco Dr, San Jose, CA, 95133
2. 569 Emerald St, Livermore, CA, 94550
3. 31183 Faircliff St, Hayward, CA, 94544
4. 569 Emerald St, Livermore, CA, 94550
5. 1964 Swift Ct., Hayward, CA, 94545
6. 3989 Gardie Place Way, San Jose, CA, 95121
7. 2403 Gilberte St, Tracy, CA, 95304
8. 4324 Lennox Ln, Tracy, CA, 95377
9. 3880 Wiven Place Way, San Jose, CA, 95121
10. 4982 Seneca Park Loop, Fremont, CA, 94538
11. 46925 Chemult Cmn #50 Fremont, CA, 94539
12. 426 King Ave, Fremont, CA, 94536

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095



**We support Farmers**

ਆਓ, ਕਿਸਾਨੀ ਸੰਘਰਸ਼ ਲਈ ਜੂਝ ਰਹੇ ਕਿਰਤੀਆਂ-ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ ਦੀ ਹਮਾਇਤ 'ਚ ਆਪਣਾ ਬਣਦਾ ਯੋਗਦਾਨ ਪਾਈਏ

